26-OCT-PAGE-1.qxd 10/25/2025 9:13 PM Page 1

ਐਤਵਾਰ, 26 ਅਕਤੂਬਰ, 2025
10 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 145

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 26 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਅਦਾਕਾਰ ਸਤੀਸ਼ ਸ਼ਾਹ ਦਾ ਦੇਹਾਂਤ



**ਮੁੰਬਈ** : ਬਾਲੀਵੁੱਡ ਅਤੇ ਟੀ ਵੀ ਦੇ ਦਿੱਗਜ ਅਦਾਕਾਰ ਸਤੀਸ਼ ਸ਼ਾਹ ਦਾ 74 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਗੁਰਦੇ ਫੇਲ੍ਹ ਹੋਣ ਕਾਰਨ ਸ਼ਨੀਵਾਰ ਦੁਪਹਿਰ ਹਿੰਦੂਜਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੀ ਆਖਰੀ ਫ਼ਿਲਮ 'ਹਮਸ਼ਕਲ' 2014 ਵਿੱਚ ਰਿਲੀਜ਼ ਹੋਈ ਸੀ। ਸਤੀਸ਼ ਸ਼ਾਹ ਦਾ ਜਨਮ 25 ਜੂਨ, 1951 ਨੂੰ ਮੁੰਬਈ ਵਿੱਚ ਹੋਇਆ ਸੀ। ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਸੀ। ਉਸ ਦੀਆਂ ਪ੍ਰਮੁੱਖ ਫਿਲਮਾਂ ਵਿੱਚ ਜਾਨੇ ਭੀ ਦੋ ਯਾਰੋ, ਮਾਸੂਮ, ਕਭੀ ਹਾਂ ਕਭੀ ਨਾ, ਹਮ ਆਪਕੇ ਹੈ ਕੌਨ, ਦਿਲਵਾਲੇ ਦੁਲਹਨੀਆ ਲੇ ਜਾਏਂਗੇ, ਮੈਂ ਹੂੰ ਨਾ, ਚਲਤੇ ਚਲਤੇ ਅਤੇ ਮੁਝਸੇ ਸ਼ਾਦੀ ਕਰੋਗੀ ਸ਼ਾਮਲ ਹਨ।

## ਸਿੰਗਾਪੁਰ 'ਚ ਨਰਸ ਨੂੰ ਕੋੜਿਆਂ ਦੀ ਸਜ਼ਾ

**ਨਵੀਂ ਦਿੱਲੀ** : ਸਿੰਗਾਪੁਰ ਦੇ ਵੱਕਾਰੀ ਰੈਫਲਜ਼ ਹਸਪਤਾਲ ਵਿੱਚ ਕੰਮ ਕਰਨ ਵਾਲੀ ਇੱਕ ਭਾਰਤੀ ਨਰਸ 'ਤੇ ਇੱਕ ਆਦਮੀ ਨਾਲ ਛੇੜਛਾੜ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਛੇੜਛਾੜ ਦੇ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ, ਭਾਰਤੀ ਨਰਸ ਨੂੰ 14 ਮਹੀਨੇ ਦੀ ਕੈਦ ਅਤੇ ਦੋ ਵਾਰ ਡੰਡੇ ਮਾਰਨ ਦੀ ਸਜ਼ਾ ਸੁਣਾਈ ਗਈ ਹੈ। ਦਰਅਸਲ, 34 ਸਾਲਾ ਏਲੀਪ ਸਿਵਾ ਨਾਗੂ, ਇੱਕ ਭਾਰਤੀ ਨਾਗਰਿਕ, ਸਿੰਗਾਪੁਰ ਦੇ ਇੱਕ ਵੱਡੇ ਹਸਪਤਾਲ ਵਿੱਚ ਨਰਸ ਵਜੋਂ ਕੰਮ ਕਰਦੀ ਹੈ। ਉਸ 'ਤੇ ਰੈਫਲਜ਼ ਹਸਪਤਾਲ ਵਿੱਚ ਆਉਣ ਵਾਲੇ ਇੱਕ ਪੁਰਸ਼ ਵਿਜ਼ਟਰ ਨੂੰ ਕੀਟਾਣੂਨਾਸ਼ਕ ਕਰਨ ਦੇ ਬਹਾਨੇ ਅਣਉਚਿਤ ਅੱਗੇ ਵਧਣ ਦਾ ਦੋਸ਼ ਲਗਾਇਆ ਗਿਆ ਸੀ। ਅਪਰਾਧ ਤੋਂ ਤੁਰੰਤ ਬਾਅਦ ਉਸ ਨੂੰ ਨਰਸਿੰਗ ਡਿਊਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ।

## ਸ਼ਰਾਬ 'ਚ ਅਫੀਮ ਮਿਲਾ ਕੇ ਪੀਂਦੀ ਸੀ ਬ੍ਰਿਟੇਨ ਦੀ ਮਹਾਰਾਣੀ



**ਨਵੀਂ ਦਿੱਲੀ** : ਆਪਣੀ ਪੁਸਤਕ 'ਹਿਊਮਨ ਹਿਸਟਰੀ ਆਨ ਡਰੱਗਜ਼ : ਐਨ ਅਟਰਲੀ ਸਕੈਂਡਲਸ ਬਟ ਐਂਟਾਇਰਲੀ ਟਰੁੱਥਫੁਲ ਲੁਕ ਐਟ ਹਿਸਟਰੀ ਅੰਡਰ ਦ ਇਨਫਲੂਐਂਸ' 'ਚ ਲੇਖਿਕ ਕੈਲੀ ਕਹਿੰਦੇ ਹਨ ਕਿ 19ਵੀਂ ਸਦੀ ਦੀ ਬ੍ਰਿਟਿਸ਼ ਮਹਾਰਾਣੀ ਵਿਕਟੋਰੀਆ ਨੇ ਇਤਿਹਾਸ ਦੇ ਸਭ ਤੋਂ ਵੱਡੇ ਨਸ਼ੇ ਦੇ ਕਾਰੋਬਾਰਾਂ 'ਚੋਂ ਇਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ, ਜਿਸ ਨੂੰ ਬ੍ਰਿਟਿਸ਼ ਸਾਮਰਾਜ ਦੀ ਪੂਰੀ ਤਾਕਤ ਦਾ ਸਮਰਥਨ ਪ੍ਰਾਪਤ ਸੀ। ਇਹ ਮਹਾਰਾਣੀ ਖੁਦ ਸ਼ਰਾਬ 'ਚ ਅਫੀਮ ਮਿਲਾ ਕੇ ਪੀਂਦੀ ਸੀ। ਕੈਲੀ ਅਨੁਸਾਰ ਸਾਮਰਾਜ ਦੇ ਡਰੱਗ ਵਪਾਰ ਤੋਂ ਹੋਣ ਵਾਲੀ ਆਮਦਨ ਏਨੀ ਵੱਡੀ ਸੀ ਕਿ ਪੂਰਾ ਦੇਸ਼ ਇਸ ਨਾਲ ਮਾਲਾਮਾਲ ਹੋ ਰਿਹਾ ਸੀ।

## ਫੇਸਬੁੱਕ ਨੇ ਰਿਲਾਇੰਸ ਦੇ ਏ ਆਈ ਉੱਦਮ 'ਚ 30 ਫੀਸਦੀ ਹਿੱਸੇਦਾਰੀ ਰੱਖੀ

**ਨਵੀਂ ਦਿੱਲੀ** : ਇੱਕ ਰੈਗੂਲੇਟਰੀ ਫਾਈਲਿੰਗ ਅਨੁਸਾਰ ਮੇਟਾ ਪਲੇਟਫਾਰਮਜ਼, ਇੰਕ. ਦੀ ਫੇਸਬੁੱਕ ਓਵਰਸੀਜ਼, ਅਰਬਪਤੀ ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਵੱਲੋਂ ਸ਼ੁਰੂ ਕੀਤੇ ਗਏ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਉੱਦਮ ਵਿੱਚ 30 ਫੀਸਦੀ ਹਿੱਸੇਦਾਰੀ ਰੱਖੇਗੀ। ਕੰਪਨੀ ਨੇ ਫਾਈਲਿੰਗ ਵਿੱਚ ਕਿਹਾ ਕਿ ਰਿਲਾਇੰਸ ਏ ਆਈ ਵਿੱਚ 70 ਫੀਸਦੀ ਹਿੱਸੇਦਾਰੀ ਰੱਖੇਗੀ। ਰਿਲਾਇੰਸ ਇੰਟੈਲੀਜੈਂਸ, ਜੋ ਕਿ ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੀ ਇੱਕ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ ਅਤੇ ਫੇਸਬੁੱਕ ਮਿਲ ਕੇ ਇਸ ਉੱਦਮ ਵਿੱਚ ਸ਼ੁਰੂਆਤੀ 855 ਕਰੋੜ ਦਾ ਨਿਵੇਸ਼ ਕਰਨਗੇ। ਫਾਈਲਿੰਗ ਵਿੱਚ ਕੰਪਨੀ ਨੇ ਕਿਹਾ ਕਿ ਰਿਲਾਇੰਸ ਇੰਟੈਲੀਜੈਂਸ ਲਿਮਟਿਡ ਨੇ 24 ਅਕਤੂਬਰ 2025 ਨੂੰ ਰਿਲਾਇੰਸ ਐਂਟਰਪ੍ਰਾਈਜ਼ ਇੰਟੈਲੀਜੈਂਸ ਲਿਮਟਿਡ ਨੂੰ ਸ਼ਾਮਲ ਕੀਤਾ ਹੈ।

## ਆਖਰੀ ਮੁਕਾਬਲਾ ਭਾਰਤ ਨੇ ਜਿੱਤਿਆ

**ਸਿਡਨੀ** : ਹਰਸ਼ਿਤ ਰਾਣਾ ਦੀ ਸ਼ਾਨਦਾਰ ਗੇਂਦਬਾਜ਼ੀ ਮਗਰੋਂ ਸਲਾਮੀ ਬੱਲੇਬਾਜ਼ ਰੋਹਿਤ ਸ਼ਰਮਾ ਦੀਆਂ ਨਾਬਾਦ 121 ਤੇ ਵਿਰਾਟ ਕੋਹਲੀ ਦੀਆਂ ਨਾਬਾਦ 74 ਦੌੜਾਂ ਸਦਕਾ ਭਾਰਤ ਨੇ ਤਿੰਨ ਇੱਕ ਰੋਜ਼ਾ ਮੈਚਾਂ ਦੀ ਲੜੀ ਦੇ ਆਖਰੀ ਮੁਕਾਬਲੇ 'ਚ ਸ਼ਨੀਵਾਰ ਨੂੰ ਇੱਥੇ ਆਸਟਰੇਲੀਆ ਨੂੰ 9 ਵਿਕਟਾਂ ਨਾਲ ਹਰਾ ਦਿੱਤਾ। ਭਾਰਤ ਨੇ ਜਿੱਤ ਲਈ 237 ਦੌੜਾਂ ਦਾ ਟੀਚਾ 38.3 ਓਵਰਾਂ 'ਚ ਪੂਰਾ ਕੀਤਾ।

# ਐੱਲ ਆਈ ਸੀ ਨੂੰ ਅਡਾਨੀ ਗਰੁੱਪ ਵਿੱਚ ਨਿਵੇਸ਼ ਕਰਨ ਲਈ ਮਜਬੂਰ ਕੀਤਾ ਗਿਆ : ਰਿਪੋਰਟ

## ਪਬਲਿਕ ਅਕਾਊਂਟਸ ਕਮੇਟੀ ਜਾਂਚ ਕਰੇ : ਕਾਂਗਰਸ

**ਨਵੀਂ ਦਿੱਲੀ** : ਅਮਰੀਕੀ ਅਖਬਾਰ 'ਦਿ ਵਾਸ਼ਿੰਗਟਨ ਪੋਸਟ' ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ 'ਚ ਦੋਸ਼ ਲਾਇਆ ਗਿਆ ਹੈ ਕਿ ਐੱਲ ਆਈ ਸੀ ਨੂੰ ਸਰਕਾਰੀ ਅਧਿਕਾਰੀਆਂ ਨੇ ਇਸ ਸਾਲ ਅਡਾਨੀ ਗਰੁੱਪ ਵਿੱਚ ਨਿਵੇਸ਼ ਕਰਨ ਲਈ ਮਜਬੂਰ ਕੀਤਾ ਸੀ। ਰਿਪੋਰਟ ਅਨੁਸਾਰ ਇਹ ਨਿਵੇਸ਼ ਉਸ ਸਮੇਂ ਕੀਤਾ ਗਿਆ ਜਦੋਂ ਅਡਾਨੀ ਗਰੁੱਪ ਬਹੁਤ ਜ਼ਿਆਦਾ ਕਰਜ਼ੇ ਵਿੱਚ ਡੁੱਬਿਆ ਹੋਇਆ ਸੀ ਤੇ ਅਮਰੀਕਾ ਵਿੱਚ ਜਾਂਚ ਦਾ ਸਾਹਮਣਾ ਕਰ ਰਿਹਾ ਸੀ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਨੇ ਜਾਂਚ ਦੀ ਮੰਗ ਕੀਤੀ ਹੈ ਤੇ ਕਿਹਾ ਹੈ ਕਿ ਇਸ ਗੱਲ ਦਾ ਪਤਾ ਲਾਇਆ ਜਾਣਾ ਚਾਹੀਦਾ ਹੈ ਕਿ ਇਸ ਪਿੱਛੇ ਕੌਣ ਲੋਕ ਹਨ ਜਿਨ੍ਹਾਂ ਨੇ ਐਲ ਆਈ ਸੀ ਨੂੰ ਅਡਾਨੀ ਗਰੁੱਪ ਵਿੱਚ ਨਿਵੇਸ਼ ਕਰਨ ਲਈ ਮਜਬੂਰ ਕੀਤਾ।

ਕਾਂਗਰਸ ਨੇ ਸ਼ਨਿਚਰਵਾਰ ਨੂੰ ਦੋਸ਼ ਲਾਇਆ ਕਿ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਦੇ 30 ਕਰੋੜ ਪਾਲਿਸੀ ਧਾਰਕਾਂ ਦੀ ਬੱਚਤ ਦੀ ਯੋਜਨਾਬੱਧ ਤਰੀਕੇ ਨਾਲ ਦੁਰਵਰਤੋਂ ਅਡਾਨੀ ਗਰੁੱਪ ਨੂੰ ਲਾਭ ਪਹੁੰਚਾਉਣ ਲਈ ਕੀਤੀ ਗਈ। ਪਾਰਟੀ ਨੇ ਮੰਗ ਕੀਤੀ ਕਿ ਸੰਸਦ ਦੀ ਪਬਲਿਕ ਅਕਾਊਂਟਸ ਕਮੇਟੀ ਇਸ ਗੱਲ ਦੀ ਜਾਂਚ ਕਰੇ ਕਿ ਐੱਲ ਆਈ ਸੀ ਨੂੰ ਸਮੂਹ ਵਿੱਚ ਨਿਵੇਸ਼ ਕਰਨ ਲਈ ਕਿਵੇਂ ਮਜਬੂਰ ਕੀਤਾ ਗਿਆ। ਕਾਂਗਰਸ ਦੇ ਦੋਸ਼ਾਂ 'ਤੇ ਅਡਾਨੀ ਗਰੁੱਪ ਜਾਂ ਸਰਕਾਰ ਵੱਲੋਂ ਤੁਰੰਤ ਕੋਈ ਜਵਾਬ ਨਹੀਂ ਆਇਆ ਹੈ। ਕਾਂਗਰਸ ਦੇ ਸੰਚਾਰ ਮਾਮਲਿਆਂ ਦੇ ਇੰਚਾਰਜ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਮੀਡੀਆ ਵਿੱਚ ਹੁਣੇ-ਹੁਣੇ ਪਰੇਸ਼ਾਨ ਕਰਨ ਵਾਲੇ ਖੁਲਾਸੇ ਸਾਹਮਣੇ ਆਏ ਹਨ ਕਿ ਕਿਵੇਂ "ਮੋਡਾਨੀ ਸੰਯੁਕਤ ਉੱਦਮ ਨੇ ਲਾਈਫ ਇੰਸ਼ੋਰੈਂਸ

• ਬਾਕੀ ਸਫਾ 2 'ਤੇ

### ਜਾਂਚ-ਪੜਤਾਲ ਮਗਰੋਂ ਨਿਵੇਸ਼ ਕੀਤਾ : ਐੱਲ ਆਈ ਸੀ

**ਨਵੀਂ ਦਿੱਲੀ** : ਭਾਰਤੀ ਜੀਵਨ ਬੀਮਾ ਨਿਗਮ ਨੇ ਸ਼ਨੀਵਾਰ ਕਿਹਾ ਕਿ ਉਸ ਨੇ ਆਜ਼ਾਦਾਨਾ ਤੌਰ 'ਤੇ ਅਤੇ ਤਫ਼ਸੀਲ ਵਿੱਚ ਜਾਂਚ-ਪੜਤਾਲ ਕਰਨ ਮਗਰੋਂ ਹੀ ਅਡਾਨੀ ਸਮੂਹ ਦੀਆਂ ਕੰਪਨੀਆਂ ਵਿੱਚ ਨਿਵੇਸ਼ ਕੀਤਾ ਹੈ। ਕੰਪਨੀ ਨੇ ਕਿਹਾ ਕਿ ਅਜਿਹਾ ਇਹ ਨਿਰਦੇਸ਼ਕ ਮੰਡਲ ਦੁਆਰਾ ਪ੍ਰਵਾਨਤ ਨੀਤੀਆਂ ਮੁਤਾਬਕ ਕੀਤਾ ਗਿਆ ਹੈ। ਬੀਮਾ ਕੰਪਨੀ ਨੇ ਇਹ ਬਿਆਨ ਅਮਰੀਕੀ ਅਖਬਾਰ 'ਦਿ ਵਾਸ਼ਿੰਗਟਨ ਪੋਸਟ' ਵਿੱਚ ਪ੍ਰਕਾਸ਼ਤ ਇੱਕ ਰਿਪੋਰਟ ਦੇ ਜਵਾਬ ਵਿੱਚ ਦਿੱਤਾ ਹੈ। ਰਿਪੋਰਟ 'ਚ ਦੋਸ਼ ਲਾਇਆ ਗਿਆ ਸੀ ਐੱਲ ਆਈ ਸੀ ਨੂੰ ਸਰਕਾਰੀ ਅਧਿਕਾਰੀਆਂ ਨੇ ਇਸ ਸਾਲ ਅਡਾਨੀ ਗਰੁੱਪ ਵਿੱਚ ਨਿਵੇਸ਼ ਕਰਨ ਲਈ ਪ੍ਰਭਾਵਤ ਕੀਤਾ ਸੀ, ਜਦ ਕਿ ਉਸ ਸਮੇਂ ਅਡਾਨੀ ਗਰੁੱਪ ਬਹੁਤ ਜ਼ਿਆਦਾ ਕਰਜ਼ੇ ਵਿੱਚ ਡੁੱਬਿਆ ਹੋਇਆ ਸੀ ਤੇ ਅਮਰੀਕਾ ਵਿੱਚ ਜਾਂਚ ਦਾ ਸਾਹਮਣਾ ਕਰ ਰਿਹਾ ਸੀ।



# ਪੰਜਾਬ ਸਰਕਾਰ ਵੱਲੋਂ ਸ਼ਹੀਦੀ ਸਮਾਗਮਾਂ ਦੀ ਸ਼ੁਰੂਆਤ

## ਕੈਬਨਿਟ ਮੰਤਰੀਆਂ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਕੀਤੀ ਅਰਦਾਸ

**ਦਿੱਲੀ/ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਮਨਾਉਣ ਲਈ ਸਮਾਗਮਾਂ ਦੀ ਲੜੀ ਦੀ ਸ਼ਨੀਵਾਰ ਸ਼ੁਰੂਆਤ ਕੀਤੀ। ਸੀਨੀਅਰ ਕੈਬਨਿਟ ਮੰਤਰੀਆਂ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕੀਤੀ।ਹਿੰਦ ਦੀ ਚਾਦਰ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ ਸਮਾਗਮਾਂ ਦੀ ਸ਼ੁਰੂਆਤ ਲਈ ਹੋਈ ਅਰਦਾਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ, ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈ.ਟੀ.ਓ., ਤਰੁਨਪ੍ਰੀਤ ਸਿੰਘ ਸੌਂਦ, ਗੁਰਮੀਤ ਸਿੰਘ ਖੁੱਡੀਆਂ, ਬਰਿੰਦਰ ਕੁਮਾਰ ਗੋਇਲ, ਹਰਦੀਪ ਸਿੰਘ ਮੁੰਡੀਆਂ ਅਤੇ ਡਾ. ਬਲਬੀਰ ਸਿੰਘ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਸਲਾਹਕਾਰ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੀਪਕ ਬਾਲੀ ਤੇ ਹੋਰ ਸ਼ਾਮਲ ਹੋਏ। ਮੰਤਰੀ, ਹੋਰ ਅਧਿਕਾਰੀ ਅਤੇ ਸੰਗਤ ਲਾਲ ਕਿਲ੍ਹੇ ਤੋਂ ਨੰਗੇ ਪੈਰੀਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ। ਉਨ੍ਹਾਂ ਨੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਪਵਿੱਤਰ ਸ਼ਹੀਦੀ ਸਥਾਨਾਂ 'ਤੇ ਵੀ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਗੁਰੂ ਪ੍ਰਤੀ ਸ਼ਰਧਾ ਵਿੱਚ ਬੇਮਿਸਾਲ ਕੁਰਬਾਨੀਆਂ ਕੀਤੀਆਂ। ਕੈਬਨਿਟ

• ਬਾਕੀ ਸਫਾ 2 'ਤੇ

## ਸਰਨਾ ਭਰਾਵਾਂ ਤੇ ਜੀ ਕੇ ਦੀ ਮੈਂਬਰਸ਼ਿਪ ਰੱਦ

**ਨਵੀਂ ਦਿੱਲੀ** : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ 3 ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ. ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਕਤ ਤਿੰਨਾਂ ਆਗੂਆਂ ਦੇ ਖ਼ਿਲਾਫ਼ ਜੋ ਸ਼ਿਕਾਇਤਾਂ ਸਨ, ਉਨ੍ਹਾਂ ਬਾਰੇ ਕਾਰਵਾਈ ਕਰਦੇ ਹੋਏ ਇਹ ਫੈਸਲਾ ਸਰਬ-ਸੰਮਤੀ ਨਾਲ ਜਨਰਲ ਹਾਊਸ ਵਿੱਚ ਲਿਆ ਗਿਆ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਦੇ ਜਨਰਲ ਇਜਲਾਸ ਨੂੰ ਗੈਰ-ਕਾਨੂੰਨੀ, ਮਨਮਾਨਾ ਤੇ ਇਕਤਰਫਾ ਦੱਸਦੇ ਹੋਏ ਜਨਰਲ ਇਜਲਾਸ 'ਤੇ ਰੋਕ ਲਗਾ ਦਿੱਤੀ ਸੀ। ਇਸ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਰਮਿਆਨ ਮੁੜ ਟਕਰਾਅ ਵਾਲੇ ਹਾਲਾਤ ਬਣ ਗਏ ਹਨ।

# ਡਾਕਟਰ ਜਬਰ-ਜ਼ਨਾਹ ਮਾਮਲੇ 'ਚ ਇੱਕ ਮੁਲਜ਼ਮ ਗ੍ਰਿਫ਼ਤਾਰ

**ਮੁੰਬਈ** : ਮਹਾਰਾਸ਼ਟਰ ਵਿੱਚ ਇਕ ਮਹਿਲਾ ਡਾਕਟਰ ਨਾਲ ਹੋਏ ਜਬਰ-ਜ਼ਨਾਹ ਨੇ ਸਮਾਜਕ ਤੇ ਸਿਆਸੀ ਹਲਕਿਆਂ ਵਿੱਚ ਭੂਚਾਲ ਲਿਆ ਦਿੱਤਾ ਹੈ। ਖੁਦਕੁਸ਼ੀ ਕਰਨ ਤੋਂ ਪਹਿਲਾਂ 26 ਸਾਲਾ ਡਾਕਟਰ ਨੇ ਆਪਣੀ ਹਥੇਲੀ ਉਪਰ ਆਤਮ-ਹੱਤਿਆ ਨੋਟ ਲਿਖਿਆ, ਜਿਸ ਵਿੱਚ ਉਸ ਨੇ ਦੋ ਪੁਲਸ ਅਫਸਰਾਂ ਉਪਰ ਜਬਰ-ਜ਼ਨਾਹ ਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਦੇ ਦੋਸ਼ ਲਾਏ। ਮ੍ਰਿਤਕਾ ਨੇ ਚਾਰ ਪੰਨਿਆਂ ਦਾ ਇੱਕ ਪੱਤਰ ਵੀ ਛੱਡਿਆ ਹੈ। ਇਸ ਪੱਤਰ ਵਿੱਚ ਜਿਨਸੀ ਹਮਲੇ, ਤੰਗ-ਪਰੇਸ਼ਾਨ ਕਰਨ ਅਤੇ ਭ੍ਰਿਸ਼ਟਾਚਾਰ ਦੇ ਹੈਰਾਨ ਕਰਨ ਵਾਲੇ ਵੇਰਵੇ ਸਾਹਮਣੇ ਆਏ ਹਨ। ਸ਼ਨਿਚਰਵਾਰ ਨੂੰ ਇਸ ਕੇਸ ਵਿੱਚ ਪੁਲਸ ਨੇ ਪੁਣੇ ਤੋਂ ਇਕ ਮੁਲਜ਼ਮ ਪ੍ਰਸ਼ਾਂਤ ਬਾਂਕਰ ਨੂੰ

### ਰੱਖਿਅਕ ਹੀ ਬਣੇ ਸ਼ਿਕਾਰੀ : ਕਾਂਗਰਸ



ਗ੍ਰਿਫਤਾਰ ਕੀਤਾ ਹੈ। ਫਲਟਨ ਸਬ-ਡਿਸਟ੍ਰਿਕਟ ਹਸਪਤਾਲ ਵਿੱਚ ਮੈਡੀਕਲ ਅਫ਼ਸਰ ਵਜੋਂ ਸੇਵਾ ਨਿਭਾਅ ਰਹੀ ਇਸ ਡਾਕਟਰ ਨੇ ਸਬ-ਇੰਸਪੈਕਟਰ ਗੋਪਾਲ ਬਡਨੇ 'ਤੇ ਚਾਰ ਵਾਰ ਜਬਰ-ਜ਼ਨਾਹ ਕਰਨ ਅਤੇ ਪੰਜ ਮਹੀਨਿਆਂ ਤੋਂ ਵੱਧ ਸਮੇਂ ਤੱਕ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਸੁਸਾਈਡ ਨੋਟ ਵਿੱਚ ਡਾਕਟਰ ਨੇ ਇਹ ਵੀ ਦੋਸ਼ ਲਾਇਆ ਕਿ ਪੁਲਸ ਅਧਿਕਾਰੀਆਂ, ਇੱਕ ਸੰਸਦ ਮੈਂਬਰ ਤੇ ਉਸ ਦੇ ਨਿੱਜੀ ਸਹਾਇਕਾਂ ਸਮੇਤ ਹੋਰਨਾਂ ਨੇ ਉਸ 'ਤੇ ਅਜਿਹੇ ਵਿਅਕਤੀਆਂ ਦੇ ਫਰਜ਼ੀ ਫਿਟਨੈੱਸ ਸਰਟੀਫਿਕੇਟ ਜਾਰੀ ਕਰਨ ਲਈ ਦਬਾਅ ਪਾਇਆ, ਜਿਨ੍ਹਾਂ ਨੂੰ ਕਦੇ ਮੈਡੀਕਲ ਜਾਂਚ ਲਈ ਲਿਆਂਦਾ ਹੀ ਨਹੀਂ ਗਿਆ। ਉਸ ਨੇ ਦਾਅਵਾ ਕੀਤਾ ਕਿ ਜਦੋਂ ਉਸ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਤੰਗ- ਪਰੇਸ਼ਾਨ ਕੀਤਾ ਗਿਆ ਅਤੇ ਡਰਾਇਆ-ਧਮਕਾਇਆ ਗਿਆ। ਡਾਕਟਰ ਲੱਗਭੱਗ ਦੋ ਸਾਲਾਂ ਤੋਂ ਪੇਂਡੂ ਹਸਪਤਾਲ ਵਿੱਚ ਸੇਵਾ ਨਿਭਾਅ ਰਹੀ ਸੀ ਅਤੇ ਆਪਣੇ ਲਾਜ਼ਮੀ ਬਾਂਡ ਦੀ

• ਬਾਕੀ ਸਫਾ 2 'ਤੇ

## 2 ਆਸਟਰੇਲੀਆਈ ਕ੍ਰਿਕਟ ਖਿਡਾਰਨਾਂ ਨਾਲ ਛੇੜਛਾੜ, ਦੋਸ਼ੀ ਕਾਬੂ



**ਇੰਦੌਰ** : ਮਹਿਲਾ ਵਿਸ਼ਵ ਕੱਪ ਲਈ ਕ੍ਰਿਕਟ ਮੈਚ ਇੰਦੌਰ ਦੇ ਹੋਲਕਰ ਸਟੇਡੀਅਮ ਵਿਚ ਹੋ ਰਹੇ ਹਨ। ਆਸਟਰੇਲੀਆ ਅਤੇ ਦੱਖਣੀ ਅਫ਼ਰੀਕਾ ਦੀਆਂ ਟੀਮਾਂ ਰੈਡੀਸਨ ਹੋਟਲ ਵਿਚ ਠਹਿਰੀਆਂ ਹੋਈਆਂ ਹਨ। ਹੋਟਲ ਤੋਂ ਕੈਫੇ ਜਾਂਦੇ ਸਮੇਂ ਦੋ ਆਸਟਰੇਲੀਆਈ ਮਹਿਲਾ ਖਿਡਾਰੀਆਂ ਨਾਲ ਛੇੜਛਾੜ ਅਤੇ ਗਲਤ ਤਰੀਕੇ ਨਾਲ ਛੂਹਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਮਾਮਲੇ ਵਿਚ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ ਤੋਂ ਬਾਅਦ ਮਹਿਲਾ ਖਿਡਾਰਨਾਂ ਨੇ ਆਪਣੇ ਸੁਰੱਖਿਆ ਅਧਿਕਾਰੀ ਨੂੰ ਇਸ ਸੰਬੰਧੀ ਸੂਚਿਤ ਕੀਤਾ। ਜਦੋਂ ਇਹ ਖ਼ਬਰ ਪੁਲਸ ਨੂੰ ਮਿਲੀ ਤਾਂ ਛੇ ਪੁਲਸ ਸਟੇਸ਼ਨਾਂ ਨੂੰ ਅਲਰਟ ਕਰ ਦਿੱਤਾ ਗਿਆ। ਪੁਲਸ ਨੇ ਆਜ਼ਾਦ ਨਗਰ ਦੇ ਰਹਿਣ ਵਾਲੇ ਅਕੀਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਇਕ ਰਾਹਗੀਰ ਨੇ ਦੋਸ਼ੀ ਦੀ ਮੋਟਰਸਾਈਕਲ ਦਾ ਨੰਬਰ ਨੋਟ ਕਰ ਲਿਆ ਸੀ ਤੇ ਇਕ ਹੋਰ ਕਾਰ ਚਾਲਕ ਨੇ ਪੁਲਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਉਪਰੰਤ ਪੁਲਸ ਨੇ ਅਕੀਲ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਘਟਨਾ ਤੋਂ ਬਾਅਦ ਹੋਟਲ ਅਤੇ ਸਟੇਡੀਅਮ ਵਿਚ ਸੁਰੱਖਿਆ ਵਧਾ ਦਿੱਤੀ ਗਈ।

# ਅਕਾਲੀ ਦਲ ਨੂੰ ਝਟਕਾ, ਪੰਚਾਂ ਸਮੇਤ ਸਰਪੰਚ 'ਆਪ' 'ਚ



**ਤਰਨ ਤਾਰਨ** : ਤਰਨ ਤਾਰਨ ਜ਼ਿਮਨੀ ਚੋਣ ਤੋਂ ਪਹਿਲਾਂ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਿਆ ਹੈ। ਸ਼ਨੀਵਾਰ ਅਕਾਲੀ ਆਗੂ ਤੇ ਮੌਜੂਦਾ ਸਰਪੰਚ ਜਸ਼ਨਦੀਪ ਸਿੰਘ ਆਪਣੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸਰਵਣ ਸਿੰਘ ਧੁੰਨ ਅਤੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਦੀ ਮੌਜੂਦਗੀ ਵਿੱਚ ਜਸ਼ਨਦੀਪ ਸਿੰਘ ਅਤੇ ਉਨ੍ਹਾ ਦੇ ਸਾਥੀ ਪੰਚ ਅਵਤਾਰ ਸਿੰਘ, ਪੰਚ ਦਵਿੰਦਰ ਸਿੰਘ, ਪੰਚ ਪਰਗਟ ਸਿੰਘ, ਪੰਚ ਦਰਸ਼ਨ ਸਿੰਘ, ਪੰਚ ਨਰਿੰਦਰ ਪਾਲ ਕੌਰ, ਬਲਜੀਤ ਕੌਰ, ਕੰਵਰ ਜਗਦੀਪ ਸਿੰਘ ਲਾਡਾ ਛਿਛਰੇਵਾਲ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ।ਭੁੱਲਰ ਨੇ 'ਆਪ' ਵਿੱਚ ਸ਼ਾਮਲ ਹੋਏ ਸਾਰੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਸਨਮਾਨ ਦਿੱਤਾ ਜਾਵੇਗਾ। ਉਹਨਾ ਕਿਹਾ ਕਿ ਅਕਾਲੀ ਦਲ, ਕਾਂਗਰਸ ਤੇ ਭਾਜਪਾ ਵਾਲੇ ਗੱਲਾਂ ਦੀ ਰਾਜਨੀਤੀ ਕਰਦੇ ਹਨ, ਪਰ ਆਮ ਆਦਮੀ ਪਾਰਟੀ ਹਮੇਸ਼ਾ ਕੰਮ ਦੀ ਰਾਜਨੀਤੀ ਕਰਦੀ ਹੈ।

## ਤੇਜ਼ ਰਫ਼ਤਾਰ ਕਾਰ ਨੇ ਪੈਦਲ ਜਾ ਰਹੇ ਲੋਕਾਂ ਨੂੰ ਦਰੜਿਆ, 5 ਮੌਤਾਂ

**ਆਗਰਾ** : ਇੱਕ ਤੇਜ਼ ਰਫ਼ਤਾਰ ਕਾਰ ਨੇ ਪੈਦਲ ਜਾ ਰਹੇ ਲੋਕਾਂ ਨੂੰ ਦਰੜ ਦਿੱਤਾ, ਜਿਸ ਵਿੱਚ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋ ਗਏ। ਸਹਾਇਕ ਪੁਲਸ ਕਮਿਸ਼ਨਰ ਸ਼ੇਸ਼ ਮਣੀ ਉਪਾਧਿਆਏ ਨੇ ਦੱਸਿਆ ਕਿ ਪੰਜ ਗੰਭੀਰ ਜ਼ਖ਼ਮੀ ਵਿਅਕਤੀਆਂ ਨੂੰ ਸਰੋਜਨੀ ਨਾਇਡੂ ਮੈਡੀਕਲ ਕਾਲਜ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸਾਰਿਆਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ ਦੀ ਪਛਾਣ ਬਬਲੀ (33), ਭਾਨੂ ਪ੍ਰਤਾਪ (25), ਕਮਲ (23), ਕ੍ਰਿਸ਼ਨ (20), ਅਤੇ ਬੰਟੇਸ਼ (21) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਭਾਨੂ ਪ੍ਰਤਾਪ ਇੱਕ ਨਿੱਜੀ ਕੰਪਨੀ ਵਿੱਚ ਪਾਰਸਲ ਡਿਲੀਵਰੀ ਏਜੰਟ ਵਜੋਂ ਕੰਮ ਕਰਦਾ ਸੀ। ਇਹ ਹਾਦਸਾ ਸੈਂਟਰਲ ਹਿੰਦੀ ਇੰਸਟੀਚਿਊਟ ਤੋਂ ਅੱਗੇ, ਨਿਊ ਆਗਰਾ ਪੁਲਸ ਥਾਣਾ ਖੇਤਰ ਦੇ ਨਗਲਾ ਬੁੱਧੀ ਨੇੜੇ ਵਾਪਰਿਆ। ਚਸ਼ਮਦੀਦਾਂ ਅਨੁਸਾਰ ਕਾਰ ਤੇਜ਼ ਰਫ਼ਤਾਰ 'ਤੇ ਸੀ ਅਤੇ ਰੋਡ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੇ ਲੋਕਾਂ ਨੂੰ ਦਰੜ ਗਈ। ਅਧਿਕਾਰੀਆਂ ਨੇ ਦੱਸਿਆ ਕਿ ਕਾਰ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਗੱਡੀ ਜ਼ਬਤ ਕਰ ਲਈ ਗਈ ਹੈ।

## ਲੋਕਤੰਤਰ ਪਾਕਿਸਤਾਨ ਲਈ ਇੱਕ 'ਬੇਗਾਨਾ' ਸੰਕਲਪ : ਭਾਰਤ

**ਨਵੀਂ ਦਿੱਲੀ** : ਲੋਕਤੰਤਰ ਪਾਕਿਸਤਾਨ ਲਈ ਇੱਕ 'ਬੇਗਾਨਾ' ਸੰਕਲਪ ਹੈ, ਭਾਰਤ ਨੇ ਇਸਲਾਮਾਬਾਦ ਨੂੰ ਆਪਣੇ ਗੈਰ-ਕਾਨੂੰਨੀ ਕਬਜ਼ੇ ਵਾਲੇ ਖੇਤਰਾਂ ਵਿੱਚ ਗੰਭੀਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਖ਼ਤਮ ਕਰਨ ਲਈ ਕਿਹਾ ਹੈ, ਜਿੱਥੇ ਆਬਾਦੀ ਫ਼ੌਜੀ ਕਬਜ਼ੇ, ਦਮਨ, ਬੇਰਹਿਮੀ ਅਤੇ ਸ਼ੋਸ਼ਣ ਵਿਰੁੱਧ ਖੁੱਲ੍ਹੇ ਵਿਦਰੋਹ ਵਿੱਚ ਹੈ। 'ਸੰਯੁਕਤ ਰਾਸ਼ਟਰ ਸੰਗਠਨ: ਭਵਿੱਖ 'ਚ ਵੇਖਦਿਆਂ' ਬਾਰੇ ਸੰਯੁਕਤ ਰਾਸ਼ਟਰ ਸੁਰੱਖਿਆ ਪਰੀਸ਼ਦ ਦੀ ਖੁੱਲ੍ਹੀ ਬਹਿਸ ਵਿੱਚ ਪਾਕਿਸਤਾਨ ਦੇ ਦੂਤ ਵੱਲੋਂ ਕੀਤੇ ਗਏ ਹਵਾਲਿਆਂ ਦਾ ਜਵਾਬ ਦਿੰਦੇ ਹੋਏ, ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਪਰਵਥਾਨੇਨੀ ਹਰੀਸ਼ ਨੇ ਕਿਹਾ, "ਜੰਮੂ ਅਤੇ ਕਸ਼ਮੀਰ ਦੇ ਲੋਕ ਭਾਰਤ ਦੀਆਂ ਸਮੇਂ ਦੀ ਪਰਖ 'ਤੇ ਖਰੀਆਂ ਉੱਤਰੀਆਂ ਲੋਕਤੰਤਰੀ ਪਰੰਪਰਾਵਾਂ ਅਤੇ ਸੰਵਿਧਾਨਕ ਢਾਂਚੇ ਦੇ ਅਨੁਸਾਰ ਆਪਣੇ ਮੌਲਿਕ ਅਧਿਕਾਰਾਂ ਦੀ ਵਰਤੋਂ ਕਰਦੇ ਹਨ। ਉਨ੍ਹਾਂ ਕਿਹਾ, "ਅਸੀਂ, ਬੇਸ਼ੱਕ, ਜਾਣਦੇ ਹਾਂ ਕਿ ਇਹ ਸੰਕਲਪ ਪਾਕਿਸਤਾਨ ਲਈ ਬੇਗਾਨੇ ਹਨ।" ਦੂਤ ਨੇ ਦੁਹਰਾਇਆ ਕਿ ਜੰਮੂ ਅਤੇ ਕਸ਼ਮੀਰ "ਹਮੇਸ਼ਾ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਰਿਹਾ ਹੈ, ਹੈ ਅਤੇ ਰਹੇਗਾ। ਇਸਲਾਮਾਬਾਦ ਨੂੰ ਸਖ਼ਤ ਸ਼ਬਦਾਂ ਵਿੱਚ ਜਵਾਬ ਦਿੰਦਿਆਂ ਹਰੀਸ਼ ਨੇ ਕਿਹਾ, "ਅਸੀਂ ਪਾਕਿਸਤਾਨ ਨੂੰ ਇਸ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਖੇਤਰਾਂ ਵਿੱਚ ਗੰਭੀਰ ਅਤੇ ਲਗਾਤਾਰ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਖ਼ਤਮ ਕਰਨ ਲਈ ਕਹਿੰਦੇ ਹਾਂ, ਜਿੱਥੇ ਆਬਾਦੀ ਪਾਕਿਸਤਾਨ ਦੇ ਫ਼ੌਜੀ ਕਬਜ਼ੇ, ਦਮਨ, ਬੇਰਹਿਮੀ ਅਤੇ ਸਰੋਤਾਂ ਦੇ ਗੈਰ-ਕਾਨੂੰਨੀ ਸ਼ੋਸ਼ਣ ਵਿਰੁੱਧ ਖੁੱਲ੍ਹੇ ਵਿਦਰੋਹ ਵਿੱਚ ਹੈ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ


ਸਤੀਸ਼ ਭੀਰੀ
ਜੈਤੋ
94176-12036


ਦਰਸ਼ਨ ਜਿੰਦਲ
ਰਾਮਪੁਰਾ ਫੂਲ
94172-27460


ਜਸਵੀਰ ਕਾਜਲ
ਅੱਡਾ ਸਰਾਂ
99151-17589

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ** ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। *-ਜਨਰਲ ਮੈਨੇਜਰ*

# ਜਾਇਦਾਦਾਂ ਵੇਚਣ ਵਿਰੁੱਧ ਸੂਬਾ ਪੱਧਰੀ ਰੋਸ ਧਰਨਾ ਕਾਮਯਾਬ ਕਰਨ ਦਾ ਅਹਿਦ



**ਲੁਧਿਆਣਾ** : ਬਿਜਲੀ ਨਿਗਮ ਦੀਆਂ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਮੌਜੂਦ ਸੈਂਕੜੇ ਏਕੜ ਵਿੱਚ ਫੈਲੀਆਂ ਬਹੁਤ ਮਹਿੰਗੀਆਂ ਜਾਇਦਾਦਾਂ ਜੋ ਕਈ ਦਹਾਕੇ ਪਹਿਲਾਂ ਜ਼ਿਆਦਾਤਰ ਪੰਚਾਇਤਾਂ ਵੱਲੋਂ ਅਤੇ ਕੁੱਝ ਨਿੱਜੀ ਤੌਰ 'ਤੇ ਲੋਕਾਂ ਵੱਲੋਂ ਦਫਤਰ ਅਤੇ ਗਰਿੱਡ ਬਣਾਉਣ ਲਈ ਬਿਜਲੀ ਬੋਰਡ ਨੂੰ ਦਾਨ ਵਜੋਂ ਦਿੱਤੀਆਂ ਸਨ, ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੀਆਂ ਰਾਜਸੀ ਲੋੜਾਂ ਲਈ ਵੇਚਣ ਦੀ ਘਟੀਆ ਤਜਵੀਜ਼ ਦੇ ਖਿਲਾਫ਼ ਅਤੇ ਬਿਜਲੀ ਸੋਧ ਬਿੱਲ 2025 ਦੇ ਵਿਰੁੱਧ ਅਦਾਰੇ ਦੇ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸਾਂਝੇ ਸੰਗਠਨਾਂ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸ਼ੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24), ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ (ਸੰਬੰਧਤ ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ ਪਹਿਲਵਾਨ ਤੋਂ ਇਲਾਵਾ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਗੁਰਭੇਜ ਸਿੰਘ ਢਿੱਲੋਂ ਦੀ ਸਾਂਝੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਇਸ ਬਹੁਤ ਹੀ ਅਹਿਮ ਮੀਟਿੰਗ ਵਿੱਚ ਮੁਲਾਜ਼ਮ, ਪੈਨਸ਼ਨਰ ਅਤੇ ਕਿਸਾਨ ਜਥੇਬੰਦੀਆਂ ਨੇ ਇਕਜੁੱਟ ਹੋ ਕੇ ਸਰਕਾਰ ਵੱਲੋਂ ਜਾਇਦਾਦਾਂ ਵੇਚਣ ਦੀ ਤਜਵੀਜ਼ ਖਿਲਾਫ਼ ਅਤੇ ਬਿਜਲੀ ਸੋਧ ਬਿੱਲ ਦੇ ਖਰੜੇ ਵਿਰੁੱਧ ਸਾਂਝਾ ਸੰਘਰਸ਼ ਸ਼ੁਰੂ ਕਰਨ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਉਲਝਿਆ ਤਾਣਾ ਸਮਾਜ ਦਾ ਬਹੁਤ ਬੇਲੀ,
ਤੰਦ ਨਹੀਂ, ਤਾਣੀ ਦੇ ਵਿੱਚ ਵਿਗਾੜ ਬੇਲੀ।
ਆਪਣੀ ਲੁਕਾਉਂਦੇ ਨੇ ਸੁਣੀਂਦੇ ਗੱਲ ਸਾਰੇ,
ਬੁਰਕੇ ਦੂਜਿਆਂ ਦੇ ਛੱਡਦੇ ਈ ਪਾੜ ਬੇਲੀ।
ਆਪਣੀ ਦਾੜ੍ਹੀ ਦੇ ਤਿਨਕੇ ਨਾ ਗਿਣੇ ਕੋਈ,
ਸਾਰਾ ਕੁਝ ਦੂਜੇ ਦਾ ਛੱਡਣ ਉਖਾੜ ਬੇਲੀ।
ਉੱਲੂ ਇੱਕ ਵੀ ਹੁੰਦਾ ਤਾਂ ਖੈਰ ਕੋਈ ਨਹੀਂ,
ਏਥੇ ਤਾਂ ਉੱਲੂਆਂ ਦੀ ਫਿਰਦੀ ਧਾੜ ਬੇਲੀ।
ਮੌਕਾ ਵਿਆਹ ਦਾ ਹੋਵੇ ਜਾਂ ਮਰਗ ਵਰਗਾ,
ਮੱਲਦਾ ਈ ਹੋਰਨਾਂ ਤੋਂ ਮੂਹਰੇ ਮੰਚ ਬੇਲੀ।
ਅਕਲੋਂ ਊਣੇ ਦੇ ਹੱਥਾਂ ਵਿੱਚ ਆਈ ਚੌਧਰ,
ਬਣਿਆ ਨਗਰ ਦਾ ਫਿਰਦਾ ਸਰਪੰਚ ਬੇਲੀ।

-ਤੀਸ ਮਾਰ ਖਾਂ

# ਦਸੰਬਰ 'ਚ ਸ਼ੁਰੂ ਹੋਵੇਗੀ ਸੀਤ ਲਹਿਰ



**ਚੰਡੀਗੜ੍ਹ** : ਪੰਜਾਬ ਵਿਚ ਤਾਪਮਾਨ ਇਸ ਵੇਲੇ ਆਮ ਦੇ ਨੇੜੇ ਹੈ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ ਦਸੰਬਰ ਵਿਚ ਸੀਤ ਲਹਿਰ ਸ਼ੁਰੂ ਹੋਵੇਗੀ ਅਤੇ ਜਨਵਰੀ ਅਤੇ ਫਰਵਰੀ ਵਿਚ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿਚ ਰਾਤਾਂ ਹਿਮਾਚਲ ਨਾਲੋਂ ਠੰਢੀਆਂ ਹੋਣਗੀਆਂ। ਇਸ ਦੌਰਾਨ ਪਿਛਲੇ 24 ਘੰਟਿਆਂ ਵਿਚ ਹਵਾ ਦੀ ਦਿਸ਼ਾ ਫਿਰ ਬਦਲ ਗਈ ਹੈ। ਪਹਾੜਾਂ ਤੋਂ ਹੁਣ ਠੰਢੀਆਂ ਹਵਾਵਾਂ ਚੱਲ ਰਹੀਆਂ ਹਨ, ਜਿਸ ਨਾਲ ਪ੍ਰਦੂਸ਼ਣ ਦਾ ਪੱਧਰ ਘਟ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਰਾਤ ਦਾ ਤਾਪਮਾਨ ਲੱਗਭੱਗ 2 ਡਿਗਰੀ ਘਟਣ ਦੀ ਉਮੀਦ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਪ੍ਰਦੂਸ਼ਣ ਦੇ ਪੱਧਰ ਵਿਚ ਸੁਧਾਰ ਹੋਇਆ ਹੈ, ਜਦੋਂ ਕਿ ਦੀਵਾਲੀ ਤੋਂ ਬਾਅਦ ਔਸਤ ਹਵਾ ਗੁਣਵੱਤਾ ਸੂਚਕਾਂਕ ਤਿੰਨ ਦਿਨ ਪਹਿਲਾਂ 226 ਤੱਕ ਪਹੁੰਚ ਗਿਆ ਸੀ, ਹੁਣ ਇਹ 161 ਤੱਕ ਡਿੱਗ ਗਿਆ ਹੈ। ਇਸ ਦਾ ਮਤਲਬ ਹੈ ਕਿ ਸਿਰਫ਼ ਤਿੰਨ ਦਿਨਾਂ ਵਿਚ ਪ੍ਰਦੂਸ਼ਣ ਦੇ ਪੱਧਰ ਵਿਚ ਲੱਗਭੱਗ 65 ਅੰਕ ਦੀ ਕਮੀ ਆਈ ਹੈ।

ਰੂਪਨਗਰ ਰਾਜ ਦਾ ਇਕੋ ਇਕ ਜ਼ਿਲ੍ਹਾ ਹੈ, ਜਿੱਥੇ ਹਵਾ ਦੀ ਗੁਣਵੱਤਾ ਇਸ ਵੇਲੇ 230 ਤੱਕ ਪਹੁੰਚ ਗਈ ਹੈ। ਮੰਡੀ ਗੋਬਿੰਦਗੜ੍ਹ ਵਿਚ ਵੀ ਪ੍ਰਦੂਸ਼ਣ ਦਾ ਪੱਧਰ ਘਟਿਆ ਹੈ ਤੇ ਹਵਾ ਦੀ ਗੁਣਵੱਤਾ ਹੁਣ 200 'ਤੇ ਪੁੱਜ ਗਈ ਹੈ।




CMYK

## ਅਕਾਲੀ ਵਰਕਰਾਂ ਵੱਲੋਂ ਮਾਹਲਾ ਪਰਵਾਰ ਦਾ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਤੀਰਥ ਸਿੰਘ ਮਾਹਲਾ ਹਲਕਾ ਇੰਚਾਰਜ ਬਾਘਾ ਪੁਰਾਣਾ ਦੇ ਛੋਟੇ ਸਪੁੱਤਰ ਜਸਪ੍ਰੀਤ ਸਿੰਘ ਮਾਹਲਾ ਕੈਨੇਡਾ ਤੋਂ ਵਾਪਸੀ 'ਤੇ ਪਿੰਡ ਪਹੁੰਚੇ ਤਾਂ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਮਾਹਲਾ ਸਾਹਿਬ ਦੇ ਵੱਡੇ ਸਪੁੱਤਰ ਸੁਖਜੀਤ ਸਿੰਘ ਮਾਹਲਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੀ ਕੋਰ ਕਮੇਟੀ ਦਾ ਮੈਂਬਰ ਬਣਨ 'ਤੇ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।ਮੀਟਿੰਗ ਦੌਰਾਨ ਅਕਾਲੀ ਦਲ ਦੇ ਵਰਕਰਾਂ ਨੇ ਇਲਾਕੇ ਦੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਮਿਲਜੁਲ ਕੇ ਕੰਮ ਕਰਨ ਦਾ ਫ਼ੈਸਲਾ ਲਿਆ।ਸਮਾਗਮ ਵਿੱਚ ਪ੍ਰਧਾਨ ਪਵਨ ਗੋਇਲ, ਸ਼ਹਿਰੀ ਮੀਤ ਪ੍ਰਧਾਨ ਰਣਜੀਤ ਸਿੰਘ ਭੀਤੇ, ਚੇਤੀ ਕਾਟੀਆ, ਤਰਸੇਮ ਸਿੰਘ ਗਿੱਲ, ਜਗਸੀਰ ਸਿੰਘ ਸਿੱਧੂ, ਗੁਰਸੇਵਕ ਸਿੰਘ, ਕਮਲ ਸ਼ਰਮਾ ਮਾਹੀ ਸਮੇਤ ਵਡੀ ਵਰਕਰ ਹਾਜ਼ਰ ਸਨ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਪਵਨ ਗੋਇਲ ਨੇ ਕਿਹਾ ਕਿ ਨੌਜਵਾਨ ਆਗੂ ਕਿਸੇ ਵੀ ਪਾਰਟੀ ਦੀ ਰੀੜ ਦੀ ਹੱਡੀ ਹੁੰਦੇ ਹਨ, ਕਿਉਂਕਿ ਉਹ ਜੋਸ਼, ਜਜ਼ਬੇ ਤੇ ਸਮਰਪਣ ਨਾਲ ਪਾਰਟੀ ਨੂੰ ਨਵੀਂ ਉਚਾਈਆਂ ਤੱਕ ਲੈ ਕੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਨੌਜਵਾਨ ਪੀੜ੍ਹੀ ਨੂੰ ਮੌਕੇ ਦਿੱਤੇ ਹਨ ਤੇ ਪਾਰਟੀ ਦੀ ਰਵਾਇਤ ਰਹੀ ਹੈ ਕਿ ਤਜਰਬੇਕਾਰ ਆਗੂਆਂ ਦੇ ਨਾਲ-ਨਾਲ ਨਵੇਂ ਚਿਹਰੇ ਵੀ ਮੰਚ 'ਤੇ ਆਉਣ।ਪਵਨ ਗੋਇਲ ਨੇ ਕਿਹਾ ਕਿ ਯੂਥ ਵਿੰਗ ਦਾ ਹਰ ਵਰਕਰ ਪਿੰਡ ਪਿੰਡ ਤੱਕ ਪਾਰਟੀ ਦੇ ਸੁਨੇਹੇ ਨੂੰ ਪਹੁੰਚਾ ਰਿਹਾ ਹੈ ਤੇ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਨਿਰੰਤਰ ਮਿਹਨਤ ਕਰ ਰਿਹਾ ਹੈ। ਪਵਨ ਗੋਇਲ ਨੇ ਅੰਤ ਵਿੱਚ ਕਿਹਾ ਕਿ ਅਕਾਲੀ ਦਲ ਸਿਰਫ਼ ਇੱਕ ਰਾਜਨੀਤਕ ਸੰਗਠਨ ਨਹੀਂ, ਸਗੋਂ ਪੰਜਾਬ ਦੀ ਰੂਹ ਹੈ।ਨੌਜਵਾਨ ਇਸ ਪ੍ਰੰਪਰਾ ਨੂੰ ਅੱਗੇ ਵਧਾਉਣ ਲਈ ਤਿਆਰ ਹਨ।

## ਵਾਰਡ ਨੰ. 9 'ਚ ਸਫਾਈ ਦਾ ਮਾੜਾ ਹਾਲ

**ਲੌਂਗੋਵਾਲ (ਪ੍ਰਦੀਪ ਸੱਪਲ)**

ਨਗਰ ਕੌਂਸਲ ਲੌਂਗੋਵਾਲ ਦੇ ਵਾਰਡ ਨੰਬਰ 9 ਵਿੱਚ ਸਫਾਈ ਦਾ ਬਹੁਤ ਮਾੜਾ ਹਾਲ ਹੋਣ ਕਰਕੇ ਵਾਰਡ ਵਾਸੀ ਬੇਹੱਦ ਪ੍ਰੇਸ਼ਾਨ ਹਨ।ਵਾਰਡ ਵਾਸੀਆਂ ਦਾ ਕਹਿਣਾ ਹੈ ਕਿ ਵਾਰਡ ਵਿੱਚ ਸਫਾਈ ਨਾ ਹੋਣ ਕਰਕੇ ਭਿਆਨਕ ਬਿਮਾਰੀ ਦਿਨੋਂ-ਦਿਨ ਵਧ ਰਹੀ ਹੈ ਤੇ ਵਾਰਡ ਵਿੱਚ ਸਟਰੀਟ ਲਾਈਟਾਂ ਦੀ ਰੋਸ਼ਨੀ ਨਾ ਹੋਣ ਕਰਕੇ ਰਾਤ ਸਮੇਂ ਲੁੱਟਾਂ-ਖੋਹਾਂ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਵਿੱਚ ਆਮ ਚਰਚਾ ਚੱਲ ਰਹੀ ਹੈ ਕਿ ਇਸ ਵਾਰਡ ਦੇ ਮੀਤ ਪ੍ਰਧਾਨ ਪਰਿਵਾਰ ਦੇ ਮੈਂਬਰ ਸਭ ਤੋਂ ਪਹਿਲਾਂ ਭਾਜਪਾ ਦੇ ਸੀਨੀਅਰ ਆਗੂ ਸਨ ਤੇ ਭਾਜਪਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਅਤੇ ਹੁਣ ਕਿਹੜੀ ਪਾਰਟੀ ਵਿੱਚ ਜਾਣ ਲਈ ਆਪਣਾ ਮਨ ਬਣਾਉਣਗੇ।ਵਾਰਡ ਵਾਸੀਆਂ ਨੇ ਨਗਰ ਕੌਂਸਲ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਵਾਰਡ ਦੀ ਤੁਰੰਤ ਸਫਾਈ ਕਰਵਾਈ ਜਾਵੇ ਤੇ ਵਾਰਡ ਵਾਸੀਆਂ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ।

## ਮੋਟਰਸਾਈਕਲ ਨਾਲ ਕਾਰ ਟਕਰਾਉਣ ਮਗਰੋਂ ਹੋਇਆ ਵਿਵਾਦ

# ਕਾਰ ਚਾਲਕ ਨੇ ਚਲਾਈ ਗੋਲੀ, ਸਬਜ਼ੀ ਵਿਕਰੇਤਾ ਜ਼ਖ਼ਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਸਬਜ਼ੀ ਦੀ ਰੇਹੜੀ ਲਗਾਉਣ ਵਾਲੇ ਇੱਕ ਵਿਕਰੇਤਾ 'ਤੇ ਅਣਪਛਾਤੇ ਕਾਰ ਚਾਲਕ ਵੱਲੋਂ ਗੋਲੀ ਚਲਾਉਣ ਦੀ ਖ਼ਬਰ ਮਿਲੀ ਹੈ। ਇਹ ਘਟਨਾ ਮੋਟਰਸਾਈਕਲ ਤੇ ਕਾਰ ਦੀ ਮਾਮੂਲੀ ਟੱਕਰ ਤੋਂ ਬਾਅਦ ਹੋਏ ਵਿਵਾਦ ਕਾਰਨ ਵਾਪਰੀ, ਜਿਸ ਤੋਂ ਬਾਅਦ ਗੁੱਸੇ 'ਚ ਆਏ ਕਾਰ ਚਾਲਕ ਨੇ ਪਿਸਟਲ ਕੱਢ ਕੇ ਫਾਇਰ ਕਰ ਦਿੱਤਾ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਲਵਲੀਨ ਕੁਮਾਰ ਉਰਫ ਮਨੀਸ਼ ਪੁੱਤਰ ਅਸ਼ੋਕ ਕੁਮਾਰ ਵਾਸੀ ਸਰਸਵਤੀ ਇਨਕਲੇਵ ਕੋਠੀ ਨੰਬਰ 140, ਹਬੀਬ ਵਾਲਾ ਰੋਡ, ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਹ ਫਿਰੋਜ਼ਪੁਰ ਸ਼ਹਿਰ ਦੀ ਸਬਜ਼ੀ ਮੰਡੀ ਵਿੱਚ ਸਬਜ਼ੀ ਦੀ ਰੇਹੜੀ ਲਗਾ ਕੇ ਆਪਣਾ ਗੁਜ਼ਾਰਾ ਕਰਦਾ ਹੈ। ਬੀਤੀ 23 ਅਕਤੂਬਰ 2025 ਨੂੰ ਉਹ ਸਵੇਰ ਦੇ ਸਮੇਂ ਸਬਜ਼ੀ ਵਾਲੀ ਰੇਹੜੀ ਤੋਂ ਸਬਜ਼ੀ ਪਿੰਡ ਸ਼ਾਹਦੀਨ ਵਾਲਾ ਤੋਂ ਦੇ ਕੇ ਆਪਣੇ ਘਰ ਵਾਪਸ ਆ ਰਿਹਾ ਸੀ ਤਾਂ ਜਦੋਂ ਉਹ ਜ਼ੀਰਾ ਰੋਡ ਫਿਰੋਜ਼ਪੁਰ ਸ਼ਹਿਰ ਦੇ ਗੇਟ ਨੇੜੇ ਪੁੱਜਾ ਤਾਂ ਸਮਾਂ ਕਰੀਬ 11.45 ਵਜੇ ਇੱਕ ਕਾਰ ਨੰਬਰ ਪੀਬੀ 29-9279, ਜਿਸ ਨੂੰ ਇਕ ਮੋਨਾ ਨੌਜਵਾਨ ਚਲਾ ਰਿਹਾ ਸੀ ਤੇ ਜੋ ਪਿੰਡ ਆਸਲ ਵੱਲੋਂ ਆ ਰਿਹਾ ਸੀ ਨੇ ਅਚਾਨਕ ਕਾਲੋਨੀ ਵੱਲ ਮੋੜ ਕੱਟਿਆ। ਕਾਰ ਚਾਲਕ ਵੱਲੋਂ ਅਚਾਨਕ ਮੋੜ ਕੱਟਣ ਕਾਰਨ ਕਾਰ ਉਸ ਦੇ ਮੋਟਰਸਾਈਕਲ ਨਾਲ ਟਕਰਾ ਗਈ ਤੇ ਲਵਲੀਨ ਕੁਮਾਰ ਜ਼ਮੀਨ 'ਤੇ ਡਿੱਗ ਗਿਆ। ਇਸ ਹਾਦਸੇ ਤੋਂ ਬਾਅਦ ਦੋਵਾਂ ਵਿਚ ਤੂੰ-ਤੂੰ ਮੈਂ-ਮੈਂ ਹੋ ਗਈ। ਲਵਲੀਨ ਕੁਮਾਰ ਨੇ ਦੱਸਿਆ ਕਿ ਬਹਿਸ ਦੌਰਾਨ ਅਣਪਛਾਤੇ ਕਾਰ ਚਾਲਕ ਨੇ ਤੈਸ਼ ਵਿੱਚ ਆ ਕੇ ਆਪਣੀ ਡੱਬ ਵਿੱਚੋਂ ਪਿਸਟਲ ਕੱਢ ਲਿਆ। ਕਾਰ ਚਾਲਕ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੇ ਪੱਟ ਨਿਸ਼ਾਨਾ ਬਣਾ ਕੇ ਫਾਇਰ ਕਰ ਦਿੱਤਾ ਤੇ ਗੋਲੀ ਸਿੱਧੀ ਉਸ ਨੂੰ ਲੱਗਣ ਦੀ ਬਜਾਏ, ਪਹਿਲਾਂ ਜ਼ਮੀਨ 'ਤੇ ਵੱਜੀ ਤੇ ਫਿਰ ਉਸ ਦੇ ਖੱਬੇ ਪੈਰ ਦੇ ਗਿੱਟੇ ਤੋਂ ਉਪਰ ਜਾ ਕੇ ਲੱਗੀ। ਗੋਲੀ ਲੱਗਣ ਕਾਰਨ ਲਵਲੀਨ ਕੁਮਾਰ ਜ਼ਖਮੀ ਹੋ ਗਿਆ। ਉਸ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਲਵਲੀਨ ਕੁਮਾਰ ਉਰਫ ਮਨੀਸ਼ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## 4171 ਹੜ੍ਹ ਪ੍ਰਭਾਵਤ ਲਾਭਪਾਤਰੀਆਂ ਨੂੰ 10 ਕਰੋੜ ਦੀ ਮੁਆਵਜ਼ਾ ਰਾਸ਼ੀ ਪ੍ਰਦਾਨ : ਢਿੱਲੋਂ



**ਪਟਿਆਲਾ (ਰਾਜਿੰਦਰ ਥਿੰਦ)**-ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ 42 ਪਿੰਡਾਂ ਦੇ 4171 ਲਾਭਪਾਤਰੀਆਂ ਨੂੰ 10 ਕਰੋੜ ਰੁਪਏ ਤੋਂ ਵੱਧ ਦੀ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾ ਚੁੱਕੀ ਹੈ।ਇਹ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਕੁੱਲ 34.76 ਕਰੋੜ ਰੁਪਏ ਦੀ ਰਾਸ਼ੀ ਹੜ੍ਹ ਪ੍ਰਭਾਵਿਤਾਂ ਨੂੰ ਪ੍ਰਦਾਨ ਕੀਤੀ ਜਾਣੀ ਹੈ ਤੇ ਪਹਿਲੇ ਪੜਾਅ ਤਹਿਤ ਮੁੱਖ ਮੰਤਰੀ ਸ. ਭਗਵੰਤ ਸਿੰਘ ਦੇ ਹੁਕਮਾਂ ਮੁਤਾਬਕ ਪਾਰਦਰਸ਼ੀ ਢੰਗ ਨਾਲ ਮੁਆਵਜ਼ਾ ਰਾਸ਼ੀ ਲਾਭਪਾਤਰੀਆਂ ਨੂੰ ਪ੍ਰਦਾਨ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਪਹਿਲੀ ਕਿਸ਼ਤ ਦਿਵਾਲੀ ਦੇ ਤਿਉਹਾਰ ਤੋਂ ਪਹਿਲਾਂ ਪਹਿਲਾਂ ਕਿਸਾਨਾਂ ਨੂੰ ਦਿੱਤੀ ਜਾਵੇ।ਉਨ੍ਹਾ ਦੱਸਿਆ ਕਿ ਮੁਆਵਜ਼ਾ ਦੇਣ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਨਲਾਈਨ ਪੋਰਟਲ 'ਤੇ ਵਿਸ਼ੇਸ਼ ਗਿਰਦਾਵਰੀ ਕਰਵਾਈ ਗਈ ਹੈ ਤੇ ਮੁਆਵਜ਼ਾ ਰਾਸ਼ੀ ਸਿੱਧੀ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਦੂਜੇ ਪੜਾਅ ਲਈ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਤੇ ਬਾਕੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਵੀ ਬਕਾਇਆ ਰਾਸ਼ੀ ਪਾ ਦਿੱਤੀ ਜਾਵੇਗੀ।ਇਸ ਸਮੇਂ ਮੀਡਿਆ ਇੰਚਾਰਜ ਰਾਜਿੰਦਰ ਸਿੰਘ ਕੋਹਲੀ ਗੁਲਾਬ ਮਾਨ ਤੇ ਹੋਰ ਆਗੂ ਉਨ੍ਹਾ ਨਾਲ ਸਨ।

## ਕਾਂਗਰਸ ਸਰਕਾਰ ਬਣਾਉਣ 'ਚ ਵਾਲਮੀਕਿ ਸਮਾਜ ਦਾ ਰਹੇਗਾ ਅਹਿਮ ਯੋਗਦਾਨ : ਗੌਰਵ ਸੰਧੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਿਸਾਨ ਕਾਂਗਰਸ ਦੇ ਜਨਰਲ ਸਕੱਤਰ ਤੇ ਸੀਨੀਅਰ ਕਾਂਗਰਸੀ ਆਗੂ ਗੌਰਵ ਸੰਧੂ ਨੇ ਪਿੰਡ ਸਫੇੜਾ ਵਿਖੇ ਪਹੁੰਚ ਕੇ ਆਮ ਲੋਕਾਂ ਵਿੱਚ ਬੈਠ ਕੇ ਉਨ੍ਹਾਂ ਨਾਲ ਵਿਚਾਰ ਵਿਟਾਂਦਰਾ ਕੀਤਾ।ਇਸ ਮੌਕੇ ਯੂਥ ਵਿੰਗ ਵਾਲਮੀਕਿ ਸਭਾ ਪਿੰਡ ਸਫੇੜਾ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।ਇਸ ਮੌਕੇ ਗੌਰਵ ਸੰਧੂ ਨੇ ਕਿਹਾ ਕਿ ਅਗਲੀ ਸਰਕਾਰ ਬਣਾਉਣ ਵਿੱਚ ਵਾਲਮੀਕਿ ਸਮਾਜ ਦਾ ਅਹਿਮ ਯੋਗਦਾਨ ਰਹੇਗਾ।ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇਕੋ ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਐੱਸ. ਸੀ. ਭਾਈਚਾਰੇ ਦੀ ਭਲਾਈ ਲਈ ਕੰਮ ਕੀਤਾ ਹੈ।ਬਾਕੀ ਵਿਰੋਧੀ ਪਾਰਟੀਆਂ ਵੱਲੋਂ ਤਾਂ ਸਿਰਫ ਨਾਅਰੇ ਹੀ ਦਿੱਤੇ ਗਏ ਹਨ।ਗੌਰਵ ਸੰਧੂ ਨੇ ਕਿਹਾ ਕਿ ਵਾਲਮੀਕਿ ਭਾਈਚਾਰਾ ਕਾਂਗਰਸ ਨਾਲ ਹਮੇਸ਼ਾ ਹੀ ਡੱਟ ਕੇ ਖੜ੍ਹਾ ਰਿਹਾ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਡੱਟ ਕੇ ਖੜ੍ਹੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਐੱਸ. ਸੀ. ਸਮਾਜ ਦੀ ਅਣਦੇਖੀ ਕੀਤੀ ਹੈ, ਜਿਸ ਕਰਕੇ ਸਮੁੱਚਾ ਸਮਾਜ ਆਮ ਆਦਮੀ ਪਾਰਟੀ ਤੋਂ ਨਾਰਾਜ਼ ਹੈ।ਗੌਰਵ ਸੰਧੂ ਨੇ ਕਿਹਾ ਕਿ ਕਾਂਗਰਸ ਹਮੇਸ਼ਾ ਹੀ ਐੱਸ. ਸੀ. ਸਮਾਜ ਨਾਲ ਖੜ੍ਹੀ ਹੈ।ਇਸ ਮੌਕੇ ਹਰਪ੍ਰੀਤ ਸਿੰਘ, ਜੋਬਨਦੀਪ ਸਿੰਘ, ਲਖਬੀਰ ਸਿੰਘ, ਗੋਲਡੀ, ਗੁਰਨਾਮ ਸਿੰਘ, ਸਤਨਾਮ ਸਿੰਘ, ਵਿਕਰਮ ਸਿੰਘ ਵਿੱਕੀ, ਗੁਰਜੰਟ ਸਿੰਘ, ਰਾਜਬੀਰ ਸਿੰਘ ਤੇ ਰਘਬੀਰ ਸਿੰਘ ਹਾਜ਼ਰ ਸਨ।

# ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਅੰਤਮ ਛੋਹਾਂ ਵੱਲ



**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਸਰਪ੍ਰਸਤੀ ਹੇਠ 78ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ 31 ਅਕਤੂਬਰ ਤੋਂ 3 ਨਵੰਬਰ 2025 ਤੱਕ ਸੰਤ ਨਿਰੰਕਾਰੀ ਅਧਿਆਤਮਿਕ ਸਥੱਲ ਸਮਾਲਖਾ (ਹਰਿਆਣਾ) ਵਿਖੇ ਕਰਵਾਇਆ ਜਾ ਰਿਹਾ ਹੈ।ਭਾਰਤ ਤੇ ਵਿਦੇਸ਼ਾਂ ਤੋਂ ਅਣਗਿਣਤ ਸ਼ਰਧਾਲੂ ਇਸ ਵਿੱਚ ਹਿੱਸਾ ਲੈਣਗੇ। ਸ਼ਰਧਾ ਤੇ ਸਮਰਪਣ ਨਾਲ ਭਰੇ ਹਜ਼ਾਰਾਂ ਸ਼ਰਧਾਲੂ ਆਪਣੇ-ਆਪਣੇ ਖੇਤਰਾਂ ਤੋਂ ਆ ਕੇ ਪੂਰੀ ਲਗਨ ਤੇ ਸ਼ਰਧਾ ਨਾਲ ਦਿਨ-ਰਾਤ ਸੇਵਾ ਵਿੱਚ ਲੱਗੇ ਹੋਏ ਹਨ, ਕਿਉਂਕਿ ਇਹ ਸਮਾਗਮ ਆਪਣੀਆਂ ਅੰਤਿਮ ਤਿਆਰੀਆਂ ਵੱਲ ਵਧਦਾ ਜਾ ਰਿਹਾ ਹੈ।ਇਹ ਸਮਾਗਮ ਸਿਰਫ਼ ਇੱਕ ਧਾਰਮਿਕ ਜਾਂ ਸਾਲਾਨਾ ਸਮਾਗਮ ਨਹੀਂ ਹੈ, ਸਗੋਂ ਗਿਆਨ, ਪਿਆਰ ਤੇ ਸ਼ਰਧਾ ਦਾ ਇੱਕ ਪਵਿੱਤਰ ਸੰਗਮ ਹੈ, ਜੋ ਬ੍ਰਹਮ ਗਿਆਨ ਰਾਹੀਂ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਕੰਮ ਕਰਦਾ ਹੈ।ਇੱਥੇ ਸ਼ਰਧਾਲੂ ਨਾ ਸਿਰਫ਼ ਅਧਿਆਤਮਕ ਜਾਗ੍ਰਿਤੀ ਪ੍ਰਾਪਤ ਕਰਦੇ ਹਨ, ਸਗੋਂ ਮਨੁੱਖਤਾ, ਵਿਸ਼ਵਵਿਆਪੀ ਭਾਈਚਾਰੇ ਤੇ ਆਪਸੀ ਸਦਭਾਵਨਾ ਦੀ ਭਾਵਨਾ ਨੂੰ ਵੀ ਗ੍ਰਹਿਣ ਕਰਦੇ ਹਨ।ਇਹ ਸਾਰਾ ਸਮਾਗਮ ਸਤਿਗੁਰੂ ਮਾਤਾ ਜੀ ਦੀ ਬ੍ਰਹਮ ਪ੍ਰੇਰਨਾ ਤੇ ਆਸ਼ੀਰਵਾਦ ਨਾਲ ਕਰਵਾਇਆ ਜਾ ਰਿਹਾ ਹੈ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ੍ਰੀ ਜੋਗਿੰਦਰ ਸੁਖੀਜਾ ਦੇ ਅਨੁਸਾਰ, ਜੋ ਕਦੇ ਇੱਕ ਸਧਾਰਨ ਮੈਦਾਨ ਸੀ, ਹੁਣ ਸੰਤਾਂ ਦੀ ਸਮਰਪਤ ਸੇਵਾ ਕਾਰਨ ਵਿਸ਼ਾਲ ਤੰਬੂਆਂ ਦੇ ਇੱਕ ਸੁੰਦਰ ਸ਼ਹਿਰ ਵਿੱਚ ਬਦਲ ਗਿਆ ਹੈ। ਇਹ ਬ੍ਰਹਮ ਮਾਹੌਲ ਹਰ ਸੈਲਾਨੀ ਨੂੰ ਆਕਰਸ਼ਿਤ ਕਰਦਾ ਹੈ।ਪਿਛਲੇ ਸਾਲਾਂ ਦੀ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ ਇਸ ਸਾਲ ਵੀ ਮੁੰਬਈ ਦੇ ਸ਼ਰਧਾਲੂਆਂ ਦੁਆਰਾ ਬਣਾਇਆ ਗਿਆ ਮੁੱਖ ਸਵਾਗਤ ਗੇਟ ਆਪਣੀ ਕਲਾਤਮਕ ਸ਼ਾਨ ਨਾਲ ਸਮਾਗਮ ਦੇ ਅਧਿਆਤਮਕ ਤੱਤ ਦੇ ਪ੍ਰਤੀਬਿੰਬ ਵਜੋਂ ਉੱਭਰਿਆ ਹੈ।ਇਹ ਗੇਟ ਨਾ ਸਿਰਫ਼ ਸੁੰਦਰਤਾ ਦਾ ਪ੍ਰਤੀਕ ਹੈ ਬਲਕਿ ਸਮਰਪਣ, ਸੇਵਾ ਤੇ ਰਚਨਾਤਮਕਤਾ ਦੀ ਇੱਕ ਜੀਵਤ ਉਦਾਹਰਣ ਵੀ ਹੈ।ਬਿਨਾਂ ਸ਼ੱਕ, ਇਹ ਸੰਤ ਸੰਮੇਲਨ ਸਿਰਫ਼ ਇੱਕ ਸਮਾਗਮ ਨਹੀਂ ਹੈ, ਸਗੋਂ ਸਵੈ-ਨਿਰੀਖਣ, ਸਵੈ-ਬੋਧ ਤੇ ਅੰਦਰੂਨੀ ਸ਼ੁੱਧਤਾ ਦਾ ਮੌਕਾ ਹੈ।

## ਤਰਨ ਤਾਰਨ ਦੇ ਲੋਕ ਰੰਗਲੇ ਪੰਜਾਬ ਦੇ ਸੁਪਨੇ ਨੂੰ ਹੋਰ ਤਾਕਤ ਦੇਣਗੇ : ਚੱਠਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਪ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਤਰਨਤਾਰਨ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਤੇ ਲੋਕ-ਕੇਂਦਰਤ ਸਰਕਾਰ 'ਤੇ ਦੁਬਾਰਾ ਭਰੋਸਾ ਜਤਾਉਂਦੇ ਹੋਏ ਸੂਬੇ ਵਿੱਚ ਵਿਕਾਸ, ਸਿੱਖਿਆ ਤੇ ਸਿਹਤ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ।ਉਨ੍ਹਾਂ ਕਿਹਾ ਕਿ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ, ਸਕੂਲਾਂ ਤੇ ਹਸਪਤਾਲਾਂ ਵਿੱਚ ਸੁਧਾਰ ਅਤੇ ਬਿਜਲੀ-ਪਾਣੀ 'ਚ ਸੁਵਿਧਾਵਾਂ 'ਆਪ' ਸਰਕਾਰ ਦੀਆਂ ਸੱਚੀਆਂ ਪ੍ਰਾਪਤੀਆਂ ਹਨ, ਜਿਨ੍ਹਾਂ ਨੂੰ ਤਰਨਤਾਰਨ ਦੀ ਜਨਤਾ ਨੇ ਸਵਾਗਤ ਕੀਤਾ ਹੈ।ਚੱਠਾ ਨੇ ਕਿਹਾ ਕਿ ਤਰਨਤਾਰਨ ਦੀ ਜ਼ਿਮਨੀ ਚੋਣ ਸਿਰਫ਼ ਇੱਕ ਵਿਧਾਇਕ ਚੁਣਨ ਦੀ ਚੋਣ ਨਹੀਂ, ਸਗੋਂ ਇਹ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਮੁੱਖ ਮੰਤਰੀ ਮਾਨ ਦੇ ਮਿਸ਼ਨ ਨੂੰ ਮਜ਼ਬੂਤ ਕਰਨ ਦਾ ਮੌਕਾ ਹੈ।ਉਨ੍ਹਾਂ ਭਰੋਸਾ ਜਤਾਇਆ ਕਿ 11 ਨਵੰਬਰ ਨੂੰ ਤਰਨਤਾਰਨ ਦੇ ਲੋਕ ਝਾੜੂ ਦੇ ਨਿਸ਼ਾਨ 'ਤੇ ਬਟਨ ਦਬਾ ਕੇ ਭਗਵੰਤ ਮਾਨ ਦੇ ਸੁੱਚੇ ਸ਼ਾਸਨ, ਸਿੱਖਿਆ, ਸਿਹਤ ਤੇ ਰੰਗਲੇ ਪੰਜਾਬ ਦੇ ਸੁਪਨੇ ਨੂੰ ਹੋਰ ਤਾਕਤ ਦੇਣਗੇ।

## ਦਲਵੀਰ ਗੋਲਡੀ ਨੇ ਤਰਨ ਤਾਰਨ 'ਚ ਕੀਤਾ ਚੋਣ ਪ੍ਰਚਾਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਤਰਨਤਾਰਨ ਹਲਕੇ ਵਿੱਚ ਕਾਂਗਰਸ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਾਂਗਰਸ ਦੇ ਹੱਕ ਵਿੱਚ ਵੋਟਾਂ ਮੰਗੀਆਂ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦਾ ਅਮਨ ਸ਼ਾਂਤੀ ਖਰਾਬ ਕਰਨ ਵਾਲੀਆਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਕਾਂਗਰਸ ਦੇ ਹੱਥ ਮਜ਼ਬੂਤ ਕਰਨਾ ਮੌਕੇ ਦੀ ਲੋੜ ਹੈ।ਇਸ ਮੌਕੇ ਉਨ੍ਹਾਂ ਪਾਰਟੀ ਵਰਕਰਾਂ ਤੇ ਸਥਾਨਕ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦਾ ਭਵਿੱਖ ਸਿਰਫ ਕਾਂਗਰਸ ਪਾਰਟੀ ਦੀ ਸੂਝਵਾਨ ਤੇ ਵਿਕਾਸਕਾਰੀ ਨੀਤੀਆਂ ਦੀ ਸੋਚ ਨਾਲ ਹੀ ਸੁਰੱਖਿਅਤ ਰਹਿ ਸਕਦਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਵਿੱਚ ਜਦੋਂ ਕੁਝ ਤਾਕਤਾਂ ਰਾਜ ਦੇ ਭਰਾਵਾਂ ਵਾਲੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਤਦੋਂ ਪੰਜਾਬ ਦੇ ਲੋਕਾਂ ਨੂੰ ਇਕਜੁੱਟ ਹੋ ਕੇ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣੀ ਚਾਹੀਦੀ ਹੈ।ਗੋਲਡੀ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਹੈ ਤੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਅੱਗੇ ਵੀ ਸੰਘਰਸ਼ ਜਾਰੀ ਰੱਖੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਇਕਤਾ ਤੇ ਅਮਨ-ਸ਼ਾਂਤੀ ਨੂੰ ਕਾਇਮ ਰੱਖਣਾ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਤੇ ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਝੂਠੇ ਵਾਅਦਿਆਂ ਵਾਲੀਆਂ ਪਾਰਟੀਆਂ ਤੋਂ ਸਾਵਧਾਨ ਰਹਿਣ।ਗੋਲਡੀ ਨੇ ਕਿਹਾ ਕਿ ਤਰਨਤਾਰਨ ਹਲਕੇ ਦੇ ਲੋਕ ਸਮਝਦਾਰੀ ਨਾਲ ਫ਼ੈਸਲਾ ਲੈਣਗੇ ਤੇ ਕਾਂਗਰਸ ਉਮੀਦਵਾਰ ਨੂੰ ਭਾਰੀ ਬਹੁਮੱਤ ਨਾਲ ਜਿਤਾ ਕੇ ਪੰਜਾਬ ਵਿੱਚ ਵਿਕਾਸ ਦੀ ਰਾਹ ਨੂੰ ਹੋਰ ਮਜ਼ਬੂਤ ਕਰਨਗੇ।

## ਐਜੂਬੀਕਨ ਗਲੋਬਲ ਸਕੂਲ ਵਿਖੇ ਕੈਰੀਅਰ ਕਾਊਂਸਲਿੰਗ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿਖੇ ਕਰੀਅਰ ਕਾਊਂਸਲਿੰਗ ਸੈਮੀਨਾਰ ਕੀਤਾ ਗਿਆ।ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਸਕੂਲ ਤੋਂ ਬਾਅਦ ਉਪਲਬਧ ਵੱਖ-ਵੱਖ ਕਰੀਅਰ ਵਿਕਲਪਾਂ ਬਾਰੇ ਜਾਣੂ ਕਰਵਾਉਣਾ ਸੀ।ਇਸ ਸੈਸ਼ਨ ਦਾ ਸੰਚਾਲਨ ਪ੍ਰਸਿੱਧ ਕਰੀਅਰ ਕੌਂਸਲਰ ਸ੍ਰੀ ਪੁਨੀਤ ਸਚਦੇਵਾ ਵੱਲੋਂ ਕੀਤਾ ਗਿਆ।ਸ੍ਰੀ ਸਚਦੇਵਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ, ਯੋਗਤਾਵਾਂ ਤੇ ਭਵਿੱਖ ਦੀਆਂ ਸੰਭਾਵਨਾਵਾਂ ਦੇ ਅਨੁਕੂਲ ਕਰੀਅਰ ਚੁਣਨ ਲਈ ਉਤਸ਼ਾਹਤ ਕੀਤਾ।ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸਵਾਲ ਪੁੱਛੇ, ਜਿਨ੍ਹਾਂ ਦੇ ਜਵਾਬ ਉਸ ਨੇ ਸਰਲ ਤੇ ਪ੍ਰੇਰਨਾਦਾਇਕ ਢੰਗ ਨਾਲ ਦਿੱਤੇ।ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਤੇ ਯੋਗਤਾਵਾਂ ਅਨੁਸਾਰ ਵਿਸ਼ੇ ਚੁਣਨ ਲਈ ਉਤਸ਼ਾਹਤ ਕੀਤਾ ਗਿਆ।ਵਾਈਸ-ਚੇਅਰਮੈਨ ਸ੍ਰੀ ਅਮਿਤ ਸਰਾਫ ਨੇ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਦੀ ਪਛਾਣ ਕਰਨ ਤੇ ਸਹੀ ਦਿਸ਼ਾ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ, ਇਸ ਲਈ ਸਕੂਲ ਸਮੇਂ-ਸਮੇਂ 'ਤੇ ਅਜਿਹੇ ਪ੍ਰੋਗਰਾਮ ਆਯੋਜਿਤ ਕਰਦਾ ਹੈ।ਸਕੂਲ ਪ੍ਰਬੰਧਨ ਨੇ ਵਿਦਿਆਰਥੀਆਂ ਨੂੰ ਸ਼ਾਨਦਾਰ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਸ੍ਰੀ ਪੁਨੀਤ ਸਚਦੇਵਾ ਦਾ ਧੰਨਵਾਦ ਕੀਤਾ।

## ਪਲੇਅ ਵੇਅ ਸਕੂਲਾਂ ਲਈ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ : ਜ਼ਿਲ੍ਹਾ ਪ੍ਰੋਗਰਾਮ ਅਫ਼ਸਰ

**ਧੂਰੀ (ਮਨੋਹਰ ਸਿੰਘ ਸੱਗੂ)**-ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਗਰੂਰ ਰਤਿੰਦਰ ਪਾਲ ਕੌਰ ਧਾਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਲੇਅ ਵੇਅ ਸਕੂਲਾਂ ਦੀ ਰਜਿਸਟਰੇਸ਼ਨ ਸਬੰਧੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।ਉਨ੍ਹਾਂ ਜ਼ਿਲ੍ਹੇ ਦੇ ਸਾਰੇ ਪਲੇਅ ਵੇਅ ਸਕੂਲਾਂ ਨੂੰ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਪਲੇਅ ਵੇਅ ਸਕੂਲਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਰਤਿੰਦਰ ਪਾਲ ਕੌਰ ਧਾਰੀਵਾਲ ਨੇ ਜ਼ਿਲ੍ਹੇ ਦੇ ਸਾਰੇ ਪਲੇਅ ਵੇਅ ਸਕੂਲਾਂ ਨੂੰ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਰੌਸ਼ਨੀ 'ਚ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਛੋਟੇ ਬੱਚਿਆਂ ਨੂੰ ਮਾਨਤਾ ਪ੍ਰਾਪਤ ਪਲੇਅ ਵੇਅ ਸਕੂਲ 'ਚ ਹੀ ਭੇਜਣ ਤੇ ਪਲੇਅ ਵੇਅ ਸਕੂਲ 'ਚ ਇੱਕ ਅਧਿਆਪਕ ਕੋਲ ਵੱਧ ਤੋਂ ਵੱਧ 20 ਬੱਚੇ ਹੋ ਸਕਦੇ ਹਨ ਅਤੇ ਸਕੂਲ ਦੀ ਚਾਰਦੀਵਾਰੀ ਪੂਰੀ ਤਰ੍ਹਾਂ ਸੁਰੱਖਿਅਤ ਹੋਣੀ ਲਾਜ਼ਮੀ ਹੈ ਅਤੇ ਬੱਚਿਆਂ ਲਈ ਖੇਡਣ ਸਥਾਨ ਤੇ ਪੀਣ ਵਾਲਾ ਸਾਫ਼ ਪਾਣੀ ਉਪਲੱਬਧ ਹੋਣ ਤੋਂ ਇਲਾਵਾ ਸਕੂਲ 'ਚ ਲੜਕੇ ਤੇ ਲੜਕੀਆਂ ਲਈ ਵੱਖ ਵੱਖਰੇ ਪਖਾਨੇ ਤੇ ਸਕੂਲ 'ਚ ਸੀ ਸੀ ਟੀ ਵੀ ਹੋਣਾ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਸਕੂਲ 'ਚ ਬੱਚਿਆਂ ਨੂੰ ਮਾਰਨਾ ਤੇ ਝਿੜਕਣਾਂ ਗੈਰ-ਕਾਨੂੰਨੀ ਹੈ ਅਤੇ ਇਸ ਦੇ ਨਾਲ ਹੀ ਸਕੂਲ ਦੀ ਅਧਿਆਪਕ-ਟੀਚਰ ਐਸੋਸੀਏਸ਼ਨ ਬਣਾਈ ਜਾਵੇ।ਉਨ੍ਹਾਂ ਦੱਸਿਆ ਕਿ ਪਲੇਅ ਵੇਅ ਸਕੂਲ ਵਿੱਚ ਰੈਸਟ ਰੂਮ ਹੋਣਾ ਵੀ ਜ਼ਰੂਰੀ ਹੈ ਤੇ ਫਾਇਰ ਸੇਫ਼ਟੀ ਸਿਸਟਮ ਚਾਲੂ ਹਾਲਤ ਵਿੱਚ ਹੋਣ ਦੇ ਨਾਲ ਨਾਲ ਸਾਰੇ ਕਮਰੇ ਹਵਾਦਾਰ ਹੋਣੇ ਚਾਹੀਦੇ ਹਨ।ਸਕੂਲ ਵਿੱਚ ਜ਼ੰਕ ਫੂਡ ਦੀ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ ਤੇ ਬੱਚੇ ਦੇ ਦਾਖ਼ਲੇ ਸਮੇਂ ਮਾਪਿਆਂ ਦਾ ਇੰਟਰਵਿਊ ਨਹੀਂ ਹੋਵੇਗੀ ਅਤੇ ਸਰਕਾਰ ਵੱਲੋਂ ਜਾਰੀ ਕਿਸੇ ਵੀ ਦਿਸ਼ਾ-ਨਿਰਦੇਸ਼ ਦੀ ਪਾਲਣਾ ਨਾ ਹੋਣ ਦੀ ਸਥਿਤੀ ਵਿੱਚ ਅਜਿਹੇ ਪਲੇਅ ਵੇਅ ਸਕੂਲ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ।

# ਬਲਾਕ ਸਿੱਧਵਾਂ ਬੇਟ ਦੇ ਪਿੰਡਾਂ ਲਈ 23.27 ਲੱਖ ਦੀ ਗ੍ਰਾਂਟ ਜਾਰੀ

### ਹਲਕੇ 'ਚ ਵਿਕਾਸ ਕਾਰਜ ਨਿਰੰਤਰ ਜਾਰੀ ਰੱਖਾਂਗੇ : ਡਾ. ਕੰਗ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**

ਡਾ. ਕੰਵਲ ਨੈਨ ਸਿੰਘ ਕੰਗ ਹਲਕਾ ਇੰਚਾਰਜ ਦਾਖਾ ਆਮ ਆਦਮੀ ਪਾਰਟੀ ਤੇ ਬੀਡੀਪੀਓ ਸਿੱਧਵਾਂ ਬੇਟ ਗੁਰਪ੍ਰੀਤ ਸਿੰਘ ਵੱਲੋਂ ਬਲਾਕ ਸਿੱਧਵਾਂ ਅਧੀਨ ਆਉਂਦੀਆਂ ਪੰਚਾਇਤਾਂ ਨੂੰ 23 ਲੱਖ 27 ਹਜ਼ਾਰ ਦੀ ਗਰਾਂਟ ਦਿੱਤੀ ਗਈ। ਗਰਾਂਟ ਪ੍ਰਾਪਤ ਕਰਨ ਵਾਲੇ ਪਿੰਡ ਤਲਵੰਡੀ ਕਲਾਂ, ਸਵੱਦੀ ਕਲਾਂ, ਖੁਰਸੈਦਪੁਰਾ, ਨਿਊ ਸਲੇਮਪੁਰਾ, ਸਲੇਮਪੁਰ ਟਿੱਬਾ, ਬੰਗਸੀਪੁਰਾ, ਖੁਦਾਈ ਚੱਕ, ਭੂਮਾਲ, ਕੀੜੀ, ਮਦਾਰਪੁਰਾ, ਗੋਰਾਹੂਰ, ਬੀਰਮੀ, ਈਸੇਵਾਲ, ਭੱਟੀਆਂ, ਮੋਰਕਰੀਮਾਂ, ਮਾਜਰੀ, ਸਵੱਦੀ ਪੱਛਮੀ, ਸ਼ੇਖ ਕੁਤਬ ਆਦਿ ਪਿੰਡਾਂ ਦੇ ਸਰਪੰਚ ਤੇ ਪੰਚ ਸਾਹਿਬਾਨਾਂ ਨੂੰ ਗਰਾਂਟ ਦਿੱਤੀ ਗਈ।ਬਲਾਕ ਸਿੱਧਵਾਂ ਬੇਟ ਦੇ ਬਾਕੀ ਰਹਿੰਦੇ ਪਿੰਡਾਂ ਨੂੰ ਕੁਝ ਦਿਨਾਂ ਵਿੱਚ ਹੀ ਗਰਾਂਟ ਦਿੱਤੀ ਜਾਵੇਗੀ। ਇਸ ਸਮੇਂ ਡਾ. ਕੰਵਲ ਨੈਨ ਸਿੰਘ ਕੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਲਕੇ ਦਾਖਾ ਵਿੱਚ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਹਲਕੇ ਵਿੱਚ 38 ਦੇ ਕਰੀਬ ਲਿੰਕ ਸੜਕਾਂ ਦੀ ਰਿਪੇਅਰ ਤੇ ਨਵੀਨੀਕਰਨ ਲਈ ਵੀ ਉਦਘਾਟਨ ਕੀਤੇ ਗਏ ਹਨ, ਜੋ ਕੰਮ ਬਹੁਤ ਜਲਦ ਸਮਾਪਤ ਹੋ ਜਾਣਗੇ ਅਤੇ ਹਲਕੇ ਦੀਆਂ ਬਾਕੀ ਰਹਿੰਦੀਆਂ ਸੜਕਾਂ ਵੀ ਜਲਦੀ ਹੀ ਬਣਾਈਆਂ ਜਾਣਗੀਆਂ।ਇਸ ਸਮੇਂ ਡਾਕਟਰ ਕੰਗ ਦੇ ਨਾਲ ਸੰਗਠਨ ਇੰਚਾਰਜ ਪਰਮਿੰਦਰ ਸਿੰਘ ਸਿੱਧਵਾਂ ਬੇਟ, ਬਲਾਕ ਪ੍ਰਧਾਨ ਬਲਕਾਰ ਸਿੰਘ, ਸਤਵਿੰਦਰ ਸਿੰਘ, ਲਖਬੀਰ ਸਿੰਘ ਜੜਾਹਾਂ, ਗੁਲਵੰਤ ਸਿੰਘ ਜੰਡੀ, ਹੈਪੀ ਭੁਮਲ ਤੇ ਪਿੰਡਾਂ ਦੇ ਪੰਚ, ਸਰਪੰਚ, ਮੋਹਤਵਰ ਸੱਜਣ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਸਾਹਿਬਾਨ ਮੌਜੂਦ ਸਨ।

## 'ਆਪ' ਦੀਆਂ ਨੀਤੀਆਂ 'ਤੇ ਮੋਹਰ ਲਗਾਉਣਗੇ ਤਰਨ ਤਾਰਨ ਦੇ ਲੋਕ : ਨੂਰ ਔਲਖ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ ਨੇ ਕਿਹਾ ਕਿ ਤਰਨਤਾਰਨ ਦੀ ਜਨਤਾ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਭਲਾਈ ਨੀਤੀਆਂ 'ਤੇ ਆਪਣੀ ਮੋਹਰ ਲਗਾਉਣ ਜਾ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀ ਜ਼ਿਮਨੀ ਚੋਣ ਵਿੱਚ ਤਰਨਤਾਰਨ ਹਲਕੇ ਦੇ ਵੋਟਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਰਿਕਾਰਡ ਵੋਟਾਂ ਨਾਲ ਕਾਮਯਾਬ ਕਰਵਾਉਣਗੇ।ਨੂਰ ਔਲਖ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਸਹੂਲਤਾਂ, ਸਿੱਖਿਆ ਪ੍ਰਣਾਲੀ, ਬਿਜਲੀ ਤੇ ਪਾਣੀ ਵਰਗੀਆਂ ਮੂਲ ਭਰਪੂਰ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਲਈ ਜਿਹੜੇ ਕਦਮ ਚੁੱਕੇ ਗਏ ਹਨ, ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਪਾਰਟੀ ਲਈ ਵਿਸ਼ਵਾਸ ਪੈਦਾ ਕੀਤਾ ਹੈ।ਖ਼ਾਸ ਕਰਕੇ ਮੁਫ਼ਤ ਇਲਾਜ ਲਈ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਨੇ ਹਜ਼ਾਰਾਂ ਪਰਵਾਰਾਂ ਨੂੰ ਰਾਹਤ ਦਿੱਤੀ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਇਮਾਨਦਾਰ ਅਗਵਾਈ ਹੇਠ ਸਰਕਾਰ ਨੇ ਰੋਜ਼ਗਾਰ ਦੇ ਨਵੇਂ ਮੌਕੇ ਖੋਲ੍ਹੇ ਹਨ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਨਿਰੰਤਰ ਯਤਨ ਕੀਤੇ ਹਨ।ਨੂਰ ਔਲਖ਼ ਨੇ ਦਾਅਵਾ ਕੀਤਾ ਕਿ ਤਰਨਤਾਰਨ ਦੀ ਧਰਤੀ ਤੋਂ ਆਮ ਆਦਮੀ ਪਾਰਟੀ ਨੂੰ ਮਿਲਣ ਵਾਲੀ ਇਹ ਜਿੱਤ ਸੂਬੇ ਭਰ ਵਿੱਚ ਵਿਕਾਸ ਤੇ ਸੱਚਾਈ ਦੀ ਜਿੱਤ ਸਾਬਿਤ ਹੋਵੇਗੀ।

## ਅੱਜ ਬਿਜਲੀ ਸਪਲਾਈ ਬੰਦ ਰਹੇਗੀ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਜਲਾਲਾਬਾਦ ਸ਼ਹਿਰੀ ਸਬ-ਡਵੀਜ਼ਨ ਦੇ ਐੱਸ.ਡੀ.ਓ. ਸੰਦੀਪ ਕੁਮਾਰ ਨੇ ਦੱਸਿਆ ਕਿ ਬਿਜਲੀ ਦੀਆਂ ਤਾਰਾਂ ਦੀ ਸਾਂਭ-ਸੰਭਾਲ ਕਰਨ ਤੇ ਜ਼ਰੂਰੀ ਕੰਮਾਂ ਲਈ ਟੈਲੀਫੋਨ ਐਕਸਚੇਂਜ ਫੀਡਰ ਅਧੀਨ ਆਉਂਦੇ ਥਾਣਾ ਬਜ਼ਾਰ, ਪੁਰਾਣੀ ਤਹਿਸੀਲ, ਗਾਂਧੀ ਨਗਰ, ਅਗਰਵਾਲ ਕਲੋਨੀ ਇਲਾਕੇ ਵਿੱਚ 26 ਅਕਤੂਬਰ 2025 ਨੂੰ ਸਵੇਰੇ 9 ਤੋਂ 3 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

## ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਵੱਲੋਂ ਜਸਵਿੰਦਰ ਕੌਰ ਵਾਸੀ ਫਰੀਦਕੋਟ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ।ਜਸਵਿੰਦਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਬਾਂਸਲ ਪਰਵਾਰ ਨੂੰ ਸਦਮਾ, ਮਾਤਾ ਪਰਮਾ ਦੇਵੀ ਦਾ ਦੇਹਾਂਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਾਂਸਲ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਪ੍ਰਧਾਨ ਸੁਰਿੰਦਰ ਬਾਂਸਲ (ਨਿੰਨੀ), ਭੂਸ਼ਨ ਬਾਂਸਲ ਚੇਅਰਮੈਨ ਮਾਊਂਟ ਲਿਟਰਾ ਜੀ ਸਕੂਲ, ਸ਼ਾਮ ਲਾਲ ਤੇ ਰਾਮ ਕੁਮਾਰ ਦੇ ਸਤਿਕਾਰਯੋਗ ਮਾਤਾ ਸ਼੍ਰੀਮਤੀ ਪਰਮਾ ਦੇਵੀ ਪਤਨੀ ਸਵਰਗਵਾਸੀ ਸ਼੍ਰੀ ਲਛਮਣ ਦਾਸ ਦਾ ਦੇਹਾਂਤ ਹੋ ਗਿਆ।ਮਾਤਾ ਪਰਮਾ ਦੇਵੀ ਮਾਊਂਟ ਲਿਟਰਾ ਜੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗਗਨ ਬਾਂਸਲ ਦੇ ਦਾਦੀ ਜੀ ਸਨ।ਇਸ ਦੁੱਖ ਦੀ ਘੜੀ ਸਮੇਂ ਇਲਾਕੇ ਦੀਆਂ ਵੱਖ ਰਾਜਨੀਤਕ ਪਾਰਟੀਆਂ, ਧਾਰਮਿਕ ਸੰਸਥਾਵਾਂ, ਸਮਾਜਿਕ ਜਥੇਬੰਦੀਆਂ ਤੇ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਮਾਤਾ ਪਰਮਾ ਦੇਵੀ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ।ਮਾਤਾ ਪਰਮਾ ਦੇਵੀ ਨਮਿੱਤ ਰੱਖੇ ਸ਼੍ਰੀ ਗਰੁੜ ਪੁਰਾਣ ਪਾਠ ਦੀ ਕਥਾ ਤੇ ਭੋਗ 30 ਅਕਤੂਬਰ ਵੀਰਵਾਰ ਨੂੰ (ਸਟਾਰ ਰਿਜ਼ੋਰਟ), ਬਾਈਪਾਸ ਰੋਡ, ਰਾਮਪੁਰਾ ਫੂਲ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਦੌਰਾਨ ਪਾਇਆ ਜਾਵੇਗਾ।

## 'ਵੋਟ ਚੋਰ ਗੱਦੀ ਛੋੜ' ਮੁਹਿੰਮ ਨੂੰ ਘਰ-ਘਰ ਤੱਕ ਲਿਜਾਵਾਂਗੇ : ਹਰਪਾਲ ਸੋਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਓ.ਬੀ.ਸੀ. ਡਿਪਾਰਟਮੈਂਟ ਦੇ ਵਾਈਸ ਚੇਅਰਮੈਨ ਤੇ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਵੱਲੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੁਖੀ ਰਾਹੁਲ ਗਾਂਧੀ ਵੱਲੋਂ ਦੇਸ਼ ਭਰ ਵਿੱਚ ਬੀਜੇਪੀ ਸਰਕਾਰ ਵਿਰੁੱਧ ਸ਼ੁਰੂ ਕੀਤੀ ਗਈ 'ਵੋਟ ਚੋਰ ਗੱਦੀ ਛੋੜ' ਮੁਹਿੰਮ ਨੂੰ ਸਫਲ ਬਣਾਉਣ ਲਈ ਸੰਗਰੂਰ ਅੰਦਰ ਇਸ ਮੁਹਿੰਮ ਦੀ ਵਧੀਆ ਪ੍ਰੋਗਰੈੱਸ ਪ੍ਰਾਪਤ ਕਰਨ ਦੀ ਜਾਣਕਾਰੀ ਸਾਂਝੀ ਕਰਨ ਲਈ ਪ੍ਰੈੱਸ ਨੋਟ ਜਾਰੀ ਕੀਤਾ ਗਿਆ।ਹਰਪਾਲ ਸਿੰਘ ਸੋਨੂੰ ਨੇ ਕਿਹਾ ਕਿ ਸੂਬੇ ਭਰ ਵਿੱਚ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੰਗਰੂਰ ਵਿਖੇ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਦੀ ਯੋਗ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਮਿਹਨਤੀ ਵਰਕਰਾਂ ਵੱਲੋਂ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਹਰੇਕ ਮੁਹੱਲੇ ਦੀ ਹਰ ਇੱਕ ਗਲੀ ਤੇ ਹਰੇਕ ਘਰ ਤੱਕ ਪਹੁੰਚ ਕੀਤੀ ਜਾ ਰਹੀ ਹੈ। ਸੋਨੂੰ ਨੇ ਕਿਹਾ ਕਿ ਇਸ ਮੁਹਿੰਮ ਨੂੰ ਆਮ ਜਨਤਾ ਵੱਲੋਂ ਕਾਂਗਰਸ ਪਾਰਟੀ ਦੀ ਇਸ ਮੁਹਿੰਮ ਨੂੰ ਸਫਲ ਕਰਨ ਲਈ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ।ਹਰਪਾਲ ਸੋਨੂੰ ਨੇ ਆਖਿਰ ਵਿੱਚ ਦੱਸਿਆ ਕਿ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਵੱਲੋਂ ਸੰਗਰੂਰ ਹਲਕੇ ਵਿੱਚੋਂ ਘੱਟੋ ਘੱਟ 50 ਹਜ਼ਾਰ ਫਾਰਮ ਭਰਨ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਸਬੰਧੀ ਕਾਂਗਰਸ ਪਾਰਟੀ ਦੇ ਵਰਕਰ ਲੋਕਾਂ ਦੀਆਂ ਦੁਕਾਨਾਂ ਤੇ ਘਰਾਂ ਵਿੱਚ ਜਾ ਕੇ ਵੋਟ ਚੋਰ ਗੱਦੀ ਛੋੜ ਮੁਹਿੰਮ ਦੇ ਫਾਰਮ ਲਗਾਤਾਰ ਭਰਵਾ ਰਹੇ ਹਨ।

## ...ਸ.ਫਾ 1 ਦੇ ਬਾਕੀ

### ਐੱਲ ਆਈ ਸੀ ਨੂੰ...

ਕਾਰਪੋਰੇਸ਼ਨ ਆਫ ਇੰਡੀਆ ਅਤੇ ਇਸ ਦੇ 30 ਕਰੋੜ ਪਾਲਿਸੀ ਧਾਰਕਾਂ ਦੀ ਬੱਚਤ ਦੀ ਯੋਜਨਾਬੱਧ ਤਰੀਕੇ ਨਾਲ ਦੁਰਵਰਤੋਂ ਕੀਤੀ ਹੈ।" ਉਨ੍ਹਾਂ ਇੱਕ ਬਿਆਨ ਵਿੱਚ ਕਿਹਾ, "ਅੰਦਰੂਨੀ ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਅਧਿਕਾਰੀਆਂ ਨੇ ਮਈ 2025 ਵਿੱਚ ਐੱਲ ਆਈ ਸੀ ਫੰਡਾਂ ਵਿੱਚੋਂ ਲੱਗਭੱਗ 33,000 ਕਰੋੜ ਰੁਪਏ ਅਡਾਨੀ ਗਰੁੱਪ ਦੀਆਂ ਵੱਖ-ਵੱਖ ਕੰਪਨੀਆਂ ਵਿੱਚ ਨਿਵੇਸ਼ ਕਰਨ ਦਾ ਪ੍ਰਸਤਾਵ ਤਿਆਰ ਕੀਤਾ ਅਤੇ ਅੱਗੇ ਵਧਾਇਆ।" ਉਨ੍ਹਾਂ ਕਿਹਾ ਕਿ ਰਿਪੋਰਟ ਕੀਤੇ ਗਏ ਟੀਚਿਆਂ ਵਿੱਚ ਅਡਾਨੀ ਗਰੁੱਪ ਵਿੱਚ ਵਿਸ਼ਵਾਸ ਦਾ ਸੰਕੇਤ ਦੇਣਾ ਅਤੇ ਹੋਰ ਨਿਵੇਸ਼ਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਸੀ। ਕਾਂਗਰਸ ਨੇਤਾ ਨੇ ਕਿਹਾ ਕਿ ਕਰੋਨੀ ਫਰਮਾਂ 'ਤੇ ਜਨਤਕ ਪੈਸਾ ਸੁੱਟਣ ਦੀ ਕੀਮਤ ਉਦੋਂ ਸਪੱਸ਼ਟ ਹੋ ਗਈ, ਜਦੋਂ ਗੌਤਮ ਅਡਾਨੀ ਅਤੇ ਉਸ ਦੇ ਸੱਤ ਸਹਿਯੋਗੀਆਂ 'ਤੇ ਸੰਯੁਕਤ ਰਾਜ ਵਿੱਚ ਦੋਸ਼ ਲੱਗਣ ਤੋਂ ਬਾਅਦ 21 ਸਤੰਬਰ 2024 ਨੂੰ ਸਿਰਫ ਚਾਰ ਘੰਟਿਆਂ ਦੇ ਕਾਰੋਬਾਰ ਵਿੱਚ ਐਲ ਆਈ ਸੀ ਨੂੰ ਹੈਰਾਨੀਜਨਕ 7,850 ਕਰੋੜ ਰੁਪਏ ਦਾ ਨੁਕਸਾਨ ਹੋਇਆ। ਰਮੇਸ਼ ਨੇ ਕਿਹਾ, "ਅਡਾਨੀ 'ਤੇ ਭਾਰਤ ਵਿੱਚ ਉੱਚੀਆਂ ਕੀਮਤਾਂ ਵਾਲੇ ਸੋਲਰ ਪਾਵਰ ਠੇਕੇ ਹਾਸਲ ਕਰਨ ਲਈ 2,000 ਕਰੋੜ ਰੁਪਏ ਦੀ ਰਿਸ਼ਵਤ ਸਕੀਮ ਨੂੰ ਸੰਚਾਲਿਤ ਕਰਨ ਦਾ ਦੋਸ਼ ਲੱਗਾ ਹੈ। ਮੋਦੀ ਸਰਕਾਰ ਨੇ ਪ੍ਰਧਾਨ ਮੰਤਰੀ ਦੇ ਸਭ ਤੋਂ ਪਸੰਦੀਦਾ ਵਪਾਰਕ ਸਮੂਹ ਨੂੰ ਯੂ.ਐੱਸ. ਐੱਸ.ਈ.ਸੀ. ਦਾ ਸੰਮਨ ਦੇਣ ਤੋਂ ਲੱਗਭੱਗ ਇੱਕ ਸਾਲ ਤੱਕ ਇਨਕਾਰ ਕਰ ਦਿੱਤਾ ਹੈ।" ਰਮੇਸ਼ ਨੇ ਅੱਗੇ ਦਾਅਵਾ ਕੀਤਾ, "ਮੋਡਾਨੀ ਮੈਗਾਸਕੈਮ ਬਹੁਤ ਵਿਆਪਕ ਹੈ। ਉਦਾਹਰਨ ਲਈ ਇਸ ਵਿੱਚ ਸ਼ਾਮਲ ਈ.ਡੀ., ਸੀ.ਬੀ.ਆਈ ਅਤੇ ਆਮਦਨ ਕਰ ਵਿਭਾਗ ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਹੋਰ ਨਿੱਜੀ ਕੰਪਨੀਆਂ ਨੂੰ ਆਪਣੀਆਂ ਜਾਇਦਾਦਾਂ ਅਡਾਨੀ ਗਰੁੱਪ ਨੂੰ ਵੇਚਣ ਲਈ ਮਜਬੂਰ ਕਰਨਾ।" ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਿਰਫ ਅਡਾਨੀ ਗਰੁੱਪ ਦੇ ਫਾਇਦੇ ਲਈ ਹਵਾਈ ਅੱਡਿਆਂ ਅਤੇ ਬੰਦਰਗਾਹਾਂ ਵਰਗੀਆਂ ਮਹੱਤਵਪੂਰਨ ਬੁਨਿਆਦੀ ਢਾਂਚੇ ਦੀਆਂ ਜਾਇਦਾਦਾਂ ਦਾ 'ਰਿਗਡ ਨਿੱਜੀਕਰਨ' ਕੀਤਾ ਗਿਆ। ਕਾਂਗਰਸੀ ਆਗੂ ਨੇ ਕਿਹਾ, "ਪਹਿਲੇ ਕਦਮ ਵਜੋਂ, ਹੁਣ ਘੱਟੋ-ਘੱਟ ਸੰਸਦ ਦੀ ਪਬਲਿਕ ਅਕਾਊਂਟਸ ਕਮੇਟੀ ਨੂੰ ਪੂਰੀ ਤਰ੍ਹਾਂ ਜਾਂਚ ਕਰਨੀ ਚਾਹੀਦੀ ਹੈ ਕਿ ਐੱਲ ਆਈ ਸੀ ਨੂੰ ਅਡਾਨੀ ਗਰੁੱਪ ਵਿੱਚ ਨਿਵੇਸ਼ ਕਰਨ ਲਈ ਸ਼ਾਬਦਿਕ ਤੌਰ 'ਤੇ ਕਿਵੇਂ ਮਜਬੂਰ ਕੀਤਾ ਗਿਆ।"

### ਪੰਜਾਬ ਸਰਕਾਰ ਵੱਲੋਂ...

ਮੰਤਰੀਆਂ ਨੇ ਲੋਕਾਂ ਨੂੰ ਗੁਰੂ ਜੀ ਦੇ ਪਿਆਰ, ਧਰਮ ਨਿਰਪੱਖਤਾ, ਧਾਰਮਿਕ ਸਹਿਣਸ਼ੀਲਤਾ, ਧਾਰਮਿਕ ਆਜ਼ਾਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਦੇ ਵਿਸ਼ਵਵਿਆਪੀ ਸੰਦੇਸ਼ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਵੱਡੇ ਸਮਾਗਮ ਨੂੰ ਢੁਕਵੇਂ ਢੰਗ ਨਾਲ ਮਨਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ।ਮੰਤਰੀਆਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਨੁੱਖਤਾ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਲਈ ਸਰਵਉੱਚ ਕੁਰਬਾਨੀ ਦਿੱਤੀ ਤਾਂ ਜੋ ਦੁਨੀਆ ਲਈ ਮਿਸਾਲ ਕਾਇਮ ਕੀਤੀ ਜਾ ਸਕੇ। ਉਨ੍ਹਾਂ ਨੇ ਲੋਕਾਂ ਨੂੰ ਗੁਰੂ ਸਾਹਿਬ ਦੁਆਰਾ ਪ੍ਰਚਾਰੇ ਗਏ ਧਰਮ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ । ਮੰਤਰੀਆਂ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਧਰਮ ਨਿਰਪੱਖਤਾ, ਏਕਤਾ ਅਤੇ ਵਿਸ਼ਵ-ਵਿਆਪੀ ਭਾਈਚਾਰੇ ਦੇ ਸੱਚੇ ਪ੍ਰਤੀਕ ਸਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਅਤੇ ਫ਼ਲਸਫ਼ਾ ਸਾਰੀ ਮਨੁੱਖਤਾ ਲਈ ਚਾਨਣ ਮੁਨਾਰੇ ਵਜੋਂ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਅੱਜ ਤੋਂ ਸ਼ੁਰੂ ਹੋਣ ਵਾਲੇ ਸਮਾਗਮਾਂ ਦੀ ਲੜੀ 25 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ 1 ਤੋਂ 18 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੇ ਹਨ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਵਰੋਸਾਏ ਕਸਬਿਆਂ ਅਤੇ ਸ਼ਹਿਰਾਂ ਵਿੱਚ ਕੀਰਤਨ ਦਰਬਾਰ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਗੁਰੂ ਜੀ ਦੇ ਫ਼ਲਸਫ਼ੇ, ਉਨ੍ਹਾਂ ਦੇ ਕੁਰਬਾਨੀਆਂ ਭਰੇ ਜੀਵਨ ਅਤੇ ਸ਼ਾਂਤੀ ਤੇ ਮਨੁੱਖਤਾ ਦੇ ਸਦੀਵੀ ਸੰਦੇਸ਼ ਬਾਰੇ ਜਾਗਰੂਕ ਕਰਨਾ ਹੈ, ਜੋ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ 18 ਨਵੰਬਰ ਨੂੰ ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਵਿਖੇ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਅਤੇ ਅਗਲੇ ਦਿਨ 19 ਨਵੰਬਰ ਨੂੰ ਸ੍ਰੀਨਗਰ ਤੋਂ ਨਗਰ ਕੀਰਤਨ ਸ਼ੁਰੂ ਹੋਵੇਗਾ, ਜਿਸ ਵਿੱਚ ਕਸ਼ਮੀਰੀ ਪੰਡਿਤ ਵੀ ਸੰਗਤ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗਾ।ਮੰਤਰੀਆਂ ਨੇ ਕਿਹਾ ਕਿ ਇਸ ਦੇ ਨਾਲ ਹੀ 20 ਨਵੰਬਰ ਨੂੰ ਤਿੰਨ ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਸ਼ੁਰੂ ਹੋਣਗੇ ਅਤੇ ਸਾਰੇ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਠੇ ਸਮਾਪਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਮੌਕੇ ਪੰਜਾਬ ਸਰਕਾਰ 23 ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਸਮਾਗਮ ਕਰਵਾਏਗੀ। ਉਨ੍ਹਾਂ ਕਿਹਾ ਕਿ ਯਾਦਗਾਰੀ ਸਮਾਰੋਹ ਵਿੱਚ ਆਉਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਦੇ ਰਹਿਣ ਲਈ 'ਚੱਕ ਨਾਨਕੀ' ਨਾਂਅ ਦੀ ਵਿਸ਼ੇਸ਼ ਟੈਂਟ ਸਿਟੀ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁਲਾਇਆ ਜਾਵੇਗਾ, ਜਿੱਥੇ ਉੱਘੀਆਂ ਸ਼ਖ਼ਸੀਅਤਾਂ ਗੁਰੂ ਸਾਹਿਬ ਦੇ ਫ਼ਲਸਫ਼ੇ, ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਦੀ ਸਰਵਉੱਚ ਕੁਰਬਾਨੀ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੀਆਂ।ਕੈਬਨਿਟ ਮੰਤਰੀਆਂ ਨੇ ਕਿਹਾ ਕਿ 25 ਨਵੰਬਰ ਨੂੰ ਰਾਜ ਪੱਧਰੀ ਖ਼ੂਨਦਾਨ ਕੈਂਪ ਲਗਾਏ ਜਾਣਗੇ, ਨਾਲ ਹੀ ਜੰਗਲਾਤ ਵਿਭਾਗ ਵੱਲੋਂ ਸਰਬੱਤ ਦਾ ਭਲਾ ਇਕੱਤਰਤਾ ਤਹਿਤ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਵੀ ਚਲਾਈ ਜਾਵੇਗੀ। ਉਨ੍ਹਾਂ ਨੇ ਦੇਸ਼ ਵਿਦੇਸ਼ ਦੇ ਸ਼ਰਧਾਲੂਆਂ ਅਤੇ ਸਿੱਖ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ।

### ਜਾਇਦਾਦਾਂ ਵੇਚਣ ਵਿਰੁੱਧ...

ਦਾ ਫੈਸਲਾ ਕੀਤਾ।ਇਸ ਮੀਟਿੰਗ ਦੀ ਕਾਰਵਾਈ ਰਿਪੋਰਟ ਬਾਰੇ ਸਾਂਝੇ ਧੜੇ ਦੇ ਆਗੂਆਂ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਪ੍ਰੈੱਸ ਨੂੰ ਦੱਸਿਆ ਕਿ ਜਾਇਦਾਦਾਂ ਵੇਚਣ ਵਿਰੁੱਧ 16 ਅਕਤੂਬਰ ਤੋਂ 31 ਅਕਤੂਬਰ ਤੱਕ ਪਾਵਰਕਾਮ ਦੇ ਸਮੁੱਚੇ ਸਰਕਲਾਂ ਵਿੱਚ ਰੋਸ ਧਰਨੇ ਲਗਾਉਣ ਅਤੇ ਝੰਡਾ ਮਾਰਚ ਕਰਨ ਉਪਰੰਤ 2 ਨਵੰਬਰ ਨੂੰ ਬਿਜਲੀ ਮੰਤਰੀ ਖਿਲਾਫ਼ ਆਰਤੀ ਚੌਕ ਲੁਧਿਆਣਾ ਵਿਖੇ ਦਿੱਤੇ ਜਾ ਰਹੇ ਸੂਬਾ ਪੱਧਰੀ ਰੋਸ ਧਰਨੇ ਅਤੇ ਝੰਡਾ ਮਾਰਚ ਦੀਆਂ ਤਿਆਰੀਆਂ ਲਈ ਸ਼ਨੀਵਾਰ ਦੀ ਸਾਂਝੀ ਮੀਟਿੰਗ ਵਿੱਚ ਲਾਮਬੰਦੀ ਕੀਤੀ ਗਈ। ਇਸ ਮੀਟਿੰਗ ਵਿੱਚ ਰਘਬੀਰ ਸਿੰਘ, ਸੁਖਵਿੰਦਰ ਸਿੰਘ ਚਾਹਲ, ਸਰਿੰਦਰਪਾਲ ਲਹੌਰੀਆ, ਜਰਨੈਲ ਸਿੰਘ, ਦਵਿੰਦਰ ਸਿੰਘ ਪਿਸੋਰ, ਜਸਬੀਰ ਸਿੰਘ ਆਂਡਲੂ, ਰਾਧੇਸ਼ਿਆਮ, ਤਜਿੰਦਰ ਸਿੰਘ ਸੇਖੋਂ, ਅਮਰੀਕ ਸਿੰਘ ਮਸੀਤਾਂ, ਪੂਰਨ ਸਿੰਘ ਖਾਈ, ਬਾਬਾ ਅਮਰਜੀਤ ਸਿੰਘ, ਕੌਰ ਸਿੰਘ ਸੋਹੀ, ਪਵਨਪ੍ਰੀਤ ਸਿੰਘ, ਗੁਰਤੇਜ ਸਿੰਘ ਪੱਖੋ, ਰਘਬੀਰ ਸਿੰਘ, ਰਛਪਾਲ ਸਿੰਘ ਪਾਲੀ, ਕੇਵਲ ਸਿੰਘ ਬਨਵੈਤ, ਬਲਵਿੰਦਰ ਸਿੰਘ ਬਾਜਵਾ, ਗੁਰਜੀਤ ਸਿੰਘ ਮੱਤੀ, ਇੰਜੀ: ਕਰਮਜੀਤ ਸਿੰਘ ਪਟਿਆਲਾ ਇੰਜੀ: ਅਰਸ਼ਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨ ਆਗੂਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਆਗੂ ਸੁਦਾਗਰ ਸਿੰਘ, ਕਿਸਾਨ, ਮਜ਼ਦੂਰ ਮੋਰਚਾ ਦੇ ਬਲਦੇਵ ਸਿੰਘ ਜ਼ੀਰਾ, ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ, ਕੁੱਲ ਹਿੰਦ ਕਿਸਾਨ ਸਭਾ 1936 ਦੇ ਸੂਬਾ ਆਗੂ ਸੂਰਤ ਸਿੰਘ ਧਰਮਕੋਟ ਅਤੇ ਚਮਕੌਰ ਸਿੰਘ ਬੀਰਮੀ, ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਸੂਬਾ ਆਗੂ ਜਗਦੀਸ਼ ਸਿੰਘ ਚਾਹਲ, ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੇ ਸੂਬਾ ਆਗੂ ਦੇਵਰਾਜ ਸ਼ਾਮਲ ਹੋਏ।

### ਡਾਕਟਰ ਜਬਰ-ਜ਼ਨਾਹ...

ਮਿਆਦ ਪੂਰੀ ਕਰਨ ਤੋਂ ਸਿਰਫ਼ ਇੱਕ ਮਹੀਨਾ ਦੂਰ ਸੀ ਅਤੇ ਪੋਸਟ ਗ੍ਰੈਜੂਏਟ ਮੈਡੀਕਲ ਡਿਗਰੀ ਹਾਸਲ ਕਰਨ ਦੀ ਯੋਜਨਾ ਬਣਾ ਰਹੀ ਸੀ। ਉਸ ਦੇ ਚਚੇਰੇ ਭਰਾ ਨੇ ਇਕ ਚੈਨਲ ਨੂੰ ਦੱਸਿਆ ਕਿ ਉਸ ਨੇ ਕਈ ਵਾਰ ਸ਼ਿਕਾਇਤਾਂ ਦਰਜ ਕਰਵਾਈਆਂ, ਐੱਸ ਪੀ ਅਤੇ ਡੀ ਐੱਸ ਪੀ ਨੂੰ ਲਿਖਿਆ, ਪਰ ਕੋਈ ਕਾਰਵਾਈ ਨਹੀਂ ਹੋਈ। ਉਸ ਨੇ ਕਿਹਾ, "ਉਸ ਨੇ ਸਾਫ਼ ਤੌਰ 'ਤੇ ਜ਼ਿਕਰ ਕੀਤਾ ਸੀ ਕਿ ਜੇ ਉਸ ਨਾਲ ਕੁਝ ਵੀ ਹੁੰਦਾ ਹੈ, ਤਾਂ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।" ਡਾਕਟਰ ਦੀ ਮੌਤ ਤੋਂ ਬਾਅਦ ਗੋਪਾਲ ਬਡਨੇ ਅਤੇ ਪ੍ਰਸ਼ਾਂਤ ਬਾਂਕਰ ਦੋਵਾਂ ਵਿਰੁੱਧ ਜਬਰ-ਜ਼ਨਾਹ ਅਤੇ ਖ਼ੁਦਕੁਸ਼ੀ ਲਈ ਉਕਸਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਇੰਸਪੈਕਟਰ ਜਨਰਲ ਆਫ਼ ਪੁਲਸ (ਕੋਲਹਾਪੁਰ ਡਵੀਜ਼ਨ) ਸੁਨੀਲ ਫੁਲਾਰੀ ਨੇ ਪੁਸ਼ਟੀ ਕੀਤੀ ਕਿ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਉਪਲੱਬਧ ਸਬੂਤਾਂ ਦੇ ਆਧਾਰ 'ਤੇ ਜਾਂਚ ਜਾਰੀ ਹੈ। ਇਸ ਘਟਨਾ ਨੇ ਮਹਾਰਾਸ਼ਟਰ ਵਿੱਚ ਰਾਜਨੀਤਕ ਤੂਫ਼ਾਨ ਲਿਆ ਦਿੱਤਾ ਹੈ। ਕਾਂਗਰਸ ਦੇ ਨੇਤਾ ਵਿਜੇ ਵਡੇਟੀਵਾਰ ਨੇ ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਪੁਲਸ ਨੂੰ ਬਚਾਉਣ ਅਤੇ ਡਾਕਟਰ ਦੀਆਂ ਪਹਿਲੀਆਂ ਸ਼ਿਕਾਇਤਾਂ 'ਤੇ ਕਾਰਵਾਈ ਕਰਨ ਵਿੱਚ ਅਸਫ਼ਲ ਰਹਿਣ ਦਾ ਦੋਸ਼ ਲਾਉਂਦਿਆਂ ਕਿਹਾ, 'ਜਦੋਂ ਰੱਖਿਅਕ ਹੀ ਸ਼ਿਕਾਰੀ ਬਣ ਜਾਵੇ, ਤਾਂ ਲੋਕ ਨਿਆਂ ਕਿੱਥੋਂ ਮੰਗਣਗੇ?' ਭਾਜਪਾ ਨੇਤਾ ਚਿਤ੍ਰਾ ਵਾਘ ਨੇ ਇਸ ਘਟਨਾ ਨੂੰ 'ਮੰਦਭਾਗਾ ਦੱਸਿਆ ਅਤੇ ਭਰੋਸਾ ਦਿੱਤਾ ਕਿ ਪੂਰੀ ਜਾਂਚ ਕੀਤੀ ਜਾਵੇਗੀ।' ਉਨ੍ਹਾਂ ਔਰਤਾਂ ਨੂੰ 112 ਹੈਲਪਲਾਈਨ ਰਾਹੀਂ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਅਤੇ ਤੁਰੰਤ ਕਾਰਵਾਈ ਦਾ ਵਾਅਦਾ ਕੀਤਾ। ਪੁਲਸ ਅਨੁਸਾਰ ਬਾਂਕਰ ਉਸ ਘਰ ਦੇ ਮਕਾਨ ਮਾਲਕ ਦਾ ਪੁੱਤਰ ਹੈ, ਜਿੱਥੇ ਡਾਕਟਰ ਕਿਰਾਏ 'ਤੇ ਰਹਿੰਦੀ ਸੀ। ਪੁਲਸ ਨੇ ਦੱਸਿਆ ਕਿ ਮਰਨ ਤੋਂ ਕੁਝ ਸਮਾਂ ਪਹਿਲਾਂ ਡਾਕਟਰ ਨੇ ਪ੍ਰਸ਼ਾਂਤ ਬਾਂਕਰ ਨੂੰ ਫੋਨ ਕੀਤਾ ਸੀ ਅਤੇ ਦੋਵਾਂ ਨੇ ਮੋਬਾਈਲ ਫ਼ੋਨ 'ਤੇ ਚੈਟ ਸੁਨੇਹੇ ਵੀ ਸਾਂਝੇ ਕੀਤੇ ਸਨ। ਮ੍ਰਿਤਕਾ ਦੇ ਇੱਕ ਰਿਸ਼ਤੇਦਾਰ ਨੇ ਦੋਸ਼ ਲਾਇਆ ਕਿ ਡਾਕਟਰ 'ਤੇ ਪੁਲਸ ਵੱਲੋਂ ਮੈਡੀਕਲ ਰਿਪੋਰਟਾਂ ਨੂੰ ਗਲਤ ਸਾਬਤ ਕਰਨ ਲਈ ਵੀ ਦਬਾਅ ਪਾਇਆ ਗਿਆ ਸੀ। ਇਸੇ ਦੌਰਾਨ ਡਾਕਟਰ ਦੀ ਕਥਿਤ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਇੱਕ ਸੁਤੰਤਰ ਜਾਂਚ ਅਤੇ ਐੱਸ.ਆਈ.ਟੀ. (ਸਿੱਟ) ਜਾਂਚ ਦੀ ਮੰਗ ਕੀਤੀ ਹੈ। ਵਿਰੋਧੀ ਧਿਰ ਨੇ ਇਸ ਘਟਨਾ ਨੂੰ ਲੈ ਕੇ ਮਹਾਯੁਤੀ ਸਰਕਾਰ ਨੂੰ ਨਿਸ਼ਾਨਾ ਬਣਾਇਆ, ਉੱਥੇ ਹੀ ਸੂਬੇ ਦੇ ਮੰਤਰੀਆਂ ਨੇ ਕਿਹਾ ਕਿ ਪੁਲਸ ਨਿਰਪੱਖ ਅਤੇ ਵਿਸਤ੍ਰਿਤ ਜਾਂਚ ਕਰੇਗੀ।

## ਰੌਂਤਾ ਸਕੂਲ ਦੇ ਤਿੰਨ ਵਿਦਿਆਰਥੀਆਂ ਦੀ ਰਾਜ ਪੱਧਰੀ ਖੇਡਾਂ ਲਈ ਚੋਣ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪ੍ਰਾਇਮਰੀ ਵਿੰਗ ਦੀਆਂ ਖੇਡਾਂ ਸੈਂਟਰ ਖਾਈ ਵਿੱਚ ਹੋਈਆਂ, ਜਿਸ ਵਿੱਚ ਬਾਬਾ ਜਸਵੰਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੌਂਤਾ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਨਿਹਾਲ ਸਿੰਘ ਵਾਲਾ ਬਲਾਕ ਪੱਧਰ ਖੇਡਾਂ ਵਿੱਚ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸਕੂਲ ਦੇ ਤਿੰਨ ਵਿਦਿਆਰਥੀਆਂ ਦੀ ਚੋਣ ਹੋਈ।ਜ਼ਿਲ੍ਹਾ ਖੇਡਾਂ ਬਲਾਕ ਨਿਹਾਲ ਸਿੰਘ ਵਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਪੰਜਾਬ ਰਾਜ ਪੱਧਰੀ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ, ਜਿਸ ਵਿੱਚ ਸਕੂਲ ਦੇ ਤਿੰਨ ਵਿਦਿਆਰਥੀਆਂ ਦੀ ਚੋਣ ਹੋਈ।ਇਲਾਕੇ ਦੀ ਵਿੱਦਿਅਕ ਤੇ ਹਰ ਪੱਖੋਂ ਮੋਹਰੀ ਵਿੱਦਿਅਕ ਸੰਸਥਾ ਬਾਬਾ ਜਸਵੰਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੌਂਤਾ (ਮੋਗਾ) ਦੀ ਫੁੱਟਬਾਲ ਟੀਮ ਲੜਕੇ ਲਈ ਤਿੰਨ ਵਿਦਿਆਰਥੀਆਂ ਦੀ ਚੋਣ ਤੇ ਜ਼ਿਲ੍ਹਾ ਜੇਤੂ ਟੀਮ ਨੂੰ ਨਕਦ ਕੈਸ਼ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਬਾਬਾ ਅਜੀਤ ਸਿੰਘ, ਪ੍ਰਿੰਸੀਪਲ ਸ੍ਰ ਰਾਮ ਸਿੰਘ ਰੌਂਤਾ ਨੇ ਵਿਦਿਆਰਥੀਆਂ ਦੀ ਇਸ ਜਿੱਤ ਲਈ ਸਕੂਲ, ਇਲਾਕੇ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ ਅਤੇ ਰਾਜ ਪੱਧਰੀ ਖੇਡਾਂ ਵਿੱਚ ਵੀ ਚੰਗੀ ਪ੍ਰਾਪਤੀ ਲਈ ਉਤਸ਼ਾਹਤ ਕੀਤਾ। ਡੀ ਪੀ ਟੀਚਰਾਂ ਦਾ ਇਸ ਪ੍ਰਾਪਤੀ ਲਈ ਧੰਨਵਾਦ ਕੀਤਾ।ਇਸ ਸਮੇਂ ਕੋਆਰਡੀਨੇਟਰ ਅਮਨਦੀਪ ਕੌਰ, ਰਮਨਪ੍ਰੀਤ ਕੌਰ, ਲੱਖਾ ਸਿੰਘ, ਗੁਰਸੇਵਕ ਸਿੰਘ, ਡੀ ਪੀ ਗੁਰਚਰਨ ਸਿੰਘ, ਡੀ ਪੀ ਮੈਡਮ ਕਰਮਜੀਤ ਕੌਰ, ਬਲਜਿੰਦਰ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਜਸਲੀਨ ਕੌਰ, ਸੁਖਵਿੰਦਰ ਕੌਰ, ਸ਼ਹਿਨਾਜ਼ਦੀਪ, ਕਮਲਪ੍ਰੀਤ ਕੌਰ, ਪਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਸੁਖਦੇਵ ਸਿੰਘ, ਨਰਿੰਦਰ ਕੁਮਾਰ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਆਦਿੱਤਿਆ ਉੱਪਲ ਨੇ ਗੁਰਦਾਸਪੁਰ ਦੇ ਨਵੇਂ ਡੀਸੀ ਵਜੋਂ ਅਹੁਦਾ ਸੰਭਾਲਿਆ

**ਗੁਰਦਾਸਪੁਰ, ਡੇਰਾ ਬਾਬਾ ਨਾਨਕ (ਦਿਨੇਸ਼ ਕੁਮਾਰ, ਰਮੇਸ਼ ਸ਼ਰਮਾ)**- 2015 ਬੈਚ ਦੇ ਆਈਏਐੱਸ. ਅਧਿਕਾਰੀ ਆਦਿੱਤਿਆ ਉੱਪਲ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਜ਼ਿਕਰਯੋਗ ਹੈ ਕਿ ਡਿਪਟੀ ਕਮਿਸ਼ਨਰ ਉੱਪਲ ਇਸ ਤੋਂ ਪਹਿਲਾਂ ਪਠਾਨਕੋਟ ਦੇ ਡਿਪਟੀ ਕਮਿਸ਼ਨਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ।ਸ੍ਰੀ ਆਦਿੱਤਿਆ ਉੱਪਲ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਗੁਰਦਾਸਪੁਰ ਦੀ ਇਤਿਹਾਸਕ ਅਤੇ ਧਾਰਮਿਕ ਧਰਤੀ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਹ ਜ਼ਿਲ੍ਹਾ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਨੂੰ ਯਕੀਨੀ ਬਣਾਉਣਗੇ।ਅਹੁਦਾ ਸੰਭਾਲਣ ਉਪਰੰਤ ਡਿਪਟੀ ਕਮਿਸ਼ਨਰ ਨੇ ਜ਼ਿਲਾ ਅਧਿਕਾਰੀਆਂ ਨਾਲ ਪਰਾਲੀ ਪ੍ਰਬੰਧਨ, ਝੋਨੇ ਦੀ ਖਰੀਦ ਪ੍ਰਕਿਰਿਆ ਅਤੇ ਜ਼ਿਲ੍ਹੇ ਵਿਚ ਚਲ ਰਹੇ ਵਿਕਾਸ ਕਾਰਜਾਂ ਆਦਿ ਸਬੰਧੀ ਮੀਟਿੰਗ ਕੀਤੀ।ਇਸ ਮੌਕੇ ਆਦਿੱਤਿਆ ਐੱਸਐੱਸਪੀ ਗੁਰਦਾਸਪੁਰ, ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ) ਅਤੇ ਗੁਰਪ੍ਰੀਤ ਸਿੰਘ ਗਿੱਲ ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ, (ਪੇਂਡੂ ਵਿਕਾਸ) ਵੀ ਮੌਜੂਦ ਸਨ।ਡੀਸੀ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਨੂੰ ਲੈ ਕੇ ਕਿਸਾਨਾਂ ਨੂੰ ਵੱਧ ਤੋਂ ਜਾਗਰੂਕ ਕੀਤਾ ਜਾਵੇ।ਨੋਡਲ ਅਤੇ ਕਲੱਸਟਰ ਅਫਸਰ ਫੀਲਡ ਵਿੱਚ



ਰਹਿ ਕੇ ਕਿਸਾਨਾਂ ਨੂੰ ਫ਼ਸਲ ਦੀ ਰਹਿੰਦ ਖੂੰਹਦ ਨਾ ਸਾੜਨ ਲਈ ਪ੍ਰੇਰਿਤ ਕਰਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨੂੰ ਇਨ ਸੀਟੂ ਤੇ ਐਕਸ ਸੀਟੂ ਦੋਵਾਂ ਤਕਨੀਕਾਂ ਨਾਲ ਪਰਾਲੀ ਪ੍ਰਬੰਧਨ ਕਰਨ ਲਈ ਪੂਰਾ ਸਹਿਯੋਗ ਦੇਵੇਗਾ ਅਤੇ ਕਿਸਾਨਾਂ ਨੂੰ ਸਮੇਂ ਸਿਰ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ ਨੰਬਰ 1800-180-1852 ਸਥਾਪਤ ਕੀਤਾ ਗਿਆ ਹੈ।ਜਿਸ ਵੀ ਕਿਸਾਨ ਵੀਰ ਨੂੰ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਲੋੜ ਹੈ, ਉਹ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਖੇਤੀਬਾੜੀ ਵਿਭਾਗ ਵੱਲੋਂ ਜਲਦ ਤੋਂ ਜਲਦ ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।ਇਸ ਤੋਂ ਪਹਿਲਾਂ ਗੁਰਦਾਸਪੁਰ ਵਿਖੇ ਪਹੁੰਚਣ 'ਤੇ ਪੁਲਸ ਦੇ ਜਵਾਨਾਂ ਵੱਲੋਂ ਸਲਾਮੀ ਦੇ ਕੇ ਅਤੇ ਅਧਿਕਾਰੀਆਂ ਵੱਲੋਂ ਜੀ ਆਇਆਂ ਕਿਹਾ ਗਿਆ।ਇਸ ਮੌਕੇ ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ), ਜਸਪਿੰਦਰ ਸਿੰਘ, ਐੱਸਡੀਐੱਮ ਦੀਨਾਨਗਰ, ਮਨਜੀਤ ਸਿੰਘ ਰਾਜਲਾ, ਐੱਸਡੀਐੱਮ ਗੁਰਦਾਸਪੁਰ, ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਮ, ਬਟਾਲਾ, ਜਯੋਤਸਨਾ ਸਿੰਘ ਐੱਸਡੀਐੱਮ, ਕਲਾਨੌਰ ਆਦਿੱਤਿਆ ਸ਼ਰਮਾ, ਐੱਸਡੀਐੱਮ, ਡੇਰਾ ਬਾਬਾ ਨਾਨਕ, ਗੁਰਮੀਤ ਸਿੰਘ ਐੱਸਡੀਐੱਮ, ਫਤਿਹਗੜ੍ਹ ਚੂੜੀਆਂ, ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜ), ਰੁਪਿੰਦਰਪਾਲ ਸਿੰਘ ਪੀਸੀਐੱਸ ਅੰਡਰ ਟ੍ਰੇਨਿੰਗ, ਜਸਕਰਨ ਸਿੰਘ ਜ਼ਿਲ੍ਹਾ ਮਾਲ ਅਫਸਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਐੱਨਜੀਓ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਸ਼ਨ ਤੇ ਹੋਰ ਜ਼ਰੂਰੀ ਸਮੱਗਰੀ ਭੇਟ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੈਂਟਰ ਫਾਰ ਯੂਥ ਡਿਵੈਲਪਮੈਂਟ ਐਂਡ ਐਕਟੀਵਿਟੀਜ਼ (ਸੀਵਾਈਡੀਏ) ਵੱਲੋਂ ਉਡਾਨ ਐੱਨਜੀਓ ਗੁਰਦਾਸਪੁਰ ਦੇ ਸਹਿਯੋਗ ਨਾਲ ਕਸਬਾ ਰਾਮਦਾਸ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡ ਮੁਹਿੰਮ ਚਲਾਈ ਗਈ। ਇਸ ਦੌਰਾਨ ਵਾਰਡ ਨੰਬਰ 4 ਅਤੇ 5 ਦੇ ਹੜ੍ਹ ਪੀੜਤ ਪਰਿਵਾਰਾਂ ਨੂੰ 100




ਰਾਸ਼ਨ ਕਿੱਟਾਂ ਦੇ ਨਾਲ ਨਾਲ ਕੰਬਲ, ਚਟਾਈਆਂ ਅਤੇ ਬਰਤਨਾਂ ਦੇ ਸੈੱਟ ਵੰਡੇ ਗਏ।ਉਕਤ ਲਾਭਪਾਤਰੀ ਪਰਿਵਾਰ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲੇ ਮਜ਼ਦੂਰ ਵਰਗ ਨਾਲ ਸਬੰਧਤ ਸਨ, ਜਿਨ੍ਹਾਂ ਨੇ ਹਾਲ ਹੀ ਵਿੱਚ ਆਈ ਭਿਆਨਕ ਹੜ੍ਹ ਕਾਰਨ ਆਪਣੀ ਰੋਜ਼ੀ-ਰੋਟੀ ਗੁਆ ਦਿੱਤੀ ਸੀ।ਖੇਤਾਂ ਅਤੇ ਫਸਲਾਂ ਦੇ ਪੂਰੀ ਤਰ੍ਹਾਂ ਤਬਾਹ ਹੋ ਜਾਣ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੀ ਆਰਥਿਕ ਹਾਲਤ ਨਾਜ਼ੁਕ ਹੋ ਗਈ ਹੈ।ਇਸ ਮੁਸ਼ਕਲ ਵੇਲੇ ਵਿੱਚ ਉਨ੍ਹਾਂ ਲਈ ਭੋਜਨ ਸਮੱਗਰੀ ਹੀ ਸਭ ਤੋਂ ਵੱਡੀ ਮਦਦ ਹੈ।ਇਸ ਮੌਕੇ ਸੀਵਾਈਡੀਏ ਦੇ ਚੰਦਨ ਸਿੰਘ ਨੇ ਖੁਦ ਮੌਕੇ ਦਾ ਦੌਰਾ ਕਰਕੇ ਸਥਾਨਕ ਵਾਰਡ ਮੈਂਬਰਾਂ ਅਤੇ ਨਿਵਾਸੀਆਂ ਨਾਲ ਤਾਲਮੇਲ ਕਰਕੇ ਰਾਹਤ ਸਮੱਗਰੀ ਦੀ ਵੰਡ ਸੁਚਾਰੂ ਤਰੀਕੇ ਨਾਲ ਕੀਤੀ।ਇਸ ਸਮੇਂ ਉਡਾਨ ਐੱਨਜੀਓ ਦੇ ਪ੍ਰਧਾਨ ਬਲਜੀਤ ਸਿੰਘ, ਸਿਮਰਜੀਤ ਸਿੰਘ, ਸੁਰਿੰਦਰ ਪਾਲ ਕਾਲੀਆ, ਅਮਰਦੀਪ ਸਿੰਘ ਵੱਲੋਂ ਸਮੇਤ ਹੋਰ ਵਲੰਟੀਅਰ ਵੀ ਹਾਜ਼ਰ ਸਨ ਜਿਨ੍ਹਾਂ ਨੇ ਹੜ੍ਹ ਪੀੜਤਾਂ ਤੱਕ ਸਹਾਇਤਾ ਪਹੁੰਚਾਉਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ।ਇਸ ਮੌਕੇ ਸੰਗਠਨਾਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਹੋਰ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਮੁੜ ਸੁਧਾਰਨ ਜੀਵਨ ਜਿਊਣ ਲਈ ਸਹਾਰਾ ਮਿਲ ਸਕੇ।

# ਵਡਾਲਾ ਗ੍ਰੰਥੀਆਂ ਵਿਖੇ ਚੇਅਰਮੈਨ ਮਹਿਤਾ ਨੇ ਝੋਨੇ ਦੀ ਖਰੀਦ ਦਾ ਲਿਆ ਜਾਇਜ਼ਾ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਾਨਿਕ ਮਹਿਤਾ ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਵੱਲੋਂ ਦਾਣਾ ਮੰਡੀ ਵਡਾਲਾ



ਗ੍ਰੰਥੀਆਂ ਵਿਖੇ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫਸਲ ਕੱਟਣ ਉਪਰੰਤ ਇਨ ਸੀਟੂ ਵਿਧੀ ਨਾਲ ਫਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰਨ ਜਾਂ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ।ਪਰਾਲੀ ਸਾੜਨ ਦੀ ਬਜਾਏ ਗੱਠਾਂ ਬਣਾਈਆਂ ਜਾਣ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ ਤੇ ਹੀ ਕੀਤੀ ਜਾਵੇ ਅਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖਰੀਦ ਵੇਲੇ ਝੋਨੇ ਵਿੱਚ ਨਮੀ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ।ਚੇਅਰਮੈਨ ਨੇ ਕਿਹਾ ਹੈ ਕਿ ਕਿਸਾਨ ਵੀਰ ਸੁੱਕੀ ਫਸਲ ਹੀ ਮੰਡੀਆਂ ਵਿੱਚ ਲੈ ਕੇ ਆਉਣ।

# ਕਾਂਗਰਸ ਦੇ ਹੱਕ 'ਚ ਲਹਿਰ ਹੋਈ ਪ੍ਰਚੰਡ : ਔਜਲਾ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਤਰਨ ਤਾਰਨ ਹਲਕੇ ਵਿੱਚ ਚਲ ਰਹੀ ਜ਼ਿਮਨੀ ਚੋਣ ਵਿੱਚ ਕਾਂਗਰਸੀ ਵਰਕਰਾਂ ਨੂੰ ਲਾਮਬੰਦ ਕਰਕੇ ਚੋਣ ਮੁਹਿਮ ਨੂੰ ਤੇਜ਼ ਕਰਨ ਲਈ ਕਾਂਗਰਸੀ ਐਮ ਪੀ ਗੁਰਜੀਤ ਸਿੰਘ ਔਜਲਾ ਅੱਜ ਸਾਥੀਆਂ ਸਮੇਤ ਪਿੰਡ ਵਿਖੇ ਬਲਵਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ ਦੇ ਘਰ ਪਹੁੰਚੇ ਚੋਣ ਮੁਹਿਮ ਸਬੰਧੀ ਵਿਚਾਰ-ਵਟਾਂਦਰਾ ਕਰਕੇ ਪਰਿਵਾਰ ਨੂੰ ਲਾਮਬੰਦ ਕੀਤਾ।ਇਸ ਸਮੇਂ ਗੱਲਬਾਤ ਕਰਦਿਆਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਹਲਕੇ ਵਿੱਚ ਕਾਂਗਰਸ ਦੇ ਹੱਕ ਵਿੱਚ ਲਹਿਰ ਦਿਨ ਪ੍ਰਤੀ ਦਿਨ ਪ੍ਰਚੰਡ ਹੋ ਰਹੀ ਹੈ ਕਿਉਂਕਿ ਲੋਕ ਸਮਝ ਗਏ ਹਨ ਕਿ ਕਾਂਗਰਸ ਹੀ ਪੰਜਾਬ ਦੀ ਤਰੱਕੀ



ਕਰ ਸਕਦੀ ਇਸ ਲਈ ਅਗਲੀ ਸਰਕਾਰ ਪੰਜਾਬ ਵਿੱਚ ਕਾਂਗਰਸ ਦੀ ਬਨਣ ਜਾ ਰਹੀ ਹੈ।ਇਸ ਸਮੇਂ ਮੈਂਬਰ ਬਲਵਿੰਦਰ ਸਿੰਘ ਅਤੇ ਉਸ ਦੇ ਪਰਿਵਾਰ ਨੇ ਐਮ ਪੀ ਔਜਲਾ ਨੂੰ ਜੀ ਆਇਆਂ ਕਹਿੰਦਿਆਂ ਹਰ ਤਰਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਸਮੇਂ ਸਾਬਕਾ ਮੈਂਬਰ ਲਖਵਿੰਦਰ ਕੌਰ, ਸਾਬਕਾ ਮੈਂਬਰ ਹਰਭਿੰਦਰ ਸਿੰਘ,ਮਨਜੀਤ ਸਿੰਘ ਕੇਬਲ ਵਾਲਾਅਤੇ ਮਿੰਦਰ ਸਿੰਘ ਹਵੇਲੀਆਂ ਹਾਜ਼ਰ ਸੀ।

# ਨਸ਼ਿਆਂ ਦੀ ਜਗ੍ਹਾ 'ਆਪ' ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ : ਰਾਜਾ ਵੜਿੰਗ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਸ਼੍ਰੋਮਣੀ ਅਕਾਲੀ ਦਲ ਨੇ ਜਿਥੇ ਆਪਣੇ ਕਾਰਜਕਾਲ ਵਿਚ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿਚ ਧਕੇਲਿਆ ਸੀ ਉਥੇ ਹੀ ਆਪ



ਸਰਕਾਰ ਨੇ ਵੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਦੁਬਾਰਾ ਨਸ਼ਿਆਂ ਦੀ ਮਾਰ ਮਾਰੀ ਹੈ।ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਾਹਰ ਕੱਢਣ ਲਈ ਕਾਂਗਰਸ ਸਰਕਾਰ ਦਾ ਆਉਣਾ ਬਹੁਤ ਜ਼ਰੂਰੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਰਾਜਾ ਵੜਿੰਗ ਨੇ ਕੀਤਾ। ਉਨ੍ਹਾਂ ਕਿਹਾ ਕਿ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਾ ਹੋਣ ਕਰਕੇ ਪ੍ਰੇਸ਼ਾਨ ਹੋ ਰਹੇ ਹਨ। ਤਰਨ ਤਾਰਨ ਵਿਚ ਹੜ੍ਹਾਂ ਕਾਰਨ ਕਈ ਕਿਸਾਨਾਂ ਦੇ ਘਰ ਉਜੜ ਗਏ ਤੇ ਕਈਆਂ ਦੇ ਪਸ਼ੂ ਰੁੜ੍ਹ ਮਰ ਗਏ ਲੇਕਿਨ ਸਰਕਾਰ ਨੇ ਕਿਸਾਨਾਂ ਦੀ ਸਾਰ ਨਹੀਂ ਲਈ।ਕਿਸਾਨਾਂ ਨੂੰ ਮੁਆਵਜ਼ੇ ਵਜੋਂ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦੇਣ ਦਾ ਵਾਅਦਾ ਹਾਲੇ ਤੱਕ ਪੂਰਾ ਨਹੀਂ ਹੋਇਆ।ਲੱਖਾਂ ਕਰੋੜਾਂ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਸਰਕਾਰ ਲੋਕਾਂ ਸਾਹਮਣੇ ਵਿਕਾਸ ਕਾਰਜਾਂ ਦਾ ਦਿਖਾਵਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਇਸ ਵਾਰ ਲੋਕ ਤਰਨਤਾਰਨ ਦੀ ਜ਼ਿਮਨੀ ਚੋਣ 'ਚ ਕਾਂਗਰਸੀ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾਉਣਗੇ।

# ਪੈਨਸ਼ਨਰਾਂ ਨੇ ਸਰਕਲ ਪੱਧਰੀ ਮੀਟਿੰਗ 'ਚ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ ਸਰਕਲ ਗੁਰਦਾਸਪੁਰ ਦੀ ਅਹਿਮ ਮੀਟਿੰਗ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਦੀ ਅਗਵਾਈ ਹੇਠ ਧਾਰੀਵਾਲ ਵਿੱਚ ਹੋਈ। ਇਸ ਸਰਕਲ ਪੱਧਰੀ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ



ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਰਕਲ ਸਕੱਤਰ ਦਵਿੰਦਰ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਮੁਲਾਜ਼ਮ ਪੈਨਸ਼ਨਰਾਂ ਵਿਰੋਧੀ ਅਸਲੀ ਚਿਹਰਾ ਨੰਗਾ ਹੋਇਆ ਹੈ ਅਤੇ ਪੰਜਾਬ ਸਰਕਾਰ ਲਾਰੇ ਲਾ ਕੇ ਡੰਗ ਟਪਾ ਰਹੀ ਹੈ। ਪੰਜਾਬ ਸਰਕਾਰ ਨੇ ਮੁਲਾਜ਼ਮ ਪੈਨਸ਼ਨਰਾਂ ਦੀ ਡੀ.ਏ ਦੀ ਕਿਸ਼ਤ ਜਾਰੀ ਨਹੀਂ ਕੀਤੀ, ਜਦਕਿ ਕੇਂਦਰ ਸਰਕਾਰ ਤੇ ਬਾਕੀ ਰਾਜ ਸਰਕਾਰਾਂ ਨੇ ਮੁਲਾਜ਼ਮ ਤੇ ਪੈਨਸ਼ਨਰ ਨੂੰ ਡੀ. ਏ. ਦੀਆਂ ਕਿਸ਼ਤਾਂ ਤੇ ਬਕਾਇਆ ਜਾਰੀ ਕਰ ਦਿੱਤਾ ਹੈ। ਬੁਲਾਰਿਆਂ ਨੇ ਦੱਸਿਆ ਕਿ ਸਟੇਟ ਕਮੇਟੀ ਦੇ ਫੈਸਲੇ ਅਨੁਸਾਰ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕਰਦਿਆਂ ਪੈਨਸ਼ਨਰਾਂ ਵੱਲੋਂ 28 ਅਕਤੂਬਰ ਨੂੰ ਤਰਨਤਾਰਨ ਜ਼ਿਮਨੀ ਚੋਣ ਵਿੱਚ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੈਨਸ਼ਨਰ 2 ਨਵੰਬਰ ਨੂੰ ਲੁਧਿਆਣਾ ਵਿੱਚ ਬਿਜਲੀ ਮੰਤਰੀ ਵਿਰੁੱਧ ਰੋਸ ਪ੍ਰਦਰਸ਼ਨ ਤੇ ਝੰਡਾ ਮਾਰਚ ਕਰਨਗੇ ਅਤੇ 16 ਨਵੰਬਰ ਨੂੰ ਸੰਗਰੂਰ ਵਿੱਚ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਪੈਨਸ਼ਨਰ ਸ਼ਾਮਲ ਹੋਣਗੇ। ਮੀਟਿੰਗ ਵਿੱਚ ਮਹਿੰਦਰ ਪਾਲ ਸਿੰਘ ਸੁਚੇਤਗੜ੍ਹ, ਬਾਵਾ ਸਿੰਘ ਠੀਕਰੀਵਾਲ, ਨਿਰਮਲ ਸਿੰਘ ਬਸਰਾ, ਹਰਕਿਰਪਾਲ ਸਿੰਘ ਸੋਹਲ, ਸੁਰਜੀਤ ਸਿੰਘ ਰਿਆੜ, ਕੁਲਵੰਤ ਸਿੰਘ ਧਾਰੀਵਾਲ, ਪਿਆਰਾ ਸਿੰਘ ਭਾਮੜੀ, ਪਰਮਜੀਤ ਸਿੰਘ ਕੋਟ, ਗੁਰਮੇਜ ਸਿੰਘ ਬੁੱਟਰ, ਤਰਸੇਮ ਸਿੰਘ ਅਠਵਾਲ, ਸਤਨਾਮ ਸਿੰਘ, ਰਾਮ ਲੁਭਾਇਆ, ਰਵੇਲ ਸਿੰਘ ਕਲੇਰ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

# ਤਰਨਤਾਰਨ ਜ਼ਿਮਨੀ ਚੋਣ ਨੂੰ ਲੈ ਕੇ ਬਲਬੀਰ ਸਿੰਘ ਸਿੱਧੂ ਵੱਲੋਂ ਕਾਂਗਰਸੀ ਵਰਕਰਾਂ ਨਾਲ ਮੀਟਿੰਗ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਾਂਗਰਸ ਦੇ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਹਲਕਾ ਤਾਰਨ ਵਿੱਚ ਚੱਲ ਰਹੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਨੂੰ ਲੈ ਕੇ ਚੋਣ ਦਫ਼ਤਰ ਝਬਾਲ ਵਿਖੇ ਇਲਾਕੇ ਦੇ ਕਾਂਗਰਸੀ ਆਗੂਆਂ ਨਾਲ ਮੀਟਿੰਗ ਕਰਕੇ ਸਲਾਹ ਮਸ਼ਵਰਾ ਕੀਤਾ ਅਤੇ ਵਰਕਰਾਂ ਨੂੰ ਕਾਂਗਰਸ ਦੇ ਹੱਕ ਵਿੱਚ ਲਾਮਬੰਦ ਕੀਤਾ।ਇਸ ਸਮੇਂ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਹਲਕੇ ਵਿੱਚ ਲੋਕਾਂ ਦਾ ਉਤਸ਼ਾਹ ਵੇਖ ਕੇ ਸਪੱਸ਼ਟ ਹੋ ਗਿਆ ਕਿ ਕਾਂਗਰਸ ਪਾਰਟੀ ਲਗਾਤਾਰ ਜਿੱਤ ਵੱਲ ਵਧ ਰਹੀ ਹੈ ਜਿਸ ਲਈ ਵੱਖ- ਵੱਖ ਪਿੰਡਾਂ ਦੇ ਲੋਕ ਪੂਰੀ ਸਰਗਰਮੀ ਵਿਖਾ ਰਹੇ ਹਨ।ਇਸ ਸਮੇਂ ਗੁਰਨਾਮ ਸਿੰਘ ਧੁੰਨਾ, ਸਾਬਕਾ ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਾਬਕਾ ਸਰਪੰਚ ਪ੍ਰਗਟ ਸਿੰਘ, ਬਰਜਿੰਦਰ ਸਿੰਘ, ਇੰਦਰਜੀਤ ਸਿੰਘ ਲਾਲੀ, ਮੈਂਬਰ ਹਰਮਿੰਦਰ ਸਿੰਘ, ਮਨਜੀਤ ਸਿੰਘ ਕੇਬਲ ਵਾਲਾ ਅਤੇ ਸੁਖਵਿੰਦਰ ਸਿੰਘ ਬਿੱਟੂ ਆਦਿ ਹਾਜ਼ਰ ਸਨ।

# ਡੀ ਆਰ ਹੈਰੀਟੇਜ ਪਬਲਿਕ ਸਕੂਲ 'ਚ ਵਿਦਿਆਰਥੀਆਂ ਨੇ ਮਨਾਈ ਰੌਸ਼ਨੀ ਭਰਪੂਰ ਦਿਵਾਲੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਡੀ. ਆਰ. ਹੈਰੀਟੇਜ ਸਕੂਲ ਬਟਾਲਾ ਵਿਖੇ ਦਿਵਾਲੀ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਸਕੂਲ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ, ਸਮੂਹ ਅਧਿਆਪਕ ਅਤੇ ਵਿਦਿਆਰਥੀ ਸ਼ਾਮਿਲ ਸਨ ।ਇਸ ਮੌਕੇ ਵਿਦਿਆਰਥੀਆਂ ਨੂੰ ਦਿਵਾਲੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ।ਵਿਦਿਆਰਥੀਆਂ ਵੱਲੋਂ ਦਿਵਾਲੀ ਨਾਲ ਸਬੰਧਤ ਸਜਾਵਟੀ ਸਾਮਾਨ ਤਿਆਰ ਕੀਤਾ ਗਿਆ।ਇਸ ਮੌਕੇ ਹਾਊਸ ਵਾਈਜ਼ ਰੰਗੋਲੀ ਪ੍ਰਤੀਯੋਗਤਾ ਵੀ ਕਰਵਾਈ ਗਈ, ਜਿਸ ਵਿੱਚ ਰੈੱਡ, ਯੈਲੋ, ਗਰੀਨ ਅਤੇ ਆਰੇਂਜ ਹਾਊਸ ਦੇ ਵਿਦਿਆਰਥੀਆਂ ਨੇ ਹਿੱਸਾ



ਲਿਆ।ਸਕੂਲ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣੀ ਚਾਹੀਦੀ ਹੈ ਕਿਉਂਕਿ ਪਟਾਕਿਆਂ ਦਾ ਧੂੰਆਂ ਸਾਡੇ ਵਾਤਾਵਰਣ ਨੂੰ ਦੂਸ਼ਿਤ ਕਰਦਾ ਹੈ ।ਉਨ੍ਹਾਂ ਨੇ ਸਭ ਨੂੰ ਪ੍ਰਕਿਰਤੀ ਮਿੱਤਰ ਦਿਵਾਲੀ ਮਨਾਉਣ ਦਾ ਸੰਦੇਸ਼ ਦਿੱਤਾ।ਪ੍ਰਿੰਸੀਪਲ ਵੱਲੋਂ ਸਭ ਨੂੰ ਦਿਵਾਲੀ ਦੇ ਤਿਉਹਰ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

# ਹਰਚੋਵਾਲ ਚੌਕ 'ਚ ਮਿੱਟੀ ਦੇ ਟਿੱਪਰਾਂ ਕਾਰਨ ਦੁਕਾਨਦਾਰਾਂ ਦਾ ਹੋ ਰਿਹਾ ਨੁਕਸਾਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਹਰਚੋਵਾਲ ਚੌਕ ਤੋਂ ਡੱਲਾ ਮੋੜ ਤੱਕ ਕਰੀਬ ਡੇਢ ਸਾਲ ਤੋਂ ਸੜਕ ਬਣਨ ਦਾ ਕੰਮ ਚੱਲ ਰਿਹਾ ਹੈ ਅਤੇ ਇਹ ਸੜਕ ਬਣਨ ਦੀ ਰਫ਼ਤਾਰ ਬਹੁਤ ਢਿੱਲੀ ਚੱਲ ਰਹੀ ਹੈ। ਇਸ ਸੜਕ 'ਤੇ ਬੱਜਰੀ ਪਾਈ ਹੋਈ ਹੈ ਜਿਸ ਕਾਰਨ ਰੋਜ਼ਾਨਾ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਹੈ। ਵਾਹਨਾਂ ਨੂੰ ਵੀ ਭਾਰੀ ਨੁਕਸਾਨ ਪਹੁੰਚ ਰਿਹਾ ਹੈ ਪਰ ਪੀਡਬਲਿਊਡੀ ਮਹਿਕਮਾ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ। ਦੂਜੇ ਪਾਸੇ ਐਕਸਪ੍ਰੈੱਸ ਹਾਈਵੇ ਦਾ ਵੀ ਕੰਮ ਚੱਲ ਰਿਹਾ ਹੈ ਜਿਸ ਵਿਚ ਮਿੱਟੀ ਪਾਉਣ ਦਾ ਕੰਮ ਚੱਲ ਰਿਹਾ ਹੈ ਇਹ ਟਰੱਕ ਦਿਨ ਭਰ ਸੈਂਕੜੇ ਚੱਕਰ ਲਗਾਉਂਦੇ ਹਨ ਅਤੇ ਇਨ੍ਹਾਂ ਟਰੱਕਾਂ ਉਪਰ ਨਾ ਹੀ ਤਰਪਾਲਾਂ




ਪਾਈਆਂ ਹੁੰਦੀਆਂ ਹਨ ਅਤੇ ਨਾ ਇਹ ਚੌਕ ਵਿੱਚ ਹੌਲੀ ਰਫ਼ਤਾਰ ਨਾਲ ਜਾਂਦੇ ਹਨ ਅਤੇ ਜਿਸ ਕਾਰਨ ਦੁਕਾਨਦਾਰਾਂ 'ਤੇ ਵੱਡਾ ਅਸਰ ਪੈ ਰਿਹਾ ਹੈ। ਇਸ ਮੌਕੇ ਡਾਕਟਰ ਭੁਪਿੰਦਰ ਸਿੰਘ, ਜਗਤਾਰ ਸਿੰਘ ਖ਼ਾਲਸਾ, ਰਾਜਾ, ਪ੍ਰਦੀਪ ਕੁਮਾਰ ਆਦਿ ਵੱਲੋਂ ਹਰਚੋਵਾਲ ਚੌਕ 'ਚ ਮਿੱਟੀ ਦੇ ਟਿੱਪਰਾਂ ਨੂੰ ਖੜ੍ਹਾ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਦੁਕਾਨਦਾਰਾਂ ਵੱਲੋਂ ਸਖ਼ਤ ਸ਼ਬਦਾਂ ਵਿੱਚ ਪੀਡਬਲਿਊਡੀ ਮਹਿਕਮੇ ਅਤੇ ਮਿੱਟੀ ਦੇ ਟਿੱਪਰਾਂ ਨੂੰ ਹਦਾਇਤ ਕੀਤੀ ਗਈ ਕਿ ਜਦ ਤੱਕ ਸੜਕ ਨਹੀਂ ਬਣਦੀ ਉਦੋਂ ਤੱਕ ਇਸ ਰੋਡ 'ਤੇ ਟਿੱਪਰਾਂ ਨੂੰ ਨਹੀਂ ਚੜ੍ਹਨ ਦਿੱਤਾ ਜਾਵੇਗਾ।ਇਸ ਮੌਕੇ ਅਜੀਤ ਸਿੰਘ, ਵਿਜੇ ਕੁਮਾਰ, ਬੌਬੀ ਸੁਨਿਆਰਾ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਅਤੇ ਪ੍ਰਕਾਸ਼ ਚੰਦ ਆਦਿ ਹਾਜ਼ਰ ਸਨ।

# ਕੋਹਾਲ ਬਰਾਦਰੀ ਦੀ ਸਾਲਾਨਾ ਮੇਲ ਅੱਜ



**ਪਠਾਨਕੋਟ (ਦਵਿੰਦਰ ਸਿੰਘ)**- ਕੋਹਾਲ ਬਿਰਾਦਰੀ ਦੀ ਸਾਲਾਨਾ ਮੇਲ 26 ਅਕਤੂਬਰ ਐਤਵਾਰ ਨੂੰ ਪਿੰਡ ਕਾਨਪੁਰ, ਪਠਾਨਕੋਟ ਵਿੱਚ ਮਨਾਈ ਜਾ ਰਹੀ ਹੈ।ਇਸ ਵਿੱਚ ਪਰਿਵਾਰ ਸਮੇਤ ਸਾਰੀ ਕੋਹਾਲ ਬਰਾਦਰੀ ਨੂੰ ਸੱਦਾ ਦਿੱਤਾ ਜਾਂਦਾ ਹੈ।ਕੋਹਾਲ ਬਰਾਦਰੀ ਦੇ ਸਰਪ੍ਰਸਤ ਅਤੇ ਪੰਚਾਇਤ ਸਕੱਤਰ ਠਾਕੁਰ ਬਲਵੰਤ ਸਿੰਘ ਨੇ ਇਹ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਮੌਕੇ 'ਤੇ ਸਵੇਰੇ ਵਿਧੀਵਤ ਪੂਜਾ ਅਰਚਨਾ ਨਾਲ ਹਵਨ, ਸਤਿਸੰਗ ਅਤੇ ਇਸ ਤੋਂ ਬਾਅਦ ਭੰਡਾਰੇ ਦਾ ਆਯੋਜਨ ਕੀਤਾ ਜਾਵੇਗਾ। ਸਾਰੀ ਬਰਾਦਰੀ ਦੇ ਮੈਂਬਰਾਂ ਨੂੰ ਬੇਨਤੀ ਹੈ ਕਿ ਸਮੇਂ 'ਤੇ ਪਹੁੰਚ ਕੇ ਜਠੇਰਿਆਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਲੰਗਰ ਛਕ ਕੇ ਇਸ ਸਮਾਰੋਹ ਨੂੰ ਕਾਮਯਾਬ ਬਣਾਉਣ।ਤੁਹਾਡੀ ਹਾਜ਼ਰੀ ਨਾਲ ਬਿਰਾਦਰੀ ਦੀ ਏਕਤਾ ਅਤੇ ਸਮਰਪਣ ਦਾ ਭਾਵ ਹੋਰ ਮਜ਼ਬੂਤ ਹੋਵੇਗਾ।

# ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਬਟਾਲਾ-1 ਦਾ ਸ਼ਾਨਦਾਰ ਆਗਾਜ਼

**ਬਟਾਲਾ (ਡਾ. ਮਲਵਿੰਦਰ ਸਿੰਘ)**- ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਗੁਰਦਾਸਪੁਰ ਪਰਮਜੀਤ ਦੀ ਅਗਵਾਈ ਹੇਠ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਅਨਿਲ ਸ਼ਰਮਾ ਦੇ ਸਹਿਯੋਗ ਨਾਲ ਸਰਕਾਰੀ ਸੀਨੀ: ਸੈਕੰ: ਸਮਾਰਟ ਸਕੂਲ ਜੈਤੋਸਰਜਾ ਦੇ ਖੇਡ ਮੈਦਾਨ ਵਿਖੇ ਬਲਾਕ ਬਟਾਲਾ -1 ਦੀਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਦਾ ਸ਼ਾਨਦਾਰ ਆਗਾਜ਼ ਹੋਇਆ ਜਿਸ ਵਿੱਚ ਪ੍ਰਿੰ. ਜਸਬੀਰ ਕੌਰ ਵੱਲੋਂ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਕੇ ਖਿਡਾਰੀਆਂ ਤੇ ਹਾਜ਼ਰ ਅਧਿਆਪਕਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ।ਇਸ ਦੌਰਾਨ ਪ੍ਰਿੰ. ਜਸਬੀਰ ਕੌਰ ਨੇ ਕਿਹਾ ਕਿ ਖੇਡਾਂ ਦਾ ਵਿਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਸਥਾਨ ਹੈ ਅਤੇ ਇਹ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਦੀਆਂ ਹਨ।ਇਸ ਮੌਕੇ ਬੀਪੀਈਓ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਸਮਾਂ ਸਾਰਣੀ ਤੇ ਅਮਲ ਕਰਦੇ ਹੋਏ ਉਨ੍ਹਾਂ ਵੱਲੋਂ ਬਲਾਕ ਬਟਾਲਾ -1 ਦੇ ਪ੍ਰਾਇਮਰੀ ਸਕੂਲਾਂ ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ।ਇਨ੍ਹਾਂ ਖੇਡਾਂ ਵਿੱਚ ਕਲੱਸਟਰ ਪੱਧਰ 'ਤੇ ਜੇਤੂ ਬੱਚੇ ਭਾਗ ਲੈ ਰਹੇ ਹਨ।ਅੱਜ ਐਥਲੈਟਿਕਸ , ਕੁਸ਼ਤੀ, ਸ਼ਾਟ-ਪੁੱਟ, ਬੈਡਮਿੰਟਨ, ਲੰਬੀ ਛਾਲ, ਰਿਲੇਅ ਦੌੜ, ਹੈਂਡਬਾਲ, ਯੋਗਾ, ਸ਼ਤਰੰਜ ਆਦਿ ਮੁਕਾਬਲੇ ਕਰਵਾਏ ਗਏ। ਰਾਮ ਸਿੰਘ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ



ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਸਤਨਾਮ ਸਿੰਘ, ਇਕਬਾਲ ਸਿੰਘ, ਬਲਾਕ ਸਪੋਰਟਸ ਅਫ਼ਸਰ ਨਵਜੋਤ ਕੌਰ, ਸੈਂਟਰ ਮੁੱਖ ਅਧਿਆਪਕ ਹਰਪਿੰਦਰਪਾਲ ਕੌਰ, ਗੁਰਪ੍ਰਤਾਪ ਸਿੰਘ, ਅਮਰਜੀਤ ਕੌਰ, ਜਸਵਿੰਦਰ ਸਿੰਘ, ਅਮਨਦੀਪ ਕੌਰ, ਵਿਨੋਦ ਸ਼ਰਮਾ, ਜਸਪਾਲ ਸਿੰਘ ਕਾਹਲੋਂ, ਲਖਬੀਰ ਸਿੰਘ, ਸੁਖਦੇਵ ਸਿੰਘ, ਸੂਰਜ ਪ੍ਰਕਾਸ਼, ਅਜੈਪਾਲ ਸਿੰਘ, ਲੈਕਚਰਾਰ ਰਣਜੀਤ ਭਗਤ, ਪਰਮਿੰਦਰ ਸਿੰਘ ਡੀਪੀਈ, ਪੀਟੀ ਰਾਜ ਕੁਮਾਰ, ਨਵਜੀਤ ਸਿੰਘ ਡੀ. ਪੀ., ਰਮਨਦੀਪ ਸਿੰਘ ਡੀ. ਪੀ., ਹੈੱਡ ਟੀਚਰ ਭੁਪਿੰਦਰ ਸਿੰਘ, ਗਗਨਦੀਪ ਸਿੰਘ, ਰਾਮ ਸਿੰਘ, ਕੁਲਦੀਪ ਸਿੰਘ, ਜਤਿੰਦਰ ਸਿੰਘ, ਅਮਿਤ ਸਿੰਘ, ਸੰਜੀਵ ਵਰਮਾ, ਬਸੰਤ ਲਾਲ ਕੁੰਡਲ, ਰੂਪ ਕੌਰ, ਸੰਦੀਪ ਕੌਰ, ਕਮਲੇਸ਼ ਕੁਮਾਰੀ, ਜਸਪਾਲ ਸਿੰਘ, ਪਲਵਿੰਦਰ ਸਿੰਘ, ਸੁਖਦੇਵ ਸਿੰਘ, ਗੀਤਮ ਸ਼ਰਮਾ, ਪਰਮਜੀਤ ਕੌਰ, ਰਾਜਬੀਰ ਕੌਰ, ਰੇਖਾ, ਜਤਿੰਦਰ ਕੌਰ, ਪਰਮਜੀਤ ਕੌਰ, ਵਰਿੰਦਰ ਕੌਰ, ਪੁਸ਼ਪਜੀਤ ਕੌਰ ਅਤੇ ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਗੰਡੋਇਆਂ ਤੋਂ ਖਾਦ ਤਿਆਰ ਕਰਨ ਸਬੰਧੀ ਟ੍ਰੇਨਿੰਗ ਕੈਂਪ ਲਗਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੇ ਕਿਸਾਨ ਸਿਖਲਾਈ ਕੇਂਦਰ ਵਿਖੇ ਗੰਡੋਇਆਂ ਤੋਂ ਖਾਦ ਤਿਆਰ ਕਰਨ ਸਬੰਧੀ ਟ੍ਰੇਨਿੰਗ ਕੈਂਪ ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ—ਨਿਰਦੇਸ਼ਾਂ 'ਤੇ ਉਕਤ ਕੈਂਪ ਮੌਕੇ ਖਾਲਸਾ ਕਾਲਜ ਆਫ ਐਜੂਕੇਸ਼ਨ ਦੇ ਪਹਿਲੇ ਅਤੇ ਤੀਸਰੇ ਸਮੈਸਟਰ ਦੇ ਵਿਦਿਆਰਥੀਆਂ ਨੂੰ ਫੀਲਡ ਇੰਗੇਜਮੈਂਟ ਵਿਦ ਕਮਿਊਨਿਟੀ ਪ੍ਰੋਗਰਾਮ ਅਧੀਨ ਗੰਡੋਇਆਂ ਤੋਂ ਖਾਦ ਤਿਆਰ ਕਰਨ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ।ਇਸ ਸਬੰਧੀ ਪ੍ਰਿੰ: ਡਾ. ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀਬਾੜੀ ਸੂਚਨਾ ਅਫਸਰ ਸ: ਜਸਵਿੰਦਰ ਸਿੰਘ ਭਾਟੀਆ ਨੇ ਉਕਤ ਕੋਰਸ ਦੌਰਾਨ ਖਾਦ ਤਿਆਰ ਕਰਨ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਉਣ ਦੇ ਨਾਲ-ਨਾਲ ਪ੍ਰੈਕਟੀਕਲ ਟ੍ਰੇਨਿੰਗ ਵੀ ਦਿੱਤੀ।ਉਨ੍ਹਾਂ ਕਿਹਾ ਕਿ ਇਸ ਮੌਕੇ ਸ: ਭਾਟੀਆ ਵੱਲੋਂ ਵਿਦਿਆਰਥੀਆਂ ਨੂੰ ਵਰਮੀਕੰਪੋਸਟ ਯੂਨਿਟ ਦਾ ਵੀ ਦੌਰਾ ਕਰਵਾਇਆ ਗਿਆ।ਇਸ ਮੌਕੇ ਡਾ. ਰਿਤੂ ਅਰੋੜਾ ਨੇ ਕਿਹਾ ਕਿ ਫੀਲਡ ਇੰਗੇਜਮੈਂਟ ਵਿਦ ਕਮਿਊਨਿਟ. ਪ੍ਰੋਗਰਾਮ ਬੀ. ਐੱਡ. ਕੋਰਸ ਦੇ ਕਰੀਕੁਲਮ ਦਾ ਇਕ ਅਹਿਮ ਹਿੱਸਾ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਥਿਊਰੀ ਦੇ ਨਾਲ—ਨਾਲ ਪ੍ਰੈਕਟੀਕਲ ਵੀ ਕਰਵਾਇਆ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ ਸਮਾਜ 'ਚ ਮੌਜੂਦ ਸੰਪਰਦਾਇਕ ਢਾਂਚੇ 'ਚ ਵਿਚਰਨਾ ਅਤੇ ਕੰਮ ਕਰਨਾ ਵੀ ਸਿਖਾਉਂਦਾ ਹੈ।

# ਰਾਜਾ ਵੜਿੰਗ ਤੇ ਕਰਨਬੀਰ ਸਿੰਘ ਬੁਰਜ ਵੱਲੋਂ ਕਾਂਗਰਸੀ ਵਰਕਰਾਂ ਦੀ ਲਾਮਬੰਦੀ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਜ਼ਿਮਨੀ ਚੋਣ ਨੂੰ ਲੈ ਕੇ ਲਗਾਤਾਰ ਤਰਨ ਤਾਰਨ ਦਾ ਦੌਰਾ ਕਰ ਰਹੇ ਹਨ।ਮੁਰਾਦਪੁਰ ਖੁਰਦ 'ਚ ਬਲਜੀਤ ਸਿੰਘ ਦੇ ਘਰ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਕਿਹਾ ਕਿ ਔਰਤਾਂ ਪਹਿਲਾਂ ਹੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ 1,000 ਰੁਪਏ ਦੇ ਵਾਅਦੇ ਨਾਲ ਠਗਿਆ ਮਹਿਸੂਸ ਕਰ ਰਹੀਆਂ ਹਨ।ਵੜਿੰਗ ਨੇ ਕਿਹਾ ਕਿ ਆਪ ਨੈਤਿਕ ਤੌਰ 'ਤੇ ਉਨ੍ਹਾਂ ਔਰਤਾਂ ਨੂੰ ਪਿਛਲੇ ਚਾਰ ਸਾਲਾਂ ਦਾ ਬਕਾਇਆ ਭੱਤਾ ਦੇਣ ਲਈ ਵੀ ਪਾਬੰਦ ਹੈ ਜਿਨ੍ਹਾਂ ਨੇ 1000 ਰੁਪਏ ਮਹੀਨਾਵਾਰ ਭੱਤਾ ਦੇਣ ਦੇ ਵਾਅਦੇ ਕਾਰਨ ਪਾਰਟੀ



ਨੂੰ ਵੋਟ ਦਿੱਤੀ ਸੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੋਚਦੀ ਹੈ ਕਿ ਉਹ ਆਪਣੇ ਕਾਰਜਕਾਲ ਦੇ ਅੰਤ 'ਤੇ ਖੋਖਲੇ ਵਾਅਦੇ ਕਰਕੇ ਸੂਬੇ ਦੇ ਲੋਕਾਂ, ਖਾਸ ਕਰਕੇ ਔਰਤਾਂ ਨੂੰ ਦੁਬਾਰਾ ਧੋਖਾ ਦੇ ਸਕਦੀ ਹੈ ਤਾਂ ਇਹ ਇੱਕ ਵੱਡੀ ਗਲਤੀ ਹੈ।ਇਸ ਮੌਕੇ ਸਾਬਕਾ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਅਤੇ ਸੰਤੋਖ ਸਿੰਘ ਭਲਾਈਪੁਰ ਆਦਿ ਮੌਜੂਦ ਸਨ।

# ਪ੍ਰਤਾਪ ਵਰਲਡ ਸਕੂਲ ਨੇ ਕ੍ਰਿਕਟ ਟੂਰਨਾਮੈਂਟ 'ਚ ਜਿੱਤਿਆ ਸੋਨੇ ਦਾ ਤਮਗਾ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੇ ਇਕ ਵਾਰ ਫਿਰ ਖੇਡਾਂ ਦੇ ਖੇਤਰ ਵਿੱਚ ਆਪਣੀ ਸਰਦਾਰੀ ਕਾਇਮ ਕੀਤੀ ਹੈ।ਅੰਡਰ-14 ਕ੍ਰਿਕਟ ਟੀਮ ਨੇ ਜ਼ਿਲ੍ਹਾ ਸਕੂਲ ਖੇਡਾਂ ਦੇ ਕ੍ਰਿਕਟ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ



ਕਰਦੇ ਹੋਏ ਸੋਨੇ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਗੇਂਦਬਾਜ਼ੀ ਦੀ ਅਗਵਾਈ ਅਫ਼ਰਾਨ ਨੇ ਕੀਤੀ, ਜਿਸ ਨੇ ਬੇਹਤਰੀਨ ਪ੍ਰਦਰਸ਼ਨ ਕਰਦੇ ਹੋਏ 3 ਓਵਰਾਂ ਵਿੱਚ ਸਿਰਫ਼ 6 ਰਨ ਦੇ ਕੇ 4 ਵਿਕਟਾਂ ਹਾਸਲ ਕੀਤੀਆਂ।ਟਾਰਗੈੱਟ ਦਾ ਪਿੱਛਾ ਕਰਦੇ ਹੋਏ, ਦਬਾਅ ਹੇਠ ਵੀ ਸ਼ਾਨਦਾਰ ਸੰਜਮ ਦਿਖਾਇਆ ਅਤੇ 10.4 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ ਤੇ ਜਿੱਤ ਹਾਸਲ ਕਰ ਲਈ। ਬੱਲੇਬਾਜ਼ੀ ਵਿੱਚ ਅਦਨਾਨ (18 ਰਨ 18 ਗੇਂਦਾਂ ਤੇ), ਸਮਾਕਸ਼ (12 ਰਨ 13 ਗੇਂਦਾਂ 'ਤੇ) ਅਤੇ ਅਫ਼ਰਾਨ (9 ਰਨ 6 ਗੇਂਦਾਂ 'ਤੇ) ਦੇ ਯੋਗਦਾਨ ਨਾਲ ਟੀਮ ਨੇ 2 ਵਿਕਟਾਂ ਨਾਲ ਰੋਮਾਂਚਕ ਜਿੱਤ ਦਰਜ ਕੀਤੀ।ਸੰਨੀ ਮਹਾਜਨ, ਡਾਇਰੈਕਟਰ, ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਨੌਜਵਾਨ ਕ੍ਰਿਕਟਰਾਂ ਨੇ ਆਪਣੀ ਮਿਹਨਤ ਅਤੇ ਖੇਡ ਭਾਵਨਾ ਨਾਲ ਇੱਕ ਵਾਰ ਫਿਰ ਸਾਨੂੰ ਮਾਣ ਮਹਿਸੂਸ ਕਰਵਾਇਆ ਹੈ।ਇਹ ਜਿੱਤ ਸਾਡੇ ਸਕੂਲ ਦੀ ਮਜ਼ਬੂਤ ਖੇਡ ਸਭਿਆਚਾਰ ਅਤੇ ਉਚ ਪੱਧਰੀ ਟ੍ਰੇਨਿੰਗ ਸੰਰਚਨਾ ਦਾ ਸਬੂਤ ਹੈ।ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਆਪਣੀ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅੰਡਰ-14 ਟੀਮ ਦਾ ਪ੍ਰਦਰਸ਼ਨ ਬਹੁਤ ਹੀ ਪ੍ਰੇਰਨਾਦਾਇਕ ਰਿਹਾ ਹੈ। ਉਨ੍ਹਾਂ ਦੀ ਅਨੁਸ਼ਾਸਨ, ਟੀਮ ਸਪਿਰਟ ਅਤੇ ਦ੍ਰਿੜਤਾ ਪ੍ਰਤਾਪ ਵਰਲਡ ਸਕੂਲ ਦੀ ਅਸਲ ਪਹਿਚਾਣ ਹੈ।

# ਸੁਰਿੰਦਰਪਾਲ ਸਿੰਘ ਨੇ ਬਤੌਰ ਐੱਸ ਐੱਚ ਓ ਚਾਰਜ ਸੰਭਾਲਿਆ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਥਾਣਾ ਫਤਿਹਗੜ੍ਹ ਚੂੜੀਆਂ ਵਿਖੇ ਨਿਯੁਕਤ ਕੀਤੇ ਗਏ ਨਵੇਂ ਐੱਸਐੱਚਓ ਸੁਰਿੰਦਰਪਾਲ ਸਿੰਘ ਨੇ ਆਪਣਾ ਚਾਰਜ ਸੰਭਾਲ ਕੇ ਕੰਮਕਾਜ ਸ਼ੁਰੂ ਕਰ ਦਿੱਤਾ ਹੈ।ਇਸ ਮੌਕੇ ਨਵ ਨਿਯੁਕਤ ਐੱਸਐੱਚਓ ਸੁਰਿੰਦਰਪਾਲ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਜੁਰਮ ਨੂੰ ਠੱਲ੍ਹ ਪਾਉਣ ਲਈ ਲੋਕਾਂ ਅਤੇ ਪੁਲਸ ਦਾ ਆਪਸੀ ਤਾਲਮੇਲ ਹੋਣਾ ਜ਼ਰੂਰੀ ਹੈ ਤਾਂ ਹੀ ਭੈੜੇ ਅਨਸਰਾਂ ਨੂੰ ਨੱਪਿਆ ਜਾ ਸਕਦਾ।ਉਨ੍ਹਾਂ ਕਿਹਾ ਕਿ ਉਹ ਅੱਜ ਤੋਂ ਹੀ ਆਪਣੀ ਟੀਮ ਦੇ ਨਾਲ ਇਲਾਕੇ 'ਚ ਕ੍ਰਾਈਮ ਦੇ ਵਿਰੁੱਧ ਕੰਮ ਸ਼ੁਰੂ ਕਰ ਦੇਣਗੇ।ਇਸ ਮੌਕੇ ਐੱਸਆਈ ਬਲਜੀਤ ਸਿੰਘ, ਏਐੱਸਆਈ ਬੂਟਾ ਸਿੰਘ ਚੀਮਾ, ਏਐੱਸਆਈ ਰਵਿੰਦਰ ਸਿੰਘ, ਮੁਨਸ਼ੀ ਭੁਪਿੰਦਰ ਸਿੰਘ, ਅਮਰਜੀਤ ਸਿੰਘ ਅਤੇ ਜੋਬਨਜੀਤ ਸਿੰਘ ਆਦਿ ਹਾਜ਼ਰ ਸਨ।ਗੌਰਤਲਬ ਹੈ ਕਿ ਥਾਣਾ ਫਤਿਹਗੜ੍ਹ ਚੂੜੀਆਂ ਦੇ ਪਹਿਲੇ ਐੱਸਐੱਚਓ ਪ੍ਰਭਜੋਤ ਸਿੰਘ ਨੂੰ ਫਤਿਹਗੜ੍ਹ ਚੂੜੀਆਂ ਤੋਂ ਬਦਲ ਕੇ ਕਿਲਾ ਲਾਲ ਸਿੰਘ ਥਾਣੇ ਦਾ ਮੁਖੀ ਲਗਾਇਆ ਗਿਆ ਹੈ।



# ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਨੇ ਕਰਵਾਏ ਵੱਖ-ਵੱਖ ਮੁਕਾਬਲਿਆਂ 'ਚ ਮਾਰੀਆਂ ਸ਼ਾਨਦਾਰ ਮੱਲਾਂ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਜੀ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਵਧੀਆ ਪ੍ਰਦਰਸ਼ਨ ਕਰਦਿਆਂ ਹੋਇਆਂ ਆਪਣੇ ਸਕੂਲ ਦਾ ਨਾਂ ਰੋਸ਼ਨ ਕੀਤਾ।ਕੀਰਤਨ ਸਮਾਗਮ ਵਿੱਚ ਬੱਚਿਆਂ ਨੇ ਕੀਰਤਨ ਰਾਹੀਂ ਹਰ-ਜਸ ਤੇ ਕਵੀਸ਼ਰੀ ਰਾਹੀਂ ਇਤਿਹਾਸ ਸੁਣਾ ਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ।ਦਸਤਾਰ ਮੁਕਾਬਲੇ ਵਿੱਚੋਂ ਵਿਦਿਆਰਥੀਆਂ ਨੇ ਦੂਜਾ ਸਥਾਨ ਅਤੇ ਕੁਇਜ਼ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ। ਇਨ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਨਗਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਜੇਤੂ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਇਨ੍ਹਾਂ ਨੂੰ ਜ਼ਿੰਦਗੀ ਵਿੱਚ ਕਰੜੀ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ।

# ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਓਵਰਆਲ ਚੈਂਪੀਅਨ ਬਣਿਆ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਯੂਥ ਫੈਸਟੀਵਲ-2025 'ਚ ਵੱਖ-ਵੱਖ ਗਤੀਵਿਧੀਆਂ 'ਚ ਆਪਣੇ ਹੁਨਰ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਓਵਰਆਲ ਚੈਂਪੀਅਨ ਬਣ ਕੇ ਲਗਾਤਾਰ 14ਵੀਂ ਵਾਰ ਜਿੱਤ ਦਰਜ ਕਰਵਾਈ ਹੈ।ਇਸ ਸਬੰਧੀ ਕਾਲਜ ਪ੍ਰਿੰਸੀਪਲ



ਡਾ. ਲਕਸ਼ਮੀ ਮਲਹੋਤਰਾ ਨੇ ਉਕਤ ਮੁਕਾਬਲੇਬਾਜ਼ੀ 'ਚ ਵਧੀਆ ਮੁਜ਼ਾਹਰਾ ਕਰਨ ਲਈ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੱਖ-ਵੱਖ ਸਰਗਰਮੀਆਂ 'ਚ ਬੇਮਿਸਾਲ ਪ੍ਰਤਿਭਾ, ਸਮਰਪਣ ਅਤੇ ਟੀਮ ਵਰਕ ਦੇ ਪ੍ਰਦਰਸ਼ਨ ਕਾਰਨ ਗਿੱਧੇ 'ਚ ਪਹਿਲਾ, ਭਾਸ਼ਣ 'ਚ ਦੂਜਾ, ਥੀਏਟਰ 'ਚ ਦੂਜਾ, ਮਿਮਿਕਰੀ 'ਚ ਦੂਜਾ, ਕੋਲਾਜ 'ਚ ਦੂਜਾ ਅਤੇ ਫੁਲਕਾਰੀ 'ਚ ਦੂਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ।ਇਸ ਮੌਕੇ ਉਨ੍ਹਾਂ ਨੇ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਨਿਰੰਤਰ ਪ੍ਰੇਰਣਾ, ਮਾਰਗਦਰਸ਼ਨ, ਵਿਦਿਅਕ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ 'ਚ ਉਤਮਤਾ ਨੂੰ ਉਤਸ਼ਾਹਿਤ ਕਰਨ ਲਈ ਦਿੱਤੇ ਜਾਂਦੇ ਸਹਿਯੋਗ ਅਤੇ ਵਚਨਬੱਧਤਾ ਲਈ ਧੰਨਵਾਦ ਕੀਤਾ।ਉਨ੍ਹਾਂ ਸਮੂਹ ਜੇਤੂਆਂ ਦੀ ਜਿੱਤ ਸਿਹਰਾ ਸਬੰਧਿਤ ਅਧਿਆਪਕਾਂ ਦੁਆਰਾ ਕਰਵਾਈ ਗਈ ਅਣਥੱਕ ਮਿਹਨਤ ਨੂੰ ਦਿੰਦਿਆਂ ਸ਼ਲਾਘਾਯੋਗ ਪ੍ਰਦਰਸ਼ਨ ਸਬੰਧੀ ਵਧਾਈ ਦਿੱਤੀ, ਜਿਸ ਕਾਰਨ ਉਕਤ ਸ਼ਾਨਦਾਰ ਪ੍ਰਾਪਤੀ ਹਾਸਲ ਹੋਈ ਹੈ।

# ਹਲਕਾ ਤਰਨਤਾਰਨ ਦੇ ਵੀਹ ਪਿੰਡਾਂ 'ਚ ਬਣਨਗੇ ਮਾਡਲ ਖੇਡ ਮੈਦਾਨ : ਹਰਮੀਤ ਸਿੰਘ ਸੰਧੂ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪੇਂਡੂ ਪੁਨਰ ਸੁਰਜੀਤੀ ਪ੍ਰੋਜੈਕਟ ਰਾਹੀਂ ਪੇਂਡੂ ਪਰਿਵਰਤਨ ਵੱਲ ਇਤਿਹਾਸਕ ਕਦਮ ਚੁੱਕਣ ਲਈ ਸ਼ਲਾਘਾ ਕੀਤੀ, ਜਿਸ ਤਹਿਤ ਰਾਜ ਭਰ ਵਿੱਚ 3,100 ਮਾਡਲ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।ਪ੍ਰੋਜੈਕਟ ਦੇ ਪੈਮਾਨੇ ਅਤੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ ਸੰਧੂ ਨੇ ਕਿਹਾ ਕਿ 1,194 ਕਰੋੜ ਦੀ ਪਹਿਲਕਦਮੀ ਦਾ ਉਦੇਸ਼ ਖੇਡਾਂ, ਨੌਜਵਾਨਾਂ ਦੀ ਸ਼ਮੂਲੀਅਤ



ਅਤੇ ਨਸ਼ਿਆਂ ਦੀ ਰੋਕਥਾਮ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਇੱਕ ਜੀਵੰਤ, ਭਾਈਚਾਰਕ-ਸੰਚਾਲਿਤ ਪੰਜਾਬ ਨੂੰ ਉਤਸ਼ਾਹਿਤ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਖੇਡ ਮੈਦਾਨ ਬਣਾਉਣ ਬਾਰੇ ਨਹੀਂ ਹੈ, ਇਹ ਸਾਡੇ ਬੱਚਿਆਂ ਨੂੰ ਇੱਕ ਸਿਹਤਮੰਦ ਭਵਿੱਖ, ਸਾਡੇ ਨੌਜਵਾਨਾਂ ਨੂੰ ਇੱਕ ਸਕਾਰਾਤਮਕ ਉਦੇਸ਼ ਅਤੇ ਸਾਡੇ ਪਿੰਡਾਂ ਨੂੰ ਮਾਣ ਦੀ ਭਾਵਨਾ ਦੇਣ ਬਾਰੇ ਹੈ।ਇਸ ਪ੍ਰੋਜੈਕਟ ਤਹਿਤ ਤਰਨਤਾਰਨ ਜ਼ਿਲ੍ਹੇ ਵਿੱਚ 138 ਮਾਡਲ ਖੇਡ ਮੈਦਾਨ ਬਣਾਏ ਜਾਣਗੇ, ਜਿਸ ਨਾਲ ਹਰ ਵੱਡੇ ਬਲਾਕ ਨੂੰ ਲਾਭ ਹੋਵੇਗਾ।ਤਰਨਤਾਰਨ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ 20 ਖੇਡ ਮੈਦਾਨ ਹੋਣਗੇ।ਸੰਧੂ ਨੇ ਕਿਹਾ ਕਿ ਇਹ 138 ਆਧੁਨਿਕ ਖੇਡ ਮੈਦਾਨ, ਜਿਨ੍ਹਾਂ ਵਿੱਚ ਤਰਨਤਾਰਨ ਹਲਕੇ ਦੇ 20 ਸ਼ਾਮਲ ਹਨ, ਪੇਂਡੂ ਨੌਜਵਾਨਾਂ ਨੂੰ ਲਾਭ ਪਹੁੰਚਾਉਣ ਵਾਲਾ ਇੱਕ ਵੱਡਾ ਵਿਕਾਸ ਹੋਵੇਗਾ।ਬੱਚਿਆਂ ਲਈ ਸਮਾਵੇਸ਼ੀ ਖੇਡ ਖੇਤਰਾਂ ਅਤੇ ਔਰਤਾਂ ਲਈ ਪਖਾਨਿਆਂ ਤੋਂ ਲੈ ਕੇ ਸ਼ਾਮ ਦੇ ਖੇਡ ਲਈ ਫਲੱਡ ਲਾਈਟਾਂ ਵਾਲੀਆਂ ਸਹੂਲਤਾਂ ਅਤੇ ਫੁੱਟਬਾਲ ਅਤੇ ਵਾਲੀਬਾਲ ਲਈ ਬੁਨਿਆਦੀ ਢਾਂਚੇ ਤੱਕ, ਹਰ ਵੇਰਵਾ ਮਾਨ ਸਰਕਾਰ ਦੀ ਸਮਾਵੇਸ਼ੀ, ਸੁਰੱਖਿਆ ਅਤੇ ਭਾਈਚਾਰਕ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਹਰਮੀਤ ਸਿੰਘ ਸੰਧੂ ਨੇ ਤਰਨਤਾਰਨ ਦੇ ਲੋਕਾਂ ਨੂੰ 11 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਅੱਗੇ ਆਉਣ ਅਤੇ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

# ਵਿਧਾਇਕ ਸ਼ੈਰੀ ਕਲਸੀ ਨੇ ਲੋਕ ਮਿਲਣੀ 'ਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ

**ਬਟਾਲਾ (ਡਾ. ਮਲਵਿੰਦਰ ਸਿੰਘ)** ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਅੰਦਰ ਕਰੋੜਾ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਚੱਲ ਰਹੇ ਹਨ ਜਿਨ੍ਹਾਂ ਵਿੱਚ ਵੱਖ-ਵੱਖ



ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਦੇ ਕੰਮ, ਪਿੰਡਾਂ ਵਿੱਚ ਗੰਦੇ ਪਾਣੀ ਦੀ ਸਮੱਸਿਆਂ ਵਾਸਤੇ ਸੀਵਰੇਜ ਪਾਉਣ ਦੇ ਕੰਮ, ਖੇਡ ਮੈਦਾਨ ਤਿਆਰ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਬਟਾਲਾ ਵਿਖੇ ਲੋਕ ਮਿਲਣੀ ਦੌਰਾਨ ਉਨ੍ਹਾਂ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਹੈ। ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ ਅਤੇ ਖ਼ੂਬਸੂਰਤ ਦਿੱਖ ਵੀ ਦਿੱਤੀ ਗਈ ਹੈ।ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ।ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।

# ਮੁਸਲਿਮ ਜਮਾਤ ਅਹਿਮਦੀਆ ਦੀਆਂ ਸੰਸਥਾਵਾਂ ਦੇ ਸਾਲਾਨਾ ਸੰਮੇਲਨ ਸ਼ੁਰੂ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਮੁਸਲਿਮ ਜਮਾਤ ਅਹਿਮਦੀਆ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਮੁਸਲਿਮ ਜਮਾਤ ਅਹਿਮਦੀਆ ਦੀਆਂ ਸੰਸਥਾਵਾਂ ਦੇ ਸਾਲਾਨਾ ਸੰਮੇਲਨ ਆਰੰਭ ਹੋ ਗਏ ਹਨ। ਇਸ ਸੰਬੰਧ ਵਿੱਚ ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਮੌਲਾਨਾ ਕੇ ਤਾਰਿਕ ਅਹਿਮਦ ਵੱਲੋਂ ਜਾਰੀ ਪ੍ਰੈੱਸ ਰਿਲੀਜ਼





ਰਾਹੀਂ ਦੱਸਿਆ ਗਿਆ ਹੈ ਕਿ ਜਮਾਤ ਅਹਿਮਦੀਆ ਦੇ ਮਰਦਾਂ ਅਤੇ ਔਰਤਾਂ ਨੂੰ ਪੰਜ ਸੰਸਥਾਵਾਂ ਵਿੱਚ ਵੰਡਿਆ ਗਿਆ ਜਿਸ ਵਿੱਚ 40 ਸਾਲ ਤੋਂ ਉੱਪਰ ਦੇ ਮਰਦਾਂ ਦੀ ਸੰਸਥਾ ਮਜਲਿਸ ਅਨਸਾਰ ਉਲ੍ਹਾਹ ਹੈ। ਇਸੇ ਤਰ੍ਹਾਂ 15 ਸਾਲ ਤੋਂ ਉਪਰ ਦੇ ਨੌਜਵਾਨਾਂ ਦੀ ਸੰਸਥਾ ਮਜਲਿਸ ਖੁਦਾਮ ਉਲ ਅਹਿਮਦੀਆ ਹੈ ਅਤੇ 15 ਸਾਲ ਤੋਂ ਛੋਟੇ ਬੱਚਿਆਂ ਦੀ ਸੰਸਥਾ ਮਜਲਿਸ ਅਤਫਾਲ ਉਲ ਅਹਿਮਦੀਆ ਹੈ। ਔਰਤਾਂ ਦੀ 15 ਸਾਲ ਤੋਂ ਘੱਟ ਉਮਰ ਦੀ ਲੜਕੀਆਂ ਦੀ ਸੰਸਥਾ ਨਾਸਰਾਤ ਉਲ ਅਹਿਮਦੀਆ ਹੈ ਅਤੇ 15 ਸਾਲ ਤੋਂ ਉੱਪਰ ਦੀਆਂ ਔਰਤਾਂ ਦੀ ਸੰਸਥਾ ਦਾ ਨਾਂਅ ਲੱਜਨਾ ਇਮਾਉੱਲਾ ਹੈ। ਇਨ੍ਹਾਂ ਪੰਜੇ ਸੰਸਥਾਵਾਂ ਦੇ ਸਾਲਾਨਾ ਸੰਮੇਲਨ ਵੱਖ-ਵੱਖ ਪੰਡਾਲਾਂ ਵਿੱਚ ਆਯੋਜਿਤ ਹੋ ਰਹੇ ਹਨ। ਮਜਲਿਸ ਅਨਸਾਰ ਅਤੇ ਮਜਲਿਸ ਖੁਦਾਮ ਉੱਲ ਅਹਿਮਦੀਆ ਦਾ ਸਲਾਨਾ ਸੰਮੇਲਨ ਵੀ ਅਹਿਮਦੀਆ ਮੈਦਾਨ ਬੁਸਤਾਨੇ ਅਹਿਮਦ ਵਿਖੇ ਬੜੀ ਸ਼ਾਨੋ ਸ਼ੌਕਤ ਨਾਲ ਆਰੰਭ ਹੋਇਆ। ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਵਿੱਤਰ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਨਾਲ ਇਹ ਸੰਮੇਲਨ ਆਰੰਭ ਹੋਇਆ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਦੇ ਜਿੱਥੇ ਅਧਿਆਤਮਕ ਮੁਕਾਬਲੇ ਕਰਵਾਏ ਜਾ ਰਹੇ ਹਨ ਉਥੇ ਖੇਡਾਂ ਦੇ ਵੱਖ-ਵੱਖ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਇਨ੍ਹਾਂ ਸੰਸਥਾਵਾਂ ਦਾ ਮੁੱਖ ਮਕਸਦ ਮੁਸਲਿਮ ਜਮਾਤ ਅਹਿਮਦੀਆ ਦੇ ਨੌਜਵਾਨਾਂ ਨੂੰ ਅਤੇ ਬਾਕੀ ਮੈਂਬਰਾਂ ਵੱਲੋਂ ਸਾਰਾ ਸਾਲ ਦੇਸ਼ ਭਰ ਵਿੱਚ ਅਮਨ ਦੀ ਸਥਾਪਨਾ ਲਈ ਕੋਸ਼ਿਸ਼ਾਂ ਕਰਨਾ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਵੱਡੇ ਪੱਧਰ ਤੇ ਨਿਭਾਉਣਾ, ਦੇਸ਼ ਪ੍ਰੇਮ ਦੀ ਭਾਵਨਾ, ਖ਼ੂਨਦਾਨ ਕੈਂਪ ਲਾਉਣਾ, ਬੂਟੇ ਲਗਾਉਣਾ ਆਦਿ ਸ਼ਾਮਿਲ ਹਨ।

## ਲਾਲਾ ਕਸਤੂਰੀ ਲਾਲ ਸਕੂਲ 'ਚ ਸਿਹਤ ਜਾਗਰੂਕਤਾ ਪ੍ਰੋਗਰਾਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿੱਚ ਸਿਹਤ ਵਿਭਾਗ ਪੰਜਾਬ ਬਲਾਕ ਭਗਤਾ ਵੱਲੋਂ ਸਿਹਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਸ ਮੌਕੇ ਸ. ਬਲਵੀਰ ਸਿੰਘ (ਐੱਮ ਪੀ ਐੱਚ ਐੱਸ) ਤੇ ਸ. ਨਰਪਿੰਦਰ ਸਿੰਘ (ਐੱਮ ਪੀ ਡਬਲਯੂ ਨੇ ਸਮੂਹ ਬੱਚਿਆਂ ਤੇ ਸਟਾਫ਼ ਨੂੰ ਤੰਬਾਕੂ ਦੇ ਸੇਵਨ ਨਾਲ ਸਰੀਰ ਉੱਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ।ਉਨ੍ਹਾਂ ਬੱਚਿਆਂ ਨੂੰ ਤੰਬਾਕੂ ਤੇ ਨਸ਼ੇ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਤੇ ਸਿਹਤਮੰਦ ਜੀਵਨ ਜੀਉਣ ਲਈ ਸਾਫ਼-ਸੁਥਰੇ ਆਚਰਨ ਅਪਣਾਉਣ 'ਤੇ ਜ਼ੋਰ ਦਿੱਤਾ।ਇਸ ਤੋਂ ਇਲਾਵਾ ਮੱਛਰਾਂ ਤੋਂ ਬਚਾਅ ਲਈ ਸੁਰੱਖਿਆ ਉਪਾਇਆਂ ਜਿਵੇਂ ਕਿ ਪਾਣੀ ਦਾ ਜਮ੍ਹਾਂ ਨਾ ਹੋਣ ਦੇਣਾ, ਮੱਛਰਦਾਨੀ ਦੀ ਵਰਤੋਂ ਕਰਨੀ ਤੇ ਆਸ-ਪਾਸ ਦਾ ਵਾਤਾਵਰਨ ਸਾਫ਼ ਰੱਖਣਾ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਰਪਿੰਦਰ ਪਟਿਆਲ ਤੇ ਸਟਾਫ਼ ਮੈਂਬਰਾਂ ਨੇ ਸਿਹਤ ਵਿਭਾਗ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸ ਜਾਗਰੂਕਤਾ ਮੁਹਿੰਮ ਵਿੱਚ ਪੂਰਾ ਸਹਿਯੋਗ ਦਿੱਤਾ।

## ਦਸਮੇਸ਼ ਸਕੂਲ ਦੀ ਖਿਡਾਰਣ ਕਰਨਦੀਪ ਨੇ ਸਟੇਟ 'ਚੋਂ ਕਾਂਸੀ ਤਮਗਾ ਜਿੱਤਿਆ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਦਸਮੇਸ਼ ਕਾਨਵੈਂਟ ਸੀਨੀ. ਸੈਕੰ. ਸਕੂਲ ਦੀ ਵਿਦਿਆਰਥਣ ਕਰਨਦੀਪ ਕੌਰ ਸਪੁੱਤਰੀ ਸ੍ਰ: ਹਰਬੰਸ ਸਿੰਘ ਵਾਸੀ ਮੀਰਪੁਰ ਕਲਾਂ ਨੇ ਸਟੇਟ ਪੱਧਰੀ ਤਾਈਕਵਾਂਡੋ ਖੇਡਾਂ 'ਚ ਕਾਂਸੇ ਦਾ ਤਮਗਾ ਜਿੱਤ ਕੇ ਸਰਦੂਲਗੜ੍ਹ ਤੇ ਮਾਨਸਾ ਜ਼ਿਲ੍ਹੇ ਦਾ ਮਾਣ ਵਧਾਇਆ।ਸਕੂਲ ਵੱਲੋਂ ਕਰਨਦੀਪ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਪ੍ਰਿੰਸੀਪਲ ਪਰਮਿੰਦਰ ਕੌਰ ਸੰਧੂ ਨੇ ਕਿਹਾ ਕਿ ਸਕੂਲ ਸਮਾਗਮ 'ਤੇ ਕਰਨਦੀਪ ਨੂੰ ਸਨਮਾਨਤ ਕੀਤਾ ਜਾਵੇਗਾ।ਪ੍ਰਿੰਸੀਪਲ ਸੰਧੂ ਨੇ ਦੱਸਿਆ ਕਿ ਸਕੂਲ ਦੇ ਖਿਡਾਰੀਆਂ ਨੇ ਜ਼ੋਨ ਵਿੱਚ ਸਟੇਟ ਦੇ ਸਭ ਤੋਂ ਵੱਧ ਤਮਗੇ ਜਿੱਤੇ ਤੇ ਜ਼ਿਲ੍ਹਾ ਖੇਡਾਂ ਵਿੱਚ ਵੀ ਸਭ ਤੋਂ ਵੱਧ ਤਮਗੇ ਜਿੱਤ ਕੇ ਜ਼ਿਲ੍ਹਾ ਚੈਂਪੀਅਨ ਰਿਹਾ ਅਤੇ ਹੁਣ ਪਿਛਲੇ ਸਾਲਾਂ ਦੀ ਤਰ੍ਹਾਂ ਸਟੇਟ ਪੱਧਰ 'ਤੇ ਵੀ ਅਲੱਗ-ਅਲੱਗ ਖੇਡਾਂ ਵਿੱਚ ਦਸਮੇਸ਼ੀਅਨ 100 ਤੋਂ ਵੱਧ ਖਿਡਾਰੀ ਆਪਣੀ ਵਧੀਆ ਕਾਰਗੁਜ਼ਾਰੀ ਲਈ ਲਗਾਤਾਰ ਤਿਆਰੀ ਕਰ ਰਹੇ ਹਨ।ਉਨ੍ਹਾਂ ਖੇਡ ਕੋਚ, ਕਰਨਦੀਪ ਕੌਰ, ਪਿੰਡ ਵਾਸੀਆਂ, ਸਟਾਫ ਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਸ਼ਹਿਰ ਵਾਸੀਆਂ ਤੇ ਸਹਿਯੋਗੀਆਂ ਦਾ ਧੰਨਵਾਦ



**ਜਗਰਾਉਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ. 133) ਵੱਲੋਂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਨੇੜੇ ਮਿਊਂਸਪਲ ਕਮੇਟੀ ਜਗਰਾਉਂ ਵਿਖੇ ਗੁਰਦੁਆਰਾ ਰਾਮਗੜ੍ਹੀਆ ਪ੍ਰਬੰਧਕ ਕਮੇਟੀ ਤੇ ਵਿਸ਼ਵਕਰਮਾ ਵੈੱਲਫੇਅਰ ਸਭਾ ਸਾਂਝੀ ਸੁਸਾਇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਮੂਹ ਮੈਂਬਰਾਂ ਵੱਲੋਂ ਇਸ ਮੌਕੇ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ਵਕਰਮਾ ਵੈੱਲਫੇਅਰ ਸਭਾ ਸਾਂਝੀ ਸੁਸਾਇਟੀ, ਦ੍ਰਿਸ਼ਟਾਂਤ ਕਮੇਟੀ, ਸ਼ਿਵ ਸ਼ੰਕਰ ਕਮੇਟੀ, ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਬਾਂਕੇ ਲਾਲ ਗੁਪਤਾ ਸਕੂਟਰ ਐਸੋਸੀਏਸ਼ਨ, ਹਨੂਮਾਨ ਸੇਵਾ ਸਮਤੀ, ਮੋਟਰਿੰਗ ਵਾਕ ਕਲੱਬ, ਅਗਰਸੈਨ ਕਮੇਟੀ, ਵਿਸ਼ਕਰਮਾ ਵਿਦਿਅਕ ਭਲਾਈ ਲੋਕ ਸੰਸਥਾ, ਆਮ ਆਦਮੀ ਪਾਰਟੀ ਤੋਂ ਵਿਧਾਇਕ ਸਰਵਜੀਤ ਕੌਰ ਮਾਣੂਕੇ, ਬੀ ਜੇ ਪੀ ਤੋਂ ਜ਼ਿਲ੍ਹਾ ਪ੍ਰਧਾਨ ਡਾਕਟਰ ਰਾਜਿੰਦਰ ਸ਼ਰਮਾ, ਸ਼੍ਰੋਮਣੀ ਅਕਾਲੀ ਦਲ ਤੋਂ ਐੱਸ ਆਰ ਕਲੇਰ ਦਾ ਅਤੇ ਸ਼ਹਿਰ ਵਾਸੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ, ਪ੍ਰੈੱਸ ਸਕੱਤਰ ਹਰਨੇਕ ਸਿੰਘ ਸੋਹੀ ਨੇ ਕਿਹਾ ਕਿ ਸਵਰਗੀ ਸ੍ਰ. ਮਹਿੰਦਰ ਸਿੰਘ ਸੋਹੀ ਤੇ ਸ੍ਰ. ਕਰਮ ਸਿੰਘ ਜਗਦੇ ਪ੍ਰਧਾਨ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਦੇ ਅਸ਼ੀਰਵਾਦ ਸਦਕਾ ਅਸੀਂ ਇਹ ਦਿਨ ਪਿਛਲੇ ਕਈ ਸਾਲਾਂ ਤੋਂ ਮਨਾ ਰਹੇ ਹਾਂ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਜਨਰਲ ਸਕੱਤਰ ਠੇਕੇਦਾਰ ਅਮਰਜੀਤ ਸਿੰਘ ਘਟੌੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਮੀਤ ਪ੍ਰਧਾਨ ਠੇਕੇਦਾਰ ਬਹਾਦਰ ਸਿੰਘ ਕਮਾਲਪੁਰਾ, ਪ੍ਰੈੱਸ ਸਕੱਤਰ ਠੇਕੇਦਾਰ ਹਰਨੇਕ ਸਿੰਘ ਸੋਹੀ ਅਤੇ ਗੁਰਦੁਆਰਾ ਕਮੇਟੀ ਦੇ ਸਮੂਹ ਮੈਂਬਰ ਆਦਿ ਹਾਜ਼ਰ ਸਨ।

## ਡਾ. ਵਿਰਾਟ ਸਰੂਪ ਮਡਾਹਰ ਵੱਲੋਂ ਸ਼ਾਂਤੀ ਵਿੱਦਿਆ ਮੰਦਰ ਸਕੂਲ ਦਾ ਦੌਰਾ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਸ਼ਾਂਤੀ ਵਿੱਦਿਆ ਮੰਦਰ ਵਿੱਚ ਸਕੂਲ ਦੇ ਸਾਬਕਾ ਵਿਦਿਆਰਥੀ ਡਾ. ਵਿਰਾਟ ਸਰੂਪ ਮਡਾਹਰ (ਐੱਮ.ਬੀ.ਬੀ.ਐੱਸ., ਪੀ ਆਈ ਆਈ ਐੱਮ ਐੱਸ ਜਲੰਧਰ ਵਰਤਮਾਨ ਵਿੱਚ ਗੋਆ ਵਿੱਚ ਬਾਲ ਰੋਗ ਮਾਹਰ-ਐੱਮ.ਡੀ. ਪੀਡੀਆਟ੍ਰਿਕਸ ਦੀ ਪੜ੍ਹਾਈ ਕਰ ਰਹੇ ਹਨ) ਨੇ ਸਕੂਲ ਦਾ ਦੌਰਾ ਕੀਤਾ।ਆਪਣੇ ਪ੍ਰੇਰਨਾ ਦਾਇਕ ਸੰਬੋਧਨ ਵਿੱਚ ਉਨ੍ਹਾਂ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਤੇ ਭਵਿੱਖ ਦੀ ਤਿਆਰੀ ਲਈ ਉਤਸ਼ਾਹਤ ਕੀਤਾ।ਉਨ੍ਹਾਂ ਕਿਹਾ ਕਿ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਅਨੁਸ਼ਾਸਨ ਵਿੱਚ ਰਹਿਣਾ ਤੇ ਇੱਕ ਨਿਸ਼ਚਿਤ ਸਮਾਂ-ਸਾਰਣੀ ਬਣਾਉਣਾ ਬਹੁਤ ਜ਼ਰੂਰੀ ਹੈ।ਡਾ. ਵਿਰਾਟ ਸਰੂਪ ਨੇ ਆਪਣੇ ਵਿਦਿਆਰਥੀ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ, ਮਿਹਨਤ ਤੇ ਨਿਰੰਤਰਤਾ ਦੇ ਮਹੱਤਵ ਬਾਰੇ ਦੱਸਿਆ।ਉਨ੍ਹਾਂ ਦੇ ਇਸ ਪ੍ਰੇਰਕ ਭਾਸ਼ਣ ਨਾਲ ਵਿਦਿਆਰਥੀਆਂ ਨੂੰ ਨਵੀਂ ਊਰਜਾ ਤੇ ਦਿਸ਼ਾ ਪ੍ਰਾਪਤ ਹੋਈ।ਵਿਦਿਆਰਥੀਆਂ ਨੇ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਤੇ ਉਨ੍ਹਾਂ ਤੋਂ ਆਪਣੇ ਭਵਿੱਖ ਨਾਲ ਸਬੰਧਤ ਪ੍ਰਸ਼ਨ ਪੁੱਛੇ। ਉਨ੍ਹਾਂ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਢੁੱਕਵੇਂ ਉੱਤਰ ਦੇ ਕੇ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ।ਸਕੂਲ ਦੇ ਮੈਨੇਜਿੰਗ ਕਮੇਟੀ ਮੈਂਬਰਾਂ ਨੇ ਡਾਕਟਰ ਵਿਰਾਟ ਸਰੂਪ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਪ੍ਰੋਗਰਾਮ ਦਾ ਸਮਾਪਨ ਰਾਸ਼ਟਰੀ ਗੀਤ ਨਾਲ ਕੀਤਾ ਗਿਆ।

## ਵਰਲਡ 'ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਐੱਚ ਐੱਫ ਸੁਪਰ ਪਲਾਂਟ ਦਾ ਦੌਰਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਫੂਡ ਪ੍ਰੋਸੈਸਿੰਗ ਟੈਕਨੋਲੋਜੀ ਵਿਭਾਗ ਦੇ ਬੀ. ਟੈੱਕ ਪਹਿਲੇ ਤੇ ਤੀਜੇ ਸਮੈਸਟਰ ਅਤੇ ਐੱਮ.ਐੱਸ.ਸੀ. ਪਹਿਲੇ ਸਮੈਸਟਰ ਦੇ ਵਿਦਿਆਰਥੀਆਂ ਨੇ ਐੱਚ ਐੱਫ ਸੁਪਰ ਪਲਾਂਟ ਦਾ ਦੌਰਾ ਕੀਤਾ।ਇਸ ਦੌਰੇ ਦਾ ਮਕਸਦ ਵਿਦਿਆਰਥੀਆਂ ਨੂੰ ਬੇਕਰੀ ਤੇ ਡੇਅਰੀ ਪ੍ਰੋਸੈਸਿੰਗ ਸੈਕਸ਼ਨਾਂ ਬਾਰੇ ਪ੍ਰੈਕਟੀਕਲ ਜਾਣਕਾਰੀ ਪ੍ਰਦਾਨ ਕਰਨੀ ਤੇ ਉਨ੍ਹਾਂ ਨੂੰ ਰੀਅਲ ਟਾਈਮ ਪ੍ਰੋਸੈਸਿੰਗ ਓਪਰੇਸ਼ਨ ਨਾਲ ਜਾਣੂ ਕਰਵਾਉਣਾ ਸੀ।ਵਿਦਿਆਰਥੀਆਂ ਦਾ ਦਿਸ਼ਾ ਨਿਰਦੇਸ਼ ਡਾ. ਦਿਕਸ਼ਾ ਗਰਗ ਤੇ ਪ੍ਰਭਜੀਤ ਕੌਰ ਤੇ ਦੌਰੇ ਦਾ ਸੰਚਾਲਨ ਅਸਿਸਟੈਂਟ ਪ੍ਰੋਫੈਸਰ ਕੋਮਲਪ੍ਰੀਤ ਕੌਰ ਨੇ ਵਿਭਾਗੀ ਇੰਚਾਰਜ ਡਾ. ਰੁਪਿੰਦਰ ਪਾਲ ਸਿੰਘ ਦੀ ਸਰਪ੍ਰਸਤੀ ਹੇਠ ਕੀਤਾ ਗਿਆ।ਪਲੇਸਮੈਂਟ ਇੰਚਾਰਜ ਡਾ. ਕਮਲਜੀਤ ਕੌਰ ਵੱਲੋਂ ਇਸ ਦੌਰੇ ਨੂੰ ਸੁਚਾਰੂ ਢੰਗ ਨਾਲ ਆਯੋਜਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਗਿਆ।ਇਸ ਪਹਲ ਦੀ ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪਰਿਤ ਪਾਲ ਸਿੰਘ ਵੱਲੋਂ ਸਰਾਹਨਾ ਕੀਤੀ ਗਈ।ਇਸ ਉਦਯੋਗਕ ਦੌਰੇ ਨੇ ਵਿਦਿਆਰਥੀਆਂ ਨੂੰ ਆਧੁਨਿਕ ਬੇਕਰੀ ਤੇ ਡੇਅਰੀ ਪ੍ਰੋਸੈਸਿੰਗ ਤਕਨੀਕਾਂ, ਕੁਆਲਟੀ ਕੰਟਰੋਲ ਪ੍ਰਣਾਲੀਆਂ ਤੇ ਪੈਕੇਜਿੰਗ ਵਿਧੀਆਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ, ਜਿਸ ਨਾਲ ਸਿਧਾਂਤਕ ਗਿਆਨ ਤੇ ਉਦਯੋਗਿਕ ਅਭਿਆਸਾਂ ਵਿਚਕਾਰ ਪੁਲ ਬਣਾਉਣ ਵਿੱਚ ਮਦਦ ਮਿਲੀ।

# ਨਰਸਿੰਘਪੁਰਾ ਕੁੱਟਮਾਰ ਮਾਮਲੇ 'ਚ 7 ਵਿਰੁੱਧ ਕੇਸ ਦਰਜ, ਤਿੰਨ ਗ੍ਰਿਫਤਾਰ

**ਪੀੜਤ ਅਧਿਆਪਕ ਦੀ ਪਤਨੀ ਨੇ ਮੁੱਖ ਮੰਤਰੀ ਦੀ ਮੂੰਹ ਬੋਲੀ ਭੈਣ ਹੋਣ ਦਾ ਕੀਤਾ ਦਾਅਵਾ**

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਖੁਦ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਮੂੰਹ ਬੋਲੀ ਭੈਣ ਦੱਸਣ ਵਾਲੀ ਮਨਦੀਪ ਕੌਰ ਵਾਸੀ ਪਿੰਡ ਨਰਸਿੰਘਪੁਰਾ ਦੇ ਪਰਿਵਾਰਕ ਮੈਂਬਰਾਂ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ 'ਚ ਬਸੀ ਪਠਾਣਾਂ ਪੁਲਸ ਵੱਲੋਂ ਦੋ ਔਰਤਾਂ ਸਣੇ 7 ਵਿਅਕਤੀਆਂ ਵਿਰੁੱਧ ਮੁੱਕਦਮਾ ਦਰਜ ਕਰਦੇ ਹੋਏ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਰਕਾਰੀ ਸਕੂਲ 'ਚ ਅਧਿਆਪਕ ਵਜੋਂ ਨੌਕਰੀ ਕਰ ਰਹੇ ਇੰਦਰਜੀਤ ਸਿੰਘ ਵਾਸੀ ਪਿੰਡ ਨਰਸਿੰਘਪੁਰਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ ਦੀਵਾਲੀ ਵਾਲੀ ਰਾਤ ਉਸ ਦੇ ਗੁਆਂਢ 'ਚ ਰਹਿਣ ਵਾਲੇ ਰੌਬਿਨਦੀਪ ਸਿੰਘ ਵਗੈਰਾ ਆਪਣੇ ਘਰ ਦੇ ਕੋਠੇ ਤੋਂ ਉਨ੍ਹਾਂ ਦੇ ਵਿਹੜੇ 'ਚ ਆਤਿਸ਼ਬਾਜ਼ੀ ਸੁੱਟਣ ਲੱਗ ਪਏ, ਜਿਸ ਨੂੰ ਦੇਖ ਕੇ ਘਰ 'ਚ ਮੌਜੂਦ ਉਨ੍ਹਾਂ ਦੇ ਬੱਚੇ ਡਰ ਗਏ।ਉਸ ਨੇ ਜਦੋਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਿਆ ਤਾਂ ਰੌਬਿਨਦੀਪ ਸਿੰਘ, ਮਨਜੀਤ ਸਿੰਘ, ਹਰਵਿੰਦਰ ਸਿੰਘ, ਬਰਿੰਦਰ ਸਿੰਘ, ਗੁਰਜੀਤ ਸਿੰਘ, ਬਿੰਦਰ ਕੌਰ ਤੇ ਕਿਰਨਜੀਤ ਕੌਰ ਡੰਡੇ ਸੋਟੇ ਆਦਿ ਹਥਿਆਰ ਲੈ ਕੇ ਹੇਠਾਂ ਆ ਗਏ ਤੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ।ਰੌਲਾ ਸੁਣ ਕੇ ਮੌਕੇ 'ਤੇ ਆਏ ਉਸ ਦੇ ਚਾਚੇ ਤੇ ਚਾਚੀ ਨੇ ਜਦੋਂ ਉਸ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਦੀ ਵੀ ਕੁੱਟਮਾਰ ਕਰ ਦਿੱਤੀ।ਉਕਤ ਮਾਮਲਾ ਅੱਜ ਉਦੋਂ ਜ਼ਿਆਦਾ ਚਰਚਾ ਵਿੱਚ ਆ ਗਿਆ, ਜਦੋਂ ਇੱਕ ਟੀ. ਵੀ. ਚੈਨਲ ਨਾਲ ਗੱਲਬਾਤ ਦੌਰਾਨ ਇੰਦਰਜੀਤ ਸਿੰਘ ਦੀ ਪਤਨੀ ਮਨਦੀਪ ਕੌਰ ਵਾਸੀ ਪਿੰਡ ਨਰਸਿੰਘਪੁਰਾ ਨੇ ਦਾਅਵਾ ਕੀਤਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਮੂੰਹ ਬੋਲੀ ਭੈਣ ਹੈ ਤੇ ਇੱਕ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਉਸ ਤੋਂ ਰੱਖੜੀ ਵੀ ਬੰਨ੍ਹਵਾ ਚੁੱਕੇ ਹਨ।ਮਨਦੀਪ ਕੌਰ ਨੇ ਮੀਡੀਆ ਰਾਹੀਂ ਮੁੱਖ ਮੰਤਰੀ ਨੂੰ ਗੁਹਾਰ ਲਗਾਈ ਕੇ ਦੀਵਾਲ਼ੀ ਦੀ ਰਾਤ ਉਸ ਦੇ ਪਤੀ ਤੇ ਹੋਰ ਰਿਸ਼ਤੇਦਾਰਾਂ ਦੀ ਬਿਨਾਂ ਵਜ੍ਹਾ ਕੀਤੀ ਗਈ ਕੁੱਟਮਾਰ ਦੇ ਮਾਮਲੇ 'ਚ ਪੁਲਸ ਉਨ੍ਹਾਂ ਦੀ ਸੁਣਵਾਈ ਨਹੀਂ ਕਰ ਰਹੀ।ਮਾਮਲੇ ਸਬੰਧੀ ਪੁੱਛੇ ਜਾਣ 'ਤੇ ਐੱਸ.ਐੱਚ.ਓ. ਥਾਣਾ ਬਸੀ ਪਠਾਣਾ ਥਾਣੇਦਾਰ ਸੁਰੇਸ਼ ਕੁਮਾਰ ਨੇ ਦੱਸਿਆ ਕਿ ਲੜਾਈ ਝਗੜੇ ਦੇ ਇੱਕ ਮਾਮਲੇ 'ਚ ਪਿੰਡ ਨਰਸਿੰਘਪੁਰਾ ਦੇ ਕੁਝ ਵਿਅਕਤੀਆਂ ਦੇ ਸਰਕਾਰੀ ਹਸਪਤਾਲ 'ਚ ਦਾਖਲ ਹੋਣ ਬਾਰੇ ਸੂਚਨਾ ਮਿਲੀ ਸੀ, ਜਿਸ ਸਬੰਧੀ ਇੰਦਰਜੀਤ ਸਿੰਘ ਦੇ ਬਿਆਨਾਂ 'ਤੇ ਰੌਬਿਨਦੀਪ ਸਿੰਘ, ਮਨਜੀਤ ਸਿੰਘ, ਹਰਵਿੰਦਰ ਸਿੰਘ, ਬਰਿੰਦਰ ਸਿੰਘ, ਗੁਰਜੀਤ ਸਿੰਘ, ਬਿੰਦਰ ਕੌਰ ਤੇ ਕਿਰਨਜੀਤ ਕੌਰ ਵਾਸੀਆਨ ਪਿੰਡ ਨਰਸਿੰਘਪੁਰਾ ਵਿਰੁੱਧ ਮੁਕੱਦਮਾ ਦਰਜ ਕਰਕੇ ਇਸ ਮਾਮਲੇ 'ਚ ਲੋੜੀਂਦੇ ਤਿੰਨ ਵਿਅਕਤੀਆਂ ਦੀ ਗ੍ਰਿਫਤਾਰੀ ਕੀਤੀ ਜਾ ਚੁੱਕੀ ਹੈ ਤੇ ਪੁਲਸ ਦੀ ਗ੍ਰਿਫਤ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਦੂਸਰੇ ਵਿਅਕਤੀਆਂ ਨੂੰ ਵੀ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਪੰਜਾਬੀ 'ਵਰਸਿਟੀ ਤੋਂ ਡਾ. ਕਿਰਨ ਨੂੰ ਆਈ ਸੀ ਐੱਸ ਐੱਸ ਆਰ ਪ੍ਰੋਜੈਕਟ ਮਿਲਿਆ



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬੀ ਯੂਨੀਵਰਸਿਟੀ ਤੋਂ ਡਾ. ਕਿਰਨ ਨੂੰ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ (ਆਈ ਸੀ ਐੱਸ ਐੱਸ ਆਰ) ਤੋਂ ਵਿਸ਼ੇਸ਼ ਪ੍ਰੋਜੈਕਟ ਹਾਸਲ ਹੋਇਆ ਹੈ।ਡਾ. ਕਿਰਨ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਲਈ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਧੀਨ ਵਿਚਰਦੇ ਆਈ ਸੀ ਐੱਸ ਐੱਸ ਆਰ ਵੱਲੋਂ 15 ਲੱਖ ਰੁਪਏ ਪ੍ਰਾਪਤ ਹੋਣੇ ਹਨ, ਜਿਸ ਵਿੱਚੋਂ 40 ਫ਼ੀਸਦੀ ਰਾਸ਼ੀ ਪਹਿਲੀ ਕਿਸ਼ਤ ਵਜੋਂ ਰਿਲੀਜ਼ ਹੋ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਰਾਹੀਂ ਪੰਜਾਬ ਵਿੱਚ ਵੱਖਰੀ ਕਾਬਲੀਅਤ ਵਾਲੀਆਂ ਔਰਤਾਂ (ਡਿਫਰੈਂਟਲੀ ਏਬਲਡ ਵਿਮਨ) ਦੀ ਪਛਾਣ ਬਣਨ ਤੇ ਸਥਾਪਤ ਹੋਣ ਵਿੱਚ ਮੀਡੀਆ ਅਤੇ ਸੱਭਿਆਚਾਰ ਦੇ ਪ੍ਰਭਾਵ ਸਬੰਧੀ ਅਧਿਐਨ ਕੀਤਾ ਜਾਣਾ ਹੈ।ਜ਼ਿਕਰਯੋਗ ਹੈ ਕਿ ਡਾ. ਕਿਰਨ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵਿੱਚ ਅਧਿਆਪਕ ਹਨ ਤੇ ਦਿਵਿਆਂਗ ਲੋਕਾਂ ਦੇ ਸਸ਼ਕਤੀਕਰਨ ਸੰਬੰਧੀ ਯੂਨੀਵਰਸਿਟੀ ਵਿੱਚ ਸਥਾਪਤ ਕੇਂਦਰ 'ਸੈਂਟਰ ਫ਼ਾਰ ਐਂਪਾਵਰਮੈਂਟ ਪਰਸਨ ਵਿਦ ਡਿਸਏਬਿਲਟੀਜ਼' ਦੇ ਡਾਇਰੈਕਟਰ ਵਜੋਂ ਵੀ ਵਿਚਰ ਰਹੇ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਉਨ੍ਹਾਂ ਨੂੰ ਇਸ ਪ੍ਰੋਜੈਕਟ ਦੀ ਪ੍ਰਾਪਤੀ ਉੱਤੇ ਵਧਾਈ ਦਿੱਤੀ ਗਈ।

## ਸਾਹਿਤ ਸਭਾ ਸਮਰਾਲਾ ਦੀ ਮਾਸਿਕ ਇਕੱਤਰਤਾ



**ਸਮਰਾਲਾ (ਸੁਰਜੀਤ ਸਿੰਘ)**-ਸਾਹਿਤ ਸਭਾ (ਰਜਿ.) ਸਮਰਾਲਾ ਦੀ ਮਾਸਿਕ ਇਕੱਤਰਤਾ ਸਭਾ ਦੇ ਮੀਤ ਪ੍ਰਧਾਨ ਸਿਮਰਜੀਤ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਸਥਾਨਕ ਸਰਕਾਰੀ ਸਕੂਲ ਵਿਖੇ ਹੋਈ।ਇਕੱਤਰਤਾ ਦੌਰਾਨ ਜਨਰਲ ਸਕੱਤਰ ਯਤਿੰਦਰ ਕੌਰ ਮਾਹਲ ਨੇ ਕਾਰਵਾਈ ਅਰੰਭ ਕਰਦੇ ਹੋਏ ਬੀਤੇ ਦਿਨੀਂ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਕਰਵਾਏ ਸਾਹਿਤਕ ਸਮਾਗਮ ਵਿੱਚ ਕਹਾਣੀਕਾਰ ਸੰਦੀਪ ਸਮਰਾਲਾ ਵੱਲੋਂ ਕਹਾਣੀ ਪੜ੍ਹ ਕੇ ਵਾਪਸ ਆਉਣ ਦੀ ਸਮੁੱਚੀ ਸਭਾ ਵੱਲੋਂ ਮੁਬਾਰਕਬਾਦ ਦਿੱਤੀ ਗਈ ਤੇ ਸੰਦੀਪ ਸਮਰਾਲਾ ਨੇ ਸਮਾਗਮ ਦੇ ਖ਼ੂਬਸੂਰਤ ਪਲਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।ਰਚਨਾਵਾਂ ਦੇ ਦੌਰ ਦਾ ਆਗਾਜ਼ ਕਰਦਿਆਂ ਜੁਆਲਾ ਸਿੰਘ ਥਿੰਦ ਨੇ ਸ਼ਿਅਰ ਤੇ ਕਵਿਤਾਵਾਂ ਸੁਣਾ ਕੇ ਹਾਜ਼ਰੀ ਲਗਵਾਈ।ਕਹਾਣੀਕਾਰ ਮੁਖਤਿਆਰ ਸਿੰਘ ਵੱਲੋਂ ਆਪਣੀ ਜੀਵਨੀ ਤੇ ਪਿੱਤਰੀ ਪਿੰਡ ਨਾਲ ਸਾਂਝ ਪਵਾਉਂਦਾ ਲੇਖ ਪੜ੍ਹਿਆ।ਸਭਾ ਵਿੱਚ ਪਹਿਲੀ ਵਾਰ ਆਏ ਉੱਘੇ ਗ਼ਜ਼ਲਗੋ ਤੇ ਕਹਾਣੀਕਾਰ ਲਾਲੀ ਕਰਤਾਰਪੁਰੀ ਨੇ ਸਰੋਤਿਆਂ ਅੱਗੇ ਗ਼ਜ਼ਲਾਂ ਪੇਸ਼ ਕੀਤੀਆਂ।ਨੌਜਵਾਨ ਕਹਾਣੀਕਾਰ ਗੁਰਦੀਪ ਮਹੌਣ ਨੇ 'ਜਾਲ' ਤੇ ਕਹਾਣੀਕਾਰ ਰਵਿੰਦਰ ਰੁਪਾਲ ਨੇ ਕਹਾਣੀ 'ਜੂੰ' ਸੁਣਾਈ। ਦੋਵੇਂ ਕਹਾਣੀਆਂ 'ਤੇ ਵਿਚਾਰ ਚਰਚਾ ਕਰਦਿਆਂ ਕਹਾਣੀਕਾਰ ਬਲਵਿੰਦਰ ਗਰੇਵਾਲ, ਚਿੰਤਕ ਗੁਰਭਗਤ ਸਿੰਘ, ਇਤਿਹਾਸਕਾਰ ਸਿਮਰਜੀਤ ਸਿੰਘ ਕੰਗ, ਸੰਦੀਪ ਸਮਰਾਲਾ, ਅਮਨਦੀਪ ਸਮਰਾਲਾ ਤੇ ਦੀਪ ਦਿਲਬਰ ਨੇ ਉਸਾਰੂ ਤੇ ਕੀਮਤੀ ਸੁਝਾਅ ਦਿੱਤੇ।ਇਸ ਤੋਂ ਇਲਾਵਾ ਦੀਪ ਦਿਲਬਰ ਨੇ ਗ਼ਜ਼ਲ ਤੇ ਅਵਤਾਰ ਸਿੰਘ ਉਟਾਲਾਂ ਨੇ ਗੀਤ ਪੇਸ਼ ਕੀਤਾ।ਮੀਟਿੰਗ ਦੌਰਾਨ ਉੱਘੇ ਸਾਹਿਤਕਾਰ ਫਕੀਰ ਚੰਦ ਸ਼ੁਕਲਾ, ਗਾਇਕ ਤੇ ਕਲਾਕਾਰ ਰਾਜਵੀਰ ਸਿੰਘ ਜਵੰਦਾ, ਬਾਬੂ ਸਿੰਘ ਮਾਨ ਦੀ ਸੁਪਤਨੀ ਗੁਰਨਾਮ ਕੌਰ, ਸੰਗੀਤਕਾਰ ਚਰਨਜੀਤ ਅਹੂਜਾ ਤੇ ਉੱਘੇ ਅਲਗੋਜ਼ਾ ਵਾਦਕ ਕਰਮਜੀਤ ਸਿੰਘ ਬੱਗਾ ਦੇ ਅਕਾਲ ਚਲਾਣੇ 'ਤੇ ਡੂੰਘਾ ਅਫਸੋਸ ਪ੍ਰਗਟ ਕਰਦਿਆਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਅਖੀਰ ਸਿਮਰਜੀਤ ਸਿੰਘ ਕੰਗ ਨੇ ਇਕੱਤਰਤਾ 'ਚ ਪਹੁੰਚੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਦੀ ਭੂਮਿਕਾ ਯਤਿੰਦਰ ਮਾਹਲ ਵੱਲੋਂ ਬਾਖੂਬੀ ਨਿਭਾਈ ਗਈ।

## ਮਹਿੰਗਾਈ ਭੱਤੇ 'ਚ ਦੇਰੀ ਕਾਰਨ ਮੁਲਾਜ਼ਮ ਨਿਰਾਸ਼ : ਅਮਨਦੀਪ ਸ਼ਰਮਾ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦੀਆਂ ਪੈਂਡਿੰਗ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ।ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਸਿਰਫ 42% ਹੀ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਕੇਂਦਰ ਸਰਕਾਰ ਵੱਲੋਂ ਇਹ ਭੱਤਾ 58% ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦੀਵਾਲੀ ਵਰਗੇ ਤਿਉਹਾਰ 'ਤੇ ਵੀ ਪੰਜਾਬ ਸਰਕਾਰ ਦੀ ਸਵੱਲੀ ਨਜ਼ਰ ਆਪਣੇ ਮੁਲਾਜ਼ਮਾਂ 'ਤੇ ਨਹੀਂ ਪਈ।ਜਥੇਬੰਦੀ ਦੇ ਸੂਬਾਈ ਸਰਪ੍ਰਸਤ ਗੁਰਮੇਲ ਸਿੰਘ ਬਰੇ, ਸਤਿੰਦਰ ਸਿੰਘ ਦੁਆਬੀਆ ਨੇ ਵੀ ਮੰਗ ਕੀਤੀ ਕਿ ਪੰਜਾਬ ਸਭ ਦੇ ਸਮੁੱਚੇ ਮੁਲਾਜ਼ਮਾਂ ਲਈ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰੇ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਹੋਣ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਵੀ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕਰ ਦਿੱਤੀ ਜਾਂਦੀ ਸੀ। ਜਥੇਬੰਦੀ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਬਲਜੀਤ ਸਿੰਘ ਗੁਰਦਾਸਪੁਰ, ਰਗਵਿੰਦਰ ਸਿੰਘ ਧੂਲਕਾ, ਰਕੇਸ਼ ਗੋਇਲ ਬਰੇਟਾ, ਭਗਵੰਤ ਭਟੇਜਾ ਅਬੋਹਰ, ਗੁਰਜੰਟ ਸਿੰਘ ਬੱਛੋਆਣਾ, ਜਸ਼ਨਦੀਪ ਕੁਲਾਣਾ, ਪਰਮਜੀਤ ਸਿੰਘ ਤੂਰ, ਲਵਨੀਸ਼ ਗੋਇਲ ਨਾਭਾ, ਸੁਖਬੀਰ ਸੰਗਰੂਰ, ਕਮਲ ਸੁਨਾਮ, ਦੀਪਕ ਮੁਹਾਲੀ, ਸੁਖਵਿੰਦਰ ਸਿੰਗਲਾ ਬਰੇਟਾ, ਪ੍ਰਵੀਨ ਬਲਿਆਲਾ ਆਦਿ ਸਾਥੀਆਂ ਨੇ ਵੀ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ।

## ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸਾਰਸ ਮੇਲੇ ਦਾ ਦੌਰਾ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਤੇ ਆਈ.ਕਿਊ.ਏ.ਸੀ. ਤਹਿਤ ਰੈੱਡ ਰਿਬਨ ਕਲੱਬ ਦੇ ਇੰਚਾਰਜ ਹਰਪ੍ਰੀਤ ਕੌਰ, ਡਾ. ਅਮਨਪ੍ਰੀਤ ਕੌਰ ਕੰਗ (ਸੰਗੀਤ ਵਿਭਾਗ) ਤੇ ਅਸਿ. ਪ੍ਰੋ. ਸੁਖਨਪ੍ਰੀਤ ਕੌਰ ਦੀ ਅਗਵਾਈ ਹੇਠ ਕਾਲਜ ਵਿਦਿਆਰਥਣਾਂ ਨੇ ਲੁਧਿਆਣਾ ਵਿਖੇ ਸਾਰਸ ਮੇਲੇ ਦਾ ਦੌਰਾ ਕੀਤਾ, ਜਿਸ ਵਿੱਚ ਸੰਗੀਤ ਵਿਭਾਗ ਦੀਆਂ ਵਿਦਿਆਰਥਣਾਂ ਹਰਮਨਜੋਤ ਕੌਰ, ਹਰਮਨਜੀਤ ਕੌਰ, ਰਾਜ ਕੌਰ, ਨਿਸ਼ਾ, ਜਗਦੀਪ ਕੌਰ, ਅਮਨਦੀਪ ਕੌਰ ਵੱਲੋਂ ਲੰਮੀ ਹੇਕ ਵਾਲੇ ਗੀਤ ਦੀ ਪੇਸ਼ਕਾਰੀ ਕੀਤੀ ਗਈ।ਫੈਸ਼ਨ ਡਿਜ਼ਾਇਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਨੇ ਆਪਣੇ ਵਿਸ਼ੇ ਅਨੁਸਾਰ ਆਪਣੇ ਹੱਥੀਂ ਬਣਾਈਆਂ ਵਸਤਾਂ ਦੇ ਵੱਖ-ਵੱਖ ਡਿਜ਼ਾਇਨ, ਰੰਗ, ਕਲਾਕਾਰੀ, ਪੇਸ਼ਕਾਰੀ ਆਦਿ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਵਿਰਾਸਤੀ ਕਢਾਈ, ਬੁਣਾਈ ਕਰਕੇ ਤਿਆਰ ਕੀਤੇ ਬੈਗ, ਸੂਟ ਤੇ ਦੁਪੱਟੇ, ਕੋਟੀਆਂ, ਸਵੈਟਰ, ਫੁਲਕਾਰੀਆਂ, ਬਾਗ, ਕੁੜਤੇ, ਜਿਊਲਰੀ ਆਦਿ ਦੀਆਂ ਪ੍ਰਦਰਸ਼ਨੀਆਂ, ਵੱਖ-ਵੱਖਰੇ ਰਾਜਾਂ ਤੋਂ ਆਏ ਕਾਰੀਗਰਾਂ ਵੱਲੋਂ ਖਾਣ-ਪੀਣ ਦੇ ਹੱਥੀਂ ਤਿਆਰ ਕੀਤੇ ਗਏ ਸਾਮਾਨ ਦੀਆਂ ਪ੍ਰਦਰਸ਼ਨੀਆਂ ਦਾ ਵਿਦਿਆਰਥਣਾਂ ਨੇ ਖ਼ੂਬ ਅਨੰਦ ਮਾਣਿਆ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਦੇ ਸਰਵ-ਪੱਖੀ ਵਿਕਾਸ ਲਈ ਸੱਭਿਆਚਾਰਕ ਮੇਲਿਆਂ ਦੀ ਖਾਸ ਮਹੱਤਤਾ ਹੈ।ਕਾਲਜ ਵਿਦਿਆਰਥਣਾਂ ਲਈ ਅਜਿਹੇ ਜਾਣਕਾਰੀ ਭਰਪੂਰ ਦੌਰੇ ਭਵਿੱਖ ਮੁਖੀ ਕਿੱਤਿਆਂ ਲਈ ਲਾਹੇਵੰਦ ਸਾਬਿਤ ਹੁੰਦੇ ਹਨ।

## ਮਾਡਰਨ ਕਾਲਜ ਬੀਰ ਕਲਾਂ ਦੇ ਵਿਦਿਆਰਥੀਆਂ ਦਾ ਧਾਰਮਿਕ ਟੂਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ (ਸੰਗਰੂਰ) ਦੇ ਵਿਦਿਆਰਥੀਆਂ ਵੱਲੋਂ ਸ੍ਰੀ ਦੁਖ ਨਿਵਾਰਣ ਸਾਹਿਬ ਪਟਿਆਲਾ ਤੇ ਪਰਮੇਸ਼ਵਰ ਦੁਆਰ ਦਾ ਧਾਰਮਿਕ ਟੂਰ ਲਗਾਇਆ ਗਿਆ।ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਕੁਮਾਰ ਬਾਂਸਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਧਾਰਮਿਕ ਸਿੱਖਿਆ ਵੀ ਦੇਣੀ ਜ਼ਰੂਰੀ ਹੈ।ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਨਾਲ ਉਨ੍ਹਾਂ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ।ਇਸ ਮੌਕੇ ਵਿਦਿਆਰਥੀਆਂ ਨੂੰ ਸ੍ਰੀ ਦੁਖ ਨਿਵਾਰਨ ਸਾਹਿਬ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ।ਕਾਲਜ ਦੇ ਸਮੂਹ ਵਿਦਿਆਰਥੀਆਂ ਨੇ ਇਸ ਧਾਰਮਿਕ ਸਥਾਨ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਵਿਧਾਇਕ ਸੇਖੋਂ ਵੱਲੋਂ ਪ੍ਰੋ. ਕਰਮਜੀਤ ਸਿੰਘ ਦੀਆਂ ਬੀ ਐੱਡ ਕੋਰਸ ਸੰਬੰਧੀ ਕਿਤਾਬਾਂ ਰਿਲੀਜ਼



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਦੇ ਅਕਾਦਮਿਕ ਖੇਤਰ ਨੂੰ ਮਹੱਤਵਪੂਰਨ ਹੁਲਾਰਾ ਦਿੰਦਿਆਂ ਫ਼ਰੀਦਕੋਟ ਦੇ ਮਾਣਯੋਗ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਇੱਕ ਸ਼ਾਨਦਾਰ ਸਮਾਰੋਹ ਦੌਰਾਨ ਪ੍ਰੋਫੈਸਰ ਕਰਮਜੀਤ ਸਿੰਘ (ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫਰੀਦਕੋਟ) ਦੁਆਰਾ ਬੀ.ਐੱਡ. ਪਹਿਲੇ ਸਾਲ ਦੇ ਲਾਜ਼ਮੀ ਪੇਪਰਾਂ ਲਈ ਲਿਖੀਆਂ ਨਵੀਆਂ ਕੋਰਸ ਕਿਤਾਬਾਂ ਰਸਮੀ ਤੌਰ 'ਤੇ ਲਾਂਚ ਕੀਤੀਆਂ।ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਸ੍ਰ. ਅਮਨਦੀਪ ਸਿੰਘ ਬਾਬਾ (ਚੇਅਰਮੈਨ ਮਾਰਕੀਟ ਕਮੇਟੀ) ਤੇ ਪ੍ਰੋ. ਗੁਰਸੇਵਕ ਸਿੰਘ (ਸਟੇਟ ਚੀਫ਼ ਡਾਇਰੈਕਟਰ ਪੰਜਾਬ) ਨੇ ਸ਼ਿਰਕਤ ਕੀਤੀ।ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਸਿੱਖਿਆ ਦੇ ਖੇਤਰ ਵਿੱਚ ਪ੍ਰੋ. ਕਰਮਜੀਤ ਸਿੰਘ ਦੇ ਮਿਹਨਤੀ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।ਸਮਾਰੋਹ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਕੀਤੀ।ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਮੁੱਖ ਮਹਿਮਾਨ ਵਿਸ਼ੇਸ਼ ਮਹਿਮਾਨਾਂ ਤੇ ਹੋਰ ਪਤਵੰਤਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪ੍ਰੋ. ਕਰਮਜੀਤ ਸਿੰਘ ਬਹੁਤ ਮਿਹਨਤੀ ਤੇ ਤਜਰਬੇਕਾਰ ਅਧਿਆਪਕ ਹਨ ਅਤੇ ਇਹ ਪਾਠ-ਪੁਸਤਕਾਂ ਨਾ ਸਿਰਫ਼ ਬੀ.ਐੱਡ. ਵਿਦਿਆਰਥੀਆਂ ਲਈ, ਸਗੋਂ ਅਧਿਆਪਕ ਯੋਗਤਾ ਟੈਸਟ (ਟੀ.ਈ.ਟੀ.), ਮਾਸਟਰ ਕਾਡਰ ਤੇ ਹੋਰ ਰਾਜ ਪੱਧਰੀ ਅਧਿਆਪਕ ਭਰਤੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਉਮੀਦਵਾਰਾਂ ਲਈ ਵੀ ਇੱਕ ਮਹੱਤਵਪੂਰਨ ਸਰੋਤ ਸਾਬਿਤ ਹੋਣਗੀਆਂ।ਸਮਾਰੋਹ ਦੀ ਕਾਰਵਾਈ ਪ੍ਰੋ. ਰਣਜੀਤ ਸਿੰਘ ਬਾਜਵਾ ਨੇ ਸੁਚਾਰੂ ਢੰਗ ਨਾਲ ਚਲਾਈ।ਪ੍ਰੋ. ਬੀਰਿੰਦਰਜੀਤ ਸਿੰਘ ਨੇ ਐਲਾਨ ਕੀਤਾ ਕਿ ਕਿਤਾਬਾਂ ਹੁਣ ਅਧਿਕਾਰਤ ਤੌਰ 'ਤੇ ਖਰੀਦ ਲਈ ਉਪਲਬਧ ਹਨ ਤੇ ਖਰੀਦਦਾਰ ਵਟਸਐਪ ਨੰਬਰ 74114-28836 'ਤੇ ਸੰਪਰਕ ਕਰ ਸਕਦੇ ਹਨ।

## ਲੋਕ ਗਾਇਕ ਬਲਧੀਰ ਮਾਹਲਾ ਦੇ ਤਿੰਨ ਗੀਤਾਂ ਦੀ ਰਿਕਾਰਡਿੰਗ ਮੁਕੰਮਲ

**ਪਹਿਲੀ ਨੂੰ ਹੋਵੇਗੀ ਲੁਹਾਮ/ਮੁਦਕੀ 'ਚ ਸ਼ੂਟਿੰਗ**



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਪ੍ਰਸਿੱਧ ਲੋਕ ਗਾਇਕ ਬਲਧੀਰ ਮਾਹਲਾ ਨੇ ਆਪਣੇ ਤਿੰਨ ਨਵੇਂ ਗੀਤਾਂ 'ਹਿੰਦ ਦੀ ਚਾਦਰ, ਘੋੜੀ ਭੈਣ ਨੀ ਪ੍ਰੀਤ ਤੇ ਦਾਣਾ ਪਾਣੀ' ਦੀ ਰਿਕਾਰਡਿੰਗ ਐੱਸ ਆਰ ਬੀਟਸ ਸਟੂਡੀਓ ਵਿੱਚ ਪੂਰੀ ਕਰ ਲਈ ਹੈ।ਇਨ੍ਹਾਂ ਗੀਤਾਂ ਦੀ ਵੀਡੀਓ ਸ਼ੂਟਿੰਗ 1 ਨਵੰਬਰ ਨੂੰ ਮੁਦਕੀ ਤੇ ਲੁਹਾਮ ਪਿੰਡਾਂ ਦੀਆਂ ਵੱਖ-ਵੱਖ ਲੋਕੇਸ਼ਨਾਂ 'ਤੇ ਕੀਤੀ ਜਾਵੇਗੀ।ਇਹ ਜਾਣਕਾਰੀ ਬਲਧੀਰ ਮਾਹਲਾ ਆਫੀਸ਼ੀਅਲ ਦੇ ਪ੍ਰੈੱਸ ਸਕੱਤਰ ਡਾ. ਧਰਮ ਪ੍ਰਵਾਨਾ ਨੇ ਸਾਂਝੀ ਕੀਤੀ।

ਪ੍ਰੈੱਸ ਨੂੰ ਸੰਬੋਧਨ ਕਰਦਿਆਂ ਡਾ. ਪ੍ਰਵਾਨਾ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਗੀਤਾਂ ਵਿੱਚੋਂ ਪਹਿਲਾ ਗੀਤ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਇੱਕ ਧਾਰਮਿਕ ਰਚਨਾ ਹੈ।ਦੂਜਾ ਗੀਤ 'ਦਾਣਾ ਪਾਣੀ' ਵਾਤਾਵਰਨ ਪ੍ਰਦੂਸ਼ਣ ਬਾਰੇ ਜਾਗਰੂਕ ਕਰਨ ਵਾਲਾ ਇੱਕ ਦੋਗਾਣਾ ਹੈ, ਜਦੋਂ ਕਿ ਤੀਜਾ ਗੀਤ 'ਘੋੜੀ ਭੈਣ ਨੀ ਪ੍ਰੀਤ' ਵਿਆਹ ਦੀ ਇੱਕ ਮਹੱਤਵਪੂਰਨ ਰਸਮ ਨੂੰ ਪੇਸ਼ ਕਰਦਾ ਹੈ।ਪ੍ਰਵਾਨਾ ਨੇ ਦੱਸਿਆ ਕਿ ਤਿੰਨਾਂ ਗੀਤਾਂ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਰਵਿੰਦਰ ਟੀਨਾ ਨੇ ਦਿੱਤਾ ਹੈ ਤੇ ਇਨ੍ਹਾਂ ਨੂੰ ਉੱਘੇ ਰਿਕਾਰਡਿੰਗ ਇੰਜੀਨੀਅਰ ਸੰਗੀਤ ਕੰਡਿਆਰਾ ਦੀ ਦੇਖ-ਰੇਖ ਹੇਠ ਮੁਕੰਮਲ ਕੀਤਾ ਗਿਆ ਹੈ।

ਡਾ. ਪ੍ਰਵਾਨਾ ਨੇ ਦੱਸਿਆ ਕਿ 1 ਨਵੰਬਰ ਨੂੰ ਬਲਕਰਨ ਸਿੰਘ ਮੱਲ੍ਹੀ ਦੀ ਸਰਪ੍ਰਸਤੀ ਹੇਠ ਨਾਮਵਰ ਵੀਡੀਓ ਨਿਰਦੇਸ਼ਕ ਗੁਰਬਾਜ ਗਿੱਲ ਦੀ ਟੀਮ ਵੱਲੋਂ ਗੀਤ 'ਹਿੰਦ ਦੀ ਚਾਦਰ' ਤੇ 'ਦਾਣਾ ਪਾਣੀ' ਨੂੰ ਫਿਲਮਾਇਆ ਜਾਵੇਗਾ।ਸ਼ੂਟਿੰਗ ਲਈ ਪਿੰਡ ਲੁਹਾਮ ਤੇ ਮੁਦਕੀ ਦੇ ਆਸ-ਪਾਸ ਦੀਆਂ ਖੂਬਸੂਰਤ ਥਾਵਾਂ ਨੂੰ ਚੁਣਿਆ ਗਿਆ ਹੈ।ਇਹ ਗੀਤ ਜਲਦੀ ਹੀ ਬਲਧੀਰ ਮਾਹਲਾ ਦੇ ਯੂਟਿਊਬ ਚੈਨਲ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਸਰੋਤਿਆਂ ਲਈ ਰਿਲੀਜ਼ ਕੀਤੇ ਜਾਣਗੇ।

## ਪਲੇਸਮੈਂਟ ਕੈਂਪ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਜ਼ਿਲ੍ਹਾ ਰੋਜ਼ਗਾਰ ਅਫਸਰ ਵੈਸ਼ਾਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸ੍ਰੀ ਮੁਕਤਸਰ ਸਾਹਿਬ ਵਿਖੇ 27 ਅਕਤੂਬਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਪੁਖਰਾਜ ਹੈਲਥ ਕੇਅਰ ਪ੍ਰਾ. ਲਿਮ.ਵੱਲੋਂ ਵੈਲਨੈੱਸ ਐਡਵਾਇਜ਼ਰ ਦੀਆਂ 100 ਅਸਾਮੀਆਂ ਲਈ ਇੰਟਰਵਿਊ ਲਈ ਜਾਣੀ ਹੈ, ਜਿਸ ਲਈ ਘੱਟ ਤੋਂ ਘੱਟ ਵਿੱਦਿਅਕ ਯੋਗਤਾ 10ਵੀਂ ਪਾਸ, ਉਮਰ 18 ਤੋਂ 25 ਸਾਲ ਹੋਣੀ ਜ਼ਰੂਰੀ ਹੈ ਤੇ ਇਹ ਅਸਾਮੀ ਕੇਵਲ ਲੜਕੀਆਂ ਲਈ ਹੈ।

ਦਲਜੀਤ ਸਿੰਘ ਬਰਾੜ, ਪਲੇਸਮੈਂਟ ਅਫਸਰ ਨੇ ਦੱਸਿਆ ਕਿ ਪ੍ਰਾਰਥੀ ਪਲੇਸਮੈਂਟ ਕੈਂਪ ਵਿੱਚ ਇੰਟਰਵਿਊ ਲਈ ਭਾਗ ਲੈਣ ਸਮੇਂ ਆਪਣਾ ਰਜ਼ਿਊਮ ਤੇ ਦਫਤਰ ਵਿਖੇ ਨਾਮ ਰਜਿਸਟਰ ਕਰਵਾਉਣ ਲਈ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ਼, ਆਧਾਰ ਕਾਰਡ, ਜਾਤੀ ਸਰਟੀਫਿਕੇਟ ਆਦਿ ਅਸਲ ਤੇ ਉਨ੍ਹਾਂ ਦੀ ਫੋਟੋ ਕਾਪੀ ਸੈੱਟ ਜ਼ਰੂਰ ਨਾਲ ਲੈ ਕੇ ਆਉਣ।

## ਨਜਾਇਜ਼ ਅਸਲੇ ਸਮੇਤ ਮੁਲਜ਼ਮ ਕਾਬੂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਆਈ.ਪੀ.ਐੱਸ, ਐੱਸ.ਐੱਸ.ਪੀ. ਫਰੀਦਕੋਟ ਦੀ ਰਹਿਨੁਮਾਈ ਹੇਠ ਫਰੀਦਕੋਟ ਪੁਲਸ ਨੇ ਅਪਰਾਧਕ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਘੁੰਮ ਰਹੇ ਇੱਕ ਵਿਅਕਤੀ ਨੂੰ ਨਜਾਇਜ਼ ਅਸਲੇ ਸਮੇਤ ਗ੍ਰਿਫਤਾਰ ਕਰਕੇ ਇੱਕ ਸੰਭਾਵੀ ਵੱਡੀ ਵਾਰਦਾਤ ਨੂੰ ਨਾਕਾਮ ਕਰ ਦਿੱਤਾ ਹੈ।ਇਹ ਜਾਣਕਾਰੀ ਸ੍ਰੀ ਤਰਲੋਚਨ ਸਿੰਘ ਡੀ.ਐੱਸ.ਪੀ. (ਸਬ-ਡਵੀਜ਼ਨ) ਫਰੀਦਕੋਟ ਵੱਲੋਂ ਸ਼ਨੀਵਾਰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਮੁਲਜ਼ਮ ਦੀ ਪਹਿਚਾਣ ਗੁਰਵਿੰਦਰ ਸਿੰਘ ਉਰਫ ਗੋਰਾ ਪੁੱਤਰ ਕਸ਼ਮੀਰ ਸਿੰਘ, ਵਾਸੀ ਪਿੰਡ ਵਾਰਾ ਦੜਾਕਾ, ਜ਼ਿਲ੍ਹਾ ਫਰੀਦਕੋਟ ਵਜੋਂ ਹੋਈ ਹੈ।ਡੀ.ਐੱਸ.ਪੀ. ਨੇ ਵੇਰਵੇ ਦਿੰਦਿਆਂ ਦੱਸਿਆ ਕਿ 24 ਅਕਤੂਬਰ ਨੂੰ ਸ.ਥ ਜਗਸੀਰ ਸਿੰਘ ਪੁਲਸ ਪਾਰਟੀ ਸਮੇਤ ਸਾਦਿਕ ਚੌਕ ਨਜ਼ਦੀਕ ਗਸ਼ਤ ਤੇ ਚੈਕਿੰਗ ਕਰ ਰਹੇ ਸਨ, ਜਿੱਥੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਗੁਰਵਿੰਦਰ ਸਿੰਘ ਉਰਫ ਗੋਰਾ ਨਜਾਇਜ਼ ਅਸਲੇ ਸਮੇਤ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਘੁੰਮ ਰਿਹਾ ਹੈ।ਸੂਚਨਾ ਮਿਲਣ 'ਤੇ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਗੁਰਵਿੰਦਰ ਸਿੰਘ ਨੂੰ ਜਹਾਜ਼ ਗਰਾਊਂਡ ਨਜ਼ਦੀਕ ਕਾਬੂ ਕਰ ਲਿਆ।ਤਲਾਸ਼ੀ ਦੌਰਾਨ ਦੋਸ਼ੀ ਉਸ ਪਾਸੋਂ 01 ਦੇਸੀ ਰਿਵਾਲਵਰ .32 ਬੋਰ ਤੇ 03 ਜਿੰਦਾ ਰੌਂਦ ਬਰਾਮਦ ਕੀਤੇ ਗਏ।ਇਸ ਸਬੰਧ ਵਿੱਚ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਦਰਜ ਕਰ ਲਿਆ ਹੈ।

## ਮਾਤਾ ਸੁੰਦਰੀ ਗਰਲਜ਼ ਕਾਲਜ 'ਚ ਪੀ ਸੀ ਓ ਐੱਸ ਵਿਸ਼ੇ 'ਤੇ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਵਿਖੇ ਮਾਨਸ ਕੀ ਜਾਤ ਸਭੈ ਏਕ ਸੇਵਾ ਸੋਸਾਇਟੀ ਤੇ ਟੈਟਰਾ ਈਡਟੈਕ ਲਿਮਿਟਡ ਵੱਲੋਂ ਪੀ.ਸੀ.ਓ.ਐੱਸ. (ਪੋਲੀਸਿਸਟਿਕ ਓਵਰੀ ਸਿੰਡਰੋਮ) ਵਿਸ਼ੇ ਬਾਰੇ ਸੈਮੀਨਾਰ ਕੀਤਾ ਗਿਆ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐੱਮ. ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਾਲਜ ਵੱਲੋਂ ਲੜਕੀਆਂ ਦੀ ਸਿਹਤ ਜਾਗਰੂਕਤਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਕਾਲਜ ਦੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਾਲਜ ਵੱਲੋਂ ਇਸ ਤਰ੍ਹਾਂ ਦੇ ਸੈਮੀਨਾਰ ਲਗਾਤਾਰ ਕਰਵਾਏ ਜਾਣਗੇ ਤਾਂ ਜੋ ਵਿਦਿਆਰਥਣਾਂ ਨੂੰ ਵਿਗਿਆਨਕ ਤੇ ਸਿਹਤ ਸੰਬੰਧੀ ਤਾਜ਼ਾ ਜਾਣਕਾਰੀ ਪ੍ਰਾਪਤ ਹੋ ਸਕੇ।ਉਨ੍ਹਾਂ ਕਿਹਾ ਕਿ ਮਾਤਾ ਸੁੰਦਰੀ ਗਰਲਜ਼ ਕਾਲਜ ਸਿਰਫ਼ ਅਕਾਦਮਿਕ ਖੇਤਰ ਵਿੱਚ ਹੀ ਨਹੀਂ, ਸਗੋਂ ਵਿਦਿਆਰਥਣਾਂ ਦੀ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਨ ਵਿੱਚ ਵੀ ਅੱਗੇ ਹੈ।ਸੈਮੀਨਾਰ ਦੇ ਪ੍ਰਧਾਨ ਸ੍ਰੀ ਸਨਮ ਬੱਤਰਾ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨੌਜਵਾਨ ਲੜਕੀਆਂ ਵਿੱਚ ਪੀ ਸੀ ਓ ਐੱਸ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ।ਇਸ ਲਈ ਸਿਹਤ ਬਾਰੇ ਸਹੀ ਜਾਣਕਾਰੀ ਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ।ਉਨ੍ਹਾਂ ਪੀ.ਸੀ.ਓ.ਐੱਸ ਦੇ ਕਾਰਣਾਂ, ਲੱਛਣਾਂ ਤੇ ਇਸ ਦੇ ਇਲਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਪੀ.ਸੀ.ਓ.ਐੱਸ. ਸੈਮੀਨਾਰ ਦੌਰਾਨ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੀ ਸੀ ਓ ਐੱਸ (ਪੋਲੀਸਿਸਟਿਕ ਓਵਰੀ ਸਿੰਡਰੋਮ) ਇੱਕ ਐਸੀ ਸਿਹਤ ਸਮੱਸਿਆ ਹੈ, ਜੋ ਅੱਜਕੱਲ੍ਹ ਦੀਆਂ ਨੌਜਵਾਨ ਕੁੜੀਆਂ ਵਿੱਚ ਬਹੁਤ ਆਮ ਹੋ ਰਹੀ ਹੈ।ਇਸ ਦਾ ਮੁੱਖ ਕਾਰਨ ਅਣਸਿਹਤਮੰਦ ਜੀਵਨ ਸ਼ੈਲੀ, ਤਣਾਅ, ਅਣਨਿਯਮਤ ਖੁਰਾਕ ਤੇ ਕਸਰਤ ਦੀ ਕਮੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਸੰਸਥਾ ਦੇ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਸੈਮੀਨਾਰ ਕਰਵਾਉਣ ਵਾਲੀ ਕਮੇਟੀ ਦੀ ਸ਼ਲਾਘਾ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮੂਹ ਨਰਸਿੰਗ ਸਟਾਫ ਹਾਜ਼ਰ ਸੀ।

## ਤਰਨ ਤਾਰਨ ਉੱਪ-ਚੋਣ ਭਾਰੀ ਬਹੁਮੱਤ ਨਾਲ ਜਿੱਤਾਂਗੇ : ਅਮੋਲਕ ਸਿੰਘ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੀਆਂ ਸਰਕਾਰਾਂ ਵੱਲੋਂ ਅਣਗੌਲੇ ਕੀਤੇ ਗਏ ਸਰਹੱਦੀ ਖੇਤਰ ਤਰਨਤਾਰਨ ਨੂੰ ਵਿਕਾਸ ਪੱਖੋਂ ਮੂਹਰਲੀ ਕਤਾਰ ਵਿੱਚ ਸ਼ਾਮਲ ਹੋਣ ਦਾ ਮਾਣ ਬਖਸ਼ਿਆ ਹੈ।ਜੈਤੋ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮੋਲਕ ਸਿੰਘ ਨੇ ਉਮੀਦ ਜਤਾਈ ਕਿ ਤਰਨਤਾਰਨ ਦੇ ਸੂਝਵਾਨ ਲੋਕ ਇਨ੍ਹਾਂ ਵਿਕਾਸ ਕਾਰਜਾਂ ਦੇ ਸਫ਼ਰ ਨੂੰ ਜਾਰੀ ਰੱਖਣ ਲਈ ਹਰਮੀਤ ਸਿੰਘ ਸੰਧੂ ਨੂੰ ਭਾਰੀ ਬਹੁਮੱਤ ਨਾਲ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਣਗੇ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੇ 'ਫਰਿਸ਼ਤੇ ਸਕੀਮ' ਪ੍ਰਾਜੈਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਕੀਮ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਬਚਾ ਰਹੀ ਹੈ। ਇਸ ਸਕੀਮ ਤਹਿਤ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਪਹੁੰਚਾਉਣ ਵਾਲੇ ਨੂੰ 2000 ਰੁਪਏ ਦੀ ਰਾਸ਼ੀ ਸਨਮਾਨ ਪੂਰਵਕ ਦਿੱਤੀ ਜਾਂਦੀ ਹੈ।ਅਮੋਲਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਤਰਨਤਾਰਨ ਵਿਖੇ 15 ਪ੍ਰਾਈਵੇਟ ਤੇ 11 ਸਰਕਾਰੀ ਯਾਨੀ ਕੁੱਲ 26 ਹਸਪਤਾਲ ਇਸ ਸਕੀਮ ਤਹਿਤ ਇਨਪੈਨਲ ਕੀਤੇ ਗਏ ਹਨ ਤਾਂ ਜੋ ਕਿ ਹਰ ਕੀਮਤੀ ਜ਼ਿੰਦਗੀ ਨੂੰ ਸਹੀ ਸਮੇਂ ਇਲਾਜ ਮਿਲ ਸਕੇ।ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਤਰਨਤਾਰਨ ਵਿਖੇ 16 ਕਰੋੜ ਰੁਪਏ ਦੀ ਲਾਗਤ ਨਾਲ ਅਤਿ ਆਧੁਨਿਕ ਕ੍ਰਿਟੀਕਲ ਕੇਅਰ ਬਲਾਕ ਤੇ ਟਰੌਮਾ ਸੈਂਟਰ ਦਾ ਨਿਰਮਾਣ ਵੀ ਜੰਗੀ ਪੱਧਰ 'ਤੇ ਜਾਰੀ ਹੈ।ਅੰਤ ਵਿੱਚ ਅਮੋਲਕ ਸਿੰਘ ਨੇ ਹਲਕਾ ਤਰਨਤਾਰਨ ਦੇ ਵੋਟਰਾਂ ਨੂੰ ਜ਼ੋਰਦਾਰ ਅਪੀਲ ਕਰਦੇ ਹੋਏ ਕਿਹਾ ਕਿ ਉਹ ਤਰਨਤਾਰਨ ਦੇ ਚਹੁੰਮੁਖੀ ਵਿਕਾਸ ਲਈ ਆਪ ਸਰਕਾਰ ਦੇ ਹੱਥ ਹੋਰ ਮਜ਼ਬੂਤ ਕਰਨ ਅਤੇ ਇਸ ਵਿਕਾਸ ਦੀ ਗਤੀ ਨੂੰ ਅੱਗੇ ਵਧਾਉਣ ਲਈ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਭਾਰੀ ਬਹੁਮੱਤ ਨਾਲ ਕਾਮਯਾਬ ਬਣਾਉਣ।

## ਤੰਬਾਕੂ ਛੱਡੋ, ਜ਼ਿੰਦਗੀ ਜਿੱਤੋ : ਡਾ. ਪੁਨੀਤ ਸਿੱਧੂ



**ਸ਼ੇਰਪੁਰ (ਰਵੀ ਟਿੱਬਾ)**-ਤੰਬਾਕੂ ਦੀ ਵਰਤੋਂ ਨੌਜਵਾਨ ਪੀੜ੍ਹੀ ਦੀ ਸਿਹਤ ਲਈ ਗੰਭੀਰ ਚੁਣੌਤੀ ਬਣੀ ਹੋਈ ਹੈ।ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾ ਤੋਂ ਬਚਾਉਣ ਲਈ ਤੇ ਜਵਾਨੀ ਨੂੰ ਤੰਦਰੁਸਤ ਭਵਿੱਖ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਤੰਬਾਕੂ ਮੁਕਤ ਜਵਾਨੀ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਹ ਜਾਣਕਾਰੀ ਜ਼ਿਲ੍ਹਾ ਸਿਹਤ ਅਫਸਰ ਮਾਲੇਰਕੋਟਲਾ ਡਾਕਟਰ ਪੁਨੀਤ ਸਿੱਧੂ ਵੱਲੋਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਤੇ ਡਿਪਟੀ ਕਮਿਸ਼ਨਰ ਮਲੇਰਕੋਟਲਾ ਵਿਰਾਜ ਐੱਸ. ਤਿੜਕੇ ਤੇ ਸਿਵਲ ਸਰਜਨ ਮਲੇਰਕੋਟਲਾ ਡਾਕਟਰ ਸੰਜੇ ਗੋਇਲ ਦੇ ਹੁਕਮਾਂ 'ਤੇ ਤੰਬਾਕੂ ਮੁਕਤ ਜਵਾਨੀ ਮੁਹਿੰਮ ਜ਼ਿਲ੍ਹੇ 'ਚ 9 ਅਕਤੂਬਰ ਤੋਂ ਚਲਾਈ ਜਾ ਰਹੀ ਹੈ।ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਪੈਦਾ ਕਰਨਾ, ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਰਹਿਤ ਘੋਸ਼ਿਤ ਕਰਨਾ ਤੇ ਸਮਾਜ ਵਿੱਚ ਸਿਹਤਮੰਦ ਜੀਵਨਸ਼ੈਲੀ ਨੂੰ ਪ੍ਰੋਤਸਾਹਤ ਕਰਨਾ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਸਕੂਲਾਂ ਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਤੰਬਾਕੂ ਛੱਡਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਸੰਬੰਧੀ ਜਾਗਰੂਕਤਾ ਫੈਲਾਈ ਜਾ ਰਹੀ ਹੈ।ਇਸ ਤੋਂ ਇਲਾਵਾ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਦੇ ਕੋਟਪਾ ਐਕਟ ਅਧੀਨ ਚਲਾਣ ਵੀ ਕੱਟੇ ਜਾ ਰਹੇ ਹਨ।ਡਾਕਟਰ ਸਿੱਧੂ ਨੇ ਕਿਹਾ ਕਿ ਤੰਬਾਕੂ ਦੀ ਲਤ ਨੌਜਵਾਨ ਉਮਰ ਵਿੱਚ ਜੀਵਨ ਨੂੰ ਨੁਕਸਾਨ ਪਹੁੰਚਾਉਂਦੀ ਹੈ।ਜੇ ਜਵਾਨੀ ਤੰਬਾਕੂ ਤੋਂ ਮੁਕਤ ਰਹੇ, ਤਾਂ ਭਵਿੱਖ ਸਿਹਤਮੰਦ ਤੇ ਖ਼ੁਸ਼ਹਾਲ ਹੋ ਸਕਦਾ ਹੈ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਸਜੀਲਾ ਖਾਨ, ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਸੀਮਾ ਜੱਸਲ, ਡਾ. ਰਣਜੀਵ ਕੁਮਾਰ ਬੈਂਸ ਜ਼ਿਲ੍ਹਾ ਟੀਕਾਕਰਨ ਅਫਸਰ, ਮਾਸ ਮੀਡੀਆ ਵਿੰਗ ਤੋਂ ਰਣਵੀਰ ਸਿੰਘ ਢੰਡੇ ਤੇ ਜਗਸੀਰ ਸਿੰਘ ਟਿੱਬਾ, ਸੋਹਾਵਾ ਸਿੰਘ ਮਾਨ ਡੀ.ਸੀ.ਐੱਮ. ਹਾਜ਼ਰ ਸਨ।

## ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਦਰਸ਼ਨ ਮਿਤਵਾ ਦੇ ਕਥਾ ਸਾਹਿਤ ਬਾਰੇ ਸੈਮੀਨਾਰ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਸਥਾਨਕ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਵਿਖੇ ਕਥਾਕਾਰ ਤੇ ਨਾਟਕਕਾਰ ਦਰਸ਼ਨ ਮਿਤਵਾ ਦੇ ਰਚਨਾ ਸੰਸਾਰ ਬਾਰੇ ਇੱਕ ਸੰਖੇਪ ਪ੍ਰੰਤੂ ਭਾਵਪੂਰਤ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੀ ਪ੍ਰਧਾਨਗੀ ਅਦਾਕਾਰਾ ਮਨਜੀਤ ਔਲਖ ਵੱਲੋਂ ਕੀਤੀ ਗਈ।ਸੈਮੀਨਾਰ ਦੀ ਸ਼ੁਰੂਆਤ ਕਾਲਜ ਦੀ ਪ੍ਰਿੰਸੀਪਲ ਡਾ. ਬਰਿੰਦਰ ਕੌਰ ਦੇ ਆਏ ਮਹਿਮਾਨਾਂ ਨੂੰ ਧੰਨਵਾਦੀ ਸ਼ਬਦਾਂ ਨਾਲ ਹੋਈ।ਮਿਤਵਾ ਦੇ ਜੀਵਨ ਬਾਰੇ ਬੋਲਦਿਆਂ ਦਰਸ਼ਨ ਜੋਗਾ ਨੇ ਕਿਹਾ ਕਿ ਮਿਤਵਾ ਨੇ ਜੀਵਨ ਤੇ ਸਾਹਿਤ 'ਚ ਹੈਰਾਨੀਜਨਕ ਤਰੱਕੀ ਕੀਤੀ।ਉਹ ਸਿਰੜੀ ਤੇ ਮਿਹਨਤੀ ਕਿਸਮ ਦੇ ਵਿਅਕਤੀ ਸਨ।ਉਹ ਪੰਜਾਬੀ ਦੇ ਨਾਲ-ਨਾਲ ਹਿੰਦੀ 'ਚ ਵੀ ਲਿਖਦੇ ਸਨ।ਉਹ ਦੋਵੇਂ ਭਾਸ਼ਾਵਾਂ ਦੇ ਪ੍ਰਪੱਕ ਗਿਆਤਾ ਸਨ।ਆਲੋਚਕ ਤੇ ਕਹਾਣੀਕਾਰ ਨਿਰੰਜਨ ਬੋਹਾ ਨੇ ਉਨ੍ਹਾਂ ਦੇ ਕਥਾ ਸੰਸਾਰ ਬਾਰੇ ਬੋਲਦਿਆਂ ਕਿਹਾ ਕਿ ਮਿਤਵਾ ਜਿਉਂਦੇ ਜੀ ਵੀ ਅਣਗੌਲਿਆ ਰਿਹਾ ਤੇ ਉਸ ਦੇ ਤੁਰ ਜਾਣ ਪਿੱਛੋਂ ਵੀ ਅਕਾਦਮਿਕ ਅਦਾਰਿਆਂ ਨੇ ਉਸ ਦੀ ਸਾਹਿਤਕ ਦੇਣ 'ਤੇ ਸਵੱਲੀ ਨਜ਼ਰ ਨਹੀਂ ਮਾਰੀ। ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਸੈਮੀਨਾਰ ਕਰਵਾ ਕੇ ਪਹਿਲਕਦਮੀ ਕੀਤੀ ਹੈ, ਜਿਸ ਦੀ ਸਭ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ।ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਪ੍ਰਤੀਨਿੱਧ ਤੇ ਅਦਾਕਾਰ ਪ੍ਰੀਤਮ ਰੁਪਾਲ ਨੇ ਕਿਹਾ ਕਿ ਦਰਸ਼ਨ ਮਿਤਵਾ ਨਿਪੁੰਨ ਨਾਟਕਕਾਰ ਤੇ ਅਦਾਕਾਰ ਸਨ।ਉਨ੍ਹਾਂ ਦੀ ਲੇਖਣੀ ਦੇ ਸਾਰੇ ਪੱਖ ਖੋਜ ਕਾਰਜਾਂ ਦੀ ਮੰਗ ਕਰਦੇ ਹਨ।ਪ੍ਰੋ. ਡਾ. ਬਰਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਮਿਤਵਾ ਦੇ ਸਮੁੱਚੇ ਸਾਹਿਤ 'ਤੇ ਖੋਜ ਕਾਰਜ ਕਰਵਾ ਕੇ ਉਨ੍ਹਾਂ ਦੀ ਲੇਖਣੀ ਦੀਆਂ ਸਾਰੀਆਂ ਪਰਤਾਂ ਪ੍ਰਕਾਸ਼ 'ਚ ਲਿਆ ਕੇ ਖੋਜਾਰਥੀਆਂ ਅੱਗੇ ਲਿਆਉਣੀਆਂ ਚਾਹੀਦੀਆਂ ਹਨ। ਪ੍ਰਧਾਨਗੀ ਭਾਸ਼ਣ ਦਿੰਦਿਆਂ ਅਦਾਕਾਰਾ ਮਨਜੀਤ ਔਲਖ ਨੇ ਕਿਹਾ ਕਿ ਮਿਤਵਾ ਦਾ ਮਾਨਸਾ ਦੇ ਮੋਢੀ ਪੱਤਰਕਾਰਾਂ 'ਚ ਵੀ ਨਾਮ ਸ਼ੁਮਾਰ ਸੀ।ਉਨ੍ਹਾਂ ਦੇ ਸਾਰੇ ਸਿਰਜਣਾਤਮਕ ਪੱਖ ਗੌਲਣਯੋਗ ਸਨ।ਪਤਾ ਨਹੀਂ ਕਿਉਂ ਉਨ੍ਹਾਂ ਦਾ ਅਜੇ ਤੱਕ ਬਣਦਾ ਸਾਹਿਤਕ ਮੁੱਲ ਨਹੀਂ ਪਾਇਆ ਗਿਆ।ਉਨ੍ਹਾਂ ਅਕੈਡਮੀ ਵੱਲੋਂ ਵਿੱਛੜ ਚੁੱਕੇ ਲੇਖਕਾਂ ਦੇ ਪਿੰਡਾਂ ਤੇ ਸ਼ਹਿਰਾਂ 'ਚ ਜਾ ਕੇ ਸਮਾਗਮ ਰਚਾਉਣ ਦੀ ਪ੍ਰਸੰਸਾ ਕੀਤੀ।ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਮੰਚ ਦਾ ਫ਼ਰਜ਼ ਨਿਭਾਉਂਦਿਆਂ ਮਿੱਤਵਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਕਹਾਣੀ ਕਲਾ ਤੇ ਤਖੱਲਸ ਮਿਤਵਾ ਰੱਖਣ ਦੇ ਪਿੱਛੋਕੜ ਬਾਰੇ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ।

ਬੁਲਾਰਿਆਂ ਨੇ ਵਿਦਿਆਰਥੀਆਂ ਦੇ ਕੀਤੇ ਸਵਾਲਾਂ ਦੇ ਜਵਾਬ ਵੀ ਦਿੱਤੇ।ਇਸ ਮੌਕੇ ਡਾ ਬੱਲਮ ਲੀਂਬਾ, ਡਾ. ਸੰਦੀਪ ਘੰਡ, ਹਰਦੀਪ ਸਿੰਘ ਸਿੱਧੂ, ਪ੍ਰੋ. ਹਰਜੀਤ ਸਿੰਘ, ਸੰਜੀਵ ਮਿਤਵਾ, ਪ੍ਰੋ ਹਰਮੇਲ ਸਿੰਘ ਤੇ ਪ੍ਰੋ ਕੁਲਬੀਰ ਚੌਹਾਨ ਆਦਿ ਹਾਜ਼ਰ ਸਨ।

## ਗੀਤਕਾਰ ਸਭਾ ਵੱਲੋਂ ਬਾਬੂ ਸਿੰਘ ਮਾਨ ਨਾਲ ਦੁੱਖ ਪ੍ਰਗਟ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪੰਜਾਬੀ ਗੀਤਕਾਰ ਸਭਾ ਪੰਜਾਬ ਵੱਲੋਂ ਮਹਾਨ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੀ ਸੁਪਤਨੀ ਸ੍ਰੀਮਤੀ ਗੁਰਨਾਮ ਕੌਰ ਦੇ ਸਵਰਗਵਾਸ ਹੋਣ 'ਤੇ ਅੰਤਿਮ ਅਰਦਾਸ ਮੌਕੇ ਪ੍ਰਧਾਨ ਪਾਲੀ ਦੇਤਵਾਲੀਆ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਦਿਲਸ਼ਾਦ, ਮੀਤ ਪ੍ਰਧਾਨ ਕਰਨੈਲ ਸਿਵੀਆ, ਉੱਪ ਚੇਅਰਮੈਨ ਜਸਵੰਤ ਸਿੰਘ ਸੰਦੀਲਾ, ਸਰਪ੍ਰਸਤ ਅਮਰੀਕ ਸਿੰਘ ਤਲਵੰਡੀ, ਜਨਰਲ ਸਕੱਤਰ ਬਲਵੀਰ ਸਿੰਘ ਮਾਨ, ਵਿੱਤ ਸਕੱਤਰ ਬਲਜੀਤ ਸਿੰਘ ਬਾਗੀ, ਸੁਖਬੀਰ ਸੰਧੂ, ਅਮਰਜੀਤ ਸ਼ੇਰਪੁਰੀ, ਤੇਜਾ ਤਲਵੰਡੀ, ਮਾਨ ਜੰਡੀਵਾਲਾ, ਅਨਿਲ ਫਤਿਹਗੜ੍ਹ ਜੱਟਾਂ ਆਦਿ ਨੇ ਮਹਾਨ ਗੀਤਕਾਰ, ਫਿਲਮਕਾਰ ਤੇ ਹੋਰ ਸੰਗੀਤ ਜਗਤ ਦੀਆਂ ਬੰਨਗੀਆਂ ਵਿੱਚ ਆਪਣਾ ਨਾਂਅ ਕਮਾਉਣ ਵਾਲੇ ਪ੍ਰਸਿੱਧ ਲੇਖਕ ਬਾਬੂ ਸਿੰਘ ਮਾਨ ਦੀ ਜੀਵਨ ਸਾਥਣ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ।ਪੰਜਾਬੀ ਗੀਤਕਾਰ ਸਭਾ (ਰਜਿ.) ਪੰਜਾਬ ਦੇ ਸਮੂਹ ਅਹੁਦੇਦਾਰ, ਮੈਂਬਰ ਸਾਹਿਬਾਨ ਇਸ ਦੁੱਖ ਦੀ ਘੜੀ ਵਿੱਚ ਬਾਬੂ ਸਿੰਘ ਮਾਨ ਤੇ ਉਸਦੇ ਸਮੂਹ ਪਰਵਾਰ, ਰਿਸ਼ਤੇਦਾਰ, ਦੋਸਤਾਂ-ਮਿੱਤਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੁੱਖ ਪ੍ਰਗਟ ਕਰਦੇ ਹਨ।ਇਸ ਨਾ ਪੂਰੇ ਜਾਣ ਵਾਲੇ ਘਾਟੇ 'ਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿੱਛੜੀ ਆਤਮਾ ਸ੍ਰੀਮਤੀ ਗੁਰਨਾਮ ਕੌਰ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

## ਪੰਜਾਬੀ ਫ਼ਿਲਮ 'ਇੱਕ ਤੇਰੇ ਕਰਕੇ' 14 ਨੂੰ ਹੋਵੇਗੀ ਰਿਲੀਜ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਉਣ ਵਾਲੀ 14 ਨਵੰਬਰ ਨੂੰ ਪੰਜਾਬੀ ਸਿਨੇਮਾ ਪ੍ਰੇਮੀਆਂ ਲਈ ਖ਼ਾਸ ਤੋਹਫ਼ਾ ਮਿਲਣ ਜਾ ਰਿਹਾ ਹੈ।ਪੰਜਾਬੀ ਫ਼ਿਲਮ 'ਇੱਕ ਤੇਰੇ ਕਰਕੇ' ਸਾਰੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ।ਇਸ ਫ਼ਿਲਮ ਵਿੱਚ ਮੁੱਖ ਐਕਟਰ ਪ੍ਰਭ ਗਿੱਲ ਤੇ ਐਕਟਰੈੱਸ ਕਮਲ ਖੰਗੂੜਾ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ।ਫ਼ਿਲਮ ਦਾ ਨਿਰਦੇਸ਼ਨ ਬੰਟੀ ਜੰਡਵਾਲੀਆ ਵੱਲੋਂ ਕੀਤਾ ਗਿਆ ਹੈ, ਜਦਕਿ ਨਿਰਮਾਤਾ ਗੀਤ ਵੜੈਚ ਹਨ ਤੇ ਕਹਾਣੀ ਅਜਸੀਰਾ ਨੇ ਲਿਖੀ ਹੈ।ਇਸ ਪ੍ਰੋਜੈਕਟ ਨਾਲ ਸਟੋਰੀ ਕੰਸਲਟੈਂਟ ਜਸਵਿੰਦਰ ਗਰੇਵਾਲ ਵੀ ਜੁੜੇ ਹੋਏ ਹਨ।ਖ਼ਾਸ ਗੱਲ ਇਹ ਹੈ ਕਿ ਇਸ ਫ਼ਿਲਮ ਵਿੱਚ ਪਟਿਆਲਾ ਦੇ ਰਹਿਣ ਵਾਲੇ ਬੇਅੰਤ ਸ਼ਰਮਾ ਵੀ ਇੱਕ ਮਹੱਤਵਪੂਰਨ ਕਿਰਦਾਰ ਨਿਭਾਅ ਰਹੇ ਹਨ।ਬੇਅੰਤ ਸ਼ਰਮਾ ਪਹਿਲਾਂ ਵੀ ਕਈ ਹਿੱਟ ਪੰਜਾਬੀ ਫ਼ਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜਲਵੇ ਵਿਖਾ ਚੁੱਕੇ ਹਨ।

26-OCT-PAGE-5.qxd 10/25/2025 9:18 PM Page 1



# ਸਿਆਸੀ ਲੋਕ ਬੇਰੁਜ਼ਗਾਰ ਨੌਜਵਾਨਾਂ ਨੂੰ ਆਪਣੇ ਹਿੱਤਾਂ ਲਈ ਵਰਤ ਰਹੇ : ਚੌਹਾਨ

**ਸੀ ਪੀ ਆਈ ਸ਼ਹਿਰੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ**



ਮਾਨਸਾ (ਆਤਮਾ ਸਿੰਘ ਪਮਾਰ)

ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਮਾਨਸਾ ਵਿਖੇ ਸੀ ਪੀ ਆਈ ਸ਼ਹਿਰੀ ਕਮੇਟੀ ਦੀ ਜਥੇਬੰਦਕ ਕਾਨਫਰੰਸ ਕਾ. ਅਰਵਿੰਦਰ ਕੌਰ ਤੇ ਐਡਵੋਕੇਟ ਕਿਰਨ ਸ਼ਰਮਾ ਦੇ ਪ੍ਰਧਾਨਗੀ ਮੰਡਲ 'ਚ ਸਫਲਤਾ ਪੂਰਵਕ ਸੰਪੰਨ ਹੋਈ।ਕਾਨਫਰੰਸ ਦੇ ਸ਼ੁਰੂ 'ਚ ਸ਼ੋਕ ਮਤੇ ਦੌਰਾਨ ਨਿਹਾਲ ਸਿੰਘ ਮਾਨਸਾ, ਕਾਕਾ ਸਿੰਘ ਪ੍ਰਧਾਨ, ਰਾਮ ਸਿੰਘ ਮਾਨਸਾ, ਕਾਕਾ ਸਿੰਘ ਮਜ਼ਦੂਰ ਆਗੂ ਤੇ ਜਗਤਾਰ ਸਿੰਘ ਤੋਂ ਇਲਾਵਾ ਹੜ੍ਹਾਂ ਕਾਰਨ ਹੋਈਆਂ ਮੌਤਾਂ ਤੇ ਲੋਕ ਗਾਇਕ ਰਾਜਵੀਰ ਜਵੰਦਾ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ।

ਜ਼ਿਲ੍ਹਾ ਅਬਜ਼ਰਵਰ ਦਲਜੀਤ ਸਿੰਘ ਮਾਨਸ਼ਾਹੀਆ ਨੇ ਸਵਾਗਤੀ ਭਾਸ਼ਣ ਦੌਰਾਨ ਪਾਰਟੀ ਦੇ ਸ਼ਾਨਾਮੱਤੇ ਇਤਿਹਾਸ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਮਾਏਦਾਰੀ ਪ੍ਰਬੰਧਾਂ ਦੇ ਟਾਕਰੇ ਲਈ ਮਜ਼ਬੂਤ ਕਮਿਊਨਿਸਟ ਲਹਿਰ ਦਾ ਹੋਣਾ ਜ਼ਰੂਰੀ ਹੈ।ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਵਰਤਮਾਨ ਹਾਲਤਾਂ ਵਿੱਚ ਸੂਬੇ ਦੀ ਸਥਿਤੀ ਬੜੇ ਨਾਜ਼ੁਕ ਦੌਰ 'ਚੋਂ ਗੁਜ਼ਰ ਰਹੀ ਹੈ।ਵਧ ਰਹੀ ਬੇਰੁਜ਼ਗਾਰੀ ਕਾਰਨ ਨਸ਼ੇ ਦੀ ਜਕੜ ਦੀ ਸ਼ਿਕਾਰ ਨੌਜਵਾਨ ਗੈਂਗਸਟਰਵਾਦ ਵੱਲ ਰੁਚਿਤ ਹੋ ਰਹੇ ਹਨ। ਸਿਆਸੀ ਲੋਕ ਆਪਣੇ ਹਿੱਤਾਂ ਲਈ ਇਸ ਵਰਗ ਨੂੰ ਵਰਤ ਰਹੇ ਹਨ।ਕਮਿਊਨਿਸਟ ਆਗੂ ਨੇ ਸੂਬੇ ਦੀ ਮਾਨ ਸਰਕਾਰ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੇਵਲ ਇੱਕ ਡਰਾਮਾ ਹੈ, ਬੁਢਲਾਡਾ ਹਲਕੇ ਵਿੱਚ ਨਸ਼ੇ ਵੱਲੋਂ ਆਪਣੇ ਬੱਚੇ ਨੂੰ ਵੇਚਣ ਦੀ, ਜੋ ਸ਼ਰਮਨਾਕ ਘਟਨਾ ਇਸ ਮੁਹਿੰਮ ਦਾ ਮੂੰਹ ਚਿੜਾ ਰਹੀ ਹੈ।ਉਨ੍ਹਾਂ ਨੇ ਨਸ਼ੇ ਗੈਂਗਸਟਰਵਾਦ ਕਰਜ਼ ਮੁਆਫੀ, ਰੁਜ਼ਗਾਰ ਤੇ ਵਪਾਰ ਸਬੰਧੀ ਵੀ ਸਰਕਾਰ ਨੂੰ ਰੱਜ ਕੇ ਕੋਸਿਆ।ਉਨ੍ਹਾਂ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ, ਬਿਜਲੀ ਆਦਿ ਗਰੰਟੀਆਂ ਲਾਗੂ ਕਰਨ ਦੀ ਵੀ ਵਕਾਲਤ ਕੀਤੀ। ਉਪਰੰਤ ਸਕੱਤਰ ਵੱਲੋਂ ਪਿਛਲੇ 3 ਸਾਲਾਂ ਦੇ ਲੇਖੇ ਜੋਖੇ ਦੀ ਰਿਪੋਰਟ ਪੇਸ਼ ਕੀਤੀ ਗਈ ਤੇ ਡੈਲੀਗੇਟ ਸਾਥੀਆਂ ਵੱਲੋਂ ਬਹਿਸ ਦੌਰਾਨ ਵਾਧੇ ਘਾਟੇ ਨਾਲ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਸ਼ਹਿਰ ਕਮੇਟੀ ਮਾਨਸਾ ਦੀ 15 ਮੈਂਬਰੀ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਰਤਨ ਭੋਲਾ ਸਕੱਤਰ, ਰਾਜ ਕੁਮਾਰ ਸ਼ਰਮਾ ਤੇ ਬਲਵੰਤ ਸਿੰਘ ਠੱਕਰ ਸਹਾਇਕ ਸਕੱਤਰ ਚੁਣੇ ਗਏ।ਇਸ ਤੋਂ ਇਲਾਵਾ ਜ਼ਿਲ੍ਹਾ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ।ਸਬ ਡਵੀਜ਼ਨ ਮਾਨਸਾ ਦੇ ਸਕੱਤਰ ਕਾਮਰੇਡ ਰੂਪ ਸਿੰਘ ਢਿੱਲੋਂ ਨੇ ਸਫ਼ਲ ਕਾਨਫਰੰਸ ਮੌਕੇ ਹਾਜ਼ਰੀਨ ਨੂੰ ਮੁਬਾਰਕਵਾਦ ਦਿੱਤੀ।ਇਸ ਮੌਕੇ ਕਾਮਰੇਡ ਬੂਟਾ ਸਿੰਘ ਐੱਫ ਸੀ ਆਈ, ਨਰੇਸ਼ ਕੁਮਾਰ ਬੁਰਜ ਹਰੀ, ਦਰਸ਼ਨ ਸਿੰਘ ਮਾਨਸ਼ਾਹੀਆ, ਸੁਖਦੇਵ ਸਿੰਘ ਮਾਨਸਾ, ਨਿਰਮਲ ਸਿੰਘ ਮਾਨਸਾ ਆਦਿ ਆਗੂਆਂ ਨੇ ਸੰਬੋਧਨ ਕੀਤਾ।ਬਜ਼ੁਰਗ ਆਗੂ ਕਾਮਰੇਡ ਹਰਬੰਤ ਸਿੰਘ ਬੋੜਾਵਾਲ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ।

# ਚੇਅਰਮੈਨ ਹਡਾਣਾ ਨੇ 5 ਪਿੰਡਾਂ ਦੀਆਂ ਸੜਕਾਂ ਦੇ ਨਵਿਆਉਣ ਦਾ ਕੀਤਾ ਉਦਘਾਟਨ

**31 ਮਾਰਚ ਤੱਕ ਸਨੌਰ ਹਲਕੇ ਦੀਆਂ ਸਾਰੀਆਂ ਸੜਕਾਂ ਦੀ ਨੁਹਾਰ ਬਦਲੀ ਜਾਵੇਗੀ : ਰਣਜੋਧ ਹਡਾਣਾ**



ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)-ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਹਲਕਾ ਸਨੌਰ ਇੰਚਾਰਜ ਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਪਿੰਡਾਂ ਰੀਠਖੇੜੀ, ਜਲਾਲਪੁਰ, ਘਲੋੜੀ, ਕਾਠਗੜ੍ਹ ਤੇ ਬਲਮਗੜ੍ਹ ਨੂੰ ਜੋੜਨ ਵਾਲੀਆਂ ਮੁੱਖ ਸੜਕਾਂ ਦੇ ਨਵਿਆਉਣ ਦੇ ਕੰਮ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ।ਇਸ ਮੌਕੇ ਹਲਕਾ ਸਨੌਰ ਦੇ ਬਲਾਕ ਪ੍ਰਧਾਨ, ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।ਇਸ ਮੌਕੇ ਉਨ੍ਹਾਂ ਕਿਹਾ ਕਿ 31 ਮਾਰਚ 2026 ਤੱਕ ਹਲਕੇ ਦੀਆਂ ਸਾਰੀਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾ ਦਿੱਤਾ ਜਾਵੇਗਾ।

ਚੇਅਰਮੈਨ ਹਡਾਣਾ ਨੇ ਦੱਸਿਆ ਕਿ 5 ਪਿੰਡਾਂ ਦੀਆਂ ਕਰੋੜਾਂ ਰੁਪਏ ਤੋਂ ਵੱਧ ਰਕਮ ਨਾਲ ਬਣਨ ਵਾਲੀਆਂ ਇਹ ਸੜਕਾਂ ਪਿੰਡਾਂ ਦੀ ਨੌਹਾਰ ਬਦਲਣ ਵਿੱਚ ਮੋਹਰੀ ਰਹਿਣਗੀਆਂ।ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਮੰਗ ਮੁਤਾਬਿਕ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਸੀ, ਜਿਸ ਕਾਰਨ ਆਵਾਜਾਈ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਪੇਂਡੂ ਖੇਤਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਚੇਅਰਮੈਨ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਸੜਕਾਂ ਦੀ ਗੁਣਵੱਤਾ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਸਮੇਂ ਸਿਰ ਕੰਮ ਮੁਕੰਮਲ ਕੀਤਾ ਜਾਵੇਗਾ।ਇਸ ਮੌਕੇ ਨਗਰ ਕੌਂਸਲ ਸਨੌਰ ਦੇ ਪ੍ਰਧਾਨ ਪ੍ਰਦੀਪ ਜੋਸ਼ਨ, ਸਰਪੰਚ ਫਤਿਹ ਸਿੰਘ ਨਿਰਵੇਦਇੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਿੰਦਰ ਸਿੰਘ ਜਗਜੀਤ ਸਿੰਘ, ਬਲਿਹਾਰ ਸਿੰਘ ਸਮਸਪੁਰ, ਦੇਵਿੰਦਰ ਸਿੰਘ ਮਾੜੂ, ਆਪ ਆਗੂ ਸਨੌਰ ਬਲਾਕ ਦੇ ਪ੍ਰਧਾਨ ਹਰਪਰੀਤ ਸਿੰਘ ਘੁੰਮਣ, ਪੀ ਏ ਲਾਲੀ ਰੈਹਲ ਰਾਜਾ ਧੰਜੂ ਸਮੇਤ ਪੰਚ-ਸਰਪੰਚ ਹਾਜ਼ਰ ਸਨ।

# ਡਾ. ਅਰੋੜਾ ਵੱਲੋਂ ਵੱਖ-ਵੱਖ ਵਾਰਡਾਂ 'ਚ ਪ੍ਰੀਮਿਕਸ ਤੇ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਆਗਾਜ਼



ਮੋਗਾ (ਇਕਬਾਲ ਸਿੰਘ ਖਹਿਰਾ)-ਸ਼ਹਿਰ ਦੇ ਵਿਕਾਸ ਕਾਰਜਾਂ ਦੇ ਹਿੱਸੇ ਵਜੋਂ ਅੱਜ ਵਾਰਡ ਨੰਬਰ 11, 12 ਤੇ ਵਾਰਡ ਨੰਬਰ 46 ਨੂੰ ਜੋੜਨ ਵਾਲੀ 22 ਸਾਲ ਪਹਿਲਾਂ ਬਣੀ ਕਬਾੜੀ ਬਾਜ਼ਾਰ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ, 15 ਲੱਖ ਦੀ ਲਾਗਤ ਨਾਲ ਮੈਜੇਸਟਿਕ ਰੋਡ 'ਤੇ ਪ੍ਰੀਮਿਕਸ ਪਾਉਣ ਦੇ ਕੰਮ ਦੇ ਨਾਲ-ਨਾਲ, ਵਾਰਡ ਨੰਬਰ 43 ਵਿੱਚ ਸ਼ਾਮ ਵਿਹਾਰ ਤੇ ਨਾਲ ਲੱਗਦੀਆਂ ਗਲੀਆਂ ਵਿੱਚ 48 ਲੱਖ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਸ਼ੁਰੂ ਕਰਵਾਇਆ ਗਿਆ।ਇਸ ਮੌਕੇ ਮੇਅਰ ਬਲਜੀਤ ਸਿੰਘ ਚਾਨੀ, ਡਿਪਟੀ ਮੇਅਰ ਅਸ਼ੋਕ ਧਮੀਜਾ, ਕੌਂਸਲਰ ਸੁਰਿੰਦਰ ਸਿੰਘ ਗੋਗਾ, ਵਿਨੀਤ ਚੋਪੜਾ, ਵਾਰਡ ਇੰਚਾਰਜ ਅਜੇ ਕੁਮਾਰ, ਕੌਂਸਲਰ ਕੁਲਵਿੰਦਰ ਸਿੰਘ, ਸਾਬਕਾ ਕੌਂਸਲਰ ਰਵਿੰਦਰ ਸਿੰਘ ਤਿਵਾੜੀ, ਬਲਰਾਜ ਕੁਮਾਰ, ਕੁਣਾਲ ਬੱਸਾ, ਗੁਰਜੰਟ ਸਿੰਘ ਅਤੇ ਗੁਰਪ੍ਰੀਤ ਸਿੰਘ ਸਮੇਤ ਪਾਰਟੀ ਵਲੰਟੀਅਰ, ਦੁਕਾਨਦਾਰ ਤੇ ਮੁਹੱਲਾ ਨਿਵਾਸੀ ਮੌਜੂਦ ਸਨ। ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਵੱਧ ਤੋਂ ਵੱਧ ਗ੍ਰਾਂਟਾਂ ਪ੍ਰਾਪਤ ਕਰਕੇ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੋਗਾ ਹਲਕੇ ਦੇ ਲੋਕਾਂ ਨਾਲ ਕੀਤਾ ਗਿਆ ਹਰ ਵਾਅਦਾ ਸਮੇਂ ਸਿਰ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਮੋਗਾ ਹਲਕੇ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣਾ ਹੈ। ਉਨ੍ਹਾਂ ਵਾਰਡ ਨਿਵਾਸੀਆਂ ਤੇ ਮੋਗਾ ਹਲਕੇ ਦੇ ਹੋਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਮੁੱਦੇ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਵਾਰਡ ਨਿਵਾਸੀਆਂ ਨੇ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦਾ ਸਨਮਾਨ ਕੀਤਾ ਤੇ ਉਨ੍ਹਾਂ ਦਾ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਲਈ ਧੰਨਵਾਦ ਕੀਤਾ।

# ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਦੀ ਲੁੱਟ ਕਰਨ ਦੀ ਨਿਖੇਧੀ



ਜਲਾਲਾਬਾਦ (ਪਰਮਜੀਤ ਢਾਬਾਂ, ਜੀਤ ਕੁਮਾਰ)-ਜਲਾਲਾਬਾਦ ਦੀ ਮਾਰਕੀਟ ਕਮੇਟੀ ਦਫ਼ਤਰ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਮੰਡੀਆਂ ਵਿੱਚ ਕਿਸਾਨਾਂ ਦੀ ਲੁੱਟ ਕਰ ਰਹੀ ਤਿੱਕੜੀ ਖਿਲਾਫ਼ ਸੰਘਰਸ਼ ਵਿੱਢਣ ਲਈ ਮੀਟਿੰਗ ਕੀਤੀ ਗਈ ਤੇ ਫੈਸਲਾ ਕੀਤਾ ਕਿ ਇਲਾਕੇ ਦੀਆਂ ਮੰਡੀਆਂ ਦਾ ਕਿਸਾਨ ਜਥੇਬੰਦੀਆਂ ਵੱਲੋਂ ਦੌਰਾ ਵੀ ਕੀਤਾ ਜਾਵੇਗਾ ਅਤੇ 26 ਅਕਤੂਬਰ ਠੀਕ 11 ਵਜੇ ਜਲਾਲਾਬਾਦ ਮਾਰਕੀਟ ਕਮੇਟੀ ਦਫ਼ਤਰ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੀਟਿੰਗ ਕਰਕੇ ਅਗਲਾ ਤਿੱਖਾ ਸੰਘਰਸ਼ ਵੀ ਉਲੀਕਿਆ ਜਾਵੇਗਾ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਰੇਸ਼ਮ ਮਿੱਡਾ, ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਬੀ ਕੇ ਡਕੌਂਦਾ ਧਨੇਰ ਦੇ ਬਲਾਕ ਪ੍ਰਧਾਨ ਪ੍ਰਵੀਨ ਮੱਲਵਾਲਾ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਸ਼ੈਲਰ ਮਾਲਕਾਂ ਵੱਲੋਂ ਮੰਡੀਆਂ ਵਿੱਚ ਕਿਸਾਨਾਂ ਨੂੰ ਖੱਜਲ ਖੁਆਰ ਕਰਕੇ ਲੁੱਟ ਕਰਨ ਲਈ ਹੜਤਾਲ ਕੀਤੀ ਹੋਈ ਹੈ।ਇੱਕ ਪਾਸੇ ਕਿਸਾਨਾਂ ਦੇ ਮੌਸਮ ਦੀ ਮਾਰ ਹੇਠ ਫ਼ਸਲਾਂ ਦੇ ਨੁਕਸਾਨ ਹੋਏ ਹਨ, ਦੂਜੇ ਪਾਸੇ ਹੁਣ ਆੜ੍ਹਤੀਆਂ, ਸ਼ੈਲਰ ਮਾਲਕਾਂ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਕਿਸਾਨਾਂ ਦੀ ਸ਼ਰੇਆਮ ਲੁੱਟ ਕੀਤੀ ਜਾ ਰਹੀ ਹੈ, ਜਦਕਿ ਕੇਂਦਰੀ ਮੰਡੀ ਦੇ ਵਿੱਚ ਝੋਨਾ ਸਰਕਾਰੀ ਕੀਮਤਾਂ ਉੱਥੋਂ ਚੱਲ ਰਹੀਆਂ ਹਨ ਅਤੇ ਇਥੇ ਸ਼ੈਲਰ ਮਾਲਕਾਂ ਵੱਲੋਂ ਪੂਲ, ਹੜਤਾਲਾਂ ਕਰਕੇ ਕਿਸਾਨਾਂ ਦੀਆਂ ਲੁੱਟ ਕਰਨ ਦੀਆਂ ਚਰਚਾਵਾਂ ਤੇਜ਼ ਹਨ।ਇਸ ਮੌਕੇ ਬਲਜਿੰਦਰ ਸਿੰਘ ਪਿੱਪਲ ਸਿੰਘ, ਮਨਦੀਪ ਸਿੰਘ, ਬਲਾਕ ਪ੍ਰਧਾਨ ਹਰਮੀਤ ਸਿੰਘ ਢੁੱਡੀਆਂ ਨੰਦ ਸਿੰਘ ਵਾਲਾ ਆਦਿ ਹਾਜ਼ਰ ਸਨ।

## ਕਾਤਰਾਂ

### ਅੱਜ ਬਿਜਲੀ ਬੰਦ ਰਹੇਗੀ

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਵੰਡ ਉਪ ਮੰਡਲ ਸ਼ਹਿਰੀ ਧੂਰੀ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਅਨੁਸਾਰ 66 ਕੇ ਵੀ ਬੇਨੜਾ ਬਿਜਲੀ ਗਰਿੱਡ ਦੀ ਜ਼ਰੂਰੀ ਮੁਰੰਮਤ ਕਰਨ ਲਈ ਗਰਿੱਡ ਦੀ ਸਪਲਾਈ 26 ਅਕਤੂਬਰ ਐਤਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਬੰਦ ਰਹੇਗੀ, ਜਿਸ ਨਾਲ 11 ਕੇਵੀ ਸੰਗਰੂਰ ਰੋਡ ਫੀਡਰ ਸੀ-2, 11 ਕੇਵੀ ਸਿਨੇਮਾ ਰੋਡ ਕੈਟਾਗਰੀ-1, 11 ਕੇਵੀ ਏ ਪੀ ਸੈਲਵੈਕਸ ਫੀਡਰ ਸੀ-4 ਤੇ 11 ਕੇਵੀ ਏ ਪੀ ਆਰਗੈਨਿਕ ਸੀ-4 ਦੀ ਸਪਲਾਈ ਬੰਦ ਰਹੇਗੀ।

### ਗੁਲਾਬ ਸਿੱਧੂ ਦਾ ਵਿਵਾਦਤ ਗਾਣਾ ਸੋਸ਼ਲ ਮੀਡੀਆ ਤੋਂ ਹਟਾਇਆ ਜਾਵੇ : ਬੁਗਰਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਰਪੰਚ ਯੂਨੀਅਨ ਬਲਾਕ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਬੁਗਰਾ ਨੇ ਗੱਲਬਾਤ ਕਰਦਿਆਂ ਪੰਜਾਬੀ ਗਾਇਕ ਗੁਲਾਬ ਸਿੱਧੂ ਵੱਲੋਂ ਆਪਣੇ ਗਾਣੇ ਵਿੱਚ ਸਰਪੰਚਾਂ ਪ੍ਰਤੀ ਵਰਤੀ ਨਿੰਦਣਯੋਗ ਸ਼ਬਦਾਵਲੀ ਦੀ ਨਿੰਦਾ ਕਰਦਿਆਂ ਤੁਰੰਤ ਸਾਰੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੋਂ ਇਸ ਗਾਣੇ ਦੇ ਵਿਵਾਦਤ ਪੈਰੇ ਨੂੰ ਹਟਾਉਣ ਦੀ ਮੰਗ ਕੀਤੀ ਹੈ।ਉਨ੍ਹਾ ਕਿਹਾ ਕਿ ਸਰਪੰਚ ਪਿੰਡ ਦਾ ਚੁਣਿਆ ਹੋਇਆ ਪ੍ਰਤੀਨਿਧੀ ਹੁੰਦਾ ਹੈ, ਜੋ ਲੋਕਾਂ ਦੀ ਭਲਾਈ ਲਈ ਆਪਣੀ ਜ਼ਿੰਦਗੀ ਸਮਰਪਤ ਕਰਦਾ ਹੈ।ਅਜਿਹੇ ਗਾਣੇ ਜਿਹੜੇ ਪਿੰਡ ਦੇ ਪ੍ਰਬੰਧਕੀ ਪ੍ਰਣਾਲੀ ਤੇ ਹਮਲਾ ਕਰਦੇ ਹਨ, ਉਹ ਜਵਾਨੀ ਵਿੱਚ ਗਲਤ ਸੁਨੇਹੇ ਪੈਦਾ ਕਰਦੇ ਹਨ ਤੇ ਹਿੰਸਾ ਨੂੰ ਵਧਾਉਂਦੇ ਹਨ। ਉਨ੍ਹਾਂ ਕਿਹਾ ਕਿ ਗਾਇਕੀ ਤੇ ਕਲਾ ਦਾ ਮਕਸਦ ਸਮਾਜ ਵਿੱਚ ਪਿਆਰ, ਇਕਤਾ ਤੇ ਸੱਭਿਆਚਾਰ ਨੂੰ ਪ੍ਰਮੋਟ ਕਰਨਾ ਹੁੰਦਾ ਹੈ, ਨਾ ਕਿ ਨਫ਼ਰਤ ਤੇ ਅਣਸੰਯਮਿਤ ਭਾਵਨਾਵਾਂ ਨੂੰ ਉਕਸਾਉਣਾ।ਇੱਕ ਗਾਇਕ ਜਦੋਂ ਇਸ ਤਰ੍ਹਾਂ ਦੇ ਸ਼ਬਦ ਵਰਤਦਾ ਹੈ ਤਾਂ ਉਹ ਪਿੰਡ ਦੇ ਹਰ ਇੱਕ ਸਰਪੰਚ ਤੇ ਉਸ ਦੇ ਪਰਿਵਾਰ ਦੇ ਆਤਮ-ਸਨਮਾਨ ਨਾਲ ਖੇਡਦਾ ਹੈ।ਇਹ ਗੱਲ ਬਰਦਾਸ਼ਤ ਕਰਨ ਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਗੁਲਾਬ ਸਿੱਧੂ ਨੇ ਇਸ ਵਿਵਾਦਤ ਗਾਣੇ 'ਤੇ ਮੁਆਫ਼ੀ ਮੰਗ ਲਈ ਹੈ, ਪਰ ਉਨ੍ਹਾਂ ਮੰਗ ਕੀਤੀ ਕਿ ਇਸ ਗਾਣੇ ਦੇ ਵਿਵਾਦਤ ਬੋਲ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੋਂ ਹਟਾਏ ਜਾਣ।

### ਚੂਰਾ-ਪੋਸਤ ਸਮੇਤ ਪੁਲਸ ਅੜਿੱਕੇ

**ਧੂਰੀ (ਮਨੋਹਰ ਸਿੰਘ ਸੱਗੂ)**-ਥਾਣਾ ਸਦਰ ਧੂਰੀ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਚੂਰਾ ਪੋਸਤ ਸਮੇਤ (ਭੁੱਕੀ) ਗ੍ਰਿਫ਼ਤਾਰ ਕੀਤੇ ਜਾਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਥਾਣਾ ਸਦਰ ਧੂਰੀ ਦੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਨੇ ਆਪਣੀ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਬੇਨੜਾ ਨੇੜਲੀ ਪੁੱਡਾ ਕਲੋਨੀ ਕੋਲ ਸੜਕ ਕਿਨਾਰੇ ਖੜੇ ਇੱਕ ਟਰੱਕ 'ਚੋਂ ਸ਼ੱਕ ਦੇ ਆਧਾਰ 'ਤੇ ਕਾਬੂ ਕੀਤੇ ਖੁਸ਼ਪ੍ਰੀਤ ਸਿੰਘ ਉਰਫ਼ ਰਾਜਨ ਵਾਸੀ ਸੁਨਾਮ ਪਾਸੋਂ 200 ਗ੍ਰਾਮ ਚੂਰਾ ਪੋਸਤ ਬਰਾਮਦ ਕਰਵਾਈ।ਪੁਲਸ ਵੱਲੋਂ ਭੁੱਕੀ ਸਮੇਤ ਕਾਬੂ ਕੀਤੇ ਗਏ ਉਕਤ ਮੁਲਜ਼ਮ ਖਿਲਾਫ਼ ਨਸ਼ਾ ਵਿਰੋਧੀ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਕੀਤਾ ਗਿਆ।

**ਮਾਮਲਾ ਨਸ਼ੇੜੀ ਪਤੀ-ਪਤਨੀ ਵੱਲੋਂ ਆਪਣਾ ਬੱਚਾ ਵੇਚਣ ਦਾ**

# ਮਾਸੀ ਦੀ ਮਮਤਾ ਜਾਗੀ, ਬੱਚਾ ਵੇਚਣ ਤੇ ਖ੍ਰੀਦਣ ਵਾਲੇ ਮਾਪਿਆਂ ਖਿਲਾਫ ਤਸਕਰੀ ਦਾ ਕੇਸ ਦਰਜ



ਬਰੇਟਾ (ਗੀਤਵਾਲ)-ਨਸ਼ੇ ਦੀ ਪੂਰਤੀ ਲਈ ਪਤੀ-ਪਤਨੀ ਨੇ ਚਿੱਟੇ ਦੀ ਖਾਤਰ ਆਪਣੇ 6 ਮਹੀਨਿਆਂ ਦਾ ਜਿਗਰ ਦਾ ਟੁਕੜਾ ਵੇਚ ਦਿੱਤਾ ਸੀ, ਜਿੱਥੇ ਬੱਚੇ ਦੀ ਮਾਸੀ ਗੀਤੂ ਵਰਮਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਪੁਲਸ ਨੇ ਬੱਚੇ ਦੀ ਤਸਕਰੀ ਕਰਨ ਵਾਲੇ ਦੋਵੇਂ ਮਾਪੇ ਖ੍ਰੀਦਣ ਤੇ ਵੇਚਣ ਵਾਲਿਆਂ ਖਿਲਾਫ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਅਤੇ ਬੱਚੇ ਨੂੰ ਆਨੰਤ ਆਸ਼ਰਮ ਵਿੱਚ ਦਾਖਲ ਕਰਵਾ ਦਿੱਤਾ।ਜਾਣਕਾਰੀ ਅਨੁਸਾਰ ਮਾਸੀ ਗੀਤੂ ਵਰਮਾ ਨੂੰ ਜਦੋਂ ਇਸ ਸੰਬੰਧੀ ਪਤਾ ਲੱਗਿਆ ਤਾਂ ਉਹ ਆਪਣੀ ਭੈਣ ਗੁਰਮਨ ਕੌਰ ਤੇ ਸੰਦੀਪ ਸਿੰਘ ਕੋਲ ਪਿੰਡ ਅਕਬਰਪੁਰ ਖੁਡਾਲ ਪਹੁੰਚ ਕੇ ਬੱਚੇ ਬਾਰੇ ਪੁੱਛਿਆ ਤਾਂ ਉਹ ਕੁਝ ਜੁਆਬ ਨਾ ਦੇ ਸਕੇ।ਦਬਾਅ ਪਾਉਣ 'ਤੇ ਜਦੋਂ ਉਨ੍ਹਾਂ ਦੱਸਿਆ ਕਿ ਘਰ ਦੀ ਆਰਥਿਕ ਹਾਲਤ ਔਖੀ ਹੋਣ ਕਾਰਨ ਅਸੀਂ ਆਪਣਾ ਬੱਚਾ ਸੰਜੂ ਤੇ ਪਤਨੀ ਆਰਤੀ ਨੂੰ ਬੁਢਲਾਡਾ ਵੇਚ ਦਿੱਤਾ ਹੈ ਅਤੇ ਉਨ੍ਹਾਂ ਨਾਲ ਇਕਰਾਰਨਾਮਾ ਬਾਬਤ ਗੋਦਨਾਮਾ ਲਿਖ ਲਿਆ ਹੈ, ਜਿਸ 'ਤੇ ਮਾਸੀ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਮੇਰੀ ਭੈਣ ਗੁਰਮਨ ਤੇ ਜੀਜੇ ਸੰਦੀਪ ਸਿੰਘ ਦੀ ਮਜਬੂਰੀ ਦਾ ਫਾਇਦਾ ਉਠਾਉਂਦਿਆਂ ਬੱਚਾ ਮੁੱਲ ਵੇਚ ਕੇ ਇਨ੍ਹਾਂ ਨੇ ਬੱਚੇ ਦੀ ਤਸਕਰੀ ਕੀਤੀ ਹੈ, ਜਿਸ 'ਤੇ ਪੁਲਸ ਨੇ ਮਾਮਲਾ ਦਰਜ ਕਰਕੇ ਬੱਚਾ ਖ੍ਰੀਦਣ ਤੇ ਵੇਚਣ ਵਾਲੇ ਮਾਪਿਆਂ ਖਿਲਾਫ ਮਾਮਲਾ ਦਰਜ ਕਰਕੇ ਬੱਚੇ ਦੇ ਪਿਤਾ ਸੰਦੀਪ ਸਿੰਘ ਤੇ ਮਾਤਾ ਗੁਰਮਨ ਕੌਰ ਅਤੇ ਖ੍ਰੀਦਣ ਵਾਲੇ ਸੰਜੂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਦਿੱਤਾ।ਜਿੱਥੇ ਉਨ੍ਹਾਂ ਨੂੰ ਪੁਲਸ ਰਿਮਾਂਡ ਵਿੱਚ ਭੇਜ ਦਿੱਤਾ ਗਿਆ ਹੈ।

ਉਧਰ ਦੂਜੇ ਪਾਸੇ ਇਸ ਮਾਮਲੇ ਸੰਬੰਧੀ ਸੋਸ਼ਲ ਮੀਡੀਆ 'ਚ ਵਾਈਰਲ ਹੋਈ ਖਬਰ ਤੋਂ ਬਾਅਦ ਪੰਜਾਬ ਦੀ ਕੈਬਨਿਟ ਮੰਤਰੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਮਾਮਲਾ ਧਿਆਨ ਵਿੱਚ ਆਉਣ ਤੋਂ ਬਾਅਦ ਇਸ ਬੱਚੇ ਦਾ ਰੈਸਕਿਉ (ਭਾਲ) ਕਰਨ ਲਈ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੂੰ ਹਦਾਇਤ ਕੀਤੀ ਗਈ, ਜਿੱਥੇ ਸੀਡੀਪੀਓ ਹਰਜਿੰਦਰ ਕੌਰ ਨੇ ਸੀ ਡਵਲਯੂ ਸੀ ਕਮੇਟੀ ਦੀ ਸਹਿਯੋਗ ਨਾਲ ਬੱਚੇ ਦੀ ਭਾਲ ਕਰ ਲਈ ਤੇ ਪੁਲਸ ਨੂੰ ਸੂਚਿਤ ਕਰ ਦਿੱਤਾ।ਜਿੱਥੇ ਡੀ.ਐਸ.ਪੀ. ਬੁਢਲਾਡਾ ਸਿਕੰਦਰ ਸਿੰਘ ਚੀਮਾ ਨੇ ਬਾਲ ਵਿਭਾਗ ਦੇ ਅਧਿਕਾਰੀਆਂ ਨੂੰ ਬੱਚਾ ਸੌਂਪ ਦਿੱਤਾ, ਜਿੱਥੇ ਵਿਭਾਗ ਨੇ ਇਹ ਬੱਚਾ ਆਨੰਤ ਆਸ਼ਰਮ ਨਥਾਣਾ (ਬਠਿੰਡਾ) ਵਿਖੇ ਦਾਖਲ ਕਰਵਾ ਦਿੱਤਾ।ਇੱਥੇ ਬੱਚੇ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ, ਜਿਸ ਦੀ ਨਿਗਰਾਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਖੁਸ਼ਬੀਰ ਕੌਰ ਕਰ ਰਹੀ ਹੈ, ਜਿੱਥੇ ਬੱਚੇ ਨੂੰ ਮਾਂ ਵਰਗਾ ਮਾਹੌਲ ਦੇ ਕੇ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ।

# ਪੀ ਆਰ ਟੀ ਸੀ ਮੁਲਾਜ਼ਮ ਮਨਜਿੰਦਰ ਸ਼ਰਮਾ ਤੇ ਪਰਵਾਰ 'ਤੇ ਜਾਨਲੇਵਾ ਹਮਲੇ ਦੀ ਸਖਤ ਨਿੰਦਾ

ਪਟਿਆਲਾ (ਥਿੰਦ)-ਪੀ ਆਰ ਟੀ ਸੀ ਪਟਿਆਲਾ ਦੇ ਮੁਲਾਜ਼ਮ ਮਨਜਿੰਦਰ ਕੁਮਾਰ ਬੱਬੂ ਸ਼ਰਮਾ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਉੱਤੇ ਪਿੰਡ ਬਾਹਮਣ ਮਾਜਰਾ ਥਾਣਾ ਘੱਗਾ ਦੇ ਵਸਨੀਕ ਕਮਲ ਕੁਮਾਰ, ਉਸ ਦੇ ਪੁੱਤਰਾਂ ਤੇ ਹੋਰ 10-15 ਵਿਅਕਤੀਆਂ ਵੱਲੋਂ ਘਰ ਅੰਦਰ ਵੜ ਕੇ ਕਾਤਲਾਨਾ ਹਮਲਾ ਕਰਨ, ਸੱਟਾਂ ਮਾਰਨ ਤੇ ਸਾਮਾਨ ਦੀ ਤੋੜ ਭੰਨ ਅਤੇ ਸੋਨਾ ਨਕਦੀ ਚੁੱਕ ਕੇ ਲੈ ਜਾਣ ਦੇ ਵਿਰੋਧ ਵਿੱਚ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਿੱਚ ਸ਼ਾਮਲ 6 ਜਥੇਬੰਦੀਆਂ ਦੀ ਮੀਟਿੰਗ ਐਕਸ਼ਨ ਕਮੇਟੀ ਦੇ ਕਨਵੀਨਰ ਸ੍ਰੀ ਨਿਰਮਲ ਸਿੰਘ ਧਾਲੀਵਾਲ ਦੀ ਕਨਵੀਨਰਸ਼ਿਪ ਹੇਠ ਹੋਈ, ਜਿਸ ਵਿੱਚ ਨਿਰਮਲ ਸਿੰਘ ਧਾਲੀਵਾਲ ਤੋਂ ਇਲਾਵਾ ਐਕਸ਼ਨ ਕਮੇਟੀ ਦੇ ਮੈਂਬਰਾਨ ਸਰਵਸ੍ਰੀ ਬਲਦੇਵ ਰਾਜ ਬੱਤਾ, ਤਰਸੇਮ ਸਿੰਘ, ਨਸੀਬ ਚੰਦ, ਉਤਮ ਸਿੰਘ ਬਾਗੜੀ, ਗੁਰਧਿਆਨ ਸਿੰਘ ਤੇ ਜਾਨਪਾਲ ਸਿੰਘ ਸ਼ਾਮਲ ਸਨ।

ਐਕਸ਼ਨ ਕਮੇਟੀ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਥਾਣਾ ਘੱਗਾ ਦੀ ਪੁਲਸ ਦੀ ਨਿਖੇਧੀ ਕਰਦਿਆਂ ਦੱਸਿਆ ਕਿ ਪੁਲਸ ਵੱਲੋਂ ਇਸ ਕਾਤਲਾਨਾ ਹਮਲੇ ਨੂੰ ਉਹ ਵੀ ਬੱਬੂ ਸ਼ਰਮਾ ਦੇ ਘਰ ਦੇ ਅੰਦਰ ਵੜ ਕੇ ਕੀਤੇ ਜਾਣ ਨੂੰ ਕਿਸੇ ਕਿਸਮ ਦੇ ਦਬਾਅ ਤਹਿਤ ਬਹੁਤ ਹੀ ਹਲਕੇ ਵਿੱਚ ਲੈਂਦਿਆਂ ਕੋਈ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ।ਐਕਸ਼ਨ ਕਮੇਟੀ ਨੇ ਮੰਗ ਕੀਤੀ ਹੈ ਕਿ ਸੱਟਾਂ ਤੋਂ ਇਲਾਵਾ ਘਰ ਦੇ ਅੰਦਰ ਵੜਕੇ ਸੱਟਾਂ ਮਾਰਨ ਦੀ ਦਫਾ ਤੇ ਇਰਾਦਾ ਕਤਲ ਦੀ ਦਫਾ ਮੁਰਜਮਾਂ ਖਿਲਾਫ ਲਾ ਕੇ ਗ੍ਰਿਫਤਾਰ ਕੀਤਾ ਜਾਵੇ।ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਪੀ.ਆਰ.ਟੀ.ਸੀ. ਦੇ ਵਰਕਰਾਂ ਵੱਲੋਂ ਸਖਤ ਐਕਸ਼ਨ ਕੀਤਾ ਜਾਵੇਗਾ।

# ਬਜ਼ੁਰਗਾਂ ਲਈ ਵੀ ਸੀਨੀਅਰ ਸਿਟੀਜ਼ਨ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ : ਕਾਮਰਾ

**ਰੇਲਵੇ ਕਿਰਾਏ 'ਚ ਦਿੱਤੀ ਜਾਣ ਵਾਲੀ ਛੋਟ ਮੁੜ ਤੋਂ ਬਹਾਲ ਕੀਤੀ ਜਾਵੇ**



ਮੋਗਾ (ਇਕਬਾਲ ਸਿੰਘ ਖਹਿਰਾ)-ਸੀਨੀਅਰ ਸਿਟੀਜਨ ਕੌਂਸਲ ਰਜਿਸਟਰ ਰਿਟਾਇਰਡ ਇਮਪਲਾਈਜ਼ ਮੋਗਾ ਦੀ ਜਨਰਲ ਬਾਡੀ ਦੀ ਮੀਟਿੰਗ ਰੈੱਡ ਕਰੌਸ ਸੀਨੀਅਰ ਸਿਟੀਜਨ ਡੇ ਕੇਅਰ ਸੈਂਟਰ ਪ੍ਰਬੰਧਕੀ ਕੰਪਲੈਕਸ ਮੋਗਾ ਵਿਖੇ ਪ੍ਰਧਾਨ ਤੇ ਫੈਡਰੇਸ਼ਨ ਦੇ ਸੀਨੀਅਰ ਵਾਈਸ ਪ੍ਰਧਾਨ ਸਰਦਾਰੀ ਲਾਲ ਕਾਮਰਾਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸਰਦਾਰੀ ਲਾਲ ਕਾਮਰਾ ਨੇ ਜਿੱਥੇ ਕੌਂਸਲ ਦੀਆਂ ਕੀਤੀ ਜਾ ਰਹੀਆਂ ਗਤੀਵਿਧੀਆਂ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ, ਉੱਥੇ ਹੀ ਬਜ਼ੁਰਗ ਭਲਾਈ ਐਕਟ 2007 ਦੀ ਜਾਣਕਾਰੀ ਦਿੱਤੀ। ਪਿਛਲੇ ਦਿਨੀਂ ਰਾਜਪੁਰਾ ਵਿਖੇ ਫੈਡਰੇਸ਼ਨ ਪੰਜਾਬ ਦੀ ਮੀਟਿੰਗ ਵਿੱਚ ਹੋਈ ਚਰਚਾ ਸਬੰਧੀ ਕੌਂਸਲ ਮੈਂਬਰਾਂ ਨੂੰ ਵੀ ਜਾਣਕਾਰੀ ਦਿੱਤੀ, ਜਿਸ ਵਿੱਚ ਵੱਖ-ਵੱਖ ਮੁੱਦਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ।ਕੌਂਸਲ ਦੇ ਜਨਰਲ ਸਕੱਤਰ ਅਵਤਾਰ ਸਿੰਘ ਨੇ ਕਾਰਵਾਈ ਚਲਾਉਂਦੇ ਹੋਏ ਕੌਂਸਲ ਵੱਲੋਂ ਸਮੇਂ ਸਮੇਂ ਤੇ ਕੀਤੇ ਜਾਂਦੇ ਕਾਰਜਾਂ ਸਬੰਧੀ ਵੀ ਵਿਸਥਾਰ ਸਹਿਤ ਚਾਨਣਾ ਪਾਇਆ। ਕੌਂਸਲ ਮੈਂਬਰ ਦਰਬਾਰਾ ਸਿੰਘ ਗਿੱਲ, ਵਿਜੇ ਕੁਮਾਰ ਸ਼ਰਮਾ, ਗੁਰਚਰਨ ਸਿੰਘ, ਅਮਰ ਸਿੰਘ ਵਿਰਦੀ ਨੇ ਵਿਚਾਰ ਪੇਸ਼ ਕੀਤੇ, ਉਪਰੰਤ ਫੈਡਰੇਸ਼ਨ ਪੰਜਾਬ ਦੀ ਮੀਟਿੰਗ ਦੌਰਾਨ ਮੰਗ ਰੱਖੀ ਗਈ ਕਿ ਬਜ਼ੁਰਗਾਂ ਲਈ ਵੀ ਸੀਨੀਅਰ ਸਿਟੀਜਨ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ, ਬਾਰੇ ਮਤਾ ਪਾਸ ਕੀਤਾ ਗਿਆ।ਇਸ ਤੋਂ ਇਲਾਵਾ ਰੇਲਵੇ ਵਿੱਚ ਸੀਨੀਅਰ ਸਿਟੀਜਨ ਲਈ ਜੋ ਪਹਿਲਾਂ ਕਿਰਾਏ ਵਿੱਚ ਛੋਟ ਦਿੱਤੀ ਜਾਂਦੀ ਸੀ, ਉਸ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ, ਆਉਣ ਵਾਲੇ ਸਮੇਂ ਵਿੱਚ ਬਜ਼ੁਰਗਾਂ ਦੀ ਗਿਣਤੀ ਵਿੱਚ ਪ੍ਰਤੀਸ਼ਤ ਵਾਧਾ ਹੋਣ ਕਰਕੇ ਇਨ੍ਹਾਂ ਦੀ ਭਲਾਈ ਲਈ ਪਹਿਲਾ ਤੋਂ ਹੀ ਯੋਜਨਾਵਾਂ ਬਣਾਉਣ ਦੀ ਲੋੜ ਹੈ। ਮੀਟਿੰਗ ਵਿੱਚ ਮਲਕੀਤ ਸਿੰਘ, ਅਮਰ ਸਿੰਘ ਵਿਰਦੀ, ਗੁਰਬੀਰ ਸਿੰਘ ਜੱਸਲ ਹੁਣਾਂ ਦੇ ਜਨਮ ਦਿਨ ਮਨਾਏ ਗਏ ਤੇ ਲੰਬੀ ਉਮਰ ਤੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ। ਮੀਟਿੰਗ ਦੌਰਾਨ ਇਕਬਾਲ ਸਿੰਘ, ਜਸਬੀਰ ਸਿੰਘ, ਜਗਦੀਪ ਸਿੰਘ ਕੈਂਥ, ਭੁਪਿੰਦਰ ਸਿੰਘ ਮਹਿਣਾ, ਗੁਰਦਰਸ਼ਨ ਸਿੰਘ ਸੋਢੀ, ਜੋਗਿੰਦਰ ਸਿੰਘ ਸੰਘਾ, ਵਿਜੇ ਕੁਮਾਰ ਬਾਂਸਲ, ਡਾਕਟਰ ਹਰਪ੍ਰੀਤ ਸਿੰਘ, ਦਲਜੀਤ ਸਿੰਘ ਭੁੱਲਰ, ਵਿਜੇ ਕੁਮਾਰ ਟੰਡਨ, ਸੁਰਿੰਦਰ ਕੁਮਾਰ ਬਾਂਸਲ, ਗਿਆਨ ਸਿੰਘ ਸਾਬਕਾ ਡੀ.ਪੀ. ਆਰ.ਓ, ਜੋਗਿੰਦਰ ਸਿੰਘ ਲੋਹਾਮ, ਵਿਜੇ ਕੁਮਾਰ ਸੂਦ, ਅਮਰ ਸਿੰਘ ਸੁਪਰਡੈਂਟ, ਸੁਰਿੰਦਰ ਸਿੰਘ, ਸੁਰੇਸ਼ ਕੁਮਾਰ ਆਦਿ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ 'ਚ ਡੀ ਡੀ ਪੰਜਾਬੀ ਚੈਨਲ ਵੱਲੋਂ ਰਿਆਲਿਟੀ ਸ਼ੋਅ ਲਈ ਆਡੀਸ਼ਨ

**ਇਸ ਤਰ੍ਹਾਂ ਦੇ ਮੌਕੇ ਵਿਦਿਆਰਥੀਆਂ ਨੂੰ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ : ਪ੍ਰਿੰ. ਜਿੰਦਲ**

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਡੀ ਡੀ ਪੰਜਾਬੀ ਚੈਨਲ ਵੱਲੋਂ ਆਉਣ ਵਾਲੇ ਨਵੇਂ ਰਿਅਲਿਟੀ ਸ਼ੋ (ਕਿਸ ਮੇ ਕਿਤਨਾ ਹੈ ਦਮ) ਲਈ ਆਡੀਸ਼ਨ ਕਰਵਾਏ ਗਏ।ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਸ਼੍ਰੇਣੀਆਂ ਜਿਵੇਂ ਗਾਇਕੀ, ਨਾਚ, ਅਭਿਨੈ ਤੇ ਐਂਕਰਿੰਗ ਵਿੱਚ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ।ਇਸ ਤੋਂ ਇਲਾਵਾ ਬੱਚਿਆਂ ਦੀ ਜਰਨਲ ਨੌਲੇਜ ਚੈੱਕ ਕਰਨ ਲਈ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ।ਬੱਚਿਆਂ ਦੇ ਜੋਸ਼ ਤੇ ਆਤਮਵਿਸ਼ਵਾਸ ਨੂੰ ਦੇਖ ਕੇ ਜੱਜਾਂ ਨੇ ਬਹੁਤ ਪ੍ਰਸੰਸਾ ਕੀਤੀ ਤੇ ਬੱਚਿਆਂ ਨੂੰ ਆਉਣ ਵਾਲੇ ਦੂਸਰੇ ਰਾਊਂਡ ਜੋ ਕਿ ਅਗਲੇ ਹਫ਼ਤੇ ਕਰਵਾਇਆ ਜਾਵੇਗਾ, ਵਿੱਚ ਸ਼ਾਮਲ ਕੀਤਾ।ਇਸ ਰਿਐਲਿਟੀ ਸ਼ੋ ਦੇ ਕੁੱਲ ਪੰਜ ਰਾਊਂਡ ਹੋਣਗੇ, ਜੋ ਬੱਚੇ ਫਾਈਨਲ ਵਿੱਚ ਜਾਣਗੇ, ਉਹ ਟੀਵੀ ਦੇ ਰਿਐਲਟੀ ਸ਼ੋਅ ਕਿਸ ਮੇ ਕਿਤਨਾ ਹੈ ਦਮ ਵਿੱਚ ਭਾਗ ਲੈ ਸਕਣਗੇ ਅਤੇ ਇੱਕ ਪੰਜਾਬੀ ਮੂਵੀ ਵਿੱਚ ਕੰਮ ਕਰਨ ਦਾ ਮੌਕਾ ਪ੍ਰਾਪਤ ਕਰ ਸਕਣਗੇ।ਇਸ ਤੋਂ ਇਲਾਵਾ ਜੇਤੂ ਬੱਚਿਆਂ ਨੂੰ ਪੰਜ ਲੱਖ ਦਾ ਇਨਾਮ ਦਿੱਤਾ ਜਾਵੇਗਾ।ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੌਕੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ ਤੇ ਉਨ੍ਹਾਂ ਨੂੰ ਵੱਡੇ ਮੰਚਾਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਦੇ ਹਨ।ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਰਿਆਲਟੀ ਸ਼ੋਅ ਦੇ ਆਡੀਸ਼ਨ ਵਿੱਚ ਹਿੱਸਾ ਲੈ ਕੇ ਆਪਣੇ ਅੰਦਰ ਲੁਕੇ ਟੇਲੈਂਟ ਨੂੰ ਸਾਬਿਤ ਕੀਤਾ ਹੈ।ਇਸ ਤਰ੍ਹਾਂ ਦੇ ਮੌਕੇ ਬੱਚਿਆਂ ਵਿੱਚ ਵਿਸ਼ਵਾਸ, ਸਟੇਜ ਪ੍ਰੈਜ਼ੈਂਸ ਤੇ ਰਚਨਾਤਮਕ ਸੋਚ ਨੂੰ ਉਤਸ਼ਾਹਤ ਕਰਦੇ ਹਨ।ਵਾਈਸ ਪ੍ਰਿੰਸੀਪਲ ਨੇ ਵੀ ਬੱਚਿਆਂ ਨੂੰ ਹੋਰ ਮਿਹਨਤ ਕਰਨ ਤੇ ਆਪਣੀ ਕਲਾ ਨੂੰ ਨਿਖਾਰਨ ਲਈ ਉਤਸ਼ਾਹਤ ਕੀਤਾ।ਉਨ੍ਹਾਂ ਕਿਹਾ ਕਿ ਰਿਆਲਟੀ ਸ਼ੋਅ ਦੇ ਆਡੀਸ਼ਨ ਬੱਚਿਆਂ ਲਈ ਸਿੱਖਣ ਤੇ ਅਪਣੀ ਯੋਗਤਾ ਦਿਖਾਉਣ ਦਾ ਸ਼ਾਨਦਾਰ ਮੰਚ ਹੁੰਦਾ ਹੈ। ਇਸ ਨਾਲ ਬੱਚਿਆਂ ਦੇ ਅੰਦਰ ਆਤਮਵਿਸ਼ਵਾਸ ਤੇ ਪ੍ਰਸਤੁਤੀ ਕੌਸ਼ਲ ਵਿਕਸਿਤ ਹੁੰਦੇ ਹਨ।ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ, ਜੋ ਸਾਡੇ ਲਈ ਮਾਣ ਦੀ ਗੱਲ ਹੈ।ਮੇਜਰ ਚੰਦ, ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਰਡੀਨੇਟਰ, ਦੇਸ਼ ਭਗਤ ਕੈਂਪਸ ਨੇ ਦੱਸਿਆ ਕਿ ਆਡੀਸ਼ਨ ਦੇ ਦੌਰਾਨ ਸਕੂਲ ਦਾ ਮਾਹੌਲ ਉਤਸ਼ਾਹ ਤੇ ਖੁਸ਼ੀ ਨਾਲ ਭਰਪੂਰ ਰਿਹਾ।

# ਮਾਨ ਸਰਕਾਰ ਜਨਤਕ ਸਿੱਖਿਆ ਤੇ ਮੁਲਾਜ਼ਮ ਵਿਰੋਧੀ : ਚਾਹਲ, ਸਸਕੌਰ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਜਨਤਕ ਸਿੱਖਿਆ ਨੂੰ ਤਬਾਹ ਕਰਨ ਦੇ ਕੰਢੇ ਕਰ ਦਿੱਤਾ ਹੈ। ਇਸ ਤੋਂ ਇਲਾਵਾ ਇਹ ਸਰਕਾਰ ਮੁਲਾਜ਼ਮ ਵਿਰੋਧੀ ਸਾਬਿਤ ਹੋਈ ਹੈ। ਅਧਿਆਪਕਾ ਦੀਆਂ ਮੁੱਖ ਮੰਗਾਂ ਜਿਵੇਂ ਸਿੱਖਿਆ ਨੀਤੀ ਸਿੱਖਿਆ ਨੀਤੀ 2020 ਰੱਦ ਕੀਤੀ ਜਾਵੇ, ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਤੁਰੰਤ ਬੰਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, 16% ਮਹਿੰਗਾਈ ਭੱਤਾ ਤੁਰੰਤ ਜਾਰੀ ਕੀਤਾ ਜਾਵੇ, ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣ, ਸੋਧ ਦੇ ਨਾਂਅ 'ਤੇ ਬੰਦ ਕੀਤੇ ਪੇਂਡੂ ਭੱਤੇ ਤੇ ਸਮੁੱਚੇ ਭੱਤੇ ਬਹਾਲ ਕੀਤੇ ਜਾਣ, ਹਰ ਮਹੀਨੇ ਦੀ ਇੱਕ ਤਰੀਕ ਨੂੰ ਸਾਰੇ ਅਧਿਆਪਕਾਂ ਨੂੰ ਤਨਖਾਹ ਦੇਣੀ ਯਕੀਨੀ ਬਣਾਈ ਜਾਵੇ ਤੇ ਅਧਿਆਪਕਾਂ ਦੇ ਬਕਾਇਆ ਬਿੱਲ ਤੁਰੰਤ ਡਰਾਨ ਕੀਤੇ ਜਾਣ, ਵੱਖ-ਵੱਖ ਅਧਿਆਪਕਾਂ ਦੇ ਹੱਕ ਵਿੱਚ ਹੋਏ ਫੈਸਲਿਆਂ ਨੂੰ ਜਰਨਲਾਈਜ਼ ਕੀਤਾ ਜਾਵੇ, ਰੀਕਾਸਟ ਲਿਸਟਾਂ ਤੁਰੰਤ ਰੱਦ ਕੀਤੀਆਂ ਜਾਣ, ਪੜ੍ਹਾਈ ਲਈ ਵਧੀਆ ਵਿੱਦਿਅਕ ਮਾਹੌਲ ਬਣਾਉਣ ਲਈ ਸਾਰੇ ਗੈਰ-ਵਿੱਦਿਅਕ ਕੰਮ ਬੰਦ ਕੀਤੇ ਜਾਣ, ਹਰ ਤਰ੍ਹਾਂ ਦੇ ਕਾਡਰ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ, ਨਾਨ-ਟੀਚਿੰਗ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ, ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ ਤੇ ਆਦਰਸ਼ ਮਾਡਲ ਸਕੂਲਾਂ ਦੇ ਅਧਿਆਪਕਾਂ ਅਤੇ ਐੱਨ ਐੱਸ ਕਿਊ ਐੱਫ ਅਧਿਆਪਕਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ, ਵੱਖ ਵੱਖ ਭਰਤੀ ਹੋਏ ਅਧਿਆਪਕਾਂ ਅਤੇ ਪਦ ਉਨਤ ਕੀਤੇ ਗਏ ਅਧਿਆਪਕਾਂ ਤੇ ਲੈਕਚਰਾਰਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ, ਆਪਸੀ ਬਦਲੀ ਲਈ ਸਟੇਅ ਦੀ ਸ਼ਰਤ ਖਤਮ ਕੀਤੀ ਜਾਵੇ, 8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀਐੱਸਆਰ ਰੂਲਜ਼ ਅਨੁਸਾਰ ਠੇਕਾ ਸੇਵਾ ਨੂੰ ਗਿਣਦਿਆਂ ਬਣਦੀਆਂ ਅਚਨਚੇਤ ਛੁੱਟੀਆਂ ਦਾ ਲਾਭ ਦਿੱਤਾ ਜਾਵੇ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਕੇਂਦਰੀ ਸਕੇਲ ਲਾਗੂ ਕਰਕੇ ਤਨਖਾਹ ਘੱਟ ਕਰਨ ਦਾ ਫੈਸਲਾ ਵਾਪਸ ਲਿਆ ਜਾਵੇ, 2011 ਵਿੱਚ ਲਾਗੂ ਕੀਤੀ ਉਚੇਰੀ ਗ੍ਰੇਡ ਪੇ ਬਹਾਲ ਕੀਤੀ ਜਾਵੇ, ਸੋਧ ਦੇ ਨਾਂ 'ਤੇ ਬੰਦ ਕੀਤੇ ਪੇਂਡੂ ਭੱਤੇ ਤੇ ਸਮੁੱਚੇ ਭੱਤੇ ਬਹਾਲ ਕੀਤੇ ਜਾਣ, ਜਨਵਰੀ 2016 ਤੋਂ ਲਾਗੂ ਹੋਣ ਵਾਲੀ ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਸਮੇਤ ਏਸੀਪੀ ਜਾਰੀ ਕੀਤੀ ਜਾਵੇ, ਤਨਖਾਹ ਦੁਹਰਾਈ ਤੇ ਕਮਾਈ ਛੁੱਟੀ ਦੇ ਬਣਦੇ ਯਸ਼ਮੁਕਤ ਜਾਰੀ ਕੀਤੇ ਜਾਣ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਹਰ ਪੰਜ ਸਾਲ ਬਾਅਦ ਅਧਿਆਪਕਾਂ ਦੀ ਤਨਖਾਹ ਦੁਹਰਾਈ ਜਾਵੇ, ਕੋਰੋਨਾ ਕਾਲ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕਾਂ ਨੂੰ 50 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗਰਾਂਟ ਤੇ ਆਸ਼ਰਿਤਾਂ ਨੂੰ ਨੌਕਰੀ ਦਿੱਤੀ ਜਾਵੇ, ਮਾਨਯੋਗ ਹਾਈਕੋਰਟ ਵੱਲੋਂ ਰੱਦ ਕੀਤਾ 15-01-15 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, 5178 ਅਧਿਆਪਕਾਂ ਨੂੰ ਨਵੰਬਰ 2017 ਤੋਂ ਪੂਰੀਆਂ ਤਨਖਾਹਾਂ ਭੱਤੇ ਤੇ ਛੇਵੇਂ ਪੰਜਾਬ ਤਨਖਾਹ ਦੁਹਰਾਈ ਦੇ ਸਾਰੇ ਲਾਭ ਅਤੇ ਖਜ਼ਾਨੇ ਵਿੱਚ ਗਏ ਬਿੱਲਾਂ ਦਾ ਭੁਗਤਾਨ ਕੀਤਾ ਜਾਵੇ, 8886 ਅਧਿਆਪਕਾਂ ਨੂੰ 1 ਅਪ੍ਰੈਲ 2018 ਤੋਂ ਪੂਰੀਆਂ ਤਨਖਾਹਾਂ ਤੇ ਭੱਤੇ ਦਿੱਤੇ ਜਾਣ, 17-7-2020 ਤੋਂ ਨਵੀਆਂ ਨਿਯੁਕਤੀਆਂ ਤੇ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ ਆਦਿ।ਉਪਰੋਕਤ ਮੰਗਾਂ ਦੀ ਪ੍ਰਾਪਤੀ ਲਈ ਜਲੰਧਰ ਵਿਖੇ ਜਨਰਲ ਕੌਂਸਲ ਕਰਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਇਸ ਜਨਰਲ ਕੌਂਸਲ ਵਿੱਚ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਤੇ ਪੰਜਾਬ ਦੇ ਸਾਰੇ ਬਲਾਕ ਪ੍ਰਧਾਨ ਤੇ ਸਕੱਤਰ ਅਤੇ ਜ਼ਿਲ੍ਹਿਆਂ ਦੇ ਸੀਨੀਅਰ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।

# ਤਰਨ ਤਾਰਨ ਦੇ ਲੋਕ 'ਆਪ' ਦੇ ਹੱਕ 'ਚ ਫ਼ਤਵਾ ਦੇਣਗੇ : ਹੈਪੀ ਗਰਗ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਹਲਕਾ ਮੀਡੀਆ ਉੱਪ ਕੋ-ਆਰਡੀਨੇਟਰ ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਤਰਨਤਾਰਨ ਹਲਕੇ ਵਿੱਚ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੇ ਵਿਕਾਸ ਕਾਰਜਾਂ 'ਤੇ ਮੋਹਰ ਲਗਾਉਣਗੇ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਨੇ ਸਿਹਤ, ਸਿੱਖਿਆ, ਬਿਜਲੀ ਤੇ ਰੋਜ਼ਗਾਰ ਖੇਤਰ ਵਿੱਚ ਇਤਿਹਾਸਕ ਫ਼ੈਸਲੇ ਕੀਤੇ ਹਨ, ਜਿਸ ਕਾਰਨ ਪੰਜਾਬ ਦਾ ਹਰ ਵਰਗ ਆਪ ਸਰਕਾਰ ਤੋਂ ਸੰਤੁਸ਼ਟ ਹੈ।ਹੈਪੀ ਗਰਗ ਨੇ ਦਾਅਵਾ ਕੀਤਾ ਕਿ ਤਰਨਤਾਰਨ ਦੇ ਲੋਕਾਂ ਨੇ ਪਿਛਲੇ ਸਾਲਾਂ ਵਿੱਚ ਕਾਂਗਰਸ ਤੇ ਅਕਾਲੀ ਦਲ ਦੀਆਂ ਸਰਕਾਰਾਂ ਨੂੰ ਅਜਮਾ ਕੇ ਦੇਖ ਲਿਆ ਹੈ, ਪਰ ਕਿਸੇ ਨੇ ਵੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ।ਹੁਣ ਲੋਕ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਤੋਂ ਤੰਗ ਆ ਕੇ 'ਆਪ' ਦੇ ਸਾਫ਼ ਤੇ ਇਮਾਨਦਾਰ ਪ੍ਰਬੰਧ ਨੂੰ ਮੌਕਾ ਦੇਣ ਲਈ ਤਿਆਰ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਹਰ ਪਰਵਾਰ ਦੀ ਸਿਹਤ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ।ਗਰਗ ਨੇ ਕਿਹਾ ਕਿ ਤਰਨਤਾਰਨ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਨਿਰਣਾਇਕ ਹੋਵੇਗੀ ਤੇ ਇਹ ਜਿੱਤ ਮੁੱਖ ਮੰਤਰੀ ਮਾਨ ਦੀ ਲੋਕਪ੍ਰਿਯਤਾ ਦੀ ਪੁਸ਼ਟੀ ਕਰੇਗੀ।

# ਝੋਨੇ ਦਾ ਝਾੜ ਘਟਣ ਕਾਰਨ ਪੰਜਾਬ ਦੇ ਖ਼ਰੀਦ ਟੀਚੇ ਤੋਂ ਪਛੜਨ ਦੀ ਸੰਭਾਵਨਾ

**ਸਰਕਾਰ ਵੱਲੋਂ 175 ਲੱਖ ਮੀਟਰਕ ਟਨ ਦਾ ਮਿਥਿਆ ਟੀਚਾ ਪੂਰਾ ਹੋਣਾ ਮੁਸ਼ਕਲ**



ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)-ਹੜ੍ਹਾਂ ਦੀ ਕਰੋਪੀ ਤੇ ਹੁਣ ਸਮੁੱਚੇ ਪੰਜਾਬ ਵਿੱਚ ਝੋਨੇ ਦੇ ਪ੍ਰਤੀ ਏਕ ਭਾਲ ਵਿਚ ਵੱਡੀ ਗਿਰਾਵਟ ਆਉਣ ਕਾਰਨ ਪੰਜਾਬ ਸਰਕਾਰ ਵੱਲੋਂ ਇਸ ਸਾਲ ਲਈ ਝੋਨੇ ਦੀ ਸਰਕਾਰੀ ਖਰੀਦ ਦਾ ਮਿੱਥਿਆ ਟੀਚਾ ਪੂਰਾ ਹੋਣਾ ਅਸੰਭਵ ਜਾਪਦਾ ਹੈ।ਪੰਜਾਬ ਸਰਕਾਰ ਨੇ ਇਸ ਸਾਲ ਝੋਨੇ ਦੀ ਖਰੀਦ ਲਈ 175 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿਥਿਆ ਸੀ, ਪਰ ਪ੍ਰਤੀ ਏਕੜ 20-25 ਕਇੰਟਲ ਤੱਕ ਰਹਿਣ ਕਾਰਨ ਇਹ ਖ਼ਰੀਦ ਟੀਚਾ 135 ਤੋਂ 140 ਲੱਖ ਮੀਟਰਕ ਟਨ ਤੋਂ ਪਾਰ ਹੋਣ ਦੀ ਸੰਭਾਵਨਾ ਨਹੀਂ ਲੱਗਦੀ।ਪਹਿਲਾਂ ਹੜ੍ਹਾਂ ਦੀ ਕਰੋਪੀ ਕਾਰਨ ਝੋਨੇ ਦੀ ਲਗਭਗ 5 ਲੱਖ ਏਕੜ ਫਸਲ ਤਬਾਹ ਹੋ ਗਈ ਸੀ ਤੇ ਹੁਣ ਉਸ ਤੋਂ ਬਾਅਦ ਲਗਾਤਾਰ ਬਾਰਿਸ਼ਾਂ ਕਾਰਨ ਤੇ ਮੌਸਮ ਦੇ ਸਿੱਲਾ ਰਹਿਣ ਕਾਰਨ ਹਲਦੀ ਰੋਗ ਨੇ ਝਾੜ ਨੂੰ ਪ੍ਰਭਾਵਤ ਕੀਤਾ।ਇਸ ਤੋਂ ਪਹਿਲਾਂ ਮਧਰੇਪਣ ਦੇ ਵਿਸ਼ਾਣੂ ਰੋਗ (ਚਾਈਨਾ ਵਾਇਰਸ) ਨੇ ਵੀ ਪੰਜਾਬ ਵਿੱਚ ਝੋਨੇ ਦੀ ਫਸਲ ਨੂੰ ਵੱਡੇ ਪੱਧਰ 'ਤੇ ਪ੍ਰਭਾਵਤ ਕੀਤਾ ਸੀ ਤੇ ਇਸ ਰੋਗ ਨਾਲ ਝੋਨੇ ਦੀ ਫਸਲ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਸੀ।ਦੇਵੀਗੜ੍ਹ ਮੰਡੀ ਵਿੱਚ ਝੋਨਾ ਵੇਚਣ ਆਏ ਪਿੰਡ ਹਸਨਪੁਰ ਕੰਬੋਆਂ ਦੇ ਕਿਸਾਨ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ, ਜਿਸ ਝੋਨੇ ਦਾ ਝਾੜ ਪਿਛਲ਼ੇ ਸਾਲ 35-36 ਕੁਇੰਟਲ ਪ੍ਰਤੀ ਏਕੜ ਰਿਹਾ ਸੀ, ਉਸ ਦਾ ਇਸ ਵਾਰੀ 25 ਤੋਂ 27 ਕੁਇੰਟਲ ਹੀ ਝਾੜ ਨਿਕਲ ਰਿਹਾ ਹੈ।

ਆੜ੍ਹਤੀ ਐਸਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦਾ ਕਹਿਣਾ ਹੈ ਕਿ ਝੋਨੇ ਦਾ ਝਾੜ ਘਟਣ ਕਾਰਨ ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਕਾਫ਼ੀ ਘੱਟ ਹੋ ਰਹੀ ਹੈ ਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਬੇਮੌਸਮੀ ਬਾਰਿਸ਼ਾਂ ਕਾਰਨ ਝੋਨੇ ਦੀ ਗੁਣਵੱਤਾ 'ਤੇ ਵੀ ਅਸਰ ਪਿਆ ਹੈ।ਖ਼ੁਰਾਕ ਤੇ ਸਿਵਲ ਸਪਲਾਈ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੰਡੀਆਂ ਵਿੱਚ ਹੁਣ ਤੱਕ ਪਿਛਲ਼ੇ ਸਾਲ ਨਾਲੋਂ ਝੋਨੇ ਦੀ ਆਮਦ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਝੋਨੇ ਦੇ ਝਾੜ ਦੇ ਘੱਟ ਨਿਕਲਣ ਕਾਰਨ ਜਿੱਥੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਵੱਡਾ ਨੁਕਸਾਨ ਹੋਵੇਗਾ, ਉੱਥੇ ਇਸ ਸਾਲ ਰਾਈਸ ਮਿੱਲਰਜ਼ ਨੂੰ ਵੀ ਘੱਟ ਝੋਨੇ 'ਤੇ ਗੁਜ਼ਾਰਾ ਕਰਨਾ ਪਏਗਾ।

# ਹਲਕਾ ਵਾਸੀਆਂ ਨੇ ਜਥੇਦਾਰ ਮਾਹਲਾ ਨੂੰ ਐੱਮ ਐੱਲ ਏ ਬਣਾਉਣ ਦਾ ਮਨ ਬਣਾਇਆ : ਅਕਾਲੀ ਆਗੂ

**ਬਾਘਾ ਪੁਰਾਣਾ (ਮਨੀ ਸਿੰਗਲਾ)**



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂਕੇ, ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਲਵਲੀ ਬਾਂਸਲ ਲਧਾਈ ਕੇ ਵਾਲੇ, ਸ਼ਹਿਰੀ ਪ੍ਰਧਾਨ ਪਵਨ ਢੰਡ, ਰਕੇਸ਼ ਜਿੰਦਲ ਤੋਤਾ ਤੇ ਹਰਿੰਦਰ ਪਾਲ ਸਿੰਘ ਪਾਲੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਇਸ ਵਾਰ ਹਲਕੇ ਦੀ ਇੱਕੋ ਆਵਾਜ਼ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਜਿਤਾ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਉਣੀਆਂ ਹਨ।ਆਗੂਆਂ ਨੇ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ, ਸਾਬਕਾ ਉਪ ਮੁੱਖ ਮੰਤਰੀ ਪੰਜਾਬ ਅਕਾਲੀ ਦਲ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਤੀ ਨਜ਼ਦੀਕੀ ਤੇ ਭਰੋਸੇਯੋਗ ਸਾਥੀ ਹਨ, ਲੰਬੇ ਸਮੇਂ ਤੋਂ ਹਲਕਾ ਬਾਘਾ ਪੁਰਾਣਾ ਦੀ ਲੋਕ ਆਵਾਜ਼ ਬਣ ਕੇ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜਥੇਦਾਰ ਮਾਹਲਾ ਨੇ ਹਲਕੇ ਦੇ ਹਰ ਵਰਗ ਦੇ ਲੋਕਾਂ ਦੇ ਮੁੱਦਿਆਂ ਨੂੰ ਸਰਕਾਰ ਤੱਕ ਪਹੁੰਚਾ ਕੇ ਹੱਲ ਕਰਵਾਇਆ ਹੈ ਤੇ ਹਰੇਕ ਪਰਵਾਰ ਦੇ ਦੁੱਖ-ਸੁੱਖ ਵਿੱਚ ਸਾਂਝ ਪਾਈ ਹੈ।ਆਗੂਆਂ ਦਾ ਕਹਿਣਾ ਸੀ ਕਿ ਤੀਰਥ ਸਿੰਘ ਮਾਹਲਾ ਦੀ ਇਮਾਨਦਾਰੀ, ਸਾਫ ਸਿਆਸਤ ਤੇ ਜਨ ਸੇਵਾ ਪ੍ਰਤੀ ਸਮਰਪਣ ਕਾਰਨ ਹਲਕੇ ਦੇ ਲੋਕ ਉਨ੍ਹਾਂ ਦੀ ਛਵੀ 'ਤੇ ਭਰੋਸਾ ਕਰਦੇ ਹਨ।ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਲਕਾ ਬਾਘਾ ਪੁਰਾਣਾ ਦੇ ਵਾਸੀ ਆਪਣੀ ਆਵਾਜ਼ ਨੂੰ ਵਿਧਾਨ ਸਭਾ ਤੱਕ ਪਹੁੰਚਾਉਣ ਲਈ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿਤਾਵੇ ਤੇ ਉਨ੍ਹਾਂ ਨੂੰ ਹਲਕੇ ਦਾ ਐੱਮ ਐੱਲ ਏ ਬਣਾਉਣ ਦਾ ਮਨ ਪੱਕਾ ਕਰ ਚੁੱਕੇ ਹਨ।ਅਕਾਲੀ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਜਿਹੜਾ ਵੀ ਸਰਬਪੱਖੀ ਵਿਕਾਸ ਹੋਇਆ ਹੈ, ਉਹ ਸਿਰਫ਼ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਦੇ ਸਮੇਂ ਵਿੱਚ ਹੀ ਸੰਭਵ ਹੋਇਆ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਹਕੂਮਤ ਨੇ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਵਿਦਿਆਰਥੀਆਂ ਤੇ ਉਦਯੋਗਕਾਰਾਂ ਸਭ ਦੇ ਹਿੱਤ ਲਈ ਅਨੇਕਾਂ ਇਤਿਹਾਸਕ ਫ਼ੈਸਲੇ ਕੀਤੇ, ਜਿਨ੍ਹਾਂ ਦਾ ਲਾਭ ਹਰ ਵਰਗ ਦੇ ਲੋਕਾਂ ਨੂੰ ਮਿਲਿਆ।ਆਗੂਆਂ ਨੇ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਤੇ ਆਪ ਸਰਕਾਰਾਂ ਦਾ ਰਾਜ ਵੇਖ ਲਿਆ ਹੈ ਤੇ ਹੁਣ ਲੋਕ ਇਹ ਸਮਝ ਗਏ ਹਨ ਕਿ ਇਨ੍ਹਾਂ ਪਾਰਟੀਆਂ ਨੇ ਸਿਰਫ਼ ਝੂਠੇ ਵਾਅਦੇ ਤੇ ਲੋਕਾਂ ਨੂੰ ਧੋਖਾ ਹੀ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਦੁਬਾਰਾ ਤਰੱਕੀ, ਖੁਸ਼ਹਾਲੀ ਤੇ ਸਥਿਰਤਾ ਵੱਲ ਵਾਪਸੀ ਚਾਹੁੰਦੇ ਹਨ।ਆਗੂਆਂ ਨੇ ਦਾਅਵਾ ਕੀਤਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਬਣਾਕੇ ਰਾਜ ਨੂੰ ਮੁੜ ਖੁਸ਼ਹਾਲੀ ਦੇ ਰਾਹ 'ਤੇ ਲੈ ਜਾਣਗੇ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਨੂੰ ਨਵੇਂ ਵਿਕਾਸ ਮਾਡਲ ਵੱਲ ਧਕੇਲਣਗੇ।

# ਡਕਾਲਾ-ਕਰਹਾਲੀ ਸਾਹਿਬ ਸੜਕ 'ਤੇ ਲੁੱਕ ਪਾਉਣਾ ਦਾ ਕੰਮ ਸ਼ੁਰੂ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਹਲਕਾ ਸਮਾਣਾ ਦੇ ਪਿੰਡ ਡਕਾਲਾ ਤੋਂ ਕਰਹਾਲੀ ਸਾਹਿਬ ਨੂੰ ਜਾਣ ਵਾਲੀ ਸੜਕ 'ਤੇ ਆਖਰ 8-9 ਮਹੀਨਿਆਂ ਬਾਅਦ ਲੁੱਕ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਦੱਸਣਯੋਗ ਹੈ ਕਿ ਡਕਾਲਾ ਤੋਂ ਕਰਹਾਲੀ ਸਾਹਿਬ ਨੂੰ ਜਾਣ ਵਾਲੀ ਸੜਕ ਦੀ ਹਾਲਤ ਪਿਛਲੇ 6-7 ਸਾਲਾਂ ਤੋਂ ਕਾਫੀ ਖਸਤਾ ਹੋ ਚੁੱਕੀ ਸੀ, ਜਿਸ ਕਾਰਨ ਦਰਜਨਾਂ ਪਿੰਡਾਂ ਦੇ ਲੋਕਾਂ ਤੇ ਰਾਹਗੀਰਾਂ ਨੂੰ ਆਉਣ-ਜਾਣ ਸਮੇਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਸੜਕ ਬਣਾਉਣ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਦੇ ਧਿਆਨ 'ਚ ਲਿਆਉਣ ਲਈ ਕਾਫੀ ਖਬਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਤਾਂ ਜਾ ਕੇ ਸਰਕਾਰਾਂ ਦੀ ਜਾਗ ਖੁੱਲ੍ਹੀ ਤੇ ਮਾਰਚ ਮਹੀਨੇ ਦੌਰਾਨ ਸੜਕ ਬਣਨੀ ਸ਼ੁਰੂ ਹੋਈ।ਸੜਕ ਬਣਾਉਣ ਤੋਂ ਬਾਅਦ ਸੜਕ ਮਹਿਕਮੇ ਵਾਲੇ ਸੜਕ 'ਤੇ ਲੁੱਕ ਪਾਉਣੀ ਜਿਵੇਂ ਭੁੱਲ ਹੀ ਗਏ ਸਨ ਤੇ ਆਖਰ ਅੱਜ ਸੜਕ 'ਤੇ 8-9 ਮਹੀਨਿਆਂ ਬਾਅਦ ਲੁੱਕ ਪਾਉਣ ਦਾ ਕੰਮ ਸ਼ੁਰੂ ਹੋਇਆ।ਇਸ ਸਬੰਧੀ ਗੱਲ ਕਰਦਿਆਂ ਰਾਹਗੀਰ ਭਗਵੰਤ ਸਿੰਘ, ਗੁਰਦਾਸ ਸਿੰਘ, ਗੁਰਪ੍ਰੀਤ ਸਿੰਘ, ਜਸਵੰਤ ਸਿੰਘ, ਸਤਨਾਮ ਸਿੰਘ, ਗੁਰਦੀਪ ਸਿੰਘ, ਪ੍ਰਗਟ ਸਿੰਘ ਆਦਿ ਨੇ ਕਿਹਾ ਕਿ ਉਨ੍ਹਾਂ ਨੂੰ ਆਖਰਕਾਰ ਕਈ ਸਾਲਾਂ ਬਾਅਦ ਨਵੀਂ ਸੜਕ ਨਸੀਬ ਹੋਈ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਟਿਆਲਾ ਤੇ ਇਤਿਹਾਸਕ ਗੁਰਦੁਆਰਾ ਕਰਹਾਲੀ ਸਾਹਿਬ ਨੂੰ ਜਾਣ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਉਨ੍ਹਾਂ ਕਿਹਾ ਕਿ ਟੁੱਟੀ ਸੜਕ ਕਾਰਨ ਉਨ੍ਹਾਂ ਦੇ ਵਹੀਕਲ ਵੀ ਰੋਜ਼ਾਨਾ ਖਰਾਬ ਹੋ ਰਹੇ ਸਨ, ਹੁਣ ਸੜਕ ਦੇ ਬਣਨ ਨਾਲ ਉਨ੍ਹਾਂ ਨੂੰ ਸੁੱਖ ਦਾ ਸਾਹ ਨਸੀਬ ਹੋਵੇਗਾ।ਇਸ ਤੋਂ ਇਲਾਵਾ ਪਟਿਆਲਾ ਤੋਂ ਗੁਰਦੁਆਰਾ ਕਰਹਾਲੀ ਸਾਹਿਬ ਨੂੰ ਰੋਜ਼ਾਨਾ ਆਉਣ ਵਾਲੀਆਂ ਸੰਗਤਾਂ ਨੂੰ ਵੀ ਰਾਹਤ ਮਿਲੇਗੀ।

26 Oct Page 6.qxd 10/25/2025 10:47 PM Page 1



# 2 ਗੈਂਗਸਟਰਾਂ ਨੂੰ ਇੱਕ ਪਿਸਟਲ ਸਮੇਤ ਕੀਤਾ ਕਾਬੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਗੌਰਵ ਯਾਦਵ ਤੇ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ ਰੇਂਜ ਜਲੰਧਰ ਨਵੀਨ ਸਿੰਗਲਾ ਅਤੇ ਐੱਸ ਐੱਸ ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐੱਸ ਪੀ ਡੀ ਪਰਮਿੰਦਰ ਸਿੰਘ ਹੀਰ ਪੀ ਪੀ ਐੱਸ ਅਤੇ ਉਪ ਕਪਤਾਨ ਪੁਲਿਸ ਸਬ ਡਵੀਜਨ ਗੜ੍ਹਸ਼ੰਕਰ ਦਲਜੀਤ ਸਿੰਘ ਖੱਖ ਦੀ ਰਹਿਨੁਮਾਈ ਹੇਠ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਸਮੇਤ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਪਿੰਡ ਸ਼ਾਹਪੁਰ, ਚੱਕ ਰੌਤਾਂ ਸਾਇਡ ਨੂੰ ਗਸ਼ਤ ਕਰਦੇ ਜਾ ਰਹੇ ਸੀ ਤਾਂ ਪਿੰਡ ਸ਼ਾਹਪੁਰ ਅੱਡੇ ਤੇ ਇਕ ਦੇਸ਼ ਸੇਵਕ ਵਲੋਂ ਪੱਕੀ ਤੇ ਠੋਸ ਇਤਲਾਹ ਦਿੱਤੀ ਗਈ ਕਿ 8 ਅਕਤੂਬਰ ਨੂੰ ਪਿੰਡ ਬੀੜਾ ਮੋਗੋਵਾਲ ਸਟੋਰ ਅਤੇ 12 ਅਕਤੂਬਰ ਨੂੰ ਪਿੰਡ ਮਹਿਤਾਬਪੁਰ ਵਿਖੇ ਗੋਲੀ ਚਲਾਉਣ ਵਾਲਿਆਂ ਵਾਰਦਾਤਾਂ ਕਰਨ ਵਾਲੇ 2 ਵਿਅਕਤੀ ਕਰਨ ਗੰਜਪਾਲ ਉਰਫ ਕੰਨੂ ਪੁੱਤਰ ਬਲਵੰਤ ਰਾਏ ਅਤੇ ਸਿਮਰਨਪ੍ਰੀਤ ਸਿੰਘ ਉਰਫ ਸਿਮੂ ਪੁੱਤਰ ਬਲਜੀਤ ਸਿੰਘ ਵਾਸੀ ਅਤੇ ਹੋਰ ਅਜਿਹੀ ਵਾਰਦਾਤਾਂ ਕਰਨ ਦੇ ਇਰਾਦੇ ਨਾਲ ਹਥਿਆਰ ਸਮੇਤ ਕੁਨੈਲ ਤੋਂ ਬੀਤ ਇਲਾਕੇ ਵੱਲ ਨੂੰ ਘੁੰਮ ਰਹੇ ਹਨ।ਜਿਸ ਤੇ ਇਤਲਾਹ ਠੋਸ ਤੇ ਪੱਕੀ ਹੋਣ ਤੇ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਵਲੋਂ ਪਿੰਡ ਝਾਰਪੁਰ ਤੋਂ ਪਿੰਡ ਕੁਨੈਲ ਨੂੰ ਜਾਂਦੀ ਸੜਕ ਤੇ ਨਾਕਾਬੰਦੀ ਕੀਤੀ ਗਈ।ਜਿਥੇ ਉਕਤ 2 ਮੋਨੇ ਨੌਜਵਾਨ ਬਿਨਾਂ ਨੰਬਰੀ ਮੋਟਰਸਾਇਕਲ ਤੇ ਆਉਂਦੇ ਦਿਖਾਈ ਦਿੱਤੇ। ਜਿਹਨਾਂ ਨੇ ਪੁਲਸ ਪਾਰਟੀ ਨੂੰ ਦੇਖਕੇ ਭੱਜਣ ਦੀ ਨੀਅਤ ਨਾਲ ਆਪਣਾ ਮੋਟਰਸਾਇਕਲ ਮੋੜ ਲਿਆ ਅਤੇ ਭੱਜਣ ਲੱਗੇ, ਜਿੱਥੇ ਮੋਟਰਸਾਇਕਲ ਸਲਿਪ ਹੋ ਗਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੋਟਰਸਾਇਕਲ ਤੇ ਪਿੱਛੇ ਬੈਠੇ ਨੌਜਵਾਨ ਨੇ ਮਾਰ ਦੇਣ ਦੀ ਨੀਅਤ ਨਾਲ ਮੌਕੇ ਤੇ ਮੌਜੂਦ ਏ ਐੱਸ ਆਈ ਸਤਨਾਮ ਸਿੰਘ ਇੰਚ. ਚੌਕੀ ਸਮੁੰਦੜਾ ਤੇ ਫਾਇਰ ਕੀਤਾ ਅਤੇ ਇਕ ਫਾਇਰ ਸਰਕਾਰੀ ਗੱਡੀ 'ਤੇ ਕੀਤਾ। ਜਿਸ ਤੇ ਜਵਾਬੀ ਕਾਰਵਾਈ ਵਿੱਚ ਦੋਸ਼ੀਆਂ ਨੂੰ ਭੱਜਣ ਤੋਂ ਰੋਕਣ ਲਈ ਪਹਿਲਾਂ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਵਲੋਂ ਏ ਕੇ-47 ਰਾਇਫਲ ਦੇ 02 ਹਵਾਈ ਫਾਇਰ ਕੀਤੇ ਅਤੇ ਫਿਰ ਵੀ ਦੋਸ਼ੀਆਂ ਵਲੋਂ ਭੱਜਣ ਦੀ ਕੋਸ਼ਿਸ਼ ਕਰਨ ਤੇ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਹਦਾਇਤ ਤੇ ਏ ਐੱਸ ਆਈ ਸਤਨਾਮ ਸਿੰਘ ਵੱਲੋਂ ਆਪਣੇ ਸਰਕਾਰੀ ਪਿਸਟਲ ਨਾਲ 4 ਫਾਇਰ ਕੀਤੇ, ਜਿਸ ਵਿੱਚੋਂ ਇੱਕ ਫਾਇਰ ਮੁਲਜ਼ਮਾਂ ਦੇ ਮੋਟਰਸਾਇਕਲ ਤੇ ਲੱਗਾ ਅਤੇ 1 ਫਾਇਰ ਕਰਨ ਗੰਜਪਾਲ ਉਰਫ ਕੰਨੂ ਦੀ ਲੱਤ ਤੇ ਲੱਗਾ। ਜਿਸਤੇ ਕਰਨ ਗੰਜਪਾਲ ਉਰਫ ਕੰਨੂ ਜ਼ਖਮੀ ਹੋ ਕੇ ਡਿੱਗ ਪਿਆ ਅਤੇ ਕਰਨ ਗੰਜਪਾਲ ਉਰਫ ਕੰਨੂ ਉਕਤ ਅਤੇ ਸਿਮਰਨਪ੍ਰੀਤ ਸਿੰਘ ਉਰਫ ਸਿਮੂ ਉਕਤ ਨੂੰ ਮੌਕੇ ਤੇ ਕਾਬੂ ਕਰਕੇ ਇਹਨਾਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕਰਨ ਗੰਜਪਾਲ ਉਰਫ ਕੰਨੂ ਉਕਤ ਨੂੰ ਪੁਲਿਸ ਟੀਮ ਵਲੋਂ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਦਾਖਲ ਕਰਵਾਇਆ ਗਿਆ ਹੈ।

# ਹੜ੍ਹ ਪ੍ਰਭਾਵਤ ਪਿੰਡਾਂ 'ਚ ਖਾਦ ਤੇ ਡੀਜ਼ਲ ਵੰਡਿਆ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਉਪਕਾਰ ਸੇਵਾ ਸੁਸਾਇਟੀ ਵੱਲੋਂ ਪ੍ਰਧਾਨ ਬਲਦੇਵ ਸਿੰਘ ਹਾਫ਼ਿਜ਼ਾਬਾਦ ਦੀ ਅਗਵਾਈ ਹੇਠ ਡੇਰਾ ਬਾਬਾ ਨਾਨਕ ਦੇ ਦੋ ਪਿੰਡ ਪੱਖੋਕੇ ਟਾਹਲੀ ਸਾਹਿਬ ਅਤੇ ਚੰਦੂ ਲਈ ਸੁਸਾਇਟੀ ਵੱਲੋਂ 543 ਏਕੜ ਜ਼ਮੀਨ ਲਈ ਪ੍ਰਤੀ ਏਕੜ ਦੇ ਹਿਸਾਬ ਨਾਲ ਇੱਕ ਥੈਲਾ ਡਾਇਆ ਖਾਦ ਦਾ ਵੰਡਿਆ ਗਿਆ। ਇਸ ਦੇ ਨਾਲ ਹੀ ਇਨ੍ਹਾਂ ਪਿੰਡਾਂ ਵਿੱਚ ਜ਼ਮੀਨ ਪੱਧਰੀ ਕਰਨ ਲਈ 50 ਹਜ਼ਾਰ ਰੁਪਏ ਦਾ ਡੀਜ਼ਲ ਵੀ ਭੇਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਰਮਜੀਤ ਸਿੰਘ ਯੂ ਐੱਸ ਏ ਅਤੇ ਹੋਰ ਐੱਨ ਆਰ ਆਈ ਅਤੇ ਸੰਗਤਾਂ ਦੇ ਸਹਿਯੋਗ ਨਾਲ



ਨੰਗਲ ਵਿੱਚ ਕਣਕ ਦੀ ਬਿਜਾਈ ਲਈ ਖਾਦ ਦੇ ਡੀਜ਼ਲ ਵੰਡਿਆ ਗਿਆ। ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਹਾਫ਼ਿਜ਼ਾਬਾਦ ਨੇ ਦੱਸਿਆ ਕਿ ਸੁਸਾਇਟੀ ਦੇ ਕਮੇਟੀ ਮੈਂਬਰਾਂ ਵੱਲੋਂ ਇਨ੍ਹਾਂ ਪਿੰਡਾਂ ਦੇ ਹੜ੍ਹਾਂ ਕਾਰਨ ਬਣੇ ਹਾਲਾਤ ਵੇਖਣ ਉਪਰੰਤ ਦੋਨੋਂ ਪਿੰਡਾਂ ਨੂੰ ਸੁਸਾਇਟੀ ਵੱਲੋਂ ਅਡੋਪਟ ਕੀਤਾ ਗਿਆ ਸੀ ਅਤੇ ਹੁਣ ਕਣਕ ਦੀ ਬਿਜਾਈ ਇਕੱਤਰ ਹੋਏ ਫੰਡ ਨਾਲ ਇਹ ਸੇਵਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀ ਸੁਸਾਇਟੀ ਵੱਲੋਂ ਇਹ ਦੋਵੇਂ ਪਿੰਡ ਅਡਾਪਟ ਕੀਤੇ ਸਨ ਤੇ ਇਹ ਸੇਵਾ ਉਕਤ ਪਿੰਡਾਂ ਵਿਚ ਬਣੀ ਕਮੇਟੀ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਵੰਡੀ ਗਈ ਹੈ । ਉਨ੍ਹਾਂ ਦੱਸਿਆ ਕਿ ਜਲਦੀ ਹੀ ਇਨ੍ਹਾਂ ਪਿੰਡਾਂ ਵਿੱਚ ਹੋਰ ਵੀ ਰਾਹਤ ਸਮੱਗਰੀ ਭੇਜੀ ਜਾਵੇਗੀ।

# ਵੱਖ-ਵੱਖ ਮਾਮਲਿਆਂ 'ਚ ਤਿੰਨ ਗ੍ਰਿਫ਼ਤਾਰ

**ਨਵਾਂਸ਼ਹਿਰ (ਮਨੋਜ ਲੜੋਈ)**- ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ 'ਚ 9 ਗ੍ਰਾਮ ਹੈਰੋਇਨ ਸਮੇਤ ਔਰਤ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ।ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਕੁਨੀ ਚੰਦ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਲੋਕਾਂ ਅਤੇ ਵਾਹਨਾਂ ਦੀ ਭਾਲ 'ਚ ਸਿਟੀ ਥਾਣਾ ਨਵਾਂਸ਼ਹਿਰ ਤੋਂ ਮੁੱਖ ਸੜਕ ਤੋਂ ਹੁੰਦੇ ਹੋਏ ਬਰਨਾਲਾ ਗੇਟ ਤੋਂ ਸਲੋਹ ਪਿੰਡ ਵੱਲ ਜਾ ਰਹੀ ਸਨ ਤਾਂ ਉਨ੍ਹਾਂ ਸਾਹਮਣੇ ਤੋਂ ਇਕ ਨੌਜਵਾਨ ਨੂੰ ਆਉਂਦੇ ਦੇਖਿਆ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਉਸ ਨੇ ਹੱਥ 'ਚ ਫੜੇ ਮੋਮੀ ਲਿਫਾਫਾ ਸੜਕ ਕਿਨਾਰੇ ਸੁੱਟ ਕੇ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਸ ਨੂੰ ਕਾਬੂ ਕਰ ਲਿਆ ਗਿਆ ਅਤੇ ਉਕਤ ਸੁੱਟੇ ਗਏ ਲਿਫਾਫੇ ਦੀ ਜਾਂਚ ਕਰਨ 'ਤੇ ਉਸ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ।ਐੱਸ ਐੱਚ ਓ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਪ੍ਰੀਤ ਉਰਫ ਮਨੀ ਪੁੱਤਰ ਮੰਗਾ ਰਾਮ ਵਾਸੀ ਲੰਗੜੋਆ ਵਜੋਂ ਹੋਈ ਹੈ।ਇਸੇ ਥਾਣੇ ਦੀ ਪੁਲਸ ਨੇ ਇੱਕ ਔਰਤ ਨੂੰ 3 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਵੀ ਕੀਤਾ ਹੈ।ਪੁਲਸ ਦੇ ਜਾਂਚ ਅਧਿਕਾਰੀ ਏ ਐੱਸ ਆਈ ਜਰਨੈਲ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੀ ਗਈ ਔਰਤ ਦੀ ਪਛਾਣ ਰਿਤੂ ਪਤਨੀ ਮਹੀਕੀ ਵਜੋਂ ਨਿਵਾਸੀ ਗੜ੍ਹਸ਼ੰਕਰ ਰੋਡ, ਮਹਿੰਦੀਪੁਰ, ਥਾਣਾ ਸਿਟੀ ਨਵਾਂਸ਼ਹਿਰ ਦੇ ਤੌਰ 'ਤੇ ਹੋਈ ਹੈ।ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਖ਼ਿਲਾਫ ਸਿਟੀ ਨਵਾਂਸ਼ਹਿਰ ਥਾਣੇ 'ਚ ਕੇਸ ਦਰਜ ਕਰ ਲਏ ਗਏ ਹਨ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।


# ਸਾਬਿਰ ਪਾਕ ਦੀ ਯਾਦ ਨੂੰ ਸਮਰਪਿਤ 21ਵਾਂ ਸਾਲਾਨਾ ਜੋੜ ਮੇਲਾ 30 ਨੂੰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰੇ ਕਲੀਅਰ ਸ਼ਰੀਫ ਅਧਿਆਪੁਰ ਵਿਖੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਦੀ ਅਗਵਾਈ ਵਿੱਚ ਹਜ਼ਰਤ ਸਰਕਾਰ ਸਾਬਿਰ ਪਾਕ ਦੀ ਯਾਦ ਨੂੰ ਸਮਰਪਿਤ 21ਵਾਂ ਸਾਲਾਨਾ ਜੋੜ ਮੇਲਾ 30 ਅਕਤੂਬਰ ਨੂੰ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਆਈਆਂ ਹਜ਼ਾਰਾਂ ਦੀ ਤਾਦਾਦ ਚ ਸੰਗਤਾਂ ਬਾਬਾ ਦੀ ਦਰਗਾਹ 'ਤੇ ਮੱਥਾ ਟੇਕ ਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਨਗੀਆਂ। ਇਸ ਜੋੜ ਮੇਲੇ ਸਬੰਧੀ ਅੱਜ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਬਾਬਾ ਸ਼ੇਰ ਸਿੰਘ ਨੇ ਕਿਹਾ ਕਿ 30 ਅਕਤੂਬਰ ਨੂੰ ਦਿਨ ਵੀਰਵਾਰ ਇਸ 7 ਰੋਜ਼ਾ ਜੋੜ ਮੇਲੇ ਸੰਬੰਧੀ ਪੰਡਾਲ ਸਜਾਉਣ ਦੀਆਂ ਤਿਆਰੀਆਂ ਬਹੁਤ ਵੱਡੇ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਾਬਾ ਜੀ ਦੀ ਦਰਗਾਹ ਤੇ 28 ਅਕਤੂਬਰ ਨੂੰ ਝੰਡਾ ਚੜ੍ਹਾਉਣ ਅਤੇ ਮਹਿੰਦੀ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 30 ਅਕਤੂਬਰ ਨੂੰ ਹੋਣ ਵਾਲੇ ਜੋੜ ਮੇਲੇ ਵਿੱਚ ਨੈਸ਼ਨਲ, ਇੰਟਰਨੈਸ਼ਨਲ ਗਾਇਕ ਆਪਣੇ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਨਗੇ।ਇਸ ਮੌਕੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਤ ਕਮਲ ਸਾਬਰੀ, ਸ਼ਹਿਜ਼ਾਦਾ ਡਾ. ਮੀਰ ਹਸਨ, ਦੇਵਿਕਾ ਸੇਵਾਦਾਰ ਗੋਪੀ, ਅਮਨ ਸੈਣੀ, ਭਜਨ ਸੈਣੀ, ਓਂਕਾਰ ਸਿੰਘ, ਤਲਵਿੰਦਰ ਕੁੰਦਾ, ਹਰਭਜਨ ਸਿੰਘ, ਗੁਰਬਚਨ ਸਿੰਘ ਅਤੇ ਹੋਰ ਸੰਸਥਾਵਾਂ ਦੇ ਆਗੂਆਂ ਨੇ ਹਾਜ਼ਰੀ ਲਗਵਾਈ।

# ਰੋਜ਼ਗਾਰ ਮੇਲੇ 'ਚ ਵੰਡੇ ਨਿਯੁਕਤੀ ਪੱਤਰ

**ਜਲੰਧਰ (ਇਕਬਾਲ ਸਿੰਘ ਉੱਭੀ)**- ਯੁਵਾ ਸ਼ਕਤੀ ਨਾਲ ਵਿਕਸਿਤ ਭਾਰਤ ਦੇ ਸੰਕਲਪ ਨੂੰ ਹੁਲਾਰਾ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀਡੀਓ ਸੰਦੇਸ਼ ਰਾਹੀਂ ਦੇਸ਼ ਦੀਆਂ ਵੱਖ-ਵੱਖ 40 ਥਾਵਾਂ 'ਤੇ ਆਯੋਜਿਤ ਰੋਜ਼ਗਾਰ



ਮੇਲਿਆਂ ਨੂੰ ਸੰਬੋਧਨ ਕੀਤਾ ਗਿਆ ਅਤੇ ਨਵ-ਨਿਯੁਕਤ ਹੋਏ ਨੌਜਵਾਨਾਂ ਨੂੰ 51,000 ਤੋਂ ਵੱਧ ਨਿਯੁਕਤੀ ਪੱਤਰ ਵੰਡੇ ਗਏ। ਇਸ 17ਵੇਂ ਰੋਜ਼ਗਾਰ ਮੇਲੇ ਦੇ ਤਹਿਤ, ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਨ ਆਈ ਟੀ), ਜਲੰਧਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਨੋਦ ਕੁਮਾਰ ਵਰਮਾ, ਚੀਫ਼ ਪੋਸਟਮਾਸਟਰ ਜਨਰਲ, ਪੰਜਾਬ ਸਰਕਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ 180 ਤੋਂ ਵੱਧ ਚੋਣਵੇਂ ਨਵ-ਨਿਯੁਕਤ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ। ਆਪਣੇ ਸੰਬੋਧਨ ਵਿੱਚ ਵਿਨੋਦ ਕੁਮਾਰ ਵਰਮਾ ਨੇ ਨੌਜਵਾਨਾਂ ਨੂੰ ਹੋਰ ਵਿਸ਼ਵਾਸਾ ਉਪਲਬਧੀਆਂ ਲਈ ਸਖ਼ਤ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਨੇ ਕਿਤਾਬਾਂ ਅਤੇ ਅਖ਼ਬਾਰਾਂ ਪੜ੍ਹਨ ਦੀ ਰੁਚੀ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਫ਼ਲਤਾ ਪ੍ਰਾਪਤੀ ਲਈ ਸਾਨੂੰ ਹਮੇਸ਼ਾ ਕੁਝ ਨਵਾਂ ਸਿੱਖਦੇ ਰਹਿਣਾ ਚਾਹੀਦਾ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਅਸੀਂ ਰੋਜ਼ਾਨਾ ਅਜਿਹਾ ਚੰਗਾ ਸਾਹਿਤ ਪੜ੍ਹੀਏ, ਜੋ ਲੰਬੇ ਸਮੇਂ ਤੱਕ ਸਾਡੇ ਲਈ ਸਹਾਇਕ ਸਿੱਧ ਹੋ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਵਿਸ਼ੇ ਤੋਂ ਇਲਾਵਾ ਹੋਰ ਵਿਸ਼ਿਆਂ ਦੀ ਜਾਣਕਾਰੀ ਵੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ, ਜਿਸ ਨਾਲ ਸਾਡੇ ਹੁਨਰ ਵਿੱਚ ਬਹੁਪੱਖੀ ਨਿਖਾਰ ਆ ਸਕੇ। ਉਨ੍ਹਾਂ ਕਿਹਾ ਕਿ ਇਸ ਵਾਸਤੇ ਕਰਮਯੋਗੀ ਪਲੇਟਫਾਰਮ ਬੜਾ ਲਾਹੇਵੰਦ ਸਿੱਧ ਹੋ ਸਕਦਾ ਹੈ ਕਿਉਂਕਿ ਇਸ ਜ਼ਰੀਏ ਮੁਫ਼ਤ ਵਿੱਚ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਸਾਡੀ ਪ੍ਰਤਿਭਾ ਵਿੱਚ ਵਾਧਾ ਕਰੇਗੀ। ਇਸ ਮੌਕੇ ਐੱਨ ਆਈ ਟੀ. ਜਲੰਧਰ ਦੇ ਡਾਇਰੈਕਟਰ ਪ੍ਰੋ. ਬਿਨੋਦ ਕੁਮਾਰ ਕਨੌਜੀਆ ਨੇ ਨਵ-ਨਿਯੁਕਤਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਤਰੱਕੀ ਵਿੱਚ ਨੌਜਵਾਨ ਵਰਗ ਦੀ ਖ਼ਾਸ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਵਿੱਚ 2022 ਵਿੱਚ ਸ਼ੁਰੂ ਕੀਤੇ ਗਏ ਰੋਜ਼ਗਾਰ ਮੇਲੇ ਦੇ ਜ਼ਰੀਏ ਹੁਣ ਤੱਕ 11 ਲੱਖ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਹੈ, ਜਿਸ ਨਾਲ ਦੇਸ਼ ਦੀ ਤਰੱਕੀ ਦੀ ਰਫ਼ਤਾਰ ਹੋਰ ਤੇਜ਼ ਹੋਈ ਹੈ। ਇਸ ਮੌਕੇ ਉਪ ਕਮਾਂਡੈਂਟ ਸੀਮਾ ਸੁਰੱਖਿਆ ਬਲ ਸ੍ਰੀ ਕੁਲਦੀਪ ਕੁਮਾਰ ਗੁਪਤਾ, ਮੁੱਖ ਪ੍ਰਬੰਧਕ ਨੈਸ਼ਨਲ ਫਰਟੀਲਾਈਜ਼ਰਸ ਲਿਮਿਟੇਡ ਨੰਗਲ ਸ੍ਰੀ ਬਹਾਦੁਰ ਸਿੰਘ, ਸ੍ਰੀ ਰਿਸ਼ੀ ਕਾਂਤ ਵਰਮਾ, ਨਿਰਦੇਸ਼ਕ, ਡਾਕ ਸੇਵਾਵਾਂ ਪੰਜਾਬ ਪੱਛਮੀ ਖੇਤਰ, ਚੰਡੀਗੜ੍ਹ ਡਾ. ਪ੍ਰਵੀਨ ਕੁਮਾਰ ਸਾਰਸਵਤ ਅਤੇ ਆਰ.ਸੀ.ਐੱਫ., ਕਪੂਰਥਲਾ ਤੋਂ ਸ੍ਰੀ ਹੇਮੰਤ ਸੁਲਾਨੀਆ ਵੀ ਮੌਜੂਦ ਸਨ।

# ਮਾਨ ਸਰਕਾਰ ਦੀਆਂ ਨੀਤੀਆਂ ਸਦਕਾ ਪੰਜਾਬ 'ਚ ਮੁੜ ਆਪ ਦੀ ਸਰਕਾਰ ਬਣੇਗੀ : ਖੰਨਾ, ਸ਼ਾਵਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਮਾਨ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਹਿੱਤ ਨੀਤੀਆਂ ਸਦਕਾ ਮੁੜ ਪੰਜਾਬ ਵਿੱਚ ਆਪ ਦੀ ਸਰਕਾਰ ਬਣਨਾ ਨਿਸ਼ਚਿਤ ਹੈ। ਮਾਨ ਸਰਕਾਰ ਵੱਲੋਂ ਕਦੇ 'ਯੁੱਧ ਨਸ਼ਿਆਂ ਵਿਰੁੱਧ'



ਅਤੇ ਕਦੇ ਖੇਡ ਸਟੇਡੀਅਮ ਯੋਜਨਾਵਾਂ ਤੋਂ ਇਲਾਵਾ ਹਰ ਕਈ ਸਕੀਮਾਂ ਲਾਗੂ ਕਰਕੇ ਪਿਛੜੇ ਪੰਜਾਬ ਨੂੰ ਮੁੜ ਖੁਸ਼ਹਾਲੀ ਦੀਆਂ ਲੀਹਾਂ ਤੇ ਤੋਰ ਦਿੱਤਾ ਹੈ ਜਿਸਨੂੰ ਵੇਖਦੇ ਹੋਏ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਜੁੜਦੇ ਜਾ ਰਹੇ ਹਨ। ਪੰਜਾਬ ਦੇ ਹਰ ਹਲਕੇ ਦੇ ਵਿਧਾਇਕ ਨੂੰ ਆਪਣੇ-ਆਪਣੇ ਹਲਕੇ ਦੇ ਵਿਕਾਸ ਲਈ ਮਾਨ ਸਰਕਾਰ ਨੇ ਆਪਣੇ ਖਜ਼ਾਨੇ ਦੇ ਮੂੰਹ ਖੋਲ ਦਿੱਤੇ ਹਨ ਤਾਂ ਜੋ ਅੱਜ ਤੱਕ ਪਹਿਲੀਆਂ ਸਰਕਾਰਾਂ ਨੇ ਪੰਜਾਬ ਦੀ ਜਨਤਾ ਨੂੰ ਜਿਹੜੀਆਂ ਸਹੂਲਤਾਂ ਤੋਂ ਵਾਂਝਿਆ ਰੱਖਿਆ ਸੀ ਉਹ ਸਾਰੀਆਂ ਸਹੂਲਤਾਂ ਆਪ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਮੁਹਈਆ ਕਰਵਾਈਆਂ ਜਾ ਸਕਣ। ਪੰਜਾਬ ਵਿੱਚ ਹੋਏ ਇਨ੍ਹਾਂ ਵਿਕਾਸ ਸੰਬੰਧੀ ਕੀ ਕਹਿੰਦੇ ਹਨ ਟਾਂਡਾ ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ। ਇਸ ਸਬੰਧੀ ਉੱਘੇ ਸਮਾਜ ਸੇਵੀ ਅਤੇ ਆਪ ਦੇ ਸੀਨੀਅਰ ਨੇਤਾ ਸੋਨੂੰ ਖੰਨਾ ਦਾ ਕਹਿਣਾ ਹੈ ਕਿ ਟਾਂਡਾ ਹਲਕੇ ਦੇ ਲੋਕਾਂ ਨੂੰ ਜਿਹੜੀਆਂ ਸਹੂਲਤਾਂ ਅੱਜ ਤੱਕ ਕਿਸੇ ਵੀ ਸਰਕਾਰ ਨੇ ਨਹੀਂ ਸੀ ਦਿੱਤੀਆਂ ਉਨ੍ਹਾਂ ਸਾਰੀਆਂ ਸਹੂਲਤਾਂ ਨੂੰ ਮੁਹਈਆ ਕਰਵਾਉਣ ਲਈ ਆਪ ਦੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦਿਨ ਰਾਤ ਮਿਹਨਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਰਾਜਾ ਮਾਨ ਸਰਕਾਰ ਤੋਂ ਪ੍ਰਾਪਤ ਗ੍ਰਾਂਟਾਂ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਦੀਆਂ ਪੰਚਾਇਤਾਂ ਅਤੇ ਨਗਰ ਕੌਂਸਲਾਂ ਨੂੰ ਵੰਡ ਰਹੇ ਹਨ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਸਾਰੀਆਂ ਸੁੱਖ ਸੁਵਿਧਾਵਾਂ ਮਿਲ ਸਕਣ। ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਮਾਨ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਨੇ ਆਪਣੇ-ਆਪਣੇ ਹਲਕੇ ਵਿੱਚ ਖੇਡ ਸਟੇਡੀਅਮ ਬਣਵਾ ਦਿੱਤੇ ਹਨ ਤਾਂ ਜੋ ਖਿਡਾਰੀਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦੇ ਕੇ ਉਨ੍ਹਾਂ ਦੀ ਖੇਡ ਵਿੱਚ ਹੋਰ ਨਿਖਾਰ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਨੈਸ਼ਨਲ, ਇੰਟਰਨੈਸ਼ਨਲ ਪੱਧਰ ਤੇ ਪਹੁੰਚਾਇਆ ਜਾ ਸਕੇ। ਆਪ ਯੂਥ ਵਿੰਗ ਜ਼ਿਲ੍ਹਾ ਪ੍ਰਧਾਨ ਮਨਵੀਰ ਸਿੰਘ ਸਰਪੰਚ ਅਤੇ ਹਲਕਾ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਲੁੱਟਾਂ-ਖੋਹਾਂ ਕਰਨ ਵਾਲੇ, ਫਿਰੌਤੀਆਂ ਮੰਗਣ ਵਾਲੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਮਾਨ ਸਰਕਾਰ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਪੂਰੀ ਤਰ੍ਹਾਂ ਨਕੇਲ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਕਾਰਗੁਜ਼ਾਰੀਆਂ ਨੂੰ ਵੇਖਦੇ ਹੋਏ ਪੰਜਾਬ ਦੀ ਜਨਤਾ ਮੁੜ ਆਪ ਦੀ ਸਰਕਾਰ ਦਾ ਦ੍ਰਿੜ ਸੰਕਲਪ ਕਰੀ ਬੈਠੀ ਹੈ।

# ਬਾਬਾ ਕਰੜਾ ਦੀ ਯਾਦ 'ਚ ਚਾਹ-ਪਕੌੜਿਆਂ ਦੇ ਲੰਗਰ ਲਗਾਏ

**ਮਾਹਿਲਪੁਰ (ਸਫ਼ਰੀ)**- ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੜਾ ਗੋਤ ਜਠੇਰਿਆਂ ਦਾ ਮੇਲਾ ਪਿੰਡ ਬਿੰਜੋਂ, ਤਹਿਸੀਲ ਗੜ੍ਹਸ਼ੰਕਰ , ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸੇਵਾਦਾਰ ਚਿਰੰਜੀ, ਲਾਲ ਕਰੜਾ, ਗਿਆਨ ਕਰੜਾ , ਧਰਮਪਾਲ



ਕਰੜਾ, ਜਸਵੀਰ ਕਰੜਾ , ਰਾਜੂ ਕਰੜਾ, ਰਸ਼ਪਾਲ ਬਿਜੋਂ , ਕੁਲਦੀਪ ਸਲੋਹ, ਮੁਕੱਦਰ ਕਰੜਾ, ਬੰਟੀ ਕਰੜਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਕਰੜਾ ਗੋਤਰ ਦੇ ਸ਼ੁੱਭ ਦਿਹਾੜੇ 'ਤੇ ਸਭ ਤੋਂ ਪਹਿਲਾਂ ਰੋਸ਼ਨ ਚਿਰਾਗ, ਅਰਦਾਸ ਅਤੇ ਅਰਚਨਾ, ਕੀਤੀ ਗਈ । ਸਾਨੂੰ ਆਪਣੇ ਵੱਡੇ ਵਡੇਰਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।ਇਸ ਮੌਕੇ ਆਏ ਹੋਏ ਕਲਾਕਾਰਾਂ ਵਲੋਂ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ ਅਤੇ ਦੀਵਾਲੀ ਸ਼੍ਰੀ ਮਹਾਂ ਲਕਸ਼ਮੀ ਪੂਜਾ ਅਤੇ ਬਾਬਾ ਵਿਸ਼ਵਕਰਮਾ ਜੀ ਦਾ ਦਿਵਸ ਵੀ ਮਨਾਇਆ ਗਿਆ। ਕਮੇਟੀ ਵਲੋਂ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਆਈਆਂ ਹੋਈਆਂ ਸੰਗਤਾਂ ਨੂੰ ਚਾਹ ਪਕੌੜਿਆਂ ਦਾ ਲੰਗਰ ਛਕਾਇਆ ਗਿਆ।

# ਪ੍ਰਭ ਆਸਰਾ ਵਿਖੇ ਦਾਖਲ ਬਜ਼ੁਰਗ ਬੀਬੀ ਮੁਖਰਾਜ ਕੌਰ ਦੀ ਹਾਲਤ ਗੰਭੀਰ

**ਕੁਰਾਲੀ, (ਮੋਹਨ ਅੱਗਰਵਾਲ)**- ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਸ ਲੋਕਾਂ ਦੀ ਸੇਵਾ-ਸੰਭਾਲ ਕਰ ਰਹੀ ਸੰਸਥਾ, ਪ੍ਰਭ ਆਸਰਾ ਵਿਖੇ ਲਗਭਗ 5 ਸਾਲ ਤੋਂ ਰਹਿ ਰਹੀ ਬਜ਼ੁਰਗ ਬੀਬੀ ਮੁਖਰਾਜ ਕੌਰ (ਲੱਗਭਗ 81 ਸਾਲ) ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਕਿ ਸੰਸਥਾ ਦੇ ਚਨਾਲੋਂ (ਕੁਰਾਲੀ) ਵਿਖੇ



ਸਥਿਤ ਮਲਟੀਸਪੈਸ਼ਲ ਚੈਰੀਟੇਬਲ ਹਸਪਤਾਲ ਦੇ ਆਈ ਸੀ ਯੂ ਵਿੱਚ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਜ਼ੇਰੇ ਇਲਾਜ ਹੈ। ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਮੁਤਾਬਕ ਇਸ ਬਜ਼ੁਰਗ ਦੀ ਸਥਿਤੀ ਨਾਜ਼ੁਕ ਹੈ। ਇਨ੍ਹਾਂ ਨੂੰ 15-03-2020 ਨੂੰ ਗ੍ਰਾਮ ਪੰਚਾਇਤ ਪਿੰਡ: ਕੰਧੋਲਾ (ਸ੍ਰੀ ਚਮਕੌਰ ਸਾਹਿਬ) ਰਾਹੀਂ ਬੇਸਹਾਰਾ ਸਥਿਤੀ ਦੇ ਚਲਦਿਆਂ ਸੰਸਥਾ ਵਿੱਚ ਦਾਖਲ ਕਰਵਾਇਆ ਗਿਆ ਸੀ। ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਹਨਾਂ ਨੂੰ ਪਛਾਨਣ ਵਾਲਾ ਕੋਈ ਰਿਸ਼ਤੇਦਾਰ ਮਿਲਣਾ ਚਾਹੁੰਦਾ ਹੋਵੇ ਤਾਂ ਪ੍ਰਭ ਆਸਰਾ, ਕੁਰਾਲੀ ਵਿਖੇ ਸੰਪਰਕ ਕਰ ਸਕਦਾ ਹੈ।

# ਸਿਲਵਰ ਮੈਡਲ ਜਿੱਤਣ ਵਾਲੀ ਵਿਦਿਆਰਥਣ ਸਨਮਾਨਤ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ 69 ਪੰਜਾਬ ਸਕੂਲ ਖੇਡਾਂ ਦੀ ਸਟੇਟ ਫੁੱਟਬਾਲ ਖੇਡਾਂ ਵਿੱਚ ਸਿਲਵਰ ਮੈਡਲ ਜੇਤੂ ਵਿਦਿਆਰਥਣ ਮੰਨਤ ਭੰਗੂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਅਧਿਆਪਕ ਲਖਵਿੰਦਰ ਸਿੰਘ ਨੇ ਦੱਸਿਆ ਕਿ ਲੁਠੇੜੀ ਸਕੂਲ ਦੇ ਬਹੁਤ ਸਾਰੇ ਵਿਦਿਆਰਥੀ ਸਟੇਟ ਲੈਵਲ ਤੇ ਖੇਡਾਂ ਵਿੱਚ ਮੱਲਾਂ ਮਾਰ ਰਹੇ ਹਨ । ਇਨ੍ਹਾਂ ਵਿੱਚੋਂ ਨਜ਼ਦੀਕੀ ਪਿੰਡ ਕਾਲੇ ਮਾਜਰਾ ਦੀ ਵਿਦਿਆਰਥਣ ਮੰਨਤ ਭੰਗੂ ਵੱਲੋਂ ਇਸ ਵਾਰ ਫਿਰ 69 ਫੁਟਬਾਲ, ਸਟੇਟ ਖੇਡਾਂ ਵਿੱਚ ਸਿਲਵਰ ਮੈਡਲ ਹਾਸਿਲ ਕੀਤਾ ਗਿਆ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਿਦਿਆਰਥਣ ਨੇ ਲਗਾਤਾਰ ਦੂਜੀ ਵਾਰ ਸਟੇਟ ਫੁਟਬਾਲ ਵਿੱਚ ਸਿਲਵਰ ਮੈਡਲ ਜਿੱਤਿਆ ਹੈ।ਵਿਦਿਆਰਥਣ ਨੂੰ ਸਨਮਾਨਤ ਕਰਦਿਆਂ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਜਿੱਥੇ ਖਿਡਾਰੀ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ, ਉੱਥੇ ਸਕੂਲ ਦੇ ਡੀ ਪੀ ਸੁਰਮੁੱਖ ਸਿੰਘ ਲੋਟੇ ਅਤੇ ਵੋਕੇਸ਼ਨਲ ਟ੍ਰੇਨਰ ਹਰਿੰਦਰ ਕੁਮਾਰ ਕਾਈਨੌਰ ਵੱਲੋਂ ਕਰਵਾਈ ਮਿਹਨਤ ਲਈ ਵੀ



ਉਨ੍ਹਾਂ ਦੀ ਸ਼ਲਾਘਾ ਕੀਤੀ । ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਖੇਡਾਂ ਸਾਡੇ ਸਰਬ ਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਸ ਮੌਕੇ ਲੈਕਚਰ ਕੁਲਵੰਤ ਕੌਰ, ਜਸ਼ਨਦੀਪ ਸਿੰਘ ਭੰਗੂ, ਸੁਰੀਨਾ ਰਾਏ, ਬਲਜੀਤ ਕੌਰ, ਕੁਲਦੀਪ ਕੌਰ, ਰੀਤੂ ਸ਼ਰਮਾ, ਮਨਿੰਦਰ ਚੱਡਾ,ਰੋਜ਼ੀ ਰਾਣੀ ਦਵਿੰਦਰਪਾਲ ਸਿੰਘ ਅਤੇ ਗੁਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਏ ਜੀ ਆਈ ਇਨ.ਫਰਾ ਲਿਮਟਿਡ ਨੇ ਦੀਵਾਲੀ ਮਨਾਈ

**ਜਲੰਧਰ (ਰਾਜੇਸ਼ ਥਾਪਾ)**- ਇਲਾਕੇ ਦੀ ਪ੍ਰਸਿੱਧ ਰਿਅਲ ਏਸਟੇਟ ਤੇ ਇੰਫ਼ਰਾਸਟ੍ਰਕਚਰ ਕੰਪਨੀ ਏ ਜੀ ਆਈ ਇੰਫ਼ਰਾ ਲਿਮਟਿਡ ਨੇ ਆਪਣੀਆਂ ਰਿਹਾਇਸ਼ੀ ਸੋਸਾਇਟੀਆਂ ਅਰਬਾਨਾ ਤੇ ਜਲੰਧਰ ਹਾਈਟਸ 2, 3 (66 ਫੁੱਟ ਰੋਡ, ਜਲੰਧਰ) ਵਿੱਚ ਪਵਿੱਤਰ ਦੀਵਾਲੀ ਦਾ ਤਿਉਹਾਰ ਬੜੀ ਸ਼ਰਧਾ ਤੇ ਖੁਸ਼ੀ ਨਾਲ ਮਨਾਇਆ। ਪੂਰਾ ਇਲਾਕਾ ਰੋਸ਼ਨੀ ਨਾਲ ਚਮਕ ਰਿਹਾ ਸੀ। ਹਰ ਘਰ ਤੇ ਹਰ ਕੋਨੇ ਨੂੰ ਦੀਵਿਆਂ ਤੇ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ ।ਮੁੱਖ ਦੀਵਾਲੀ ਸਮਾਰੋਹ ਨਵੇਂ ਬਣੇ



ਗਲਾਸ ਹਾਊਸ ਵਿੱਚ ਇੱਕ ਵੱਡੇ ਰੁੱਖ ਹੇਠ ਕੀਤਾ ਗਿਆ, ਜਿਸ ਨੂੰ ਫੁੱਲਾਂ ਅਤੇ ਦੀਵਿਆਂ ਨਾਲ ਸਜਾਇਆ ਗਿਆ ਸੀ। ਸੁਖਦੇਵ ਸਿੰਘ, ਮੈਨੇਜਿੰਗ ਡਾਇਰੈਕਟਰ ਨੇ ਸਲਵਿੰਦਰਜੀਤ ਕੌਰ, ਕੁਮਾਰੀ ਸਿਮਰਨ (ਡਾਇਰੈਕਟਰ), ਵਰਿੰਦਰ ਸਿੰਘ (ਪ੍ਰੋਜੈਕਟ ਡਾਇਰੈਕਟਰ) ਅਤੇ ਅਭਿਜੀਤ ਸਿੰਘ ਨਾਲ ਮਿਲ ਕੇ ਧਾਰਮਿਕ ਰਸਮਾਂ ਅਨੁਸਾਰ ਦੀਵੇ ਜਲਾਏ।ਹਜ਼ਾਰਾਂ ਰਿਹਾਇਸ਼ੀਆਂ ਨੇ ਸਮਾਰੋਹ ਵਿੱਚ ਭਾਗ ਲਿਆ। ਪੂਰੇ ਮਾਹੌਲ ਵਿੱਚ ਭਜਨਾਂ ਤੇ ਕੀਰਤਨ ਦੀ ਆਵਾਜ਼ ਨਾਲ ਇੱਕ ਆਧਿਆਤਮਿਕ ਸ਼ਾਂਤੀ ਛਾ ਗਈ।ਲੋਕਾਂ ਲਈ ਖਾਣ-ਪੀਣ ਦੇ ਕਈ ਸਟਾਲ ਲਗਾਏ ਗਏ ਸਨ ਜਿਨ੍ਹਾਂ 'ਤੇ ਸਨੈਕਸ, ਚਾਹ, ਕੌਫ਼ੀ, ਸੌਫਟ ਡ੍ਰਿੰਕ ਆਦਿ ਮਿਲ ਰਹੇ ਸਨ। ਬੱਚਿਆਂ ਲਈ ਖੇਡਾਂ ਤੇ ਮਨੋਰੰਜਨ ਦੀ ਵੀ ਚੰਗੀ ਵਿਵਸਥਾ ਕੀਤੀ ਗਈ ਸੀ। ਇਸ ਮੌਕੇ ਤੇ ਸਰਦਾਰ ਸੁਖਦੇਵ ਸਿੰਘ ਨੇ ਸਾਰੇ ਲੋਕਾਂ ਨੂੰ ਚੰਗੇ ਕਰਮ ਕਰਨ, ਸੱਚਾਈ ਤੇ ਪਿਆਰ ਦੇ ਰਸਤੇ 'ਤੇ ਤੁਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਬਜ਼ੁਰਗਾਂ ਦੀ ਇੱਜ਼ਤ ਕਰਨ ਤੇ ਸਦਾ ਨੇਕੀ ਦੇ ਰਸਤੇ ਤੇ ਤੁਰਨ ਲਈ ਪ੍ਰੇਰਿਤ ਕੀਤਾ।

# ਡਾ. ਪਰਮਜੀਤ ਸਿੰਘ ਨੇ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਚਾਰਜ ਸੰਭਾਲਿਆ

**ਗੁਰਾਇਆ (ਬਿੰਦਰ ਸੁਮਨ)**- ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਦੇ ਸਟਾਫ਼ ਵੱਲੋਂ ਡਾ. ਪਰਮਜੀਤ ਸਿੰਘ ਦਾ ਸੀਨੀਅਰ ਮੈਡਿਕਲ ਅਫ਼ਸਰ ਵਜੋਂ ਸਵਾਗਤ ਕੀਤਾ ਗਿਆ।ਡਾ ਪਰਮਜੀਤ ਸਿੰਘ ਨੇ ਕਿਹਾ ਕਿ ਉਹ ਇਲਾਕੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੂਰਾ ਯਤਨ ਕਰਨਗੇ। ਉਨ੍ਹਾਂ ਨੇ ਟੀਮ ਵਰਕ, ਬਿਮਾਰੀਆਂ ਦੀ ਰੋਕਥਾਮ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਤੇ ਜ਼ੋਰ ਦਿੱਤਾ।ਸਮੂਹ ਸਟਾਫ਼ ਨੇ ਡਾ. ਪਰਮਜੀਤ ਸਿੰਘ ਨੂੰ ਆਪਣਾ ਪੂਰਾ



ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਮੈਡੀਕਲ ਅਫ਼ਸਰ ਡੈਂਟਲ ਡਾ. ਅਵਿਨਾਸ਼ ਮੰਗੋਤਰਾ, ਮੈਡੀਕਲ ਅਫ਼ਸਰ ਡਾ. ਮਮਤਾ ਗੌਤਮ, ਚੀਫ ਫਾਰਮਾਸਿਸਟ ਪ੍ਰਿਤਪਾਲ ਕੌਰ, ਹੈਲਥ ਸੁਪਰਵਾਈਜ਼ਰ ਸਤਨਾਮ, ਹੈਲਥ ਸੁਪਰਵਾਈਜ਼ਰ ਕੁਲਦੀਪ ਵਰਮਾ ਤੇ ਸਮੂਹ ਸਟਾਫ ਹਾਜ਼ਰ ਸੀ।

# ਛੱਠ ਪੂਜਾ ਤੋਂ ਪਹਿਲਾਂ ਧਾਲੀਵਾਲ ਨੇ ਨਿੱਜੀ ਤੌਰ 'ਤੇ ਕਰਵਾਈ ਨਹਿਰ ਦੀ ਸਫਾਈ

**ਫਗਵਾੜਾ (ਡਾ. ਰਮਨ)** ਫਗਵਾੜਾ ਤੋਂ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਪ੍ਰਵਾਸੀਆਂ ਦੀ ਆਸਥਾ ਦਾ ਧਿਆਨ ਰੱਖਦੇ ਹੋਏ, ਛੱਠ ਪੂਜਾ ਤੋਂ ਪਹਿਲਾਂ ਨਿੱਜੀ ਤੌਰ 'ਤੇ ਫਗਵਾੜਾ ਚੌਂਕੀ ਦੇ ਨਾਲ ਲੱਗਦੀ ਨਹਿਰ ਦੀ ਸਫਾਈ ਕੀਤੀ। ਉਨ੍ਹਾਂ ਦੋਸ਼ ਲਗਾਇਆ



ਕਿ ਨਗਰ ਨਿਗਮ ਅਤੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਪਰ ਕਾਂਗਰਸ ਪਾਰਟੀ ਪ੍ਰਵਾਸੀਆਂ ਦੀ ਆਸਥਾ ਨਾਲ ਸਮਝੌਤਾ ਨਹੀਂ ਹੋਣ ਦੇਵੇਗੀ। ਉਹ ਨਿੱਜੀ ਤੌਰ 'ਤੇ ਨਹਿਰ ਦੀ ਸਫਾਈ ਵਿੱਚ ਲੱਗੇ ਹੋਏ ਹਨ। ਕਾਂਗਰਸੀ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਹਜ਼ਾਰਾਂ ਪ੍ਰਵਾਸੀ ਸ਼ਰਧਾਲੂ ਛੱਠ ਪੂਜਾ ਕਰਨ ਲਈ ਇਸ ਨਹਿਰ 'ਤੇ ਆਉਂਦੇ ਹਨ। ਹਾਲਾਂਕਿ, ਜਦੋਂ ਉਨ੍ਹਾਂ ਨਹਿਰ ਦਾ ਦੌਰਾ ਕੀਤਾ ਤਾਂ ਉਨ੍ਹਾਂ ਦੇਖਿਆ ਕਿ ਨਹਿਰ ਕੂੜੇ ਨਾਲ ਭਰੀ ਹੋਈ ਸੀ ਅਤੇ ਗੰਦੇ ਪਾਣੀ ਕਾਰਨ ਬਹੁਤ ਖਸਤਾ ਹਾਲਤ ਵਿੱਚ ਸੀ। ਫਿਰ ਉਨ੍ਹਾਂ ਆਪਣੀ ਟੀਮ ਨਾਲ ਨਿੱਜੀ ਤੌਰ 'ਤੇ ਨਹਿਰ ਦੀ ਸਫਾਈ ਕਰਨ ਦਾ ਫੈਸਲਾ ਕੀਤਾ।

# ਡਾ. ਉਜਾਗਰ ਸਿੰਘ ਸੂਰੀ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਬਲਾਚੌਰ, ਨਵਾਂਸ਼ਹਿਰ (ਜਸਵਿੰਦਰ ਬੈਂਸ, ਕੁਲਵਿੰਦਰ ਦੁਰਗਾਪੁਰੀਆ)**- ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬਲਾਚੌਰ ਵਲੋਂ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਅਤੇ ਇਲਾਕੇ ਦੀ ਸ਼ਾਨਾਮੱਤੀ ਸਮਾਜ ਸੇਵੀ ਸਖਸੀਅਤ ਡਾ. ਉਜਾਗਰ ਸਿੰਘ ਸੂਰੀ ਦੀ ਬੇਵਕਤੀ ਮੌਤ ਤੇ ਅੱਜ ਉਨ੍ਹਾਂ ਦੇ ਗ੍ਰਹਿ ਪਿੰਡ ਲੋਹਟ ਵਿਖੇ ਉਨ੍ਹਾਂ ਦੇ ਸਪੁੱਤਰ ਭੁਪਿੰਦਰਜੀਤ ਸਿੰਘ ਸੂਰੀ, ਅਮਨਪ੍ਰੀਤ ਸਿੰਘ ਸੂਰੀ ਅਤੇ ਪਰਵਾਰਕ ਮੈਬਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਡਾ. ਉਜਾਗਰ ਸਿੰਘ ਸੂਰੀ ਸਮਾਜ ਸੇਵੀ ਅਤੇ ਲੋਕ ਭਲਾਈ ਕੰਮਾਂ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਸਨ। ਉਹਨਾਂ ਦੀ ਬੇਵਕਤੀ ਮੌਤ ਨਾਲ ਜਿੱਥੇ ਪਰਵਾਰ ਅਤੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉਥੇ ਹੀ ਪੂਰੇ ਇਲਾਕੇ ਦੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਜਸਵੀਰ ਸਿੰਘ ਗੜ੍ਹੀ ਐਸੀ ਕਮਿਸ਼ਨ ਦਾ ਚੇਅਰਮੈਨ ਐਸੋਸੀਏਸ਼ਨ ਦੇ ਪੰਜਾਬ ਦੇ ਉਪ ਪ੍ਰਧਾਨ ਡਾ. ਦੀਦਾਰ ਸਿੰਘ ਚਾਹਲ ਤੇ ਪ੍ਰਧਾਨ ਡਾ. ਤੇਜਿੰਦਰ ਸਿੰਘ ਜੋਤ, ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ, ਪੱਤਰਕਾਰ ਕੁਲਵਿੰਦਰ ਸਿੰਘ ਦੁਰਗਾਪੁਰੀਆ ਨੇ ਆਖਿਆ ਕਿ ਮੌਤ ਬਿਮਾਰੀ ਕਰਕੇ ਆਵੇ ਜਾਂ ਕਿਸੇ ਵੀ ਅਣਸੁਖਾਵੀ ਘਟਨਾ ਕਾਰਨ, ਪਰ ਮੌਤ ਅਟੱਲ ਸੱਚਾਈ ਹੈ । ਡਾ. ਭੁਪਿੰਦਰਜੀਤ ਸਿੰਘ ਸੂਰੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਆਤਮਿਕ ਸ਼ਾਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਦੇ ਪਾਠ ਦੇ ਭੋਗ 26 ਅਕਤੂਬਰ ਦਿਨ ਐਤਵਾਰ ਨੂੰ ਨਿਵਾਸ ਸਥਾਨ ਪਿੰਡ ਲੋਹਟ ਵਿਖੇ ਪਾਏ ਜਾਣਗੇ।

# ਸੁਰਜੀਤ ਹਾਕੀ ਟੂਰਨਾਮੈਂਟ ਪੰਜਾਬ ਪੁਲਸ ਨੇ ਪੰਜਾਬ ਐਂਡ ਸਿੰਧ ਬੈਂਕ ਨੂੰ 5-0 ਦੇ ਫਰਕ ਨਾਲ ਹਰਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)**- ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਸ਼ੁਰੂ ਹੋਏ ਟੂਰਨਾਮੈਂਟ ਦਾ ਉਦਘਾਟਨ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਨੇ ਕੀਤਾ। ਇਸ ਮੌਕੇ ਤੇ ਉਨ੍ਹਾਂ ਟੀਮਾਂ ਨਾਲ ਜਾਣ ਪਛਾਣ ਕੀਤੀ। ਉਨ੍ਹਾਂ ਦੇ ਨਾਲ ਹਾਕੀ ਇੰਡੀਆ ਦੇ ਮੀਤ ਪ੍ਰਧਾਨ, ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਇੰਡੀਅਨ ਆਇਲ ਦੇ ਜਨਰਲ ਮੈਨੇਜਰ ਯਸ਼ਪਾਲ ਕਾਂਤ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਤੇ ਆਈਵੀਵਾਈ ਵਰਲਡ ਸਕੂਲ ਦੇ ਬੱਚਿਆਂ ਨੇ ਜਿਮਨਾਸਟਿਕ ਸ਼ੋਅ ਦਾ ਪ੍ਰਦਰਸ਼ਨ ਕੀਤਾ। ਉਦਘਾਟਨੀ ਮੈਚ ਪੂਲ ਬੀ ਵਿੱਚ ਪੰਜਾਬ ਪੁਲਸ ਅਤੇ ਪੰਜਾਬ ਐਂਡ ਸਿੰਧ ਬੈਂਕ ਦਿੱਲੀ ਦਰਮਿਆਨ ਖੇਡਿਆ ਗਿਆ। ਖੇਡ ਦੇ ਪਹਿਲੇ ਕਵਾਰਟਰ ਵਿੱਚ ਬੈਂਕ ਨੇ ਪੁਲਸ ਦਾ ਡੱਟ ਕੇ ਮੁਕਾਬਲਾ ਕੀਤਾ ਖੇਡ ਦੇ ਦੂਜੇ ਕਵਾਰਟਰ ਦੇ 20ਵੇਂ ਮਿੰਟ ਵਿੱਚ ਪੰਜਾਬ ਪੁਲਸ ਦੇ ਕਪਤਾਨ ਉਲੰਪੀਅਨ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਰਾਂਹੀ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ 26ਵੇਂ ਮਿੰਟ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਨੇ ਦੂਜੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 2-0 ਕੀਤਾ। 31ਵੇਂ ਮਿੰਟ ਵਿੱਚ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਬਦਲ ਕੇ ਟੂਰਨਾਮੈਂਟ ਦੀ ਪਹਿਲੀ ਹੈਟ੍ਰਿਕ ਕੀਤੀ। ਖੇਡ ਦੇ ਦੂਜੇ ਅੱਧ ਦੇ 35ਵੇਂ ਮਿੰਟ ਵਿੱਚ ਉਲੰਪੀਅਨ ਮਨਦੀਪ ਸਿੰਘ ਨੇ ਮੈਦਾਨੀ ਗੋਲ ਕਰਕੇ ਪੁਲਿਸ ਨੂੰ 4-0 ਨਾਲ ਅੱਗੇ ਕੀਤਾ। ਖੇਡ ਦੇ 40ਵੇਂ ਮਿੰਟ ਵਿੱਚ ਉਲੰਪੀਅਨ ਅਕਾਸ਼ਦੀਪ ਸਿੰਘ ਨੇ ਮੈਦਾਨੀ ਗੋਲ ਕਰਕੇ ਸਕੋਰ 5-0 ਕਰਕੇ ਮੈਚ ਜਿੱਤ ਕੇ ਤਿੰਨ ਅੰਕ ਹਾਸਲ ਕੀਤੇ। ਪੂਲ ਡੀ ਦੇ ਮੈਚ ਵਿੱਚ ਆਰਮੀ



ਇਲੈਵਨ ਨੇ ਸੀ ਆਰ ਪੀ ਐਫ ਦਿੱਲੀ ਨੂੰ ਸਖਤ ਮੁਕਾਬਲੇ ਮਗਰੋਂ 2-1 ਨਾਲ ਹਰਾ ਕੇ ਤਿੰਨ ਅੰਕ ਹਾਸਲ ਕੀਤੇ। ਸੀਆਰਪੀਐਫ ਵਲੋਂ ਖੇਡ ਦੇ 10ਵੇਂ ਮਿੰਟ ਵਿੱਚ ਸ਼ਮਸ਼ੇਰ ਨੇ ਗੋਲ ਕਰਕੇ ਸਕੋਰ 1-0 ਕੀਤਾ। ਖੇਡ ਦੇ 30ਵੇਂ ਮਿੰਟ ਵਿੱਚ ਆਰਮੀ ਦੇ ਦਰਿਆਛਿਲ ਯਾਦਵ ਨੇ ਗੋਲ ਕਰਕੇ ਸਕੋਰ 1-1 ਕੀਤਾ। ਖੇਡ ਦੇ 55ਵੇਂ ਮਿੰਟ ਵਿੱਚ ਆਰਮੀ ਇਲੈਵਨ ਦੇ ਆਤਿਸ਼ ਦੋਦਰੀ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 2-1 ਕਰਕੇ ਮੈਚ ਜਿੱਤ ਕੇ ਤਿੰਨ ਅੰਕ ਹਾਸਲ ਕਰ ਲਏ। ਇਸ ਮੌਕੇ ਡਿਪਟੀ ਕਮਿਸ਼ਨਰ ਹਿਮਾਸ਼ੂ ਅਗਰਵਾਲ, ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ, ਲਖਵਿੰਦਰ ਪਾਲ ਸਿੰਘ ਖਹਿਰਾ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ, ਗੁਰਵਿੰਦਰ ਸਿੰਘ ਗੁੱਲੂ, ਰਾਮ ਪ੍ਰਤਾਪ, ਪ੍ਰੋਫੈਸਰ ਕ੍ਰਿਪਾਲ ਸਿੰਘ ਮਠਾਰੂ, ਐਲ ਆਰ ਨਈਅਰ, ਬਲਜੀਤ ਸਿੰਘ ਉਲੰਪੀਅਨ ਸੁਰਜੀਤ ਸਿੰਘ ਦੇ ਵੱਡੇ ਭਰਾ, ਹਰਿੰਦਰ ਸੰਘਾ, ਗੁਰਿੰਦਰ ਸੰਘਾ, ਰਣਬੀਰ ਟੁੱਟ, ਉਲੰਪੀਅਨ ਮਨਦੀਪ ਸਿੰਘ ਦੀ ਪਤਨੀ ਉਦਿਤਾ, ਅਮਨਦੀਪ ਕੌਰ, ਨਰਿੰਦਰ ਪਾਲ ਸਿੰਘ ਜੱਜ, ਨੱਥਾ ਸਿੰਘ ਗਾਖਲ, ਉਲੰਪੀਅਨ ਮੁਖਬੈਨ ਸਿੰਘ, ਬਲਜੀਤ ਸਿੰਘ ਚੰਦੀ, ਰਾਜਵਿੰਦਰ ਥਿਆੜਾ, ਮੰਗਲ ਸਿੰਘ ਬਾਸੀ, ਰਾਮਟੈਕਸ ਕੰਪਨੀ ਦੇ ਮਾਲਕ ਜਤਿੰਦਰ ਪਾਲ ਸਿੰਘ, ਗੌਰਵ ਮਹਾਜਨ, ਕੁਲਵਿੰਦਰ ਸਿੰਘ ਥਿਆੜਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਗੈਰ-ਕਾਨੂੰਨੀ ਮਾਈਨਿੰਗ ਤੇ ਓਵਰਲੋਡ ਟਿੱਪਰ-ਟਰਾਲਿਆਂ ਨੂੰ ਬੰਦ ਕੀਤਾ ਜਾਵੇ : ਭੱਜ, ਮੱਟੂ

**ਮਾਹਿਲਪੁਰ (ਸ.ਫਰੀ)**- ਕੁੱਲ ਹਿੰਦ ਕਿਸਾਨ ਸਭਾ ਦਾ ਇੱਕ ਵਫਦ ਡੀ ਐਸ ਪੀ ਦਲਜੀਤ ਸਿੰਘ ਖੱਖ ਨੂੰ ਮਿਲਿਆ ਅਤੇ ਮੰਗ ਪੱਤਰ ਦਿੱਤਾ।ਸਾਥੀ ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ ਨੇ ਮੰਗ ਕੀਤੀ ਗੜ੍ਹਸ਼ੰਕਰ ਤਹਿਸੀਲ ਵਿੱਚ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਬੰਦ ਕੀਤੀ ਜਾਵੇ, ਓਵਰਲੋਡ ਟਿੱਪਰ, ਟਰਾਲਿਆਂ ਦਾ ਚਲਾਨ ਕੀਤੇ ਜਾਣ ਤੇ ਬੰਦ ਕੀਤੇ ਜਾਣ।ਮੱਟੂ, ਭੱਜਲ ਨੇ ਮੰਗ ਕੀਤੀ ਕਿ ਗੜ੍ਹਸ਼ੰਕਰ ਨੰਗਲ ਰੋਡ 'ਤੇ ਟਿੱਪਰ, ਟਰਾਲੇ, ਘੋੜੇ ਦੀ ਟਾਈਮਿੰਗ ਰਾਤ ਨੌ ਵਜੇ ਤੋਂ ਸਵੇਰੇ ਛੇ ਵਜੇ ਤੱਕ ਚਲਣ ਦਾ ਸਮਾਂ ਸਖਤੀ ਨਾਲ ਲਾਗੂ



ਕੀਤਾ ਜਾਵੇ ਜੇ ਨਾ ਕੀਤਾ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ, ਜਿਸ ਜੁੰਮੇਵਾਰੀ ਸਰਕਾਰ, ਮਾਈਨਿੰਗ ਮਹਿਕਮਾ, ਪੰਜਾਬ ਪੁਲਸ ਦੀ ਹੋਵੇਗੀ। ਇਸ ਵਫਦ ਵਿੱਚ ਬੀਬੀ ਸੁਭਾਸ਼ ਮੱਟੂ, ਚੌਧਰੀ ਸਰਵਜੀਤ ਸਿੰਘ ਵੀ ਹਾਜ਼ਰ ਸੀ। ਡੀ ਐਸ ਪੀ ਖੱਖ ਸਾਹਿਬ ਨੂੰ ਹੋਰ ਟਰੈਫਿਕ ਕਰਮਚਾਰੀ ਲਿਆਉਣ ਦੀ ਮੰਗ ਕੀਤੀ। ਡੀ ਐਸ ਪੀ ਨੇ ਉਪਰੋਕਤ ਮੰਗਾਂ ਮੰਨਣ ਦਾ ਭਰੋਸਾ ਦਿੱਤਾ।

# ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਉਰਦੂ ਆਮੋਜ਼ ਸਰਟੀਫਿਕੇਟ ਵੰਡ ਸਮਾਗਮ


**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵੱਲੋਂ ਕਰਵਾਏ ਜਾ ਰਹੇ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਦੇ ਬੈਚ ਜਨਵਰੀ-ਜੂਨ 2025 ਦੇ ਵਿਦਿਆਰਥੀਆਂ ਨੂੰ ਕੋਰਸ ਪੂਰਾ ਹੋਣ ਉਪਰੰਤ ਸਰਟੀਫਿਕੇਟ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ)



ਅਮਰਬੀਰ ਕੌਰ ਭੁੱਲਰ ਨੇ ਬਤੌਰ ਮੁਖ ਮਹਿਮਾਨ ਸ਼ਿਰਕਤ ਕੀਤੀ। ਮੁਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਉਰਦੂ ਆਮੋਜ਼ ਕੋਰਸ ਅਤੇ ਭਾਸ਼ਾ ਵਿਭਾਗ ਦੀਆਂ ਸਾਹਿਤਕ ਅਤੇ ਸਿਰਜਣਾਤਮਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ ਨੇ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਭਾਰਤ ਦੀ ਬਹੁਤ ਹੀ ਖ਼ੂਬਸੂਰਤ ਜ਼ੁਬਾਨ ਹੈ। ਸਾਡੀ ਮਾਂ ਬੋਲੀ ਪੰਜਾਬੀ ਦਾ ਹਾਜ਼ਮਾ ਦਰੁਸਤ ਹੋਣ ਕਰਕੇ ਬਹੁਤ ਸਾਰੇ ਅਰਬੀ ਫ਼ਾਰਸੀ ਦੇ ਸ਼ਬਦਾਂ ਦਾ ਖ਼ਜ਼ਾਨਾ ਇਸ ਵਿੱਚ ਰਲ ਗਿਆ।ਇਸ ਨਾਲ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਸਿਰਫ਼ ਵਾਧਾ ਹੀ ਨਹੀਂ ਹੋਇਆ ਸਗੋਂ ਇਸ ਜ਼ੁਬਾਨ ਵਿੱਚ ਰੌਚਕਤਾ ਅਤੇ ਖ਼ੂਬਸੂਰਤੀ ਵੀ ਵਧੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਉਰਦੂ ਜ਼ੁਬਾਨ ਨਾਲ ਜੁੜਨ ਦੀ ਤਾਕੀਦ ਕੀਤੀ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਹਾਇਕ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਲੋਕੇਸ਼ ਚੋਬੇ ਵੀ ਹਾਜ਼ਰ ਸਨ।ਇਸ ਸਮੇਂ ਵਿਦਿਆਰਥੀ ਦਵਿੰਦਰ ਕੁਮਾਰ, ਕਮਲ ਨਯਨ ਸ਼ਰਮਾ, ਨਿਤਿਸ਼ ਸਿੱਧੂ, ਹਿੰਮਤ ਸਿੱਧੂ, ਰਜਵਿੰਦਰ ਕੌਰ, ਗੁਰਪ੍ਰੀਤ ਸਿੰਘ ਅਤੇ ਕਲਰਕ ਭਾਸ਼ਾ ਵਿਭਾਗ ਬਿਰੇਂਦਰ ਸਿੰਘ ਵੀ ਹਾਜ਼ਰ ਸਨ।


# ਹਰਮੀਤ ਸਿੰਘ ਸੰਧੂ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ : ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਦੇ ਹਲਕਾ ਤਰਨਤਾਰਨ ਵਿਧਾਨ ਸਭਾ ਵਿੱਚ ਜ਼ਿਮਨੀ ਚੋਣ ਥੋੜੇ ਸਮੇਂ ਵਿੱਚ ਆ ਰਹੀ ਹੈ। ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਵਾਂਸ਼ਹਿਰ ਦੇ ਪਲਾਨਿੰਗ ਬੋਰਡ ਸ੍ਰੀ ਸਤਨਾਮ ਜਲਾਲਪੁਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਥੋੜੇ ਸਮੇਂ ਵਿੱਚ ਆ ਰਹੀ ਹੈ।



ਆਮ ਆਦਮੀ ਪਾਰਟੀ ਵਲੋਂ ਹਰਮੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਖੜਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਜੋ ਵੀ ਕੰਮ ਪੰਜਾਬ ਸਰਕਾਰ ਨੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਹੋਏ ਹਨ, ਉਹਨਾਂ ਮੁਤਾਬਕ ਹੀ ਲੋਕਾਂ ਤੋਂ ਘਰ ਘਰ ਜਾ ਕੇ ਵੋਟਾਂ ਮੰਗਣਗੇ ।ਸਤਨਾਮ ਜਲਾਲਪੁਰ ਕਿਹਾ ਕਿ ਤਰਨਤਾਰਨ ਦੀ ਜ਼ਿਮਨੀ ਚੋਣ ਸਰਕਾਰ ਦੇ ਲੋਕ ਕਾਲਿਆਣੀ ਕੰਮਾਂ ਦੇ ਅਧਾਰ ਤੇ ਜਿੱਤਿਆ ਜਾਵੇਗਾ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਵਿੱਚ ਲੋਕਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਜਿਵੇ ਕਿ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਇਲਾਜ ਅਤੇ ਸਿੱਖਿਆ ਵਿੱਚ ਵਧੀਆ ਸੁਧਾਰਾਂ ਨੇ ਲੋਕਾਂ ਦੀ ਜਿੰਦਗੀ ਵਿੱਚ ਅਸਲ ਬਦਲਆ ਲਿਆਂਦਾ ਹੈ ਤਰਨ ਤਾਰਨ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ, ਨੌਜਵਾਨਾਂ ਲਈ ਨੌਕਰੀਆਂ ਦੇ ਕੇ ਲੋਕਾਂ ਦਾ ਮਨ ਜਿੱਤਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਨਾਲ਼ ਇਸ ਵਿਕਾਸ ਨੂੰ ਹੋਰ ਮਜਬੂਤ ਕਰਨ ਅਤੇ ਭ੍ਰਿਸ਼ਟਾਚਾਰ ਵਾਲੀਆਂ ਪਾਰਟੀਆਂ ਨੂੰ ਸਖ਼ਤ ਸਬਕ ਸਿਖਾਉਣ।

# ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਮੀਟਿੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਯੂ.ਟੀ. ਚੰਡੀਗੜ੍ਹ ਪ੍ਰਸ਼ਾਸਨ ਖਿਲਾਫ਼ 1 ਨਵੰਬਰ ਨੂੰ ਕੱਢੇ ਜਾਣ ਵਾਲੇ ਪੈਦਲ ਰੋਸ ਮਾਰਚ ਵਿੱਚ ਲਈ ਪਿੰਡ ਧਨਾਸ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਵੱਡੀ ਗਿਣਤੀ ਪੰਜਾਬੀ ਹਿਤੈਸ਼ੀਆਂ ਨੇ ਸ਼ਿਰਕਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਸਕੱਤਰ ਗੁਰਪ੍ਰੀਤ ਸਿੰਘ ਸੋਮਲ, ਬਾਬਾ ਸਾਧੂ ਸਿੰਘ ਸਾਰੰਗਪੁਰ, ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ, ਬਲਕਾਰ ਸਿੱਧੂ, ਜੋਗਾ ਸਿੰਘ ਤਰਕਸ਼ੀਲ ਸੋਸਾਇਟੀ ਆਦਿ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਇਸ ਖਿੱਤੇ ਦੀ ਮਾਂ ਬੋਲੀ ਪੰਜਾਬੀ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਵਜੋਂ ਲਾਗੂ ਕਰਵਾਉਣ ਲਈ ਲੰਬੇ ਸੰਘਰਸ਼ ਚਲਦੇ ਆ ਰਹੇ ਹਨ ਪ੍ਰੰਤੂ ਪ੍ਰਸ਼ਾਸਨ ਟੱਸ ਤੋਂ ਮੱਸ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਮੰਚ ਕਿਸੇ ਵੀ ਹੋਰ ਭਾਸ਼ਾ ਦੇ ਵਿਰੁੱਧ ਨਹੀਂ ਹੈ ਅਤੇ ਹਰ ਭਾਸ਼ਾ ਦਾ ਸਤਿਕਾਰ ਕਰਦਾ ਹੈ ਪ੍ਰੰਤੂ ਇਸ ਖਿੱਤੇ ਦੀ ਮਾਂ ਬੋਲੀ ਪੰਜਾਬੀ ਦਾ ਮਾਣ-ਸਤਿਕਾਰ ਚਾਹੁੰਦਾ ਹੈ। ਇਸ ਦੇ ਲਈ ਸੰਘਰਸ਼ ਲਗਾਤਾਰ ਜਾਰੀ ਰੱਖਿਆ ਜਾਵੇਗਾ।ਉਨ੍ਹਾਂ ਨੇ ਪਿੰਡ ਧਨਾਸ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ 1 ਨਵੰਬਰ ਨੂੰ ਸੈਕਟਰ 30 ਸਥਿਤ ਮੱਖਣ ਸ਼ਾਹ ਲੁਬਾਣਾ ਭਵਨ ਤੋਂ ਸੈਕਟਰ 22 ਸਥਿਤ ਗੁਰਦੁਆਰਾ ਸਾਹਿਬ ਤੱਕ ਚੰਡੀਗੜ੍ਹ ਪ੍ਰਸ਼ਾਸਨ ਖਿਲਾਫ਼ ਪੈਦਲ ਰੋਸ ਕੱਢਿਆ ਜਾ ਰਿਹਾ ਹੈ। ਉਸ ਰੋਸ ਮਾਰਚ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਵਾਈ ਜਾਵੇ।

# 31 ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ ਵਿਆਜ ਤੇ ਜੁਰਮਾਨੇ 'ਤੇ ਮਿਲੇਗੀ 50 ਫੀਸਦੀ ਛੋਟ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਮਿਸ਼ਨਰ, ਨਗਰ ਨਿਗਮ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਲੋਕਾਂ ਨੂੰ ਪ੍ਰਾਪਰਟੀ ਟੈਕਸ ਭਰਨ ਦੀ ਸਹੂਲਤ ਦੇਣ ਲਈ 'ਵਨ ਟਾਈਮ ਸੈਟਲਮੈਂਟ ਸਕੀਮ' ਚਲਾਈ ਗਈ ਹੈ, ਜਿਸ ਵਿਚ 31 ਜੁਲਾਈ ਤੱਕ ਆਪਣਾ ਸਾਰਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ ਲੱਗਣ ਵਾਲੇ ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਦਿੱਤੀ ਗਈ ਸੀ ਅਤੇ ਬਾਅਦ ਵਿਚ ਇਸ ਨੂੰ ਮਿਤੀ 31 ਅਗਸਤ ਤੱਕ ਵਧਾ ਦਿੱਤਾ ਗਿਆ ਸੀ ਅਤੇ ਹੁਣ 31 ਅਕਤੂਬਰ ਤੱਕ 50 ਫੀਸਦੀ ਵਿਆਜ ਅਤੇ ਜੁਰਮਾਨੇ 'ਤੇ ਛੋਟ ਨਾਲ ਇਕਮੁਸ਼ਤ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਨਗਰ ਨਿਗਮ ਦੇ ਕਾਊਂਟਰ ਸ਼ਨੀਵਾਰ ਅਤੇ ਐਤਵਾਰ 25 ਅਤੇ 26 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਖੁੱਲ੍ਹੇ ਰਹਿਣਗੇ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਵੱਡੇ ਪ੍ਰਾਪਰਟੀ ਟੈਕਸ ਡਿਫਾਲਟਰਾਂ ਵੱਲੋਂ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਨਹੀਂ ਕਰਵਾਇਆ ਜਾ ਰਿਹਾ, ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾ ਰਹੇ ਹਨ ਅਤੇ ਨੋਟਿਸ ਪੀਰੀਅਡ ਦੇ ਵਿਚ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਵਾਉਣ ਵਾਲੇ ਡਿਫਾਲਟਰਾਂ ਦੀ ਪ੍ਰਾਪਰਟੀ ਨੂੰ ਸੀਲ ਕੀਤਾ ਜਾ ਰਿਹਾ ਹੈ। ਇਸ ਲਈ ਸਮੂਹ ਪ੍ਰਾਪਰਟੀ ਟੈਕਸ ਡਿਫਾਲਟਰ ਜਲਦ ਤੋਂ ਜਲਦ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ, ਤਾਂ ਜੋ ਹੋਣ ਵਾਲੀ ਕਾਨੂੰਨੀ ਕਾਰਵਾਈ ਤੋਂ ਬਚਿਆ ਜਾ ਸਕੇ।

## ਪਬਲਿਕ ਨੋਟਿਸ

ਦੀ ਬਰੜਵਾਲ ਬਹੁਮੰਤਵੀ ਸਹਿਕਾਰੀ ਖੇਤਬਾੜੀ ਸਭਾ ਲਿਮ: ਬਰੜਵਾਲ, ਧੂਰੀ, ਜਿਲਾ ਸੰਗਰੂਰ, ਵੱਲੋਂ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੇ ਪੁਰਾਣੇ ਸੰਦ ਜਿਵੇ ਕਿ ਰੋਟਾਵੇਟਰ, ਹੈਪੀਸੀਡਰ ਅਤੇ ਲੇਜਰ ਲੇਵਲਰ ਦੀ ਖੁੱਲੀ ਬੋਲੀ ਰਾਹੀ ਨਿਲਾਮੀ ਮਿਤੀ 06.11.2025 ਦਿਨ ਵੀਰਵਾਰ ਨੂੰ ਸਵੇਰੇ 11.30 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ। ਚਾਹਵਾਨ ਵਿਅਕਤੀ 5000/ ਰੁਪਏ ਜਮਾਂ ਕਰਵਾਕੇ ਬੋਲੀ ਦੇ ਕੇ ਖੇਤੀਬਾੜੀ ਸੰਦ ਖਰੀਦ ਸਕਦੇ ਹਨ । ਬੋਲੀ ਰੱਦ ਕਰਨ ਦਾ ਅਧਿਕਾਰ ਸਭਾ ਕੋਲ ਹੋਵੇਗਾ। ਸੰਪਰਕ ਬਘੇਲ ਸਿੰਘ, ਪ੍ਰਧਾਨ 98771-58176 ਅਤੇ ਕੇਵਲ ਸਿੰਘ ਮੀਤ ਪ੍ਰਧਾਨ 9876042324

## ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਜਮਾਲਪੁਰ ਬਲਾਕ ਹਾਜੀਪੁਰ ਸਰਾਂ ਦੀ ਚਾਰ ਦੁਆਰੀ ਅੰਦਰ 21 ਦਰਖਤ ਜਿਨਾਂ ਵਿੱਚ 17 ਸਫੇਦੇ, ਦੋ ਟਾਹਲੀਆਂ ਇੱਕ ਡੇਕ ਇਕ ਸ਼ਰੀਂਹ ਇਸ ਤੋਂ ਇਲਾਵਾ ਆਬਾਦੀ ਲਾਗੇ ਇੱਕ ਰੁਬਲ ਦੇ ਦਰਖਤਾ ਦੀ ਬੋਲੀ 17-11-2025 ਦਿਨ ਸੋਮਵਾਰ, ਸਥਾਨ ਪੰਚਾਇਤ ਘਰ ਜਮਾਲਪੁਰ ਸਮਾਂ ਦੁਪਹਿਰ 2 ਵਜੇ ਕੀਤੀ ਜਾਵੇਗੀ। ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ। ਵੱਲੋਂ

ਗਰਾਮ ਪੰਚਾਇਤ ਜਮਾਲਪੁਰ

## PUBLIC NOTICE

I Pinki w/o Hari Om R/o 1215/12 Gali Pathi wali, killa Bhangian Tehsil & distt Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by me vide sale deed dated 18/12/2003 bearing Doc. No: 409 registered at sub-Registrar, Distt. Amritsar. Anybody having any claim or objection in creating mortgage over said property in favour of above Bank shall approach concerned authority within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY: Property bearing Khana Shumari no.682/8, measuring length towards one side 42 feet, other side 36.3 feet 6.9 feet(43 feet), breadth towards one side 11 feet 4.5 inch, other side 11 feet, Total measuring 53 Sq Yards, situated at Amritsar Landa Bazar, Inside Gali Kandharia Near Chowk Chintpurani, Tehsil & District Amritsar.

**Vikas Verma Advocate**
**Mobile no. 9815156302**

## Public Notice

I, Gurmit Singh Mangat S/O Pal Singh, R/o House No 82, Near Spring Dale School, Khanna, Ludhiana, Punjab- 141401, Declare that name of Mine has been wrongly written as Gurmeet Singh Mangat in my minor Daughter Harnoor Kaur Mangat, aged about 17 Years, In her 10th Class Certificate. The actual name of Mine is Gurmit Singh Mangat, which may be amended accordingly.

## ਨਿਲਾਮੀ ਨੋਟਿਸ

ਸਰਕਾਰੀ ਐਲੀਮੈਂਟਰੀ ਸਕੂਲ, ਨੰਗਲੀ, ਬਲਾਕ ਅੰਮ੍ਰਿਤਸਰ 2 ਵਿਖੇ 2 ਕਮਰੇ, 1 ਰਸੋਈ ਅਤੇ 1 ਲੜਕਿਆਂ ਦੇ ਵਾਸ਼ਰੂਮ ਦੇ ਅਨਸੇਫ ਬਲਾਕ ਨੂੰ ਢਾਹੁਣ ਲਈ ਅਤੇ 15 ਦਿਨਾਂ ਦੇ ਅੰਦਰ ਸਾਈਟ ਕਲੀਅਰ ਕਰਨ ਲਈ ਇਛੁੱਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਬਲਾਕ ਦਾ ਕੁਲ ਰਕਬਾ (1072 ਵਰਗ ਫੁੱਟ) ਜਿਸ ਵਿੱਚ ਕੁਲ 2 ਕਮਰੇ, ਦਰਵਾਜੇ, ਬਾਰੀਆਂ, 1 ਰਸੋਈ ਅਤੇ 1 ਵਾਸ਼ਰੂਮ ਹਨ। ਨਿਲਾਮੀ ਮਿਤੀ 31/10/2025 ਨੂੰ ਸਵੇਰੇ 10:30 ਵਜੇ ਸਕੂਲ ਦਫਤਰ ਵਿਖੇ ਹੋਵੇਗੀ।

ਨਿਲਾਮੀ ਦੀਆਂ ਸ਼ਰਤਾਂ :

1. ਨਿਲਾਮੀ ਵਿਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 20,000/- ਰੁਪੈ ਦਾ ਡਰਾਫਟ/ਕੈਸ਼ (Security ਦੇ ਰੂਪ) ਵਿੱਚ ਨਿਲਾਮੀ ਦੇ 2 ਘੰਟੇ ਪਹਿਲਾਂ ਸਕੂਲ ਦਫਤਰ ਵਿਖੇ ਜਮਾ ਕਰਵਾਉਣਗੇ। ਡਰਾਫਟ/ਕੈਸ਼ ਜਮਾਂ ਕਰਵਾਉਣ ਦਾ ਸਮਾਂ ਮਿਤੀ 31/10/25 ਨੂੰ ਸਵੇਰੇ 8:30 ਤੋਂ 10:00 ਵਜੇ ਦਾ ਸਮਾਂ ਹੋਵੇਗਾ।
2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਹੀ ਠੇਕਾ ਦਿੱਤਾ ਜਾਵੇਗਾ।
3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ ਬਲਾਕ ਨੂੰ ਨਿੱਜੀ ਰੂਪ ਵਿੱਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਬੋਲੀ ਦਿੱਤੀ ਜਾਵੇ।
4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ, ਉਹ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸਕੂਲ ਦਫਤਰ ਵਿਖੇ ਮਿਤੀ 31/10/2025 ਨੂੰ ਦੁਪਹਿਰ 2:30 ਵਜੇ ਤੱਕ ਜਮਾਂ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮਾਂ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਅਨਸੇਫ ਬਲਾਕ ਨੂੰ ਢਾਹੁਣ ਦੀ ਇਜਾਜ਼ਤ ਦਿੱਤੀ ਜਾਵੇਗੀ।
5. ਜਿਸ ਨੂੰ ਵੀ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਡਰਾਫਟ/ਕੈਸ਼ ਵਾਪਸ ਕਰ ਦਿੱਤਾ ਜਾਵੇਗਾ।
6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ। ਅਨਸੇਫ ਬਲਾਕ ਢਾਹੁਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਪਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ : ਸ਼੍ਰੀਮਤੀ ਇੰਦੂ ਬਾਲਾ ਮੰਗੋਤਰਾ (ਡਿਪਟੀ ਜਿ:ਸਿ: ਅਫਸਰ ਐਲੀ: ਸਿ) ਬਲਾਕ ਸਿਖਿਆ ਅਫਸਰ ਸ. ਬਲਜੀਤ ਸਿੰਘ ਅਤੇ ਸ੍ਰੀਮਤੀ ਮਨਮੀਤ ਕੌਰ, ਸ. ਐਲੀ. ਸਕੂਲ ਨੰਗਲੀ, ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਫੋਨ ਨੰ: 9781099898


# ਇੰਡੀਅਨ ਰੈਵੀਨਿਊ ਸਰਵਿਸਿਜ਼ ਲੇਡੀਜ਼ ਐਸੋਸੀਏਸ਼ਨ ਚੰਡੀਗੜ੍ਹ ਦਾ ਵੱਡਾ ਉਪਰਾਲਾ

## *ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿਦਿਆਰਥੀਆਂ ਦੀਆਂ ਬੋਰਡ ਪ੍ਰੀਖਿਆਵਾਂ ਦੀ 8.25 ਲੱਖ ਫੀਸ ਭਰੀ

ਅੰਮ੍ਰਿਤਸਰ/ਅਜਨਾਲਾ/ਰਮਦਾਸ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਸੁੱਖਤਿੰਦਰ ਸਿੰਘ ਰਾਜੂ)-ਪੰਜਾਬ ਵਿਚ ਪਿਛਲੇ ਦਿਨੀਂ ਆਏ ਭਿਆਨਕ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਬੇਸ਼ੱਕ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਗਾਇਕਾਂ ਤੇ ਹੋਰਨਾਂ ਆਮ ਲੋਕਾਂ ਵੱਲੋਂ ਆਪੋ-ਆਪਣੇ ਢੰਗ-ਤਰੀਕਿਆਂ ਨਾਲ ਵੱਡੇ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ ਪਰ ਸਰਬੱਤ ਦਾ ਭਲਾ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਵੱਲੋਂ ਧਿਆਨ 'ਚ ਲਿਆਉਣ ਉਪਰੰਤ ਇੰਡੀਅਨ ਰੈਵੀਨਿਊ ਸਰਵਿਸਿਜ਼ ਲੇਡੀਜ਼ ਐਸੋਸੀਏਸ਼ਨ ਵੱਲੋਂ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਜ਼ਿਲ੍ਹੇ ਅਜਨਾਲਾ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵੱਖ-ਵੱਖ ਸਰਕਾਰੀ ਸਕੂਲਾਂ ਅੰਦਰ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ 'ਚ ਪੜ੍ਹਦੇ ਸੈਂਕੜੇ ਵਿਦਿਆਰਥੀਆਂ ਦੀਆਂ ਬੋਰਡ ਪ੍ਰੀਖਿਆਵਾਂ ਦੀ ਫੀਸ ਅਦਾ ਕਰ ਕੇ ਇੱਕ ਵੱਖਰੀ ਮਿਸਾਲ ਪੇਸ਼ ਕੀਤੀ ਹੈ।ਬਾਬਾ ਬੁੱਢਾ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਕਸਬਾ ਰਮਦਾਸ ਤੋਂ ਇਲਾਵਾ ਥੋਬਾ ਅਤੇ ਗੱਗੋਮਾਹਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਬਣਦੀ ਮੁਕੰਮਲ ਫੀਸ ਸਕੂਲ ਪ੍ਰਬੰਧਕਾਂ ਨੂੰ ਸੌਂਪਣ ਉਪਰੰਤ ਗੱਲਬਾਤ ਕਰਦਿਆਂ ਇੰਡੀਅਨ ਰੈਵੀਨਿਊ ਸਰਵਿਸਿਜ਼ ਲੇਡੀਜ਼ ਐਸੋਸੀਏਸ਼ਨ (ਚੰਡੀਗੜ੍ਹ) ਦੇ ਸੀਨੀਅਰ ਅਹੁਦੇਦਾਰ ਸ਼ਾਲੀਨੀ ਸਕਸੈਨਾ, ਅਖਾਤਾ ਕਾਲੇ, ਦਲਜੀਤ ਕੌਰ ਅਤੇ ਕਿਰਨ ਭਾਟੀਆ ਨੇ ਸਾਂਝੇ ਤੌਰ ਤੇ ਦੱਸਿਆ ਕਿ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰ ਰਮਦਾਸ ਦੇ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ 4 ਲੱਖ 25 ਹਜ਼ਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥੋਬਾ ਦੇ ਵਿਦਿਆਰਥੀਆਂ ਲਈ 2 ਲੱਖ 27 ਹਜ਼ਾਰ 900 ਜਦਕਿ ਗੱਗੋਮਾਹਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੀ ਬਣਦੀ 1 ਲੱਖ 59 ਹਜ਼ਾਰ ਰੁਪਏ ਬੋਰਡ ਪ੍ਰੀਖਿਆਵਾਂ ਦੀ ਮੁਕੰਮਲ ਫੀਸ ਜੋ ਕਿ 8 ਲੱਖ 25 ਹਜ਼ਾਰ ਰੁਪਏ ਬਣਦੀ ਹੈ, ਅਦਾ ਕੀਤੀ ਗਈ



ਹੈ।ਐਸੋਸੀਏਸ਼ਨ ਦੇ ਮੈਂਬਰਾਂ ਨੇ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਜਿਥੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਮਦਦ ਦੇਣ ਦਾ ਭਰੋਸਾ ਦਿੱਤਾ। ਉੱਥੇ ਹੀ ਉਨ੍ਹਾਂ ਨੂੰ ਜੀਵਨ ਵਿੱਚ ਸਖ਼ਤ ਮਿਹਨਤ ਕਰਕੇ ਆਪਣਾ ਮੁਕਾਮ ਹਾਸਿਲ ਕਰਨ ਲਈ ਪ੍ਰੇਰਤ ਵੀ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ ਚਮਿਆਰੀ, ਬੀ. ਐਂਨ. ਓ. ਸੁਖਜਿੰਦਰ ਸਿੰਘ ਰੰਧਾਵਾ, ਜਗਦੀਸ਼ ਕਨਵਲ, ਮਨਪ੍ਰੀਤ ਸਿੰਘ, ਰਵੀਦੀਪ ਸਿੰਘ ਸਿੱਧੂ, ਰੇਖਾ ਬੱਤਰਾ, ਸਵਰਨਜੀਤ ਸ਼ਰਮਾ, ਮੇਜਰ ਸਿੰਘ ਸਾਰੋਆ ਆਦਿ ਸਮੇਤ ਸਕੂਲ ਸਟਾਫ ਮੌਜੂਦ ਸੀ।

# ਆਰ ਡੀ ਖੋਸਲਾ ਸਕੂਲ ਦੇ ਦੋ ਵਿਦਿਆਰਥੀ ਰਾਸ਼ਟਰ ਪੱਧਰੀ ਖੇਡਾਂ ਲਈ ਚੁਣੇ ਗਏ

ਬਟਾਲਾ, (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਅੰਡਰ -14 ਲੜਕਿਆਂ ਦੀ ਟੀਮ ਨੇ ਪੰਜਾਬ ਸਕੂਲ ਖੇਡ ਪ੍ਰਤੀਯੋਗਿਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ।ਇਸ ਪ੍ਰਾਪਤੀ ਨਾਲ ਸਕੂਲ ਦਾ ਨਾਮ ਰਾਸ਼ਟਰ ਪੱਧਰ ਤੇ ਪ੍ਰਸਿੱਧ ਹੋਇਆ।ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਸ਼ਾਨਦਾਰ ਟੀਮ ਵਰਕ, ਖੇਡ ਭਾਵਨਾ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ।ਖਾਸ ਕਰਕੇ ਕਰਨਬੀਰ ਸਿੰਘ ਅਤੇ ਸ਼ੈਰੀਜੋਤ ਨੂੰ ਰਾਸ਼ਟਰੀ ਮੁਕਾਬਲੇ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਹੈ।ਉਨ੍ਹਾਂ ਦੀ ਰਾਸ਼ਟਰੀ ਪੱਧਰ 'ਤੇ ਹੋਈ ਚੋਣ ਨੇ ਰਾਜ ਅਤੇ ਸਕੂਲ ਦਾ ਸਨਮਾਨ ਵਧਾਇਆ।ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸਾਰੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਮਨਜਿੰਦਰ ਸਿੰਘ ਅਤੇ ਮਿਸ ਅਮਨ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਖਿਡਾਰੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ, ਸਗੋਂ ਸਕੂਲ ਦੀ ਖੇਡਾਂ ਪ੍ਰਤੀ ਵਧਦੀ ਦਿਲਚਸਪੀ ਅਤੇ ਸਮਰਪਣ ਦਾ ਪ੍ਰਤੀਕ ਵੀ ਹੈ।ਉਨ੍ਹਾਂ ਅੱਗੇ



ਕਿਹਾ ਕਿ ਰਾਸ਼ਟਰੀ ਮੁਕਾਬਲੇ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਯਕੀਨੀ ਬਣਾਉਣ ਲਈ ਸਕੂਲ ਵੱਲੋਂ ਵਿਸ਼ੇਸ਼ ਸਿਖਲਾਈ ਅਤੇ ਸਹਾਇਤਾ ਪ੍ਰਾਪਤ ਹੋਵੇਗੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿੱਚ ਖੇਡਾਂ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ ਤੇ ਹੋਰ ਵਿਦਿਆਰਥੀ ਸਫਲਤਾ ਪ੍ਰਾਪਤ ਕਰਨਗੇ।ਇਹ ਸਫਲਤਾ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਸਖ਼ਤ ਮਿਹਨਤ ਦਾ ਸਿੱਧਾ ਪ੍ਰਮਾਣ ਹੈ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ 'ਚ ਸੱਭਿਆਚਾਰਕ ਐਕਸਚੇਂਜ ਪ੍ਰੋਗਰਾਮ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਪੀ.ਐੱਮ. ਸ਼੍ਰੀ ਯੋਜਨਾ ਅਧੀਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੱਭਿਆਚਾਰਕ ਐਕਸਚੇਂਜ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ 200 ਵਿਦਿਆਰਥੀਆਂ ਅਤੇ 16 ਅਧਿਆਪਕਾਂ ਦੀ ਟੀਮ ਪੀ.ਐੱਮ. ਸ਼੍ਰੀ ਸ਼ਹੀਦ ਵਿਜਯਤਾ ਠਾਪਾ ਗਵਰਨਮੈਂਟ ਸੀਨੀਅਰ ਸੈਕੰਡਰੀ ਸਕੂਲ ਅਰਕੀ (ਜ਼ਿਲ੍ਹਾ ਸੋਲਨ) ਤੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈ।ਕਾਰਜਕ੍ਰਮ ਦੀ ਸ਼ੁਰੂਆਤ ਮੇਜ਼ਬਾਨ ਸਕੂਲ ਵੱਲੋਂ ਰੂਹਾਨੀ ਸ਼ਬਦ ਗਾਇਨ ਨਾਲ ਕੀਤੀ ਗਈ, ਜਿਸ ਤੋਂ ਬਾਅਦ ਅਰਕੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੁਰੀਲੇ ਸ਼ਲੋਕ ਉਚਾਰਣ ਤੇ ਭਜਨ ਪੇਸ਼ ਕੀਤੇ ਗਏ। ਦੋਵੇਂ ਸਕੂਲਾਂ ਦੇ ਵਿਦਿਆਰਥੀਆਂ ਨੇ ਆਪਣੇ-ਆਪਣੇ ਖੇਤਰਾਂ ਦੀ ਸੰਸਕ੍ਰਿਤਕ ਧਰੋਹਰ ਨੂੰ ਲੋਕ ਗੀਤਾਂ ਤੇ ਰਵਾਇਤੀ ਨਾਚਾਂ ਰਾਹੀਂ ਪੇਸ਼ ਕੀਤਾ। ਗਿੱਧਾ ਤੇ ਭੰਗੜਾ ਨੇ ਸਭ ਦਾ ਮਨ ਮੋਹ ਲਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਮਹਿਮਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ ਤੇ ਸੱਭਿਆਚਾਰਕ ਏਕਤਾ ਅਤੇ ਸਿਖਿਆਤਮਕ ਸਹਿਯੋਗ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਅਰਕੀ ਸਕੂਲ ਦੇ ਸੀਨੀਅਰ ਲੈਕਚਰਰ ਮੋਹਿੰਦਰ ਕੁਮਾਰ ਨੇ ਮੇਜ਼ਬਾਨ ਸਕੂਲ ਦਾ ਧੰਨਵਾਦ ਕੀਤਾ।ਡਾ. ਜੇ.ਪੀ. ਸਿੰਘ, ਅਰਥ ਸ਼ਾਸਤਰ ਵਿਭਾਗ ਦੇ ਲੈਕਚਰਰ (ਗਵਰਨਮੈਂਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਕਿਹਾ ਕਿ ਪੀ.ਐੱਮ. ਸ਼੍ਰੀ ਯੋਜਨਾ ਹੇਠ ਆਯੋਜਿਤ ਐਕਸਚੇਂਜ ਪ੍ਰੋਗਰਾਮ ਵਿਦਿਆਰਥੀਆਂ ਨੂੰ ਕੀਮਤੀ ਅਨੁਭਵ ਤੇ ਰਾਸ਼ਟਰੀ ਏਕਤਾ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ।ਕਾਰਜਕ੍ਰਮ ਵਿੱਚ ਸ੍ਰੀ ਦਇਆ ਸਿੰਘ (ਐਜੂਕੇਸ਼ਨ ਕੋਆਰਡੀਨੇਟਰ) ਸਮੇਤ ਸਾਰੇ ਅਧਿਆਪਕ ਤੇ ਵਿਦਿਆਰਥੀ ਸ਼ਾਮਲ ਸਨ। ਸਟੇਜ ਸਕੱਤਰ ਦੀ ਭੂਮਿਕਾ ਅਨਾਮਿਕਾ ਸ਼ਰਮਾ ਅਤੇ ਮੀਨਾ ਦੇਵੀ ਨੇ ਨਿਭਾਈ। ਇਸ ਤੋਂ ਇਲਾਵਾ ਗੁਰਪ੍ਰੀਤ ਕੌਰ ਚਾਨਾ, ਅਸ਼ੋਕ ਕੁਮਾਰ, ਨਰੇਸ਼ ਰਾਣੀ, ਸੀਮਾ ਜੱਸਲ, ਪੁਨੀਤਾ ਸ਼ਰਮਾ, ਪੁਨੀਤਾ ਸ਼ਰਮਾ, ਸੁਮਨ ਚਾਂਡਲਾ, ਮਨਦੀਪ ਕੌਰ, ਬਲਜੀਤ ਕੌਰ, ਸੀਮਾ ਰਾਠੌਰ, ਧਨਰਾਜ ਸਿੰਘ, ਸੁਮਿਤ ਕੁਮਾਰ ਅਤੇ ਪੂਜਾ ਰਾਣੀ ਸਮੇਤ ਹੋਰ ਅਧਿਆਪਕਾਂ ਨੇ ਪ੍ਰੋਗਰਾਮ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।



# ਕੁੱਲ ਹਿੰਦ ਕਿਸਾਨ ਸਭਾ ਨੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਕੰਬਲ ਵੰਡੇ

## -ਕੌਮੀ ਵਿੱਤ ਸਕੱਤਰ ਪੀ ਕ੍ਰਿਸ਼ਨਾ ਪ੍ਰਸਾਦ ਵੱਲੋਂ ਪੰਜਾਬ ਤੇ ਕੇਂਦਰ ਸਰਕਾਰ ਦੀ ਨਿਖੇਧੀ

ਛੇਹਰਟਾ, (ਮਨੋਜ ਕੁਮਾਰ)-ਕੁੱਲ ਹਿੰਦ ਕਿਸਾਨ ਸਭਾ ਦੀ ਅੰਮ੍ਰਿਤਸਰ ਇਕਾਈ ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਮਜਦੂਰਾਂ ਲਈ ਕੰਬਲ ਵੰਡ ਸਮਾਗਮ ਸਤਿਕਾਰ ਪੈਲੇਸ ਨੇੜੇ ਖਾਲਸਾ ਕਾਲਜ ਵਿਚ ਕਰਵਾਇਆ ਗਿਆ, ਜਿਸ ਵਿਚ ਸਭਾ ਦੇ ਕੌਮੀ ਵਿੱਤ ਸਕੱਤਰ ਕਾਮਰੇਡ ਕ੍ਰਿਸ਼ਨਾ ਪ੍ਰਸਾਦ ਤੇ ਸੂਬਾ ਪ੍ਰਧਾਨ ਬਲਜੀਤ ਸਿੰਘ ਗਰੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਪੀ ਕ੍ਰਿਸ਼ਨਾ ਪ੍ਰਸਾਦ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਵਿਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਦੇ ਬਾਵਜੂਦ ਪੰਜਾਬ ਦੀ ਕੋਈ ਸਹਾਇਤਾ ਨਾ ਕਰਕੇ ਕਿਸਾਨ ਅੰਦੋਲਨ ਦੌਰਾਨ ਹੋਈ ਆਪਣੀ ਹਾਰ ਦਾ ਬਦਲਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਮੋਦੀ ਵੱਲੋਂ ਪੰਜਾਬ ਨੂੰ ਸਿਰਫ਼ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕੀਤਾ ਗਿਆ ਹੈ, ਜਦ ਕਿ ਹੜ੍ਹਾਂ ਕਾਰਨ 12 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਦੀ ਅਖਵਾਉਂਦੀ ਸਰਕਾਰ ਨੇ ਵੀ ਕਿਸਾਨਾਂ ਨਾਲ ਧੋਖਾ ਕਰਦਿਆਂ ਕੇਵਲ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਹੜ੍ਹਾਂ ਕਾਰਨ ਹੋਏ ਜਾਨੀ ਨੁਕਸਾਨ ਲਈ ਕੇਵਲ 4 ਲੱਖ ਰੁਪਿਆ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਜਦ ਕਿ ਨੁਕਸਾਨੇ ਗਏ ਘਰ ਲਈ ਕੇਵਲ ਇਕ ਲੱਖ ਰੁਪਿਆ ਮੁਆਵਜ਼ਾ ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਹੜ੍ਹ ਪ੍ਰਭਾਵਿਤਾਂ ਦੇ ਨਾਲ ਕੋਝਾ ਮਜ਼ਾਕ ਹੈ। 'ਜਿੰਨਾ ਨੁਕਸਾਨ, ਉਨ੍ਹਾਂ ਮੁਆਵਜ਼ਾ' ਨਾਅਰਾ ਦਿੰਦਿਆਂ ਉਨ੍ਹਾਂ ਕਿਹਾ ਕਿ ਕੇਰਲ ਦੀ ਸਰਕਾਰ ਨੇ 70 ਹਜ਼ਾਰ ਰੁਪਿਆ ਪ੍ਰਤੀ ਏਕੜ ਤੇ ਅਤੇ ਹਰ ਨੁਕਸਾਨੇ ਮਕਾਨ ਨੂੰ 20 ਲੱਖ ਰੁਪਿਆ ਮੁਆਵਜ਼ੇ ਵਜੋਂ ਦਿੱਤਾ ਹੈ, ਜਦ ਕਿ ਹੜ੍ਹ ਨਾਲ ਹੋਈ ਹਰ ਮੌਤ 'ਤੇ 25 ਲੱਖ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਨਾ ਕੇਵਲ ਕਿਸਾਨਾਂ ਦਾ, ਸਗੋਂ ਖੇਤ ਮਜ਼ਦੂਰਾਂ ਨੂੰ ਵੀ ਬਹੁਤ ਨੁਕਸਾਨ ਹੋਇਆ ਹੈ। ਸਰਕਾਰ ਉਨ੍ਹਾਂ ਨੂੰ ਵੀ ਗੁਜ਼ਾਰੇ ਲਈ ਅਗਲੇ ਛੇ ਮਹੀਨੇ ਗੁਜ਼ਾਰਾ ਭੱਤਾ ਦੇਵੇ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਕੁੱਲ ਹਿੰਦ



ਕਿਸਾਨ ਸਭਾ ਵੱਲੋਂ ਇਸ ਤੋਂ ਪਹਿਲਾਂ ਵੱਖ-ਵੱਖ ਸਮੇਂ ਕੁੱਲ 4 ਰਾਹਤ ਕੈਂਪ ਲਗਾ ਕੇ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਸ਼ਨ ਸਮੱਗਰੀ ਤੇ ਕੁਝ ਨੂੰ ਨਕਦ ਰਾਸ਼ੀ ਭੇਟ ਕੀਤੀ ਜਾ ਚੁੱਕੀ ਹੈ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁੱਚਾ ਸਿੰਘ ਅਜਨਾਲਾ, ਜ਼ਿਲ੍ਹਾ ਸਕੱਤਰ ਸਵਿੰਦਰ ਸਿੰਘ ਮੀਰਾਂਕੋਟ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਬੱਲ, ਜ਼ਿਲ੍ਹਾ ਮੀਤ ਪ੍ਰਧਾਨ ਭੁਪਿੰਦਰਜੀਤ ਸਿੰਘ ਛੀਨਾ, ਐਡਵੋਕੇਟ ਕੰਵਲਜੀਤ ਕੌਰ, ਚਰਨਜੀਤ ਸਿੰਘ ਮਜੀਠਾ, ਨਰਿੰਦਰਪਾਲ ਚਮਿਆਰੀ, ਕਿਰਪਾ ਰਾਮ, ਪਰਮਜੀਤ ਕੌਰ, ਮਨਦੀਪ ਕੌਰ, ਗੁਰਦੀਪ ਸਿੰਘ ਬੁਤਾਲਾ, ਸਵਿੰਦਰ ਸਿੰਘ ਸਿੱਧੂ, ਜਸਬੀਰ ਝਬਾਲ, ਗੁਰਨਾਮ ਸਿੰਘ ਤੇ ਨਰਿੰਦਰ ਧੰਜਲ ਆਦਿ ਸਾਥੀ ਹਾਜ਼ਰ ਸਨ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਪੱਟੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ

ਤਕਸੀਮ ਕੇਸ ਨੰਬਰ 193/24 ਅਨੁਵਾਨ

ਬਲਕਾਰ ਸਿੰਘ ਪੁੱਤਰ ਧਿਆਨ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਕਲਸੀਆਂ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਹਕੀਕੀ ਵਾਰਸ 1-A, ਤਸਵੀਰ ਸਿੰਘ ਕੌਰ ਵਿਧਵਾ ਬਲਕਾਰ ਸਿੰਘ, 1-B ਸੁਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀਆਨ ਮਕਾਨ ਨੰਬਰ L-10/566 ਗਲੀ ਨੰਬਰ 2 ਨਿਊ ਅੰਤਰਯਾਮੀ ਕਾਲੋਨੀ, ਅੰਮ੍ਰਿਤਸਰ, A-C ਸੁਰਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਕਲਸੀਆਂ ਕਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ, 1-D ਹਰਭਾਲ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮਕਾਨ ਨੰਬਰ L-10/566 ਗਲੀ ਨੰਬਰ 2 ਨਿਊ ਅੰਤਰਯਾਮੀ ਕਾਲੋਨੀ ਅੰਮ੍ਰਿਤਸਰ, 1-E ਦਿਲਬਾਗ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮਕਾਨ ਨੰਬਰ L-10/566 ਗਲੀ ਨੰਬਰ 2 ਨਿਊ ਅੰਤਰਯਾਮੀ ਕਾਲੋਨੀ ਅੰਮ੍ਰਿਤਸਰ, 1-F ਬਲਵਿੰਦਰ ਕੌਰ ਪੁੱਤਰੀ ਬਲਕਾਰ ਸਿੰਘ ਹਾਲ ਪਤਨੀ ਹਰਪਾਲ ਸਿੰਘ ਵਾਸੀ ਪਿੰਡ ਮੱਖਨਵਿੰਡੀ, ਜ਼ਿਲ੍ਹਾ ਅੰਮ੍ਰਿਤਸਰ ।

... ਸਾਇਲ

ਬਨਾਮ (1) ਗੁਰਦਿਆਲ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਧਿਆਨ ਸਿੰਘ (2) ਸੁਖਦੇਵ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਧਿਆਨ ਸਿੰਘ (3) ਅਮਰਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਪੁੱਤਰ ਧਿਆਨ ਸਿੰਘ (4) ਅਜਮੇਰ ਸਿੰਘ ਪੁੱਤਰ ਗੁਲਜਾਰ ਸਿੰਘ ਪੁੱਤਰ ਧਿਆਨ ਸਿੰਘ (5) ਬਲਵਿੰਦਰ ਕੌਰ ਪਤਨੀ ਦਿਲਬਾਗ ਸਿੰਘ ਪੁੱਤਰ ਬਲਕਾਰ ਸਿੰਘ (6) ਹਰਪ੍ਰੀਤ ਸਿੰਘ ਪੁੱਤਰ ਰਾਜਬਲਬੀਰ ਸਿੰਘ ਪੁੱਤਰ ਹਰੀ ਸਿੰਘ (7) ਗੁਰਪ੍ਰੀਤ ਕੌਰ ਪੁੱਤਰੀ ਰਾਜਬਲਬੀਰ ਸਿੰਘ ਪੁੱਤਰ ਹਰੀ ਸਿੰਘ ਪਿੰਡ ਕਲਸੀਆਂ ਕਲਾਂ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ (8) ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ.. ਰਿਸਪਾਡੈਂਟਸ

ਪੇਸ਼ੀ ਮਿਤੀ : 18.11.2025

ਉਪਰੋਕਤ ਤਕਸੀਮ ਕੇਸ ਖੇਵਟ ਨੰਬਰ 141/139, ਖਤੌਨੀ ਨੰਬਰ 368, 369, ਖੇਵਟ ਨੰਬਰ 686/681 ਖਤੌਨੀ ਨੰਬਰ 1409, 1413, ਖੇਵਟ ਨੰਬਰ 149/147, ਖਤੌਨੀ ਨੰਬਰ 380, ਹਦਬਸਤ ਨੰਬਰ 121 ਮੁਤਾਬਕ ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਕਲਸੀਆਂ ਕਲਾਂ-1 ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਇਸ ਅਦਾਲਤ ਵਿੱਚ ਕਾਰਵਾਈ ਅਧੀਨ ਹੈ। ਜਿਹਨਾਂ ਵਿੱਚ ਅਗਲੀ ਪੇਸ਼ੀ ਮਿਤੀ 18-11-2025 ਮੁਕਰਰ ਕੀਤੀ ਗਈ ਹੈ । ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪਾਡੈਂਟਸ ਦੀ ਤਾਮੀਲ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ ਹੈ । ਇਸ ਲਈ ਇਸ ਨੋਟਿਸ ਅਖਬਾਰ ਇਸ਼ਤਿਹਾਰ ਰਾਹੀਂ ਰਿਸਪਾਡੈਂਟਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਤਕਸੀਮ ਦੀ ਪੈਰਵਾਈ ਕਰਨ ਲਈ ਅਸਾਲਤਨ ਜਾਂ ਵਕਾਲਤਾਨ ਜਾਂ ਵਾਰਸਾਨ ਉਹ ਇਹ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਮਿਆਦ ਗੁਜ਼ਰਨ ਉਪਰੰਤ ਕੋਈ ਉਜ਼ਰ/ਇਤਰਾਜ ਨਹੀ ਸੁਣਿਆ ਜਾਵੇਗਾ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਇੱਕ ਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 16.10.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ।

(ਨੰ. 319, ਰੀਡਰ ਮਿਤੀ 16.10.25) ਸਹਾਇਕ ਕੁਲੈਕਟਰ, ਦਰਜਾ ਪਹਿਲਾ, ਪੱਟੀ, ਤਰਨ ਤਾਰਨ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਰਸੇਮ ਲਾਲ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ:- Other Cases/24/2025 of 2025

ਕਿਸਮ ਕੇਸ: : ਤਕਸੀਮ ਪਿੰਡ: ਗੱਲੂਵਾਲ ਤਾਰੀਖ ਪੇਸ਼ੀ: 06.11.2025

ਅਨੁਵਾਨ: 1. ਹਰਪਾਲ ਸਿੰਘ 2. ਕਿਰਪਾਲ ਸਿੰਘ ਦੋਵੇਂ ਪੁੱਤਰਾਨ ਸ੍ਰ: ਕੁਲਦੀਪ ਸਿੰਘ ਪੁੱਤਰ ਸ੍ਰ: ਅਵਤਾਰ ਸਿੰਘ ਵਾਸੀਆਨ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਜਗੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ

ਦਰਖਾਸਤ ਬਾਬਤ ਜ਼ੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁਲ ਰਕਬਾ 14 ਕਨਾਲ 12 ਮਰਲੇ, ਖੇਵਟ ਨੰ. 31/44, ਖਤੌਨੀ ਨੰ. 89 ਤੋਂ 92 ਮੁਤਾਬਿਕ ਜਮ੍ਹਾਂਬੰਦੀ ਸਾਲ 2020-21, ਵਾਕਿਆ ਰਕਬਾ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 06.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ। ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 06.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ । ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ: 1. ਜਗੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 2. ਕਸ਼ਮੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 3. ਇੰਦਰਜੀਤ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 4. ਸਰਬਜੀਤ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 5. ਪਰਮਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਪੁੱਤਰ ਹਰਦੀਪ ਸਿੰਘ 6. ਪ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਅਵਤਾਰ ਸਿੰਘ 7. ਸੁਖਦੇਵ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਲੱਖਾ ਸਿੰਘ 8. ਗੁਰਦੀਪ ਸਿੰਘ ਪੁੱਤਰ ਹੀਰਾ ਸਿੰਘ ਪੁੱਤਰ ਲੱਖਾ ਸਿੰਘ 9. ਪ੍ਰਭਜੀਤ ਕੌਰ ਪੁੱਤਰੀ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 10. ਕੋਮਲਜੀਤ ਕੌਰ ਪੁੱਤਰੀ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 11. ਰਛਪਾਲ ਸਿੰਘ ਪੁੱਤਰ ਗੁਰਵਰਿਆਮ ਸਿੰਘ ਪੁੱਤਰ ਅਵਤਾਰ ਸਿੰਘ 12. ਨਿਰਵਾਰ ਸਿੰਘ ਪੁੱਤਰ ਗੁਰਵਰਿਆਮ ਸਿੰਘ ਪੁੱਤਰ ਅਵਤਾਰ ਸਿੰਘ 13. ਕੁਲਦੀਪ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਬੂਟਾ ਸਿੰਘ ਸਾਰੇ ਵਾਸੀਆਨ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ 14. ਮੈਨੇਜਰ, ਓਰੀਐਂਟਲ ਬੈਂਕ ਆਫ ਕਾਮਰਸ ਬਰਾਂਚ ਅਟਾਰੀ, ਅੰਮ੍ਰਿਤਸਰ 15. ਮੈਨੇਜਰ, ਪੰਜਾਬ ਨੈਸ਼ਨਲ ਬੈਂਕ ਬਰਾਂਚ ਅਟਾਰੀ, ਅੰਮ੍ਰਿਤਸਰ 16. ਮੈਨੇਜਰ, ਐਕਸਿਸ ਬੈਂਕ ਬਰਾਂਚ ਰਣੀਕੇ, ਅੰਮ੍ਰਿਤਸਰ

(ਨੰਬਰ ਰੀਡਰ/500 ਮਿਤੀ /21/10/25) ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਰਸੇਮ ਲਾਲ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ : Other Cases/23/2025 of 2025

ਕਿਸਮ ਕੇਸ: ਤਕਸੀਮ ਪਿੰਡ: ਗੱਲੂਵਾਲ ਤਾਰੀਖ ਪੇਸ਼ੀ: 06.11.2025

ਅਨੁਵਾਨ: 1. ਹਰਪਾਲ ਸਿੰਘ 2. ਕਿਰਪਾਲ ਸਿੰਘ ਦੋਵੇਂ ਪੁੱਤਰਾਨ ਸ੍ਰ: ਕੁਲਦੀਪ ਸਿੰਘ ਪੁੱਤਰ ਸ੍ਰ: ਅਵਤਾਰ ਸਿੰਘ ਵਾਸੀਆਨ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਜਗੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ

ਦਰਖਾਸਤ ਬਾਬਤ ਜ਼ੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁੱਲ ਰਕਬਾ 209 ਕਨਾਲ 12 ਮਰਲੇ ਮੁਤਾਬਿਕ ਜਮ੍ਹਾਂਬੰਦੀ ਸਾਲ 2020-21, ਵਾਕਿਆ ਰਕਬਾ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 06.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ। ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 06.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ । ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ: 1. ਜਗੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 2. ਕਸ਼ਮੀਰ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 3. ਇੰਦਰਜੀਤ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 4. ਸਰਬਜੀਤ ਸਿੰਘ ਪੁੱਤਰ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 5. ਪਰਮਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਪੁੱਤਰ ਹਰਦੀਪ ਸਿੰਘ 6. ਪ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਅਵਤਾਰ ਸਿੰਘ 7. ਪ੍ਰਭਜੀਤ ਕੌਰ ਪੁੱਤਰੀ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 8. ਕੋਮਲਜੀਤ ਕੌਰ ਪੁੱਤਰੀ ਹਰਦੀਪ ਸਿੰਘ ਪੁੱਤਰ ਅਵਤਾਰ ਸਿੰਘ 9. ਰਛਪਾਲ ਸਿੰਘ ਪੁੱਤਰ ਗੁਰਵਰਿਆਮ ਸਿੰਘ ਪੁੱਤਰ ਅਵਤਾਰ ਸਿੰਘ 10. ਨਿਰਵਾਰ ਸਿੰਘ ਪੁੱਤਰ ਗੁਰਵਰਿਆਮ ਸਿੰਘ ਪੁੱਤਰ ਅਵਤਾਰ ਸਿੰਘ 11. ਕੁਲਦੀਪ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਬੂਟਾ ਸਿੰਘ ਸਾਰੇ ਵਾਸੀਆਨ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ 12. ਮੈਨੇਜਰ, ਓਰੀਐਂਟਲ ਬੈਂਕ ਆਫ ਕਾਮਰਸ ਬਰਾਂਚ ਅਟਾਰੀ, ਅੰਮ੍ਰਿਤਸਰ 13. ਮੈਨੇਜਰ, ਪੰਜਾਬ ਨੈਸ਼ਨਲ ਬੈਂਕ ਬਰਾਂਚ ਅਟਾਰੀ, ਅੰਮ੍ਰਿਤਸਰ 14. ਮੈਨੇਜਰ, ਐਕਸਿਸ ਬੈਂਕ ਬਰਾਂਚ ਰਣੀਕੇ, ਅੰਮ੍ਰਿਤਸਰ।

(ਨੰਬਰ ਰੀਡਰ/499 ਮਿਤੀ 21/10/25) ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਰਸੇਮ ਲਾਲ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ:- Other Cases/25/2025 of 2025

ਕਿਸਮ ਕੇਸ: ਤਕਸੀਮ ਪਿੰਡ: ਗੱਲੂਵਾਲ ਤਾਰੀਖ ਪੇਸ਼ੀ: 06.11.2025

ਅਨੁਵਾਨ: 1. ਹਰਪਾਲ ਸਿੰਘ 2. ਕਿਰਪਾਲ ਸਿੰਘ ਦੋਵੇਂ ਪੁੱਤਰਾਨ ਸ੍ਰ: ਕੁਲਦੀਪ ਸਿੰਘ ਪੁੱਤਰ ਸ੍ਰ: ਅਵਤਾਰ ਸਿੰਘ ਵਾਸੀਆਨ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਪ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਅਵਤਾਰ ਸਿੰਘ

ਦਰਖਾਸਤ ਬਾਬਤ ਜ਼ੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁਲ ਰਕਬਾ 70 ਕਨਾਲ 17 ਮਰਲੇ, ਖੇਵਟ ਨੰ. 3/3, ਖਤੌਨੀ ਨੰ. 6 ਤੋਂ 17 ਮੁਤਾਬਿਕ ਜਮਾਂਬੰਦੀ ਸਾਲ 2020-21, ਵਾਕਿਆ ਰਕਬਾ ਪਿੰਡ ਗੱਲੂਵਾਲ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 06.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ। ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 06.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ । ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ: 1. ਪ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਅਵਤਾਰ ਸਿੰਘ 2. ਗੁਰਵਰਿਆਮ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਬੂਟਾ ਸਿੰਘ 3. ਵੀਰ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਸਾਧੂ ਸਿੰਘ 4. ਅੰਗਰੇਜ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਸਰੈਣ ਸਿੰਘ 5. ਪਰਮਜੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਦੇਸਾ ਸਿੰਘ 6. ਗੁਰਮੇਜ਼ ਸਿੰਘ ਪੁੱਤਰ ਮੱਖਣ ਸਿੰਘ ਪੁੱਤਰ ਪਾਲ ਸਿੰਘ 7. ਗੁਰਦਿਆਲ ਸਿੰਘ ਪੁੱਤਰ ਚੰਦਾ ਸਿੰਘ ਪੁੱਤਰ ਬਹਾਦਰ ਸਿੰਘ 8. ਸਤਵੰਤ ਸਿੰਘ ਪੁੱਤਰ ਚੰਦਾ ਸਿੰਘ ਪੁੱਤਰ ਬਹਾਦਰ ਸਿੰਘ 9. ਜਸਵੰਤ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਬਹਾਦਰ ਸਿੰਘ 10. ਜੋਗਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ 11. ਰੇਸ਼ਮ ਸਿੰਘ ਪੁੱਤਰ ਸਰੈਣ ਸਿੰਘ ਪੁੱਤਰ ਉਜਾਗਰ ਸਿੰਘ 12. ਸੁਖਬੀਰ ਸਿੰਘ ਪੁੱਤਰ ਸੋਹਨ ਸਿੰਘ 13. ਗੁਰਪ੍ਰੀਤ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਮੱਖਣ ਸਿੰਘ 14. ਅਮੋਲਕਦੀਪ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਮੱਖਣ ਸਿੰਘ 15. ਰਣਬੀਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਮੱਖਣ ਸਿੰਘ 16. ਕੁਲਦੀਪ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਬੂਟਾ ਸਿੰਘ 17. ਮਾਨ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਦੇਸਾ ਸਿੰਘ 18. ਨਿਰਵੈਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਸਰੈਣ ਸਿੰਘ 19. ਲਖਬੀਰ ਸਿੰਘ ਪੁੱਤਰ ਚਰਨ ਸਿੰਘ 20. ਸਵਿੰਦਰ ਸਿੰਘ ਪੁੱਤਰ ਵੀਰ ਸਿੰਘ ਪੁੱਤਰ ਚਰਨ ਸਿੰਘ 21. ਅਮਰਜੀਤ ਸਿੰਘ ਪੁੱਤਰ ਲਖਬੀਰ ਸਿੰਘ ਪੁੱਤਰ ਚਰਨ ਸਿੰਘ 22. ਟੋਹਰਾ ਸਿੰਘ ਪੁੱਤਰ ਵੀਰ ਸਿੰਘ ਪੁੱਤਰ ਚਰਨ ਸਿੰਘ 23. ਹਰਪ੍ਰੀਤ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਚਰਨ ਸਿੰਘ 24. ਬਲਵਿੰਦਰ ਸਿੰਘ ਪੁੱਤਰ ਵੀਰ ਸਿੰਘ ਪੁੱਤਰ ਚਰਨ ਸਿੰਘ 25. ਦਲਬੀਰ ਸਿੰਘ ਪੁੱਤਰ ਕਰਨੈਲ ਸਿੰਘ ਸਾਰੇ ਵਾਸੀਅਨ ਪਿੰਡ ਗੱਲੂਵਾਲ, ਸਬ ਤਹਿ. ਅਟਾਰੀ, ਤਹਿ, ਅੰਮ੍ਰਿਤਸਰ-2 ਜ਼ਿਲ੍ਹਾ ਅੰਮ੍ਰਿਤਸਰ 26. ਮੈਨੇਜਰ, ਪੰਜਾਬ ਨੈਸ਼ਨਲ ਬੈਂਕ, ਬਰਾਂਚ ਅਟਾਰੀ, ਅੰਮ੍ਰਿਤਸਰ

(ਨੰਬਰ, ਰੀਡਰ/498 ਮਿਤੀ : 21.10.2025) ਨਾਇਬ ਤਹਿਸੀਲਦਾਰ, ਅਟਾਰੀ (ਅੰਮ੍ਰਿਤਸਰ)

## ਕਲਾਸੀਫਾਈਡ ਇਸ਼ਤਿਹਾਰ

## Public Notice

I, Munish Kumar S/o Dharampal Chaudhary R/o V.P.O. Harike, Tehsil Patti, Distt. Tarn Taran, Punjab, that I known by two names Munish Kumar and Manish Kumar. Munish Kumar and Manish Kumar is single person and I am known as above said two nemes.

## ਆਮ ਸੂਚਨਾ

ਮੈਂ, ਅਸ਼ੋਕ ਕੁਮਾਰ ਕੁੰਦਰਾ ਪੁੱਤਰ ਬਲਦੇਵ ਕ੍ਰਿਸ਼ਨ ਕੁੰਦਰਾ ਵਾਸੀ 102/3, ਧਰਮਪੁਰਾ ਕਾਲੋਨੀ, ਬਟਾਲਾ, ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਰਜਿਸਟਰਡ ਸੇਲ ਡੀਡ, ਜੋ ਸੰਤੋਸ਼ ਕੁਮਾਰੀ ਪਤਨੀ ਬਲਦੇਵ ਕ੍ਰਿਸ਼ਨ ਕੁੰਦਰਾ ਅਤੇ ਸੁਮਨ ਕੁੰਦਰਾ ਪਤਨੀ ਰਾਜੀਵ ਕੁੰਦਰਾ ਦੇ ਪੱਖ ਵਿੱਚ, ਜਿਸ ਦਾ ਡੀਡ ਨੰ. 1726, ਮਿਤੀ 16.7.2007, ਪਲਾਟ ਨੰ. 102, ਜੋ ਧਰਮਪੁਰਾ ਕਾਲੋਨੀ, ਬਟਾਲਾ, ਗੁਰਦਾਸਪੁਰ, ਪੰਜਾਬ-143505 ਵਿਖੇ ਸਥਿਤ ਹੈ, ਜੋ 25.8.25 ਨੂੰ ਗੁੰਮ ਹੋ ਗਈ ਹੈ। ਇਸ ਦੀ ਐੱਫ ਆਈ ਆਰ ਪੁਲਸ ਸਟੇਸ਼ਨ ਸਿਟੀ ਬਟਾਲਾ ਵਿਖੇ 24.10.2025 ਨੂੰ ਦਰਜ ਕਰਵਾ ਦਿੱਤੀ ਹੈ। ਇਸ ਦਾ ਐੱਲ ਆਰ ਨੰ. 641330/2025 ਹੈ। ਜੇ ਕਿਸੇ ਨੂੰ ਮਿਲੇ ਤਾਂ ਉਹ ਸਾਨੂੰ ਸੰਪਰਕ ਕਰਨ। ਮੋਬਾਇਲ ਨੰ. 98786-30286

ਮੈਂ, ਰੀਨਾ ਕੁਮਾਰੀ ਪਤਨੀ ਸ੍ਰੀ ਬਲਵੀਰ ਚੰਦ ਨਿਵਾਸੀ ਪਿੰਡ ਮੰਨਣ, ਡਾਕਖਾਨਾ ਨੌਗੱਜਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੇ ਭਰਾ ਨਵਨੀਤ ਕੁਮਾਰ ਤੇ ਭਰਜਾਈ ਸੰਦੀਪ ਕੌਰ ਨਿਵਾਸੀ ਗੁਰੂ ਗੋਬਿੰਦ ਸਿੰਘ ਐਵੇਨਿਊ ਜਲੰਧਰ ਨਾਲ ਮੇਰਾ ਕੋਈ ਵਾਹ-ਵਾਸਤਾ ਨਹੀਂ ਹੈ। ਜੇਕਰ ਉਹ ਆਪਸ ਵਿੱਚ ਕਿਸੇ ਨੂੰ ਨੁਕਸਾਨ ਪਹੁੰਚਾਉਂਦੇ ਹਨ ਤਾਂ ਉਹ ਉਸ ਲਈ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਬੀਰ ਸਿੰਘ ਪੁੱਤਰ ਬਚਨ ਸਿੰਘ ਵਾਸੀ ਨਬੀਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਬਚਪਨ ਦਾ ਨਾਂਅ ਬਲਬੀਰ ਸਿੰਘ ਹੈ, ਜੋ ਗਲਤ ਹੈ ਅਤੇ ਅਸਲ ਵਿੱਚ ਮੇਰਾ ਨਾਂਅ ਸੁਖਬੀਰ ਸਿੰਘ ਹੈ ਅਤੇ ਮੇਰੇ ਸਕੂਲ ਸਰਟੀਫਿਕੇਟ ਅਤੇ ਅਧਾਰ ਕਾਰਡ 'ਤੇ ਅਤੇ ਹੋਰ ਦਸਤਾਵੇਜ਼ਾਂ 'ਤੇ ਮੇਰਾ ਨਾਂਅ ਸੁਖਬੀਰ ਸਿੰਘ ਚੱਲਦਾ ਆ ਰਿਹਾ ਹੈ, ਜੋ ਕਿ ਸਹੀ ਅਤੇ ਦਰੁਸਤ ਹੈ। ਸੁਖਬੀਰ ਸਿੰਘ ਅਤੇ ਬਲਬੀਰ ਸਿੰਘ ਇੱਕ ਵਿਅਕਤੀ ਦੇ ਨਾਂਅ ਹਨ ਅਤੇ ਇਨ੍ਹਾਂ ਨੂੰ ਇੱਕ ਵਿਅਕਤੀ ਦੇ ਨਾਂਅ 'ਤੇ ਹੀ ਜਾਣਿਆ ਜਾਵੇ ਅਤੇ ਰੈਵੇਨਿਊ ਰਿਕਾਰਡ ਵਿੱਚ ਮੇਰੇ ਨਾਂਅ ਦੀ ਦਰੁਸਤੀ ਕਰਦੇ ਹੋਏ ਸੁਖਬੀਰ ਸਿੰਘ ਕੀਤਾ ਜਾਵੇ।

## ਬੇਦਖਲੀ ਨੋਟਿਸ

ਮੈਂ ਪਵਨ ਕੁਮਾਰ ਪੁੱਤਰ ਹੁਸਨ ਲਾਲ, ਵਾਸੀ ਮਕਾਨ ਨੰ:543, ਗਲੀ ਨੰ:4, ਸੁਭਾਸ਼ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਰਤਿਸ਼ ਸ਼ਰਮਾ ਮੇਰਾ ਹਕੀਕੀ ਲੜਕਾ ਹੈ ਅਤੇ ਰਿਚਾ ਸ਼ਰਮਾ ਇਸਦੀ ਪਤਨੀ ਹੈ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਇਨ੍ਹਾਂ ਦਾ ਸਲੂਕ ਸਾਡੇ ਘਰ ਵਾਲਿਆਂ ਨਾਲ ਸਹੀ ਨਹੀ ਹੈ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਰਾਜ ਰਾਣੀ ਪਤਨੀ ਕੁਲਵੰਤ ਰਾਜ ਅਤੇ ਕੁਲਵੰਤ ਰਾਜ ਪੁੱਤਰ ਈਸਰ ਦਾਸ ਵਾਸੀਆਨ ਪਿੰਡ ਖਾਨ ਪਿਆਰਾ, ਸਬ ਤਹਿਸੀਲ ਨੌਸ਼ਿਹਰਾ ਮੱਝਾ ਸਿੰਘ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਸਾਲ (ਕਾਲੂ) ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ ਰਾਜਾ ਲਾਲ ਪੁੱਤਰ ਸੋਹਣ ਲਾਲ ਵਾਸੀ ਪਿੰਡ ਪਤਾਲਪੁਰੀ,ਡਾਕ.ਵਰਿਆਮ ਨੰਗਲ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਸੰਦੀਪ ਕੁਮਾਰ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਲੜਾਈ ਝਗੜਾ ਕਰਦਾ ਰਹਿੰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ, ਦਲਬੀਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਠੱਠੀਆਂ ਖੁਰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬੱਗਾ ਸਿੰਘ ਅਤੇ ਮੇਰੀ ਨੂੰਹ ਨਿਸ਼ਾ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵੰਤ ਕੌਰ ਪਤਨੀ ਸਵ. ਅਮਰ ਸਿੰਘ ਵਾਸੀ ਨੇੜੇ ਵਾਹਿਗੁਰੂ ਡੇਅਰੀ, ਮੁੱਦਕੀ ਰੋਡ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਿੰਕੂ ਅਤੇ ਉਸ ਦੀ ਪਤਨੀ ਪਰਮੇ, ਵੱਡਾ ਲੜਕਾ ਪਾਲ ਸਿੰਘ ਅਤੇ ਮੇਰੀ ਸ਼ਾਦੀਸ਼ੁਦਾ ਲੜਕੀ ਵੀਰਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੁਰਿੰਦਰ ਸਿੰਘ ਪੁੱਤਰ ਹਜਾਰਾ ਸਿੰਘ , ਵਾਸੀ ਪਿੰਡ ਤੇ ਡਾਕਖਾਨਾ ਡਰੋਲੀ ਕਲਾ , ਜਿਲਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਮੇਜਰ ਸਿੰਘ ਪੁੱਤਰ ਦੁੱਲਾ ਸਿੰਘ ਵਾਸੀ ਕੁਟੀ ਤਹਿਸੀਲ ਗੁਰੂਹਰਸਹਾਏ ਜਿਲਾ ਫਿਰੋਜਪੁਰ ਦਾ ਰਹਿਣ ਵਾਲਾ ਹਾਂ ਮੇਰਾ ਭਰਾ ਕੁਲਦੀਪ ਸਿੰਘ ਉਰਫ ਲਸੋਨੂ ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੇ ਮਨ ਮਰਜ਼ੀ ਕਰਦਾ ਹੈ ਮੈਂ ਇਸ ਨੂੰ ਆਪਣੀ ਚੱਲ ਅਚਲ ਜਾਇਦਾਦ ਤੋ ਬੇ ਦਖਲ ਕਰਦਾ ਹਾਂ ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ ।

ਮੈਂ ਕਸ਼ਮੀਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਮੰਨਣ, ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਪ੍ਰਭਜੋਤ ਸਿੰਘ ਅਤੇ ਮੇਰੀ ਨੂੰਹ ਜੋਬਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਇਹਨਾਂ ਦੋਵਾਂ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਮੇਰਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ । ਲੈਣ - ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਫਲਕ ਸਿੰਘ ਪੁੱਤਰ ਟਿੱਕਾ ਸਿੰਘ ਵਾਸੀ ਬਸਤੀ ਕੰਨਲਾਂ ਵਾਲੇ ਝੁੱਗੇ, ਜਲਾਲਾਬਾਦ, ਤਹਿਸੀਲ ਜਲਾਲਾਬਾਦ,ਜ਼ਿਲ੍ਹਾ ਫਾਜ਼ਿਲਕਾ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਜਗਦੀਸ਼ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਹੁਣ ਮੇਰਾ ਉਸ ਨਾਲ ਕੋਈ ਤਾਲੁਕ ਵਾਸਤਾ ਨਾ ਰਿਹਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ, ਕੁਲਦੀਪ ਕੁਮਾਰ ਪੁੱਤਰ ਬ੍ਰਿਜ ਲਾਲ ਪੁੱਤਰ ਛੱਜੂ ਰਾਮ ਅਤੇ ਅਮਿਤਾ ਰਾਣੀ ਪਤਨੀ ਕੁਲਦੀਪ ਕੁਮਾਰ ਵਾਸੀਆਨ ਮਕਾਨ ਨੰ. 1734, ਗਲੀ ਮਿਸਗਰਾਂ, ਚੌਂਕ ਚਬੂਤਰਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕੁਨਾਲ ਮਹਿਤਾ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਰਾਜਪਾਲ ਕੌਰ ਧੀਰਵਾਲ ਬੇਟੀ ਰੂਪ ਸਿੰਘ ਵਾਸੀ ਪਿੰਡ ਮੱਲਣ ਤਹਿਸੀਲ ਗਿੱਦੜਬਾਹਾ, ਜਿਲਾ ਸ੍ਰੀ ਮੁਕਤਸਰ ਸਾਹਿਬ ਨੇ ਆਪਣਾ ਨਾਂਅ ਬਦਲ ਕੇ ਰਾਜਪਾਲ ਕੌਰ ਰੱਖ ਲਿਆ ਹੈ। ਸੰਬਧਤ ਨੋਟ ਕਰਨ।

ਮੈਂ, ਸੰਦੀਪ ਮਿੱਤਲ ਪੁੱਤਰ ਧਨੀ ਰਾਮ ਮਿੱਤਲ ਵਾਸੀ ਘਰ ਨੰ. 132, ਆਦਰਸ਼ ਨਗਰ, ਫਰੀਦਕੋਟ ਸੂਚਿਤ ਕਰਦਾ ਹਾਂ ਕਿ ਮੇਰੇ ਜ਼ਮੀਨ ਰਿਕਾਰਡ ਵਿੱਚ ਮੇਰਾ ਨਾਂਅ ਰਾਕੇਸ਼ ਕੁਮਾਰ ਪੁੱਤਰ ਧਨੀ ਰਾਮ ਮਿੱਤਲ ਪੁੱਤਰ ਗੋਪੀ ਰਾਮ ਮਿੱਤਲ ਦਰਜ ਹੈ। ਮੇਰੇ ਅਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ ਵਿੱਚ ਮੇਰਾ ਨਾਂਅ ਸੰਦੀਪ ਮਿੱਤਲ ਦਰਜ ਹੈ। ਮੈਂ, ਰਾਕੇਸ਼ ਕੁਮਾਰ ਅਤੇ ਸੰਦੀਪ ਮਿੱਤਲ ਦੇ ਨਾਂਅ ਨਾਲ ਜਾਣਿਆ ਜਾਣ ਵਾਲਾ ਇੱਕ ਹੀ ਵਿਅਕਤੀ ਹਾਂ। ਸੰਬੰਧਤ ਨੋਟ ਕਰਨ।

## Change of Name

I, Sawarn Singh S/o Amar Singh R/o House no: 36, Jinda Road, Master Colony, Maqsudan, Jalandhar-144008 (Punjab) have changed my name from Sawarn Singh to Swaran Singh. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸੜਕ ਹਾਦਸੇ 'ਚ ਮਾਂ ਦੀ ਮੌਤ, ਧੀ ਗੰਭੀਰ ਜ਼ਖ਼ਮੀ



ਦਵਿੰਦਰ ਕੌਰ ਦੀ ਫਾਈਲ ਫੋਟੋ।

ਬਿਆਸ (ਪਰਮਜੀਤ ਸਿੰਘ ਰੱਖੜਾ) ਬੀਤੇ ਸ਼ੁੱਕਰਵਾਰ ਜੀ ਟੀ ਰੋਡ 'ਤੇ ਸਥਿਤ ਘੁਮਿਆਰ ਕਾਲੋਨੀ, ਬਿਆਸ ਵਿਖੇ ਵਾਪਰੇ ਇਕ ਸੜਕ ਹਾਦਸੇ ਦੌਰਾਨ ਮਾਂ ਦੀ ਮੌਤ ਹੋ ਗਈ, ਜਦਕਿ ਧੀ ਗੰਭੀਰ ਜ਼ਖ਼ਮੀ ਹੋ ਗਈ।

ਦਵਿੰਦਰ ਕੌਰ ਪਤਨੀ ਸੁਖਜਿੰਦਰ ਸਿੰਘ ਵਾਸੀ ਵਜ਼ੀਰ ਭੁੱਲਰ ਆਪਣੀ 11 ਸਾਲਾ ਬੇਟੀ ਹਰਜੋਤ ਕੌਰ ਨਾਲ ਸਕੂਟਰੀ ਨੰਬਰ ਪੀ ਬੀ 02 ਡੀ ਆਰ 7335 'ਤੇ ਸਵਾਰ ਹੋ ਕੇ ਦੋਵੇਂ ਰਈਆ ਤੋਂ ਖਰੀਦੋ-ਫਰੋਖਤ ਕਰਕੇ ਵਾਪਸ ਆ ਰਹੀਆਂ ਸਨ ਕਿ ਪਿੱਛੋਂ ਆ ਰਹੇ ਇਕ ਤੇਜ਼ ਰਫਤਾਰ ਛੋਟਾ ਹਾਥੀ ਨੰਬਰ ਪੀ ਬੀ 02 ਡੀ.ਆਰ 3568 ਨੇ ਸਕੂਟਰੀ ਨੂੰ ਟੱਕਰ ਮਾਰ ਦਿਤੀ, ਜਿਸ ਕਾਰਨ ਦਵਿੰਦਰ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਉਸ ਦੀ ਬੇਟੀ ਹਰਜੋਤ ਕੌਰ ਗੰਭੀਰ ਜ਼ਖ਼ਮੀ ਹੋ ਗਈ। ਥਾਣਾ ਬਿਆਸ ਦੀ ਪੁਲਸ ਨੇ ਨਾਮਲੂਮ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ।


## Change of Name

I, Anita W/o Naresh Kumar R/o V.P.O. Khusropur, Distt. Jalandhar, Punjab, declare that in my matriculation certificate my mother name is wrongly mentioned as Rameh Kaur instead of correct name as Ramesh Kumari and It should be read as Ramesh Kumari. Please note.

I Gurpreet kaur Badh w/o Gurpreet Singh r/o house no 104ward no 4 Lic Conloy Mundi Kharar, Punjab 140301 have change my from Gurpreet Kaur Badh to Gurpreet Kaur

I, Sukhwinder Singh S/o Surinder Singh R/o VPO. Chitti, Distt. Jalandhar have changed my name as Sukhwinder Singh to Sukhwinder Singh Athwal

I, Sharanpreet Kaur W/o Sukhdev Singh Athwal R/o VPO. Chitti, Distt. Jalandhar have changed my name as Sharanpreet Kaur to Sharanpreet Kaur Athwal

I, Chahatpreet Singh S/o Juzar Singh R/o Village Mehna, PO Bassi Kalan, Distt. Hoshiarpur Punjab declare that my name is Chahatpreet Singh. Singh is my surname and my given name is Chaharpreet. Concerned note.

I Rajpal kaour Dhilwal d/o Roop singh vpo Mallan Tehsel Gidderbaha Distt Sri Muktsar Sahib Hav Changed My Neme from Rajpal kaour All please Note.

I, Lashmi D/o Ramesh Singh R/o Main Street Dhillon Patti, Talwandi Bharath Aliwal Batala, Distt. Gurdaspur Punjab 143507. have changed my name from Lashmi to Gurseerat Kaur concerned note please.

I, Reetika Thukral D/o Sham Sunder Thukral W/o Lukesh Kataria R/o H.No.3, Kashmir Avenue, Batala Road, Amritsar have changed my name from Reetika Thukral to Reetika Kataria

I, Sikandar Singh Rawat S/o Surinder Rawat R/o 229/B Gali No.15, New Pawan Nagar Amritsar have changed my name from Sikandar Singh Rawat to Sikander Singh Rawat


## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ

# ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸ਼ੁਰੂ ਨਗਰ ਕੀਰਤਨ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਪਹੁੰਚਿਆ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਨਗਰ ਕੀਰਤਨ ਜਾਗਰਤੀ ਯਾਤਰਾ ਤਰਨ ਤਾਰਨ ਜ਼ਿਲ੍ਹੇ ਵਿਖੇ ਪਹੁੰਚੀ।ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਤੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸਵਾਗਤ ਕੀਤਾ।ਇਹ ਵਿਸ਼ਾਲ ਨਗਰ ਕੀਰਤਨ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।ਨਗਰ ਕੀਰਤਨ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪ੍ਰੇਰਨਾ ਸਦਕਾ ਏਕਤਾ ਦੀ ਭਾਵਨਾ ਨੂੰ ਦੇਸ਼ ਭਰ ਵਿੱਚ ਸੰਗਤਾਂ ਤੱਕ ਪਹੁੰਚਾਉਣਾ ਹੈ।ਪੰਜਾਬ ਵਿੱਚ ਨਗਰ ਕੀਰਤਨ ਦੀ ਅਗਵਾਈ ਸ. ਮਾਲਵਿੰਦਰ ਸਿੰਘ ਬੈਨੀਪਾਲ, ਰਣਜੀਤ ਸਿੰਘ ਰਾਣਾ, ਭਵਨ ਸਿੰਘ ਖੋਜੀ ਤੇ ਹੋਰਨਾਂ ਨੇ ਕੀਤੀ।ਧਾਰਮਿਕ ਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਇੱਕ ਰਾਤ ਰਹਿਣ ਤੋਂ ਬਾਅਦ ਯਾਤਰਾ ਤਲਵੰਡੀ ਚੌਧਰੀਆਂ, ਸ੍ਰੀ ਗੋਇੰਦਵਾਲ ਸਾਹਿਬ, ਖੰਡੂਰ ਸਾਹਿਬ ਆਦਿ ਸਥਾਨਾਂ ਤੋਂ ਹੁੰਦੀ ਹੋਈ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਪਹੁੰਚੀ। ਨਗਰ ਕੀਰਤਨ ਵਿੱਚ ਨਿਹੰਗ ਸਿੰਘਾਂ, ਰਾਗੀ ਜਥਿਆਂ, ਸਕੂਲੀ ਬੱਚਿਆਂ ਤੇ ਗੁਰਸੇਵਾ ਨਾਲ ਜੁੜੀਆਂ ਸੰਸਥਾਵਾਂ ਨੇ ਭਾਗ ਲਿਆ।ਸੰਗਤਾਂ ਨੇ ਧਾਰਮਿਕ ਝਾਕੀਆਂ ਅਤੇ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ ।ਇਸ ਮੌਕੇ ਜ਼ਿਲ੍ਹਾ ਤਰਨ ਤਾਰਨ ਪ੍ਰਸ਼ਾਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਸੇਵਾ ਦਾ ਖਾਸ ਪ੍ਰਬੰਧ ਕੀਤਾ ਗਿਆ ।ਇਹ ਯਾਤਰਾ 17 ਸਤੰਬਰ



ਨੂੰ ਪਟਨਾ ਸਾਹਿਬ ਤੋਂ ਸ਼ੁਰੂ ਹੋਈ ਸੀ ਅਤੇ ਹੁਣ ਤੱਕ ਬਿਹਾਰ, ਝਾਰਖੰਡ, ਪੱਛਮ ਬੰਗਾਲ, ਉੜੀਸਾ, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਤੋਂ ਹੁੰਦੀ ਹੋਈ ਹੁਣ ਪੰਜਾਬ ਵਿੱਚ ਆ ਚੁੱਕੀ ਹੈ।ਪੰਜਾਬ ਵਿੱਚ ਇਹ ਪਵਿੱਤਰ ਯਾਤਰਾ ਪਟਿਆਲਾ, ਫਤਿਹਗੜ੍ਹ ਸਾਹਿਬ, ਲੁਧਿਆਣਾ, ਜਲੰਧਰ, ਖੰਨਾ, ਕਰਤਾਰਪੁਰ ਤੇ ਨਵਾਂਸ਼ਹਿਰ ਆਦਿ ਥਾਵਾਂ 'ਤੇ ਹੋ ਕੇ 27 ਅਕਤੂਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੋਵੇਗੀ।

# ਸੁਖਬੀਰ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਪੁਲਸ ਖਿਲਾਫ ਵਿਸ਼ਾਲ ਰੋਸ ਧਰਨਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਵਰਕਰਾਂ ਖਿਲਾਫ ਝੂਠੇ ਕੇਸ ਦਰਜ ਕਰਨ 'ਤੇ ਤਰਨ ਤਾਰਨ ਪੁਲਸ ਦੇ ਖਿਲਾਫ ਵਿਸ਼ਾਲ ਰੋਸ ਧਰਨੇ ਦੀ ਅਗਵਾਈ ਕੀਤੀ ਜਿਸ ਕਾਰਨ ਐੱਸਐੱਸਪੀ ਡਾ. ਰਵਜੋਤ ਕੌਰ ਗਰੇਵਾਲ ਨੂੰ ਭਰੋਸਾ ਦੁਆਉਣਾ ਪਿਆ ਕਿ ਅਕਾਲੀ ਦਲ ਦੇ ਕਿਸੇ ਵਰਕਰ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ। ਐੱਸਐੱਸਪੀ ਨੇ ਡੀਐੱਸਪੀ ਪ੍ਰੀਤਇੰਦਰ ਸਿੰਘ ਦੀ ਡਿਊਟੀ ਲਗਾਈ ਜਿਨ੍ਹਾਂ ਆ ਕੇ ਇਹ ਭਰੋਸਾ ਦੁਆਇਆ ਅਤੇ ਨਾਲ ਹੀ ਦੱਸਿਆ ਕਿ ਅਕਾਲੀ ਦਲ ਦੇ ਵਰਕਰਾਂ ਖਿਲਾਫ ਦਰਜ ਹੋਏ ਦੋ ਕੇਸਾਂ ਦੀ ਪੜਤਾਲ ਕੀਤੀ ਜਾ ਰਹੀ ਹੈ।ਪਾਰਟੀ ਨੇ ਇਸ ਮੌਕੇ ਪੁਲਸ ਨੂੰ ਆਪਣਾ ਮੰਗ ਪੱਤਰ ਸੌਂਪਿਆ।ਸਰਦਾਰ ਬਾਦਲ ਨੇ ਕਿਹਾ ਕਿ ਅਕਾਲੀਆਂ ਨੂੰ ਜੇਲ੍ਹ ਜਾਣ ਦੀ ਕੋਈ ਪਰਵਾਹ ਨਹੀਂ ਹੈ।ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਇਕ ਵੀ ਅਕਾਲੀ ਵਰਕਰ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਤਾਂ ਅਕਾਲੀ ਦਲ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਨੂੰ ਹਲਕੇ ਵਿਚ ਨਹੀਂ ਵੜਨ ਦੇਵੇਗਾ।ਇਸ ਮੌਕੇ



ਤਰਨ ਤਾਰਨ ਤੋਂ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ, ਗੁਲਜ਼ਾਰ ਸਿੰਘ ਰਣੀਕੇ, ਅਲਵਿੰਦਰਪਾਲ ਸਿੰਘ ਪੱਖੋਕੇ, ਲਖਬੀਰ ਸਿੰਘ ਲੋਧੀਨੰਗਲ ਅਤੇ ਰਵਿੰਦਰ ਸਿੰਘ ਬ੍ਰਹਮਪੁਰਾ ਵੀ ਹਾਜ਼ਰ ਸਨ।

# ਰਾਣਾ ਗੰਡੀਵਿੰਡ ਤੇ ਜਗਮੀਤ ਢਿੱਲੋਂ ਨੇ ਫੜਿਆ ਭਾਜਪਾ ਦਾ ਪੱਲਾ

ਝਬਾਲ, (ਹਰਜਿੰਦਰ ਸਿੰਘ ਸੋਨੀ)-ਹਲਕਾ ਤਰਨਤਾਰਨ ਵਿੱਚ ਕਾਂਗਰਸ ਪਾਰਟੀ ਨੂੰ ਬਹੁਤ ਵੱਡਾ ਝਟਕਾ ਲੱਗਾ ਜਦੋਂ ਹਲਕੇ ਦੇ ਕੱਟੜ ਕਾਂਗਰਸੀ ਤੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਅਤੇ ਕਾਂਗਰਸ ਪਾਰਟੀ ਦੇ ਬੁਲਾਰੇ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਨੇ ਕਾਂਗਰਸ ਪਾਰਟੀ ਨੂੰ ਛੱਡਦਿਆਂ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ।ਦਿੱਲੀ ਵਿਖੇ ਸਥਿਤ ਭਾਰਤੀ ਜਨਤਾ ਪਾਰਟੀ ਦੇ ਮੁੱਖ ਦਫਤਰ ਵਿਖੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਅਤੇ ਰਾਸ਼ਟਰੀ ਜਨਰਲ ਸਕੱਤਰ ਆਰਗੇਨਾਈਜ਼ੇਸ਼ਨ ਇੰਚਾਰਜ ਬੀ. ਐੱਲ. ਸੰਤੋਸ਼ ਦੀ ਹਾਜ਼ਰੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਦੋਵਾਂ ਨੂੰ ਉਕਤ ਬੀਜੇਪੀ ਲੀਡਰਸ਼ਿਪ ਨੇ ਸ਼ਾਮਿਲ ਹੋਣ 'ਤੇ ਬੀਜੇਪੀ ਚਿੰਨ੍ਹ ਤੇ ਪਾਰਟੀ ਦੀ ਮੈਂਬਰਸ਼ਿਪ ਦਿੰਦਿਆਂ ਜ਼ਿਮਨੀ ਚੋਣ ਵਿੱਚ ਬੀਜੇਪੀ ਲਈ ਕੰਮ ਕਰਨ ਲਈ ਕਿਹਾ ਜਦਕਿ ਰਣਜੀਤ ਸਿੰਘ ਰਾਣਾ ਗੰਡੀਵਿੰਡ ਤੇ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਨੇ ਹਲਕਾ ਤਰਨਤਾਰਨ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਬੀਜੇਪੀ ਦੇ ਉਮੀਦਵਾਰ ਲਈ ਚੋਣ ਪ੍ਰਚਾਰ ਕਰਨ ਅਤੇ ਪਾਰਟੀ ਦੇ ਪ੍ਰਸਾਰ ਲਈ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ।



# ਹਰਿਆਣਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ 'ਤੇ 1 ਤੋਂ 25 ਨਵੰਬਰ ਤੱਕ ਹੋਣਗੇ ਸ਼ਾਨਦਾਰ ਪ੍ਰੋਗਰਾਮ : ਮੁੱਖ ਮੰਤਰੀ ਸੈਣੀ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਪੂਰੇ ਸੂਬੇ ਵਿੱਚ ਗੌਰਵਪੂਰਨ ਢੰਗ ਨਾਲ ਮਨਾਇਆ ਜਾਵੇਗਾ।1 ਨਵੰਬਰ ਤੋਂ 25 ਨਵੰਬਰ ਤੱਕ ਪੂਰੇ ਸੂਬੇ ਵਿੱਚ ਵੱਖ-ਵੱਖ ਪ੍ਰੋਗਰਾਮ ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤੇ ਜਾਣਗੇ। 25 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਰਾਜ ਪੱਧਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ।ਮੁੱਖ ਮੰਤਰੀ ਅੱਜ ਇੱਥੇ ਪ੍ਰੋਗਰਾਮ ਦੀ ਤਿਆਰੀ ਨੂੰ ਲੈ ਕੇ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਸਾਰੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਅਧਿਕਾਰੀ ਵੀਡੀਓ ਕਾਨਫ੍ਰੰਸਿੰਗ ਰਾਹੀਂ ਮੀਟਿੰਗ ਵਿੱਚ ਸ਼ਾਮਲ ਹੋਏ।ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਤਿਆਗ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਪ੍ਰਾਪਤ ਕਰਨ ਤਹਿਤ ਆਯੋਜਿਤ ਸਾਰੇ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਸਕੂਲੀ ਵਿਦਿਆਰਥੀਆਂ ਅਤੇ ਨਾਗਰਿਕਾਂ ਦੀ ਭਾਗੀਦਾਰੀ ਯਕੀਨੀ ਕੀਤੀ ਜਾਵੇ।

ਮੀਟਿੰਗ ਵਿੱਚ ਮੁੱਖ ਮੰਤਰੀ ਨੂੰ ਜਾਣੂ ਕਰਾਇਆ ਗਿਆ ਕਿ 1 ਨਵੰਬਰ ਨੂੰ ਪੰਚਕੂਲਾ ਵਿੱਚ ਖੂਨਦਾਨ ਕੈਂਪ, 3 ਨਵੰਬਰ ਨੂੰ ਸਕੂਲਾਂ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਅਤੇ ਸਿਖਿਆਵਾਂ 'ਤੇ ਹਿੰਦੀ, ਅੰਗ੍ਰੇਜ਼ੀ, ਪੰਜਾਬੀ ਅਤੇ ਸੰਸਕ੍ਰਿਤ ਵਿੱਚ ਲੇਖ ਮੁਕਾਬਲੇ ਆਯੋਜਿਤ ਹੋਣਗੇ। 8 ਨਵੰਬਰ ਨੂੰ ਰੋੜੀ (ਜ਼ਿਲ੍ਹਾ ਸਿਰਸਾ) ਵਿੱਚ ਵਿਸ਼ੇਸ਼ ਯਾਤਰਾ ਕੱਢੀ ਜਾਵੇਗੀ। ਇਸੀ ਦਿਨ ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀਦਾਸ ਜੀ, ਭਾਈ ਮਤੀਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਜੈਤਾ ਜੀ ਦੇ ਜੀਵਨ 'ਤੇ ਅਧਾਰਿਤ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਹੋਵੇਗਾ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਰਾਸ਼ਟਰਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦੇ ਮੌਕੇ 'ਤੇ ਹਰਿਆਣਾ ਵਿੱਚ ਪ੍ਰਸਤਾਵਿਤ ਪ੍ਰੋਗਰਾਮਾਂ ਦੀ ਕਾਰਜਯੋਜਨਾ ਦੀ ਵੀ ਸਮੀਖਿਆ ਕੀਤੀ।ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਕੁਮਾਰ ਗੁਪਤਾ, ਡੀ ਜੀ ਪੀ ਓਪੀ ਸਿੰਘ, ਉੱਚ ਸਿੱਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਨੀਤ ਗਰਗ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਆਬਾਦਪੁਰਾ 'ਚ ਅਣ-ਅਧਿਕਾਰਤ ਉਸਾਰੀ ਢਾਹੀ



**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਫੈਸਲਾਕੁੰਨ ਕਾਰਵਾਈ ਕਰਦਿਆਂ ਜਲੰਧਰ ਨਗਰ ਨਿਗਮ ਵੱਲੋਂ ਜਲੰਧਰ ਕਮਿਸ਼ਨਰੇਟ ਪੁਲਸ ਦੇ ਸਹਿਯੋਗ ਨਾਲ ਅੱਜ ਅਬਾਦਪੁਰਾ ਇਲਾਕੇ ਵਿੱਚ ਬਦਨਾਮ ਮਹਿਲਾ ਨਸ਼ਾ ਤਸਕਰਾਂ ਨਾਲ ਸੰਬੰਧਤ ਇੱਕ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ ਗਿਆ।ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਜੀਤ ਕੌਰ ਉਰਫ਼ ਭੰਬੋ ਅਤੇ ਮੋਹਿੰਦਰਜੀਤ ਕੌਰ ਉਰਫ਼ ਲੰਬੋ ਵਾਸੀ ਆਬਾਦਪੁਰਾ ਜਲੰਧਰ ਦੀ ਗੈਰ-ਕਾਨੂੰਨੀ ਜਾਇਦਾਦ ਨੂੰ ਢਾਹਿਆ ਗਿਆ ਹੈ।ਦੋਵੇਂ ਮਹਿਲਾਵਾਂ ਬਦਨਾਮ ਨਸ਼ਾ ਤਸਕਰ ਹਨ, ਜਿਨ੍ਹਾਂ ਵਿਚੋਂ ਮਨਜੀਤ ਕੌਰ ਵਿਰੁੱਧ ਐਨ ਡੀ ਪੀ ਐਸ ਐਕਟ ਅਧੀਨ 3 ਐਫ ਆਈ ਆਰ ਅਤੇ ਮੋਹਿੰਦਰਜੀਤ ਕੌਰ ਵਿਰੁੱਧ ਐਨ ਡੀ ਪੀ ਐਸ ਐਕਟ ਤਹਿਤ ਇਕ ਐਫ ਆਈ ਆਰ ਦਰਜ ਹੈ।ਇਹ ਕਾਰਵਾਈ ਡਰੱਗ ਮਾਫ਼ੀਆ ਲਈ ਸਪੱਸ਼ਟ ਸੰਦੇਸ਼ ਹੈ ਕਿ ਨਸ਼ਿਆਂ ਨਾਲ ਸਬੰਧਿਤ ਕੋਈ ਵੀ ਗੈਰ-ਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਵਿੱਚ ਸ਼ਾਮਲ ਹਰ ਵਿਅਕਤੀ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਜਲੰਧਰ ਕਮਿਸ਼ਨਰੇਟ ਪੁਲਸ ਨੇ ਨਾਗਰਿਕਾਂ ਨੂੰ ਨਸ਼ਿਆਂ ਨਾਲ ਸਬੰਧਿਤ ਕੋਈ ਵੀ ਜਾਣਕਾਰੀ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 ਰਾਹੀਂ ਸਾਂਝੀ ਕਰਨ ਦੀ ਅਪੀਲ ਕੀਤੀ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਕਾਰਵਾਈ ਤੇਜ਼

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਪ੍ਰਸ਼ਾਸਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਮਾਈਨਿੰਗ ਤੇ ਮਿਨਰਲ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਰਾਜ ਦੇ ਕੁਦਰਤੀ ਸਰੋਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ 'ਤੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ।ਪਿਛਲੀ ਰਾਤ ਮਾਈਨਿੰਗ ਵਿਭਾਗ ਨੇ ਸਬ-ਡਵੀਜ਼ਨ ਮੁਹਾਲੀ ਵਿੱਚ ਵੱਖ-ਵੱਖ ਥਾਵਾਂ 'ਤੇ ਇੱਕ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ, ਜਿਸ ਦੌਰਾਨ ਟਿੱਪਰਾਂ/ਟਰੱਕਾਂ ਦੀ ਜਾਂਚ ਕਰਨ ਅਤੇ ਆਵਾਜਾਈ ਪਰਮਿਟਾਂ ਦੀ ਤਸਦੀਕ ਕਰਨ ਲਈ ਨਾਕਾਬੰਦੀ ਕੀਤੀ ਗਈ। ਇਨ੍ਹਾਂ ਕਾਰਵਾਈਆਂ ਦੌਰਾਨ ਕਈ ਵਾਹਨਾਂ ਨੂੰ ਰੋਕਿਆ ਗਿਆ ਅਤੇ ਕਾਨੂੰਨੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ। ਐਸ.ਡੀ.ਓ. ਮਾਈਨਿੰਗ ਸ਼ੁਭਮ ਗੋਇਲ ਨੇ ਦੱਸਿਆ ਕਿ ਇਹ ਮੁਹਿੰਮ ਜ਼ਿਲ੍ਹਾ ਮਾਈਨਿੰਗ ਅਫਸਰ ਖੁਸ਼ਵਿੰਦਰ ਸਿੰਘ ਅਤੇ ਵਿਭਾਗ ਦੇ ਨਿਗਰਾਨ ਇੰਜੀਨੀਅਰ (ਐਸ ਈ) ਰਾਜਿੰਦਰ ਘਈ ਦੀ ਨਿਗਰਾਨੀ ਹੇਠ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਦੇ ਅਨੁਸਾਰ ਚਲਾਈ ਗਈ।ਉਨ੍ਹਾਂ ਛੋਟੇ ਖਣਿਜਾਂ ਦੀ ਢੋਆ-ਢੁਆਈ ਵਿੱਚ ਲੱਗੇ ਸਾਰੇ ਵਿਅਕਤੀਆਂ ਅਤੇ ਵਾਹਨ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਗੈਰ-ਕਾਨੂੰਨੀ ਮਾਈਨਿੰਗ ਅਤੇ ਢੋਆ-ਢੁਆਈ ਤੋਂ ਗੁਰੇਜ਼ ਕਰਨ ਅਤੇ ਸਰਕਾਰੀ ਖਜ਼ਾਨੇ ਵਿੱਚ ਬਣਦੀ ਰਾਇਲਟੀ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਮਾਈਨਿੰਗ ਵਿਭਾਗ ਰਾਹੀਂ ਲੋੜੀਂਦੇ ਅਧਿਕਾਰਤ ਪਰਮਿਟ ਪ੍ਰਾਪਤ ਕਰਨ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਚਨਚੇਤ ਨਿਰੀਖਣ ਜਾਰੀ ਰਹਿਣਗੇ ਅਤੇ ਮਾਈਨਿੰਗ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੇ ਉਪਬੰਧਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।



# ਭੋਗ 'ਤੇ ਵਿਸ਼ੇਸ਼ — ਮਿਠੜੇ ਸੁਭਾਅ ਤੇ ਗਰੀਬਾਂ ਦੇ ਮਸੀਹਾ ਸਨ ਡਾਕਟਰ ਉਜਾਗਰ ਸਿੰਘ ਸੂਰੀ



ਡਾਕਟਰ ਉਜਾਗਰ ਸਿੰਘ ਸੂਰੀ ਦਾ ਜਨਮ 8 ਫਰਵਰੀ 1957 ਨੂੰ ਮਾਤਾ ਕੁਲਵੰਤ ਕੌਰ ਦੀ ਕੁੱਖੋਂ ਪਿਤਾ ਤਰਸੇਮ ਸਿੰਘ ਸੂਰੀ ਦੇ ਘਰ ਪਿੰਡ ਲੋਹਟ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਇਆ।ਇਹਨਾਂ ਨੇ ਆਪਣੀ ਮੁਢਲੀ ਪੜ੍ਹਾਈ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਖਾਲਸਾ ਸਕੂਲ ਮਹਿੰਦੀਪੁਰ (ਬਲਾਚੌਰ ) ਵਿਖੇ ਮੈਟ੍ਰਿਕ ਕਰਨ ਉਪਰੰਤ ਹੁਸ਼ਿਆਰਪੁਰ ਦੇ ਇਕ ਪ੍ਰਸਿੱਧ ਡਾਕਟਰ ਦੇ ਕੋਲ ਰਹਿ ਕੇ 6 ਸਾਲ ਡਾਕਟਰੀ ਕਿੱਤੇ ਦੀ ਸਿਖਲਾਈ ਹਾਸਲ ਕੀਤੀ ਅਤੇ ਫਿਰ ਆਪਣੇ ਜੱਦੀ ਪਿੰਡ ਲੋਹਟ ਵਿਚ ਆ ਕੇ ਆਪਣਾ ਕਲੀਨਿਕ ਖੋਲ੍ਹ ਕੇ ਇਲਾਕੇ ਦੇ ਮਰੀਜ਼ਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ ਇੱਥੇ ਕੁਝ ਸਮੇਂ ਵਿਚ ਹੀ ਡਾਕਟਰ ਉਜਾਗਰ ਸਿੰਘ ਸੂਰੀ ਨੇ ਪ੍ਰਸਿੱਧੀ ਹਾਸਲ ਕਰ ਲਈ ਅਤੇ ਫਿਰ ਆਪਣਾ ਕਲੀਨਿਕ ਭੱਦੀ ਰੋਡ ਬਲਾਚੌਰ ਵਿਖੇ ਖੋਲ੍ਹ ਦਿੱਤਾ ਅਤੇ ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਵੱਡੀਆਂ ਮੱਲਾਂ ਮਾਰਦਿਆਂ ਬਲਾਚੌਰ ਦੇ ਕਲੀਨਿਕ 'ਚ ਲਗਾਤਾਰ 14-14 ਘੰਟੇ ਸਖਤ ਮਿਹਨਤ ਕਰਕੇ ਇਲਾਕਾ ਭਰ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਇਹ ਕੁਦਰਤ ਦਾ ਅਜੀਬ ਕ੍ਰਿਸ਼ਮਾ ਸੀ ਕੇ ਉਨ੍ਹਾਂ ਨੇ ਡਾਕਟਰੀ ਦੀ ਪ੍ਰੈਕਟਿਸ ਕਰਦਿਆਂ ਵੱਡੇ ਵੱਡੇ ਨਾਮਵਰ ਡਾਕਟਰਾਂ ਨੂੰ ਵੀ ਮਾਤ ਪਾ ਦਿੱਤੀ।ਕੁਦਰਤ ਵਲੋਂ ਬਖਸ਼ੀ ਹੋਈ ਹੱਥ ਜੱਸ ਦੀ ਦਾਤ ਕਾਰਨ ਸੂਰੀ ਕਲੀਨਿਕ 'ਚ ਰੋਜ਼ਾਨਾ ਸੈਂਕੜੇ ਮਰੀਜਾਂ ਦੀਆਂ ਲੰਬੀਆਂ ਕਤਾਰਾਂ ਲੱਗਣ ਲੱਗ ਪਈਆ ਅਤੇ ਮਰੀਜ਼ ਠੀਕ ਹੁੰਦੇ ਗਏ। ਇਲਾਕੇ ਦੇ ਲੋਕਾਂ 'ਚ ਡਾਕਟਰ ਉਜਾਗਰ ਸਿੰਘ ਸੂਰੀ ਦੀ ਸ਼ੌਹਰਤ ਵੱਧਦੀ ਗਈ। ਉਪਰੰਤ ਉਨ੍ਹਾਂ ਨੇ ਆਪਣੇ ਕਲੀਨਿਕ ਦੀ ਜਗ੍ਹਾ 'ਤੇ ਹੀ ਕਰੋੜਾਂ ਰੁਪਏ ਖਰਚ ਕੇ ਇੱਕ ਵੱਡਾ ਹਸਪਤਾਲ ਬਣਾ ਦਿੱਤਾ।ਜਿੱਥੇ ਮਰੀਜ਼ਾਂ ਨੂੰ ਹੋਰ ਵੀ ਵਧੀਆ ਸਹੂਲਤਾਂ ਮਿਲਣ ਲੱਗ ਪਈਆਂ ਅਤੇ ਇਸ ਹਸਪਤਾਲ ਵਿੱਚ ਔਰਤਾਂ ਅਤੇ ਆਮ ਲੋਕਾਂ ਦੇ ਇਲਾਜ ਵੱਲੋਂ ਅਪਰੇਸ਼ਨ ਹੋਣ ਲੱਗ ਪਏ ਹਨ ਅਤੇ ਪੈਸੇ ਦੀ ਬਹੁਤੀ ਪ੍ਰਵਾਹ ਨਾ ਕਰਦੀਆਂ ਹੋਈਆਂ ਡਾਕਟਰੀ ਪੇਸ਼ੇ ਵਿਚ ਡਾ. ਸੂਰੀ ਗਰੀਬਾਂ ਦੇ ਮਸੀਹੇ ਵਜੋਂ ਪ੍ਰਸਿੱਧ ਹੋ ਗਏ।ਉਨ੍ਹਾਂ ਨੇ ਆਪਣੀ ਨੇਕ ਕਮਾਈ 'ਚੋਂ ਇਲਾਕੇ ਦੇ ਧਾਰਮਿਕ ਸਥਾਨਾ ਲਈ ਵਡਮੁੱਲਾ ਯੋਗਦਾਨ ਪਾਇਆ ਉਨ੍ਹਾਂ ਨੇ ਆਪਣੇ ਵੱਡੇ ਲੜਕੇ ਅਮਨਪ੍ਰੀਤ ਸਿੰਘ ਸੂਰੀ ਨੂੰ ਸਮੇਤ ਪਰਵਾਰ ਅਮਰੀਕਾ ਵਿੱਚ ਸੈਟ ਕਰ ਦਿੱਤਾ ਜਦੋਂ ਕੇ ਆਪਣੇ ਛੋਟੇ ਲੜਕੇ ਡਾਕਟਰ ਭੁਪਿੰਦਰ ਜੀਤ ਸਿੰਘ ਸੂਰੀ ਅਤੇ ਆਪਣੀ ਨੂੰਹ ਡਾਕਟਰ ਅਮਨਦੀਪ ਕੌਰ ਸੂਰੀ ਨੂੰ ਕੁਆਲੀਫਾਈਡ ਸਪੈਸਲਿਸ਼ਟ ਡਾਕਟਰ ਬਣਾ ਕੇ ਆਪਣੇ ਨਾਲ ਲੰਮੇ ਸਮੇਂ ਤੋਂ ਸੂਰੀ ਹਸਪਤਾਲ ਵਿਚ ਡਾਕਟਰੀ ਸੇਵਾਵਾਂ ਨਿਭਾਉਣ ਦੇ ਯੋਗ ਬਣਾ ਦਿੱਤਾ।ਜੋ ਅੱਜ ਕੱਲ੍ਹ ਸੂਰੀ ਹਸਪਤਾਲ ਵਿੱਚ ਬਾਖੂਬੀ ਸੇਵਾਵਾਂ ਨਿਭਾ ਰਹੇ ਹਨ ਹਮੇਸ਼ਾ ਹਸਮੁੱਖ ਸੁਭਾਅ ਦੇ ਮਾਲਕ ਡਾਕਟਰ ਉਜਾਗਰ ਸਿੰਘ ਸੂਰੀ ਰਾਜਸੀ, ਧਾਰਮਿਕ ਅਤੇ ਸਮਾਜ ਸੇਵੀ ਲੋਕਾਂ ਵਿੱਚ ਆਪਣਾ ਵੱਡਾ ਰੁਤਬਾ ਰੱਖਦੇ ਸਨ, ਜਿਸ ਕਰਕੇ ਗਰੀਬ ਅਤੇ ਅਮੀਰ ਲੋਕ ਹਮੇਸ਼ਾ ਹੀ ਉਨ੍ਹਾਂ ਦਾ ਦਿਲ ਤੋਂ ਸਤਿਕਾਰ ਕਰਦੇ ਸਨ।ਅਜਿਹੀ ਪ੍ਰਸਿੱਧ ਸਖਸ਼ੀਅਤ ਦੇ ਅਕਾਲ ਚਲਾਣੇ ਨਾਲ ਜਿੱਥੇ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ ਉੱਥੇ ਸਮੂਚੇ ਇਲਾਕੇ ਨੂੰ ਕਦੇ ਵੀ ਨਾ ਪੂਰੀਆਂ ਜਾਣ ਵਾਲਾ ਘਾਟਾ ਪਿਆ ਹੈ।ਡਾਕਟਰ ਉਜਾਗਰ ਸਿੰਘ ਸੂਰੀ ਨੂੰ ਲੰਮੇ ਸਮੇਂ ਤੱਕ ਇਲਾਕੇ ਦੇ ਦਿਲਾਂ ਵਿੱਚ ਵਸਾ ਕੇ ਰੱਖਣਗੇ।

-ਜਸਵਿੰਦਰ ਬੈਂਸ

# 46ਵੀਆਂ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਕਰਵਾਈਆਂ



**ਕਪੂਰਥਲਾ (ਮਨਜੀਤ ਮਾਨ)** ਸ੍ਰੀ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ 46ਵੀਆਂ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਸ.ਐ.ਸ.ਸੁਖਾਣੀ ਦੀ ਮਾਹੀ ਨੇ 100 ਮੀਟਰ ਦੌੜਾਂ 'ਚੋਂ ਪਹਿਲਾਂ ਸਥਾਨ/ 200 ਮੀਟਰ 'ਚੋਂ ਮਾਹੀ ਪਹਿਲਾਂ ਸਥਾਨ/ ਜੀਨਤ ਕਾਲਾ ਸੰਘਿਆਂ ਦੂਜਾ ਸਥਾਨ/ 400 ਮੀਟਰ ਦੌੜਾ 'ਚ ਜ਼ਰੀਨਾ ਕਾਲਾ ਸੰਘਿਆਂ ਨੇ ਪਹਿਲਾਂ ਸਥਾਨ/ਰਵਨੀਤ ਕੌਰ ਤੀਸਰਾ ਸਥਾਨ ਮੁੰਡਿਆਂ ਵਿੱਚੋਂ 100 ਮੀਟਰ ਦੌੜ ਵਿੱਚ ਮਿਰਜ਼ਾ ਦੂਜੇ ਸਥਾਨ 'ਤੇ ਅੰਕਿਤ ਤੀਜੇ ਸਥਾਨ 'ਤੇ ਰਿਹਾ 200 ਮੀਟਰ ਵਿੱਚੋਂ ਯੁਵਰਾਜ ਸਿੰਘ ਦੂਜੇ ਸਥਾਨ 'ਤੇ ਰਿਹਾ 400 ਮੀਟਰ ਅੰਕਿਤ ਤੀਜੇ ਸਥਾਨ 'ਤੇ ਰਿਹਾ। ਲੰਬੀ ਛਾਲ ਮਾਹੀ ਸੁਖਾਣੀ ਪਹਿਲੇ ਸਥਾਨ 'ਤੇ ਮਿਰਜ਼ਾ ਆਲਮਗੀਰ ਪਹਿਲੇ ਸਥਾਨ 'ਤੇ ਰਿਹਾ। ਗੋਲਾ ਸੁੱਟਣਾ ਅਨਾਮਿਕਾ ਕਾਲਾ ਸੰਘਿਆਂ ਮੁੰਡੇ ਦੂਜੇ ਸਥਾਨ 'ਤੇ ਅਤੇ ਸਾਜਨ ਕਾਲਾ ਸੰਘਿਆਂ ਕੁੜੀਆਂ ਤੀਜੇ ਸਥਾਨ 'ਤੇ ਰਿਹਾ। ਰਜਨੀਸ਼ ਕੁਮਾਰ ਸੀ ਐਚ ਟੀ, ਸਰਬਜੀਤ ਸਿੰਘ ਔਜਲਾ, ਮਹਾਂਵੀਰ, ਐਚ ਟੀ ਮੈਡਮ ਨੀਟਾ ਰਾਣੀ, ਇੰਦਰਜੀਤ ਕੌਰ ਔਜਲਾ, ਸੋਨੀਆ ਸ਼ਰਮਾ, ਚਰਨਜੀਤ ਕੌਰ, ਸੰਦੀਪ ਕੌਰ, ਕੋਚ ਅੰਮ੍ਰਿਤ, ਹਰਜਿੰਦਰ ਕੌਰ ਕਾਲਾ ਸੰਘਿਆਂ ਸੈਂਟਰ ਸਕੂਲ ਤੋਂ ਬਲਾਕ ਪੱਧਰੀ ਖੇਡਾਂ ਵਿੱਚ ਆਪਣੀ-ਆਪਣੀ ਡਿਊਟੀ ਨਿਭਾਈ।

# ਛਠ ਪੂਜਾ ਦੌਰਾਨ ਸਫਾਈ ਤੇ ਪਵਿੱਤਰਤਾ ਦਾ ਰੱਖਿਆ ਜਾਵੇ ਧਿਆਨ : ਕਮਲ ਸਰੋਜ

**ਫਗਵਾੜਾ (ਡਾ. ਰਮਨ)**- ਸ਼ਿਵ ਸੈਨਾ ਯੂਬੀਟੀ ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਫਗਵਾੜਾ 'ਚ ਰਹਿ ਰਹੇ ਪੂਰਬੀ ਭਾਰਤ ਤੋਂ ਆਏ ਪ੍ਰਵਾਸੀ ਭਾਈਚਾਰੇ ਨੂੰ ਛਠ ਪੂਜਾ ਦੀਆਂ ਸ਼ੁੱਭ ਇੱਛਾਵਾਂ ਦਿੰਦੇ ਹੋਏ ਇਸ ਪਵਿੱਤਰ ਤਿਉਹਾਰ ਦੌਰਾਨ ਸਫਾਈ ਅਤੇ ਪਵਿੱਤਰਤਾ ਦਾ ਵਿਸ਼ੇਸ਼ ਧਿਆਨ ਰੱਖਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਡੀ.ਜੇ. 'ਤੇ ਅਸ਼ਲੀਲ ਗਾਣੇ ਵਜਾਉਣ ਵਾਲਿਆਂ ਅਤੇ ਪੂਜਾ ਸਥਾਨਾਂ ਦੇ ਨੇੜੇ ਕਿਸੇ ਵੀ ਤਰ੍ਹਾਂ ਦੇ ਨਸ਼ੀਲੇ ਪਦਾਰਥ ਦੇ ਸੇਵਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ। ਇਹ ਨਾ ਸਿਰਫ਼ ਪੁਲਸ ਸਗੋਂ ਪ੍ਰਬੰਧਕਾਂ ਦੀ ਵੀ ਜ਼ਿੰਮੇਵਾਰੀ ਹੈ, ਜਿਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇ। ਸ਼ਿਵ ਸੈਨਾ ਆਗੂ ਨੇ ਨਗਰ ਨਿਗਮ ਪ੍ਰਸ਼ਾਸਨ ਤੋਂ ਮੰਗ ਕੀਤੀ ਛਠ ਪੂਜਾ ਲਈ ਨਹਿਰਾਂ ਅਤੇ ਤਲਾਬਾਂ ਵਿੱਚ ਪਾਣੀ ਦੀ ਢੁਕਵੀਂ ਸਪਲਾਈ, ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਡੁੱਬਣ ਤੋਂ ਬਾਅਦ ਰੋਸ਼ਨੀ ਦੇ ਪ੍ਰਬੰਧ, ਪੂਜਾ ਸਥਾਨਾਂ ਦੇ ਆਲੇ-ਦੁਆਲੇ ਸਫਾਈ ਯਕੀਨੀ ਬਣਾਏ ਅਤੇ ਜਨਤਕ ਸਹੂਲਤ ਲਈ ਲੋੜ ਅਨੁਸਾਰ ਬੈਰੀਕੇਡ ਲਗਾਏ ਜਾਣ। ਉਨ੍ਹਾਂ ਕਿਹਾ ਕਿ ਛਠ ਪੂਜਾ ਤਿਉਹਾਰ ਦੀਵਾਲੀ ਤੋਂ ਬਾਅਦ ਪੂਰਬੀ ਭਾਰਤ ਦੇ ਹਿੰਦੂ ਭਾਈਚਾਰੇ ਦਾ ਮੁੱਖ ਤਿਉਹਾਰ ਹੈ। ਇਹ ਸਥਾਨਕ ਪ੍ਰਸ਼ਾਸਨ ਅਤੇ ਰਾਜ ਸਰਕਾਰ ਦਾ ਫਰਜ਼ ਹੈ ਕਿ ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਪੂਰਬੀ ਰਾਜਾਂ ਤੋਂ ਪੰਜਾਬ ਆ ਕੇ ਇੱਥੋਂ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਵਾਸੀਆਂ ਨੂੰ ਉਹਨਾਂ ਦੇ ਆਪਣੇ ਸੱਭਿਆਚਾਰ ਦੇ ਨਾਲ ਜੁੜੇ ਤਿਉਹਾਰ ਮਨਾਉਣ ਲਈ ਆਰਾਮਦਾਇਕ ਵਾਤਾਵਰਣ ਅਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰੇ।

# ਨਿਰਮਲ ਭੇਖ ਦੇ ਸੰਤਾਂ-ਮਹਾਂਪੁਰਸ਼ਾਂ ਦੀ ਮੀਟਿੰਗ ਕਿਲ੍ਹਾ ਬਰੂਨ ਵਿਖੇ ਹੋਈ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਨਿਰਮਲ ਭੇਖ ਦੇ ਸੰਤਾਂ ਮਹਾਂਪੁਰਸ਼ਾਂ ਅਤੇ ਹੋਰ ਸਨਮਾਨਯੋਗ ਸ਼ਖ਼ਸ਼ੀਅਤਾਂ ਦੀ ਮੀਟਿੰਗ ਨਿਰਮਲ ਕੁਟੀਆ ਕਿਲਾ ਬਰੂਨ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ ਵਾਲਿਆਂ ਦੀ ਪ੍ਰਧਾਨਗੀ ਅਤੇ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲਿਆਂ ਦੀ ਸਰਪ੍ਰਸਤੀ ਹੇਠ ਹੋਈ। ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਨਗਰ ਕੀਰਤਨ ਪੂਰਨ ਮਰਿਆਦਾ ਅਨੁਸਾਰ ਬ੍ਰਹਮ ਗਿਆਨੀ ਸ੍ਰੀਮਾਨ 108 ਸੰਤ ਬਾਬਾ ਜਵਾਲਾ ਸਿੰਘ ਜੀ ਡੇਰਾ ਸੰਤਗੜ੍ਹ ਹਰਖੋਵਾਲ ਤੋਂ ਗੁਰਦੁਆਰਾ ਸੀਸਗੰਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਨਗਰ ਤੱਕ ਸਜਾਉਣ ਸੰਬੰਧੀ ਵਿਚਾਰ ਵਿਚਾਰਾਂ ਕੀਤੀਆਂ ਗਈਆਂ। ਕੀਤੇ ਗਏ ਫੈਸਲੇ ਅਨੁਸਾਰ ਇਹ ਨਗਰ ਕੀਰਤਨ 10 ਨਵੰਬਰ ਨੂੰ ਸਵੇਰੇ 8 ਵਜੇ ਆਰੰਭ ਕੀਤਾ ਜਾਵੇਗਾ। ਸਾਰੇ ਸੰਤ ਮਹਾਂਪੁਰਸ਼ ਆਪੋ ਆਪਣੇ ਸਾਧਨਾ ਮੁਤਾਬਕ ਨਗਰ ਕੀਰਤਨ ਵਿੱਚ ਹਾਜਰੀ ਭਰਨਗੇ ਅਤੇ ਵੱਧ ਤੋਂ ਵੱਧ ਸੰਗਤਾਂ ਦੀ ਹਾਜ਼ਰੀ ਯਕੀਨੀ ਬਣਾਉਣਗੇ। ਨਗਰ ਕੀਰਤਨ ਦੇ ਰਸਤੇ 'ਤੇ ਪੜਾਵਾ ਉੱਪਰ ਫਲੈਕਸਾਂ ਲਗਾਈਆਂ ਜਾਣਗੀਆਂ ਅਤੇ ਸੰਬੰਧਤ ਪ੍ਰਬੰਧਕਾਂ ਨੂੰ ਸੂਚਿਤ ਕੀਤਾ ਜਾਵੇਗਾ। ਇਸ ਰੂਟ 'ਤੇ ਆਉਣ ਵਾਲੇ ਸੰਬੰਧਤ ਨਿਰਮਲ ਡੇਰੇ ਨਗਰ ਕੀਰਤਨ ਦਾ ਸਵਾਗਤ ਕਰਨਗੇ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਮੂਹ ਨਿਰਮਲ ਭੇਖ ਵੱਲੋਂ ਸਜਾਇਆ ਜਾਵੇਗਾ। ਇਸ ਮੀਟਿੰਗ ਦੌਰਾਨ ਸਮੂਹ ਮਹਾਂਪੁਰਸ਼ਾਂ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਸ਼ਤਾਬਦੀ ਸਮਾਗਮਾਂ ਵਿੱਚ ਅਤੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ । ਇਸ ਮੌਕੇ ਸੰਤ ਬਾਬਾ ਅਮਰਜੀਤ ਸਿੰਘ, ਸੰਤ ਕਰਮਜੀਤ ਸਿੰਘ, ਸੰਤ ਮਹਾਵੀਰ ਸਿੰਘ ਤਾਜੇਵਾਲ, ਸੰਤ ਵਿਕਰਮਜੀਤ ਸਿੰਘ ਨੰਗਲ, ਸੰਤ ਪ੍ਰੀਤਮ ਸਿੰਘ ਬਾੜੀਆਂ, ਸੰਤ ਪ੍ਰੀਤਮ ਸਿੰਘ ਡੁਮੇਲੀ, ਸੰਤ ਗੁਰਚਰਨ ਸਿੰਘ ਪੰਡਵਾ, ਬਾਬਾ ਬਲਵੀਰ ਸਿੰਘ ਲੰਗੇਰੀ, ਮਹੰਤ ਤਰਲੋਚਨ ਸਿੰਘ ਡੇਰਾ ਵਿਰੱਕਤਾ, ਤਰਸੇਮ ਸਿੰਘ ਨਿਰਮਲ ਕੁਟੀਆ ਜੌਹਲਾਂ, ਅਜੀਤ ਸਿੰਘ, ਅਸ਼ੋਕ ਸਿੰਘ, ਇੰਦਰਜੀਤ ਸਿੰਘ, ਹਰਜਿੰਦਰ ਸਿੰਘ ਅਟਾਰੀ ਅਤੇ ਹੋਰ ਸੰਤ ਮਹਾਂਪੁਰਸ਼ ਅਤੇ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ।



# ਬਾਬਾ ਵਿਸ਼ਵਕਰਮਾ ਦਿਵਸ ਮੌਕੇ ਸਲਾਨਾ ਧਾਰਮਿਕ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬਘਾਣਾ ਵਿਖੇ ਸ੍ਰੀ ਵਿਸ਼ਵਕਰਮਾ ਮੰਦਰ ਦੇ ਗੜ੍ਹਸ਼ੰਕਰ ਤੋਂ ਆਦਮਪੁਰ ਰੋਡ ਤੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਵਿਸ਼ਵਕਰਮਾ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਵਿਸ਼ਵਕਰਮਾ ਜੀ ਮੰਦਰ ਦੇ ਮੁੱਖ ਸੇਵਾਦਾਰ ਅਮਰੀਕ ਸਿੰਘ ਬਘਾਣਾ, ਰਾਮ ਦਾਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਵਿਸ਼ਵਕਰਮਾ ਦਿਵਸ ਮੌਕੇ ਬਾਬਾ ਵਿਸ਼ਵਕਰਮਾ ਜੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਵਿਸ਼ਵ ਦੀ ਸੁੱਖ ਸ਼ਾਂਤੀ ਹਵਨ ਯੱਗ ਕੀਤਾ ਗਿਆ। ਉਪਰੰਤ ਸਮੂਹ ਝੰਡੇ ਦੀ ਰਸਮ ਅਦਾ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਬਾਬਾ ਵਿਸ਼ਵਕਰਮਾ ਦਿਵਸ ਮੌਕੇ ਸਲਾਨਾ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਜਿਸ ਵਿੱਚ ਪੰਜਾਬ ਦੇ ਨਾਮਵਰ ਕਲਾਕਾਰ ਬਾਬਾ ਵਿਸ਼ਵਕਰਮਾ ਜੀ ਦੇ ਗੁਣਗਾਨ ਕੀਤੇ। ਇਸ ਮੌਕੇ ਪ੍ਰਬੰਧਕਾਂ ਵੱਲੋਂ ਕਲਾਕਾਰਾਂ, ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਬਾਬਾ ਵਿਸ਼ਕਰਮਾ ਮੰਦਰ ਦਾ ਨਵ ਨਿਰਮਾਣ ਹੋ ਰਿਹਾ ਹੈ। ਸਮੂਹ ਇਲਾਕੇ ਦੀਆਂ ਸੰਗਤਾਂ ਨੂੰ ਨਵ ਨਿਰਮਾਣ ਮੰਦਰ ਵਿੱਚ ਸਮੂਹ ਸੰਗਤਾਂ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਗਤਾਂ ਵੱਲੋਂ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ।

# ਪ੍ਰਾਈਵੇਟ ਬੱਸਾਂ ਵਾਲੇ ਕਰ ਰਹੇ ਭੋਗਪੁਰ ਦੀਆਂ ਸਵਾਰੀਆਂ ਨੂੰ ਖੱਜਲ

## ਜਲੰਧਰ ਤੋਂ ਭੋਗਪੁਰ ਨੂੰ ਆਉਣ ਵਾਲੀਆਂ ਸਵਾਰੀਆਂ ਹੋ ਰਹੀਆਂ ਪ੍ਰੇਸ਼ਾਨ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਜਲੰਧਰ ਤੋਂ ਭੋਗਪੁਰ ਨੂੰ ਆਉਣ ਵਾਲੀਆਂ ਸਵਾਰੀਆਂ ਬਹੁਤ ਸਮੇਂ ਤੋਂ ਪ੍ਰੇਸ਼ਾਨ ਹੋ ਰਹੀਆਂ ਹਨ।ਭੋਗਪੁਰ ਦੀ ਸਵਾਰੀ ਬੱਸ ਵਿੱਚ ਨਾ ਹੋਵੇ ਕਹਿ ਕੇ ਪ੍ਰਾਈਵੇਟ ਬੱਸ ਵਿੱਚੋਂ ਉਤਾਰ ਦਿੱਤਾ ਜਾਂਦਾ ਹੈ।ਜਿਸਦੀ ਤਾਜ਼ਾ ਮਿਸਾਲ ਬੱਸ ਅੱਡਾ ਜਲੰਧਰ, ਪੀ. ਏ. ਪੀ. ਚੌਕ ਜਲੰਧਰ ਦੇਖਣ ਨੂੰ ਮਿਲੀ ਜਿੱਥੇ ਕਰੀਬ ਦੁਪਿਹਰ 3 ਵਜੇ ਤੋਂ ਖੜੀਆਂ ਸਵਾਰੀਆਂ ਨੂੰ ਸ਼ਾਮ 5 ਵੱਜ ਗਏ, ਪਰ ਕਿਸੇ ਵੀ ਪ੍ਰਾਈਵੇਟ ਬੱਸ ਵਾਲੇ ਨੇ ਭੋਗਪੁਰ ਦੀ ਸਵਾਰੀ ਨਹੀਂ ਬਿਠਾਈ, ਸਵਾਰੀਆਂ ਥੱਕ ਹਾਰ ਕੇ ਰਿਕਸ਼ਾ ਕਰਕੇ ਰਾਮਾ ਮੰਡੀ ਤੋਂ ਆਦਮਪੁਰ ਦੀ ਬੱਸ ਫੜ ਕੇ ਭੋਗਪੁਰ ਸ਼ਾਮ 7 ਵਜੇ ਭੋਗਪੁਰ ਪਹੁੰਚੀਆਂ, ਸੋਚਣ ਵਾਲੀ ਗੱਲ ਹੈ ਕਿ ਜੇਕਰ ਕਿਸੇ ਸਵਾਰੀ ਦੇ ਰਿਸ਼ਤੇਦਾਰ ਨੂੰ ਕੋਈ ਐਮਰਜੈਂਸੀ ਹੋਵੇ ਤਾਂ ਉਹ ਕੀ ਕਰੇ ਸ਼ਾਇਦ ਪ੍ਰਾਈਵੇਟ ਬੱਸਾਂ ਵਾਲਿਆਂ ਦੇ ਅਜਿਹਾ ਕਰਨ ਨਾਲ ਕਿਸੇ ਦੀ ਜਾਨ ਵੀ ਜਾ ਸਕਦੀ ਹੈ, ਇਸ ਮੌਕੇ ਭੋਗਪੁਰ ਦੀਆਂ ਸਵਾਰੀਆਂ ਨੇ ਕਿਹਾ ਕਿ ਅਸੀਂ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਪੈਸੇ ਦਿੰਦੇ ਹਾਂ ਅਸੀਂ ਕੋਈ ਫਰੀ ਨਹੀਂ ਆਉਂਦੇ।ਦੱਸਣਯੋਗ ਗੱਲ ਇਹ ਵੀ ਹੈ ਕਿ ਜਦ ਬੱਸਾਂ ਦੇ ਅੰਦਰ 52 ਸੀਟਾਂ ਲੱਗੀਆਂ ਹੋਈਆਂ ਹਨ ਤੇ ਇਹ ਬੱਸਾਂ ਵਾਲੇ ਛੱਤ 'ਤੇ ਓਵਰ ਲੋਡ ਸਵਾਰੀਆਂ ਚੜਾ ਦਿੰਦੇ ਹਨ, ਤਾਂ ਜੋ ਦੂਰ ਦੀ ਸਵਾਰੀ ਕੋਲੋ ਮੋਟੀ ਰਕਮ ਵਸੂਲੀ ਜਾ ਸਕੇ, ਚੰਦ ਕੁ ਪੈਸਿਆਂ ਦੀ ਖਾਤਰ ਉਹਨਾਂ ਸਵਾਰੀਆਂ ਦੀ ਜਾਨ ਨਾਲ ਕਿਉਂ ਖਿਲਵਾੜ ਕੀਤਾ ਜਾ ਰਿਹਾ ਹੈ।ਇਸ ਵੱਲ ਪ੍ਰਸ਼ਾਸ਼ਨ ਨੂੰ ਧਿਆਨ ਦੇਣ ਦੀ ਲੋੜ ਹੈ।ਇਸ ਮੌਕੇ ਭੋਗਪੁਰ ਵਾਸੀਆਂ ਨੇ ਕਿਹਾ ਕਿ ਜੇਕਰ ਪ੍ਰਾਈਵੇਟ ਬੱਸਾਂ ਵਾਲਿਆਂ ਨੇ ਜਲੰਧਰ ਤੋਂ ਭੋਗਪੁਰ ਦੀ ਸਵਾਰੀ ਨਾ ਬਿਠਾਈ ਤਾਂ ਇਸ ਸੰਬੰਧੀ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਜਿਸਦੀ ਸਾਰੀ ਜ਼ੁੰਮੇਵਾਰੀ ਪ੍ਰਸ਼ਾਸ਼ਨ ਦੀ ਹੋਵੇਗੀ।



# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ 8 ਨੂੰ ਜਲੰਧਰ ਵਿਖੇ ਜਨਰਲ ਕੌਂਸਲ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ):** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਤੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਪ੍ਰੈਸ ਸਕੱਤਰ ਧਰਮਿੰਦਰ ਸਿੰਘ ਭੰਗੂ ਰਾਹੀਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਜਨਤਕ ਸਿੱਖਿਆ ਨੂੰ ਤਬਾਹ ਕਰਨ ਦੇ ਕੰਢੇ ਕਰ ਦਿੱਤਾ ਹੈ।ਇਸ ਤੋਂ ਇਲਾਵਾ ਇਹ ਸਰਕਾਰ ਮੁਲਾਜ਼ਮ ਵਿਰੋਧੀ ਸਾਬਤ ਹੋਈ ਹੈ ਅਧਿਆਪਕਾ ਦੀਆਂ ਮੁੱਖ ਮੰਗਾਂ ਸਿੱਖਿਆ ਨੀਤੀ ਸਿੱਖਿਆ ਨੀਤੀ 2020 ਰੱਦ ਕੀਤੀ ਜਾਵੇ, ਸਿੱਖਿਆ ਦਾ ਨਿਜੀਕਰਨ ਅਤੇ ਵਪਾਰੀਕਰਨ ਤੁਰੰਤ ਬੰਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, 16 ਫ਼ੀਸਦੀ ਮਹਿੰਗਾਈ ਭੱਤਾ ਤੁਰੰਤ ਜਾਰੀ ਕੀਤਾ ਜਾਵੇ, ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣ। ਹਾਈਕੋਰਟ ਵੱਲੋਂ ਰੱਦ ਕੀਤਾ 15 ਜਨਵਰੀ 2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, 51 78 ਅਧਿਆਪਕਾਂ ਨੂੰ ਨਵੰਬਰ 2017 ਤੋਂ ਪੂਰੀਆਂ ਤਨਖਾਹਾਂ ਭੱਤੇ ਅਤੇ ਛੇਵੇਂ ਪੰਜਾਬ ਤਨਖਾਹ ਦੁਹਰਾਈ ਦੇ ਸਾਰੇ ਲਾਭ ਅਤੇ ਖਜ਼ਾਨੇ ਵਿੱਚ ਗਏ ਬਿੱਲਾਂ ਦਾ ਭੁਗਤਾਨ ਕੀਤਾ ਜਾਵੇ, 8886 ਅਧਿਆਪਕਾਂ ਨੂੰ 1 ਅਪ੍ਰੈਲ 2018 ਤੋਂ ਪੂਰੀਆਂ ਤਨਖਾਹਾਂ ਤੇ ਭੱਤੇ ਦਿੱਤੇ ਜਾਣ, 17 ਜੁਲਾਈ 2020 ਤੋਂ ਨਵੀਆਂ ਨਿਯੁਕਤੀਆਂ ਤੇ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ ਅਤੇ ਪੰਜਾਬ ਦੇ ਸਕੇਲ ਦਿੱਤੇ ਜਾਣ। ਮੰਗਾਂ ਦੀ ਪ੍ਰਾਪਤੀ ਲਈ ਜਲੰਧਰ ਵਿਖੇ ਜਨਰਲ ਕੌਂਸਲ ਕਰਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਜਨਰਲ ਕੌਂਸਲ ਵਿੱਚ ਪੰਜਾਬ ਭਰ ਦੇ ਜੀ ਟੀ ਯੂ ਦੇ ਅਧਿਆਪਕ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।

# 5764 ਪੀ ਸੀ ਐੱਸ ਪ੍ਰੀਖਿਆ ਦੇਣ ਦੇ ਚਾਹਵਾਨ ਵਿਦਿਆਰਥੀਆਂ ਨੇ ਮੁਫ਼ਤ ਕੋਚਿੰਗ ਕੀਤੀ ਪ੍ਰਾਪਤ : ਸੰਧਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੀ.ਸੀ.ਐਸ. ਦੀ ਪ੍ਰੀਖਿਆ ਦੇਣ ਦੇ ਚਾਹਵਾਨ ਪੰਜਾਬ ਦੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਸੂਬੇ ਭਰ ਦੇ ਕੁੱਲ 5764 ਵਿਦਿਆਰਥੀਆਂ ਨੇ ਰਾਜ ਮਲਹੋਤਰਾ ਆਈ.ਏ.ਐਸ. ਸਟੱਡੀ ਗਰੁੱਪ, ਚੰਡੀਗੜ੍ਹ ਤੋਂ ਪੀ.ਸੀ.ਐਸ. (ਐਗਜ਼ੀਕਿਊਟਿਵ)- 2025 ਦੀ ਪ੍ਰੀਲਿਮਜ਼ ਪ੍ਰੀਖਿਆ ਲਈ ਮੁਫ਼ਤ ਕੋਚਿੰਗ ਪ੍ਰਾਪਤ ਕੀਤੀ ।ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀਆਂ ਨੂੰ ਮੁਫ਼ਤ ਨੋਟਸ/ਸਮੱਗਰੀ ਪ੍ਰਦਾਨ ਕੀਤੀ ਗਈ। ਉਨ੍ਹਾਂ ਕਿਹਾ ਕਿ ਸਿੱਖਿਆ ਸਮਾਜ ਦੀ ਰੀੜ੍ਹ ਦੀ ਹੱਡੀ ਹੈ ਅਤੇ ਸਾਡੀ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਅਤੇ ਹੁਨਰ ਵਿਕਾਸ ਪ੍ਰਦਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

# ਸੁਖਮਨ ਸਿੰਘ ਨੂੰ ਜ਼ਿਲ੍ਹੇ 'ਚ ਪਹਿਲਾ ਸਥਾਨ ਹਾਸਲ



**ਫਿਲੌਰ (ਹਰਜਿੰਦਰ ਕੌਰ ਚਾਹਲ)**- ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਵਿਦਿਆਰਥੀ ਸੁਖਮਨ ਸਿੰਘ ਪੁੱਤਰ ਅਵਤਾਰ ਲਾਲ/ਸੀਤਾ ਰਾਣੀ ਨੇ ਪੰਜਾਬ ਸਕੂਲ ਖੇਡਾਂ ਆਧੀਨ ਕਰਵਾ ਰਹੇ ਜ਼ਿਲਾ ਪੱਧਰੀ ਕਰਾਟੇ ਮੁਕਾਬਲਿਆਂ 'ਚ ਆਪਣੇ ਭਾਰ ਵਰਗ 'ਚ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਐਮ.ਡੀ. ਸੁਖਦੀਪ ਸਿੰਘ ਨੇ ਦੱਸਿਆ ਕਿ ਸਰਵਪੱਖੀ ਵਿਕਾਸ ਲਈ ਸਕੂਲ ਬੱਚਿਆਂ ਨੂੰ ਖੇਡਾਂ 'ਚ ਅੱਗੇ ਲਿਆ ਰਿਹਾ ਹੈ। ਇਸ ਤੋਂ ਪਹਿਲਾਂ ਸਕੂਲ ਦੇ ਖਿਡਾਰੀ ਕਈ ਸਟੇਟ ਪੱਧਰੀ ਮੁਕਬਲਿਆਂ 'ਚ ਹਿੱਸਾ ਲੈ ਚੁੱਕੇ ਹਨ ਅਤੇ ਪੰਜਾਬ, ਜ਼ਿਲ੍ਹੇ, ਜ਼ੋਨ ਅਤੇ ਇਲਾਕੇ ਦਾ ਨਾਂ ਰੋਸ਼ਨ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਜਿਥੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜੇ ਦੀ ਮੈਰਿਟ ਸੂਚੀ 'ਚ ਸਥਾਨ ਹਾਸਲ ਕਰਦੇ ਹਨ ਉਥੇ ਖੇਡਾਂ 'ਚ ਵੀ ਸਕੂਲ ਦਾ ਨਾਂ ਰੋਸ਼ਨ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦੇ ਖੇਡਾਂ ਸਬੰਧੀ ਕੋਚ ਗੁਰਜੀਤ ਸਿੰਘ, ਜਸਮਾਨ ਜੋ ਸਕੂਲ ਚੇਅਰਮੈਨ ਚਰਨਜੀਤ ਸਿੰਘ ਦੇ ਦਿਸ਼ਾਂ ਨਿਰਦੇਸ਼ਾ ਤਹਿਤ ਖਿਡਾਰੀਆਂ ਦੀ ਤਿਆਰੀ ਕਰਵਾਉਂਦੇ ਹਨ ਅਤੇ ਸਕੂਲ ਦਾ ਨਾਂ ਇਲਾਕੇ 'ਚ ਰੋਸ਼ਨਾ ਰਹੇ ਹਨ। ਇਸ ਮੌਕੇ ਉਨ੍ਹਾਂ ਇਸ ਜਿੱਤ ਲਈ ਮਾਪਿਆਂ ਅਤੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

# ਬਲਾਕ ਪੱਧਰੀ ਸਾਇੰਸ ਡਰਾਮਾ ਪ੍ਰਤੀਯੋਗਤਾ ਕਰਵਾਈ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ ਵਿਖੇ ਬਲਾਕ ਪੱਧਰੀ ਸਾਇੰਸ ਡਰਾਮਾ ਪ੍ਰਤੀਯੋਗਤਾਵਾਂ ਕਰਵਾਈ ਗਈ, ਜਿਸ ਵਿੱਚ ਬਲਾਕ ਨਕੋਦਰ-2 ਦੇ ਸਾਰੇ ਸਕੂਲਾਂ ਵੱਲੋਂ ਵੱਖ-ਵੱਖ ਸਾਇੰਸ ਵਿਸ਼ਿਆਂ ਵਿੱਚ ਬੱਚਿਆਂ ਦੀ ਸ਼ਮੂਲੀਅਤ ਕਰਵਾਈ ਗਈ।ਇਹਨਾਂ ਗਤੀਵਿਧੀਆਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ, ਸਰਕਾਰੀ ਹਾਈ ਸਕੂਲ ਚੱਕ ਮੁਗ਼ਲਾਨੀ ਅਤੇ ਸਰਕਾਰੀ ਮਿਡਲ ਸਕੂਲ ਆਲੋਵਾਲ ਦੇ ਬੱਚਿਆਂ ਵੱਲੋਂ ਜੋ ਡਰਾਮਾ ਪੇਸ਼ਕਾਰੀ ਕੀਤੀ ਗਈ, ਉਸ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਗਿਆ। ਇਹਨਾਂ ਬੱਚਿਆਂ ਨਾਲ ਆਏ ਉਹਨਾਂ ਦੇ ਗਾਈਡ ਟੀਚਰ ਸਕੰਸਸਸ ਸ਼ੰਕਰ ਤੋਂ ਸ਼੍ਰੀਮਤੀ ਰੁਪਿੰਦਰ ਕੌਰ (ਸਾਇੰਸ ਮਿਸਟ੍ਰੈਸ) ਅਤੇ ਸ੍ਰੀ ਆਸ਼ੀਸ਼ ਸਾਇੰਸ ਮਾਸਟਰ ਅਤੇ ਸਹਸ ਚੱਕ ਮੁਗਲਾਣੀ ਤੋਂ ਮੈਡਮ ਰੋਮੀਕਾ ਵਧਵਾ ਅਤੇ ਸਰਕਾਰੀ ਮਿਡਲ ਸਕੂਲ ਆਲੋਵਾਲ ਤੋਂ ਮੈਡਮ ਗੌਰਵੀ ਨਾਲ ਹਾਜ਼ਰ ਸਨ।ਇਸ ਸਾਇੰਸ ਡਰਾਮਾ ਪ੍ਰਤੀਯੋਗਤਾ ਵਿੱਚ ਨਰੇਸ਼ ਕੁਮਾਰ ਸ਼ਰਮਾ ਲੈਕਚਰਾਰ ਬਾਇਓ, ਗੁਰਵਿੰਦਰ ਕੌਰ (ਸਾਇੰਸ ਮਿਸਟ੍ਰੈਸ) ਸਰਕਾਰੀ ਹਾਈ ਸਕੂਲ ਸ਼ੰਕਰ, ਦੀਪਕ ਸ਼ਰਮਾ ਸਸਸਸ ਸਰੀਂਹ ਵੱਲੋਂ ਬਤੌਰ ਜੱਜ ਭੂਮਿਕਾ ਨਿਭਾਈ ਗਈ।ਉਹਨਾਂ ਵੱਲੋਂ ਕੀਤੀ ਜੱਜਮੈਂਟ ਤੋਂ ਬਾਅਦ ਸ਼੍ਰੀਮਤੀ ਦਮਨਜੀਤ ਕੌਰ ਬਲਾਕ ਨੋਡਲ ਅਫਸਰ ਨਕੋਦਰ-2 ਵੱਲੋਂ ਆਏ ਹੋਏ ਸਾਰੇ ਹੀ ਬੱਚਿਆਂ ਨੂੰ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ 'ਤੇ ਹੌਸਲਾ ਅਫਜਾਈ ਕੀਤੀ। ਇਸ ਮੌਕੇ ਮਨਜਿੰਦਰ ਸਿੰਘ ਬੱਲ, ਰੁਪਿੰਦਰ ਕੌਰ ਲੈਕਚਰਾਰ ਮੈਥ, ਰਾਜੇਸ਼ ਕੁਮਾਰ ਲੈਕਚਰਾਰ ਅਰਥ ਸ਼ਾਸਤਰ (ਸਕੰਸਸਸ ਸ਼ੰਕਰ) ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਹੋਈ



**ਬੰਗਾ (ਅਵਤਾਰ ਕਲੇਰ)** ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਕਿਸਾਨ ਆਗੂ ਦਸੌਂਦਾ ਸਿੰਘ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਸ਼ਾਮਲ ਪੰਜਾਬ ਰੋਡਵੇਜ਼ ਦੇ ਕੰਮ ਕਰਦੇ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ, ਉਹਨਾਂ ਦੀਆਂ ਬਣਦੀਆਂ ਤਨਖਾਹਾਂ ਨੂੰ ਸਮੇਂ ਸਿਰ ਮੁਲਾਜ਼ਮਾਂ ਤੱਕ ਪਹੁੰਚਾਉਣ ਲਈ ਅਤੇ ਕਰਮਚਾਰੀਆਂ ਨਾਲ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵਾਰੇ ਚਰਚਾ ਕੀਤੀ ਗਈ।ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਰੋਡਵੇਜ਼ ਨੂੰ ਖਤਮ ਕਰਨ ਦੇ ਮਨਸੂਬੇ ਨਾਲ ਜੋ ਹੱਥਕੰਡੇ ਅਪਣਾਏ ਜਾ ਰਹੇ ਹਨ।ਕਿਲੋਮੀਟਰ ਸਕੀਮ ਹੋਵੇ, ਚਾਹੇ ਉਹ ਵਰਕਰਾਂ ਨੂੰ ਤਨਖਾਹ, ਚਾਹੇ ਵਰਕਰਾਂ ਤੋਂ ਕੰਮ ਵੱਧ ਸਮਾਂ ਲੈਣਾ ਤੇ ਉਹਨਾਂ ਨੂੰ ਮੁੱਖ ਸਹੂਲਤਾਂ ਤੋਂ ਵੀ ਵਾਂਝੇ ਕਰਨਾ, ਇਸ ਸਾਰੇ ਸਿਸਟਮ ਦੀ ਜੋ ਸਰਕਾਰ ਵੱਲੋਂ ਅਪਣਾਇਆ ਜਾ ਰਿਹਾ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਪੰਜਾਬ ਪੈਨਸ਼ਨ ਯੂਨੀਅਨ ਦੇ ਜਨਰਲ ਸਕੱਤਰ ਗੁਰਮੇਲ ਚੰਦ ਨੇ ਸਰਕਾਰ ਦੀ ਪੁਰਜੋਰ ਸ਼ਬਦਾਂ 'ਚ ਨਿਖੇਧੀ ਕੀਤੀ ਅਤੇ ਮਹਿਕਮੇ ਨੂੰ ਢਾਹ ਲਾਉਣ ਵਾਲੇ ਜਿਹੜੇ ਉਪਰਾਲੇ ਸਰਕਾਰ ਕਰ ਰਹੀ ਹੈ ਇਹਨਾਂ ਦੀ ਪੁਰਜੋਰ ਸ਼ਬਦਾਂ ਚ ਨਿਖੇਧੀ ਕਰਦੀ ਹੈ।ਮਹਿਕਮੇ ਵੱਲੋਂ ਲੋਕਾਂ ਦੀਆਂ ਤਨਖਾਹਾਂ ਸਮੇਂ ਸਿਰ ਨਾ ਦੇਣਾ ਵਾਰ-ਵਾਰ ਸਮਾਂ ਦੇ ਕੇ ਮੀਟਿੰਗਾਂ ਸਰਕਾਰ ਨੇ ਨਾ ਕੀਤੀਆਂ ਨਾ ਹੀ ਕੋਈ ਭਰੋਸੇ ਯੋਗ ਹੱਲ ਲੱਭਿਆ। ਲੰਬੇ ਸਮੇਂ ਤੋਂ ਮਹਿਕਮੇ ਵਿੱਚ ਕੰਮ ਕਰ ਰਹੇ ਆਗੂਆਂ ਨਾਲ ਮੀਟਿੰਗਾਂ ਦਾ ਸਮਾਂ ਤੈ ਕਰਕੇ ਉਹਨਾਂ ਦੀਆਂ ਮੰਗਾਂ ਨੂੰ ਲਟਕਾਇਆ ਜਾ ਰਿਹਾ ਹੈ।ਮੀਟਿੰਗ ਵਿੱਚ ਸ਼ਾਮ ਲਾਲ, ਸੁਰਿੰਦਰ ਕੁਮਾਰ, ਬਲਵੀਰ ਚੰਦ, ਗੁਰਪਾਲ ਸਿੰਘ ਬੀਏ, ਮਹਿੰਦਰ ਸਿੰਘ, ਪ੍ਰੇਮ ਸਿੰਘ ,ਪ੍ਰੇਮ ਕੁਮਾਰ, ਸੁਖਦੇਵ ਸਿੰਘ, ਬਖਸ਼ੀਸ਼ ਸਿੰਘ, ਜਸਵਿੰਦਰ ਭੰਗਲ ਤੋਂ ਇਲਾਵਾ ਹੋਰ ਵੀ ਸਾਥੀ ਸ਼ਾਮਲ ਸਨ।

# ਸੀਨੀਅਰ ਪੱਤਰਕਾਰ ਨਰਿੰਦਰ ਸੋਨੀਆ ਦੀ ਭੈਣ ਦਾ ਦੇਹਾਂਤ, ਇਲਾਕੇ 'ਚ ਸੋਗ ਦੀ ਲਹਿਰ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਲਕਾ ਸੁਲਤਾਨਪੁਰ ਲੋਧੀ ਦੇ ਉੱਘੇ ਸਮਾਜ ਸੇਵੀ ਅਤੇ ਸਾਹਿਤ ਪ੍ਰੇਮੀ, ਸਾਹਿਤ ਸਭਾ ਅਤੇ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ ਦੇ ਸਰਪ੍ਰਸਤ ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਭੈਣ ਸਤਿਕਾਰ ਯੋਗ ਬੀਬੀ ਭੁਪਿੰਦਰ ਕੌਰ ਪਤਨੀ ਮਲਕੀਅਤ ਸਿੰਘ ਪਿੰਡ ਸੈਦਪੁਰ ਦਾ ਅਚਨਚੇਤ ਦੇਹਾਂਤ ਹੋ ਗਿਆ । ਭੁਪਿੰਦਰ ਕੌਰ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਪਿੰਡ ਸੈਦਪੁਰ ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਕਰ ਦਿੱਤਾ ਗਿਆ। ਇਸ ਮੌਕੇ ਪਦਮਸ਼੍ਰੀ ਸੰਤ ਬਲਵੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ, ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਆਮ ਆਦਮੀ ਪਾਰਟੀ, ਇੰਜੀਨੀਅਰ ਸਵਰਨ ਸਿੰਘ, ਗੁਰਪ੍ਰੀਤ ਕੌਰ ਰੂਹੀ, ਜਰਨੈਲ ਸਿੰਘ ਡੋਗਰਾਂਵਾਲ, ਕੈਪਟਨ ਹਰਮਿੰਦਰ ਸਿੰਘ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਸੁਖਦੇਵ ਸਿੰਘ ਨਾਨਕਪੁਰ ਸੀਨੀਅਰ ਆਗੂ ਅਕਾਲੀ ਦਲ, ਸੰਯੁਕਤ ਕਿਸਾਨ ਮੋਰਚੇ ਵੱਲੋਂ ਐਡਵੋਕੇਟ ਰਜਿੰਦਰ ਸਿੰਘ ਰਾਣਾ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਬਲਵਿੰਦਰ ਸਿੰਘ ਧਾਲੀਵਾਲ ਪੱਤਰਕਾਰ, ਜਸਪਾਲ ਸਿੰਘ ਐਡਵੋਕੇਟ ਸਾਬਕਾ ਚੇਅਰਮੈਨ ਕੰਬੋਜ ਵੈਲਫੇਅਰ ਬੋਰਡ ਪੰਜਾਬ, ਐਡਵੋਕੇਟ ਸਤਨਾਮ ਸਿੰਘ ਮੋਮੀ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਮਾਸਟਰ ਸੁੱਚਾ ਸਿੰਘ ਪ੍ਰਧਾਨ ਪੈਨਸ਼ਨ ਯੂਨੀਅਨ, ਮਾਸਟਰ ਚਰਨ ਸਿੰਘ, ਸੁਖਵਿੰਦਰ ਸਿੰਘ ਸੁਖ ਸਾਬਕਾ ਚੇਅਰਮੈਨ, ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ, ਤੇਜਵੰਤ ਸਿੰਘ ਕੌਂਸਲਰ ਸਾਬਕਾ ਚੇਅਰਮੈਨ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਰਾਜੂ, ਸਾਬਕਾ ਪ੍ਰਧਾਨ ਅਸ਼ੋਕ ਮੋਗਲਾ, ਵਰਨ ਸ਼ਰਮਾ ਸਾਬਕਾ ਪ੍ਰਧਾਨ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ, ਬਲਵਿੰਦਰ ਸਿੰਘ ਲਾਡੀ ਸਾਬਕਾ ਚੇਅਰਮੈਨ ਪ੍ਰੈਸ ਕਲੱਬ, ਸੁਰਿੰਦਰ ਪਾਲ ਸੋਡੀ ਪ੍ਰਧਾਨ ਪ੍ਰੈਸ ਕਲੱਬ, ਦਿਲਬਾਗ ਸਿੰਘ ਗਿੱਲ ਐਮ ਡੀ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਸੁਲਤਾਨਪੁਰ ਲੋਧੀ, ਮੇਜਰ ਸਿੰਘ ਖਾਲਸਾ ਢਾਡੀ ਜੱਥਾ ਸੁਲਤਾਨਪੁਰ ਲੋਧੀ, ਸੂਰਤ ਸਿੰਘ ਮਿਰਜ਼ਾਪੁਰ, ਸੰਤੋਖ ਸਿੰਘ ਭਾਗੋ ਰੀਆਂ ਸਾਬਕਾ ਚੇਅਰਮੈਨ, ਕਰਮਵੀਰ ਸਿੰਘ ਕੇਬੀ ਸਾਬਕਾ ਚੇਅਰਮੈਨ, ਕੰਵਲਨੈਨ ਸਿੰਘ ਕੈਨੀ ਐਮ ਡੀ ਜੱਜ ਗੈਸ ਏਜੰਸੀ, ਮਨਦੀਪ ਸਿੰਘ ਰਿਮ ਜਿਮ ਹੋਟਲ, ਜਤਿੰਦਰ ਸਿੰਘ ਸੇਠੀ, ਕੁਲਦੀਪ ਸਿੰਘ ਡਿਪਟੀ, ਜੋਬਨਪ੍ਰੀਤ ਸਿੰਘ ਸਾਬਕਾ ਸਰਪੰਚ ਹਾਜੀਪੁਰ, ਨਰਿੰਦਰ ਪੰਨੂ ਸਾਬਕਾ ਐਮ ਸੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਕੰਢੀ ਖੇਤਰ 'ਚ ਬਿਜਲੀ ਸਪਲਾਈ ਹੋਵੇਗੀ ਹੋਰ ਸੁਚਾਰੂ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਵੱਲੋਂ ਕੰਢੀ ਖੇਤਰ ਵਿੱਚ ਬਿਜਲੀ ਸਪਲਾਈ ਨੂੰ ਹੋਰ ਸੁਚਾਰੂ ਅਤੇ ਬੇਹਤਰ ਢੰਗ ਨਾਲ ਮੁਹੱਈਆ ਕਰਵਾਉਣ ਲਈ ਨੇੜਲੇ ਪਿੰਡ ਟੱਪਰੀਆਂ ਖੁਰਦ ਵਿਖੇ ਜਲਦ ਹੀ 4.66 ਕਰੋੜ ਰੁਪਏ ਦੀ ਲਾਗਤ ਨਾਲ 66 ਕੇ.ਵੀ ਸਬ ਸਟੇਸ਼ਨ ਸਥਾਪਿਤ ਕੀਤਾ ਜਾਵੇਗਾ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ

**● ਟੱਪਰੀਆਂ ਖੁਰਦ 'ਚ ਬਣੇਗਾ 66 ਕੇ ਵੀ ਸਬ-ਸਟੇਸ਼ਨ**

ਜਸਵੀਰ ਸਿੰਘ ਗੜ੍ਹੀ ਨੇ 24 ਅਕਤੂਬਰ ਨੂੰ ਬਲਾਚੌਰ ਦੇ ਐੱਸ ਡੀ ਐੱਮ ਕ੍ਰਿਤਿਕਾ ਗੋਇਲ ਤੇ ਪਾਵਰ ਕਾਮ ਦੇ ਸੀਨੀਅਰ ਅਧਿਕਾਰੀਆਂ ਸਮੇਤ ਪਿੰਡ ਟੱਪਰੀਆਂ ਖੁਰਦ ਪਹੁੰਚ ਕੇ 66 ਕੇ.ਵੀ ਸਬ ਸਟੇਸ਼ਨ ਦੇ ਨਿਰਮਾਣ ਵਾਲੀ ਥਾਂ ਦਾ ਜਾਇਜ਼ਾ ਲਿਆ। ਪੰਜਾਬ ਰਾਜ ਬਿਜਲੀ ਨਿਗਮ (ਪੀ ਐੱਸ ਪੀ ਸੀ ਐੱਲ) ਦੇ ਅਧਿਕਾਰੀਆਂ ਨੇ ਦੱਸਿਆ ਕਿ 66 ਕੇ ਵੀ ਸਬ ਸਟੇਸ਼ਨ ਦਾ ਨਿਰਮਾਣ ਕਾਰਜ ਜਲਦ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਦੇ ਬਣਨ ਨਾਲ ਨੇੜਲੇ ਪਿੰਡਾਂ ਨੂੰ ਵੱਡੀ ਸਹੂਲਤ ਹੋਵੇਗੀ। ਅਧਿਕਾਰੀਆਂ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਦੱਸਿਆ ਕਿ ਸਬ ਸਟੇਸ਼ਨ ਵਾਲੀ ਥਾਂ 'ਤੇ ਪੰਚਾਇਤ ਵੱਲੋਂ ਲੋੜੀਂਦੀ ਭਰਤ ਪਾਉਣ ਨਾਲ ਨਿਰਮਾਣ ਕਾਰਜ ਲਈ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ ਅਤੇ ਇਸ ਸਬੰਧੀ ਪੰਚਾਇਤ ਨਾਲ ਗੱਲਬਾਤ ਹੋ ਚੁੱਕੀ ਹੈ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੰਢੀ ਖੇਤਰ ਵਿੱਚ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਬਿਜਲੀ ਖੇਤਰ ਵਿੱਚ ਇਹ ਵੱਡਾ ਪ੍ਰਾਜੈਕਟ ਹੈ ਜਿਸ ਨਾਲ ਖੇਤਰ ਦੇ 15-20 ਪਿੰਡਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੀ ਸਹੂਲਤ ਹੋਵੇਗੀ। ਉਨ੍ਹਾਂ ਕਿਹਾ ਕਿ ਸਬ-ਸਟੇਸ਼ਨ ਦੀ ਸਥਾਪਤੀ ਨਾਲ ਵੇਦਾਂਤ ਅਚਾਰੀਆ ਸਵਾਮੀ ਚੇਤਨਾਨੰਦ ਮਹਾਰਾਜ ਭੂਰੀ ਵਾਲਿਆਂ ਦੇ ਗੁਰਗੱਦੀ ਪਰੰਪਰਾ ਦੇ ਧਾਰਮਿਕ ਸਥਾਨ ਰਾਮਸਰ ਮੋਕਸ਼ ਧਾਮ, ਟੱਪਰੀਆਂ ਖੁਰਦ ਅਤੇ ਸੰਸਥਾਨ ਦੀਆਂ ਵਿਦਿਅਕ, ਸਿਹਤ ਅਤੇ ਸਮਾਜਿਕ ਕਾਰਜਾਂ ਲਈ ਚਲਾਈਆਂ ਜਾ ਰਹੀਆਂ ਸੰਸਥਾਵਾਂ ਨੂੰ ਬਿਜਲੀ ਸਪਲਾਈ ਦੀ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।



# 7963 ਘਰਾਂ 'ਚ ਮਿਲਿਆ ਲਾਰਵਾ, ਸਿਵਲ ਸਰਜਨ ਵੱਲੋਂ ਲੋਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਿਹਤ ਵਿਭਾਗ ਦੁਆਰਾ ਜ਼ਿਲ੍ਹੇ ਵਿਚ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਪੂਰੇ ਜ਼ੋਰ-ਸ਼ੋਰ ਨਾਲ ਚਲਾਈ ਜਾ ਰਹੀ ਹੈ। ਵਿਆਪਕ ਘਰ-ਘਰ ਜਾਂਚ, ਜਾਗਰੂਕਤਾ ਅਤੇ ਅਗਾਊਂ ਰੋਕਥਾਮ ਪ੍ਰਬੰਧਾਂ ਸਦਕਾ ਜ਼ਿਲ੍ਹੇ ਵਿਚ ਇਸ ਵਾਰ ਪਿਛਲੇ ਸਾਲਾਂ ਦੇ ਮੁਕਾਬਲੇ ਡੇਂਗੂ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਏ ਹਨ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਸਿਹਤ ਟੀਮਾਂ ਦੁਆਰਾ ਜ਼ਿਲ੍ਹੇ ਵਿਚ ਇਸ ਸਾਲ ਮਾਰਚ ਮਹੀਨੇ ਤੋਂ ਹੁਣ ਤਕ 5,24,654 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿਚੋਂ 7963 ਘਰਾਂ ਵਿਚ ਮੱਛਰ ਦਾ ਲਾਰਵਾ ਮਿਲਿਆ ਹੈ। ਇਸੇ ਤਰ੍ਹਾਂ 1603712 ਕੰਟੇਨਰ ਚੈੱਕ ਕੀਤੇ ਗਏ ਹਨ ਜਿਨ੍ਹਾਂ ਵਿਚੋਂ 10769 ਕੰਟੇਨਰਾਂ ਵਿਚ ਮੱਛਰ ਦਾ ਲਾਰਵਾ ਮਿਲਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਮੁਹਿੰਮ ਵਿਚ ਸਿਹਤ ਵਿਭਾਗ ਦਾ ਸਾਥ ਦੇਣ ਅਤੇ ਖ਼ੁਦ ਵੀ ਸਾਵਧਾਨੀਆਂ ਵਰਤਦਿਆਂ ਇਸ ਜਾਨਲੇਵਾ ਬੁਖ਼ਾਰ ਤੋਂ ਆਪਣਾ ਬਚਾਅ ਕਰਨ ਕਿਉਂਕਿ ਇਨ੍ਹਾਂ ਦਿਨਾਂ ਵਿਚ ਡੇਂਗੂ ਬੁਖ਼ਾਰ ਦੇ ਜ਼ਿਆਦਾ ਫੈਲਣ ਦੀ ਸੰਭਾਵਨਾ ਹੁੰਦੀ ਹੈ। ਇਸੇ ਦੌਰਾਨ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਅੱਜ ਜ਼ਿਲ੍ਹੇ ਦੇ ਵੱਖ ਵੱਖ ਨਿੱਜੀ ਹਸਪਤਾਲਾਂ ਅਤੇ ਨਰਸਿੰਗ ਹੋਮਾਂ ਵਿਚ ਚੈਕਿੰਗ ਕਰਦਿਆਂ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ।

# ਐੱਨ ਐੱਸ ਐੱਸ ਦੇ ਸੱਤ ਰੋਜ਼ਾ ਕੈਂਪ ਦੀ ਸ਼ੁਰੂਆਤ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਐਨ.ਐਸ.ਐਸ. ਯੂਨਿਟ ਵੱਲੋਂ ਸੱਤ ਰੋਜ਼ਾ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਸ ਕੈਂਪ ਦੀ ਸ਼ੁਰੂਆਤ ਐਨ.ਐਸ.ਐਸ. ਵਲੰਟੀਅਰਜ਼ ਵੱਲੋਂ ਪ੍ਰਿੰਸੀਪਲ ਮੈਡਮ ਅਤੇ ਵਾਈਸ ਪ੍ਰਿੰਸੀਪਲ ਨੂੰ ਇੱਕ ਖ਼ੂਬਸੂਰਤ ਪੌਦਾ ਦੇ ਕੇ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੀ ਮਹੱਤਤਾ ਦੱਸਦੇ ਹੋਏ, ਕੈਂਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਇਸ ਨਾਲ ਕੀ ਸਕਰਾਤਮਕ ਤਬਦੀਲੀ ਆਵੇਗੀ, ਬਾਰੇ ਜਾਣਕਾਰੀ ਦਿੱਤੀ।ਇਸ ਤੋਂ ਬਾਅਦ ਸਮੁੱਚੇ ਵਲੰਟੀਅਰਜ਼ ਨੂੰ ਵੱਖ-ਵੱਖ ਟੀਮਾਂ ਵਿੱਚ ਵੰਡਿਆ ਗਿਆ ਅਤੇ ਉਹਨਾਂ ਨੂੰ ਆਉਣ ਵਾਲੇ 6 ਦਿਨਾਂ ਦੇ ਕੰਮਾਂ ਬਾਰੇ ਦੱਸਿਆ ਗਿਆ। ਵਲੰਟੀਅਰ ਟੀਮ ਵੱਲੋਂ ਖਾਣਾ ਵੀ ਆਪਣੇ ਆਪ ਹੀ ਬਣਾਇਆ ਗਿਆ। ਇਸ ਮੌਕੇ ਪ੍ਰੋ. ਮੋਹਨੀਸ਼ ਆਰੀਆ ਕੋਆਰਡੀਨੇਟਰ ਐਨ.ਐਸ.ਐਸ. ਵੱਲੋਂ ਵਲੰਟੀਅਰਜ਼ ਨੂੰ ਸੱਤ ਰੋਜ਼ਾ ਕੈਂਪ ਦੀ ਮਹੱਤਤਾ ਨੂੰ ਦੱਸਦੇ ਹੋਏ ਰਾਸ਼ਟਰੀ ਸਮਾਜ ਸੇਵਾ ਵਿੱਚ ਆਪਣਾ ਨਿਸਵਾਰਥ ਭਾਵ ਤੋਂ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਕੋਮਲ ਦਿਓਲ ਨੇ ਵਲੰਟੀਅਰਜ਼ ਦੀ ਹੌਸਲਾ ਅਫਜ਼ਾਈ ਕੀਤੀ । ਅੰਤ ਵਿੱਚ ਵਾਈਸ ਪ੍ਰਿੰਸੀਪਲ ਪ੍ਰੋ. ਆਮੀ ਭੱਲਾ ਨੇ ਐਨ.ਐਸ.ਐਸ.ਵਲੰਟੀਅਰਾਂ ਨੂੰ ਇਸ ਕੈਂਪ ਨੂੰ ਸ਼ੁਰੂ ਕਰਨ 'ਤੇ ਆਸ਼ੀਰਵਾਦ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਮਾਜ ਸੇਵਾ ਕੰਮ ਦੇ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ। ਇਹ ਸਮੁੱਚਾ ਕੈਂਪ ਪ੍ਰੋ. ਮੋਹਨੀਸ਼ ਆਰੀਆ, ਪ੍ਰੋ. ਕੋਮਲ ਦਿਓਲ, ਡਾ. ਸ਼ਕੁੰਤਲਾ, ਪ੍ਰੋ. ਰਵਿੰਦਰ ਸਿੰਘ ਅਤੇ ਪ੍ਰੋ. ਕਿਰਨਪ੍ਰੀਤ ਕੌਰ ਦੀ ਦੇਖ-ਰੇਖ ਵਿੱਚ ਲਗਾਇਆ ਜਾਵੇਗਾ।



ਪ੍ਰਵਾਸੀ ਮਜ਼ਦੂਰ-ਬਹੁਪੱਖੀ ਵਿਸ਼ਲੇਸ਼ਣ (ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57


ਜਲੰਧਰ : ਐਤਵਾਰ, 26 ਅਕਤੂਬਰ 2025

www.nawanzamana.in

ਕੀਮਤ 5.00 ਰੁਪਏ


ਵਿਆਕੁਲ, ਭਟਕਦਾ ਕਿਰਦਾਰ ਹਾਂ ਮੈਂ
ਸਿਧਾਰਥ-ਬੁੱਧ ਦੇ ਵਿਚਕਾਰ ਹਾਂ ਮੈਂ,
ਇਹ ਖੰਡ, ਅੰਬਰ, ਹਵਾ ਸਭ ਕਲਪਨਾ ਹੈ
ਸ਼ੁਦਾਈਆ ! ਹੋਸ਼ ਕਰ ਘਰ-ਬਾਰ ਹਾਂ ਮੈਂ।

*- ਅਨੀ ਕਾਠਗੜ੍ਹ*



# ਕੀ ਅਸੀਂ ਮੁਸਲਿਮ ਹਾਂ ਜਾਂ ਮੁਜਰਿਮ ?

*"ਭਾਰਤ ਵਿਚ ਮੁਸਲਮਾਨਾਂ ਵਿਰੁੱਧ ਹਿੰਸਕ ਕਾਰਵਾਈਆਂ ਰੋਜ਼ਾਨਾ ਦਾ ਜਨਤਕ ਵਰਤਾਰਾ ਬਣ ਗਿਆ ਹੈ, ਜਿਸ ਨਾਲ ਦੇਸ਼ ਦੀ ਬਹੁਮੱਤਵਾਦ ਦੀ ਸਿਆਸਤ ਨੇ ਨਸਲੀ ਨਫਰਤ ਨੂੰ ਜਨਤਾ ਦੇ ਮਨੋਰੰਜਨ ਦਾ ਜ਼ਰੀਆ ਬਣਾ ਦਿੱਤਾ ਹੈ ਅਤੇ ਖਾਮੋਸ਼ੀ ਜੁਰਮ ਕਰਨ ਵਾਲੇ ਦੀ ਸਹਿਯੋਗੀ ਬਣ ਗਈ ਹੈ।"*


## ਇਸਮਾਈਲ ਸਾਲਾਹੁਦੀਨ

### ਅਨੁਵਾਦ - ਪੁਸ਼ਪਿੰਦਰ


ਅੱਜ ਦੇ ਹਿੰਦੁਸਤਾਨ ਦੀ ਹਰੇਕ ਸੁਬ੍ਹਾ ਦੋ ਤਕਰੀਬਨ ਸਮਾਂਤਰ ਚਲਦੀਆਂ ਖਬਰਾਂ ਦੇ ਨਾਲ ਸ਼ੁਰੂ ਹੁੰਦੀ ਹੈ । ਇੱਕ ਹੈ ਟੈਲੀਵਿਜ਼ਨ ਚੈਨਲਾਂ ਉਪਰ ਕਥਿਤ ਸਿਆਸੀ ਵਿਦਵਾਨਾਂ , ਆਰਥਿਕ ਮਾਹਿਰਾਂ ਅਤੇ ਧਰਮ ਦੇ ਠੇਕੇਦਾਰਾਂ ਦਰਮਿਆਨ ਚਲਦੇ ਸੰਵਾਦਾਂ ਦੇ ਦ੍ਰਿਸ਼, ਜਿਨ੍ਹਾਂ ਨੂੰ ਬੜੇ ਧਿਆਨ ਨਾਲ ਪ੍ਰਸਾਰਤ ਕੀਤਾ ਜਾਂਦਾ ਹੈ - ਇਨ੍ਹਾਂ ਬਹਿਸਾਂ ਦਾ ਮੁੱਖ ਵਿਸ਼ਾ ਹੁੰਦਾ ਹੈ - ਪਾਕਿਸਤਾਨ , ਹਿੰਦੂ ਧਰਮ ਦੀ ਸਰਵਸ਼੍ਰੇਸ਼ਠਾ ਅਤੇ 'ਨਵੇਂ ਭਾਰਤ' ਦੀ ਅੰਨ੍ਹੀ ਉਸਤੱਤ । ਦੂਸਰਾ ਵਰਤਾਰਾ ਜੋ ਸਕਰੀਨ ਉੱਪਰ ਤਾਂ ਘੱਟ ਹੀ ਨਜ਼ਰ ਆਉਂਦਾ ਹੈ, ਪਰ ਜੋ ਦੇਸ਼ ਦੀ ਰੋਜ਼ਾਨਾ ਜ਼ਿੰਦਗੀ ਦੀ ਤਲਖ ਹਕੀਕਤ ਬਣ ਗਿਆ ਹੈ - ਕਿਸੇ ਨਾ ਕਿਸੇ ਮੁਸਲਮਾਨ ਦੀ ਮਾਰਕੁਟਾਈ, ਸਰੀਰਕ ਅੰਗਾਂ ਦੀ ਵੱਢਟੁੱਕ ਹੱਤਿਆ ਜਾਂ ਫਿਰ ਜ਼ਬਰਦਸਤੀ ਜੇਲ੍ਹਾਂ ਵਿਚ ਸੁੱਟਣ ਦੀ ਕਾਰਵਾਈ ਜਾਂ ਰਾਕਸ਼ਸ਼ ਬਣਾਉਣ ਦੀ ਪ੍ਰਕਿਰਿਆ । ਇਨ੍ਹਾਂ ਦੋਨਾਂ ਵਿੱਚੋਂ ਨਿਕਲਦਾ ਸੁਨੇਹਾ ਬਹੁਤ ਖੌਫਨਾਕ ਹੈ - ਮੁਸਲਮਾਨਾਂ ਵਿਰੁੱਧ ਹੁੰਦੇ ਜੁਰਮਾਂ ਨੂੰ ਜਾਂ ਤਾਂ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਫਿਰ ਬਹੁਗਿਣਤੀ ਸਮੂਹ ਦੇ ਦਿਲਪ੍ਰਚਾਵੇ ਲਈ ਫਿਲਮਾਂ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਮੁਸਲਮਾਨਾਂ ਨੂੰ ਕੱਟੜ ਪੇਸ਼ਾਵਰ ਅਪਰਾਧੀਆਂ ਵਾਲਾ ਜੀਵਨ ਜੀਣ ਲਈ ਮਜਬੂਰ ਕੀਤਾ ਜਾਂਦਾ ਹੈ , ਜਿਨ੍ਹਾਂ ਉਪਰ ਸਿਰਫ ਦੋਸ਼ ਹੀ ਲਗਾਏ ਜਾ ਸਕਦੇ ਹਨ, ਉਨ੍ਹਾਂ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਕੋਈ ਹੱਕ ਨਹੀਂ ਹੈ ।

ਇਸ ਸਤੰਬਰ ਆਜ਼ਮਗੜ੍ਹ ਵਿਚ ਇੱਕ ਸੱਤ ਸਾਲ ਦੇ ਮੁਸਲਮਾਨ ਬੱਚੇ ਦੇ ਕਤਲ ਦੀ ਗੱਲ ਕਰਦੇ ਹਾਂ ।ਬੱਚੇ ਦੀ ਲਾਸ਼ ਇੱਕ ਬੋਰੀ ਵਿਚ ਬੰਦ ਮਿਲਦੀ ਹੈ , ਪਰ ਗੁਆਂਢੀਆਂ ਨੂੰ ਕੋਈ ਪ੍ਰਵਾਹ ਨਹੀਂ ਹੈ । ਉਹੀ ਗੁਆਂਢੀ ਬਾਅਦ ਵਿਚ ਗ੍ਰਿਫਤਾਰ ਕਰ ਲਏ ਜਾਂਦੇ ਹਨ । ਸਿਰਫ ਕੁਝ ਵਕਤ ਦੇ ਲਈ ਸਥਾਨਕ ਅਖਬਾਰਾਂ ਵਿਚ ਇਹ ਖਬਰ ਚੱਲਦੀ ਹੈ । ਕੁਝ ਚਿਰ ਬਾਅਦ ਹੀ ਇਹ ਖਬਰ ਦੇਸ਼ ਦੇ ਮੁੱਖ ਚੈਨਲਾਂ ਤੋਂ ਗਾਇਬ ਹੋ ਜਾਂਦੀ ਹੈ ਅਤੇ ਉਸ ਦੀ ਥਾਂ ਆ ਜਾਂਦੀਆਂ ਹਨ ਪ੍ਰੇਮ ਜੇਹਾਦ ਬਾਰੇ ਬਹਿਸਾਂ , ਪਾਕਿਸਤਾਨ ਨਾਲ ਜੱਦੋ-ਜਹਿਦ ਦੀ ਕਹਾਣੀ ਅਤੇ ਭਾਰਤ- ਪਾਕਿ ਦਰਮਿਆਨ ਕ੍ਰਿਕਟ ਮੈਚ ਦੀਆਂ ਕਹਾਣੀਆਂ । ਇੱਕ ਬੱਚੇ ਦਾ ਦਰਦਨਾਕ ਕਤਲ ਰਾਸ਼ਟਰ ਪੱਧਰ ਦੀ ਖਬਰ ਨਹੀਂ ਬਣ ਸਕਦੀ, ਕਿਉਂ ਕਿ ਉਹ ਮੁਸਲਮਾਨ ਸੀ, ਸਗੋਂ ਇਹ ਰਾਸ਼ਟਰ ਪੱਧਰ ਉਪਰ ਹੋ ਰਹੀ ਰੋਜ਼ਮਰ੍ਹਾ ਦੀ ਹਿੰਸਾ ਦਾ ਲੁਕਵਾਂ ਕਾਂਡ ਬਣ ਕੇ ਰਹਿ ਜਾਂਦੀ ਹੈ । ਸਮਾਜ ਸ਼ਾਸ਼ਤਰੀ ਸਟੈਨਲੇਅ ਕੋਹਨ ਨੇ ਆਪਣੀ ਕਿਰਤ ਸਟੇਟਸ ਆਫ ਡੀਨਾਇਲ - ਸਮਾਜ ਜਿਨ੍ਹਾਂ ਵਿਚ ਜ਼ੁਲਮਾਂ ਨੂੰ ਛੁਪਾਇਆ ਨਹੀਂ ਜਾਂਦਾ, ਸਗੋਂ ਇਸ ਤਰ੍ਹਾਂ ਸਮੇਟ ਲਿਆ ਜਾਂਦਾ ਹੈ ਕਿ ਕੁਝ ਵੀ ਅਨੋਖਾ ਨਹੀਂ ਲਗਦਾ। ਅੱਜ ਦਾ ਭਾਰਤ ਅਜਿਹਾ ਹੀ ਹੈ - ਦਿਨ ਦਿਹਾੜੇ ਮੁਸਲਮਾਨਾਂ ਦੇ ਕਤਲ ਹੁੰਦੇ ਹਨ, ਪਰ ਬਹੁਗਿਣਤੀ ਸਮਝਦੀ ਹੈ ਜਿਵੇਂ ਸਟੇਜ ਦੇ ਪਰਦੇ ਪਿੱਛੇ ਕੋਈ ਮਾੜਾ-ਮੋਟਾ ਰੌਲਾ ਪੈ ਗਿਆ ਹੈ ਅਤੇ ਨਫਰਤ ਸਿਰਫ ਖਾਮੋਸ਼ੀ ਹੀ ਨਹੀਂ ਹੈ, ਇਸ ਦਾ ਪ੍ਰਦਰਸ਼ਨ ਵੀ ਕੀਤਾ ਜਾਂਦਾ ਹੈ । ਕਾਨਪੁਰ ਵਿਚ ਜਦ ਮੁਸਲਮਾਨ ਆਈ ਲਵ ਮੁਹੰਮਦ ਦੇ ਤਖੀਏ ਚੁੱਕ ਕੇ ਬਾਹਰ ਆਏ ਤਾਂ ਪੁਲਸ ਨੇ ਇਸ ਦਾ ਜਵਾਬ 1300 ਮੁਸਲਮਾਨਾਂ ਦੇ ਖਿਲਾਫ ਰਪਟ ਦਰਜ ਕਰਕੇ ਦਿੱਤਾ । ਬਹੁਤ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ । ਪਿਆਰ ਦੇ ਤਸੱਵਰ ਨੂੰ ਅਪਰਾਧ ਕਰਾਰ ਦੇ ਦਿੱਤਾ ਗਿਆ, ਪਰ ਜਦ ਹਿੰਦੂ ਲੋਕ ਮਹਾਂਰਾਸ਼ਟਰ ਜਾਂ ਮੱਧ ਪ੍ਰਦੇਸ਼ ਵਿਚ ਸ਼ਰੇਆਮ ਕਤਲੇਆਮ ਦੇ ਨਾਅਰੇ ਲਾਉਂਦੇ ਹਨ, ਨਸਲਕੁਸ਼ੀ ਦਾ ਸੱਦਾ ਦਿੰਦੇ ਹਨ ਤਾਂ ਮੁੱਖਧਾਰਾ ਦੇ ਟੈਲੀਵਿਜ਼ਨ ਚੈਨਲ ਜਾਂ ਤਾਂ ਉਨ੍ਹਾਂ ਦਾ ਗੁਣਗਾਣ ਕਰਦੇ ਹਨ ਜਾਂ ਸਿਰਫ ਅੱਖਾਂ ਚੁਰਾ ਲੈਂਦੇ ਹਨ । ਮੁਸਲਮਾਨਾਂ ਦੇ ਵਿਰੁੱਧ ਹਿੰਸਾ ਨੇ ਨਾਟਕ ਦਾ ਰੂਪ ਅਖਤਿਆਰ ਕਰ ਲਿਆ ਹੈ, ਨਾਟਕ ਦੀ ਕਹਾਣੀ ਵਿਚ ਦੋਸ਼ੀ ਮੁਸਲਮਾਨ ਹੀ ਹੁੰਦੇ ਹਨ, ਮੁਕੱਦਮਾ ਮੁਸਲਮਾਨਾਂ ਖਿਲਾਫ ਹੀ ਚਲਦਾ ਹੈ, ਸਜ਼ਾ ਵੀ ਉਨ੍ਹਾਂ ਨੂੰ ਹੀ ਹੁੰਦੀ ਹੈ । ਹਿੰਦੂਤਵੀ ਤਾਕਤਾਂ ਤਾਂ ਹਮੇਸ਼ਾ ਸਭਿਅਤਾ ਦੀ ਰਖਵਾਲੀ ਦਾ ਕੰਮ ਕਰਦੀਆਂ ਹਨ ।

ਜਾਣਬੁੱਝ ਕੇ ਦੇਖੇ ਨੂੰ ਅਣਦੇਖਿਆ ਕਰ ਦਿੱਤਾ ਜਾਂਦਾ ਹੈ । ਸ਼ਹਿਰ ਇੰਦੌਰ ਵਿਚ 'ਜੇਹਾਦ ਮੁਕਤ' ਬਜ਼ਾਰਾਂ ਦੀ ਉਸਾਰੀ ਕੀਤੀ ਗਈ ਹੈ ।ਰਾਤੋ-ਰਾਤ ਮੁਸਲਿਮ ਵਪਾਰੀਆਂ ਨੂੰ ਖਦੇੜ ਦਿੱਤਾ ਗਿਆ - ਆਰਥਿਕ ਕਤਲੇਆਮ । ਮੁਕੰਮਲ ਪਰਵਾਰਾਂ ਤੋਂ ਰੋਜ਼ੀ-ਰੋਟੀ ਖੋਹ ਲਈ ਗਈ, ਬੱਚਿਆਂ ਤੋਂ ਸਕੂਲ ਛੁਡਾ ਦਿੱਤੇ ਗਏ ਅਤੇ ਔਰਤਾਂ ਗੁਆਂਢੀਆਂ ਤੋਂ ਰੋਟੀ ਮੰਗਣ ਲਈ ਮਜਬੂਰ ਹੋ ਗਈਆਂ । ਫਿਰ ਵੀ ਦੇਸ਼ ਦੇ ਕੌਮੀ ਮੀਡੀਆ ਦੇ ਲਈ ਇਹ ਕੇਵਲ ਇੱਕ ਅਮਨ-ਕਾਨੂੰਨ ਦੀ ਬਹਾਲੀ ਦਾ ਹੀ ਮਸਲਾ ਸੀ । ਮਾਨਵੀ ਤਸ਼ੱਦਦ ਦਾ ਕੋਈ ਮਾਅਨਾ ਨਹੀਂ ਹੈ । ਸੋਸ਼ਲ ਮੀਡੀਆ ਉਪਰ ਹਿੰਦੂਤਵੀ ਸਮੂਹ ਖੂਬ ਜਸ਼ਨ ਮਨਾਉਂਦੇ ਹਨ, ਮੁਸਲਮਾਨਾਂ ਦਾ ਉਜਾੜਾ ਉਨ੍ਹਾਂ ਲਈ ਮਹਿਜ਼ ਇੱਕ ਤਮਾਸ਼ਾ ਹੈ । ਜੋ ਅਸਲ ਵਿਚ ਇੱਕ ਰਾਸ਼ਟਰੀ ਸਕੈਂਡਲ ਹੈ ਤੇ ਸੀ, ਉਸ ਨੂੰ ਇੱਕ ਸਥਾਨਕ ਤਣਾਅ ਦਾ ਰੂਪ ਦੇ ਦਿੱਤਾ ਗਿਆ ।

ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤਮਾਸ਼ੇ ਦੇ ਇਸ ਸੱਭਿਆਚਾਰ ਨੂੰ ਰੂਪਮਾਨ ਕਰਦਾ ਹੈ । ਜਨਤਕ ਸਥਾਨਾਂ ਤੋਂ ਭਾਸ਼ਨ ਕਰਦਿਆਂ ਉਹ ਮੁਸਲਿਮ ਭਾਈਚਾਰੇ ਖਿਲਾਫ ਜ਼ਹਿਰ ਉਗਲਦਾ ਹੈ । ਉਨ੍ਹਾਂ ਨੂੰ ਘੁਸਪੈਠੀਏ ਅਤੇ ਅੱਤਵਾਦੀ ਕਹਿੰਦਾ ਹੈ । ਇਹ ਭੋਲੇਭਾਲੇ ਆਮ ਲੋਕਾਂ ਦੇ ਸ਼ਬਦ ਨਹੀਂ ਹਨ, ਸਗੋਂ ਸੱਤਾ 'ਤੇ ਕਾਬਜ਼ ਸ੍ਰੇਸ਼ਠ ਵਿਅਕਤੀਆਂ ਦੇ ਐਲਾਨਨਾਮੇ ਹਨ ਅਤੇ ਪ੍ਰਤੀਕਰਮ ਵਜੋਂ ਕਥਿਤ ਵਿਰੋਧੀ ਸਿਆਸੀ ਧਿਰ ਜੋ ਬੋਲਦੀ ਹੈ, ਉਹ ਨਰਮ ਹਿੰਦੂਤਵ ਦੀ ਵਿਚਾਰਧਾਰਾ ਹੀ ਹੋ ਨਿਬੜਦੀ ਹੈ । ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਹਿੰਦੂਆਂ ਦਾ ਵੋਟਬੈਂਕ ਪ੍ਰਭਾਵਤ ਨਾ ਹੋਵੇ । ਮੁਸਲਿਮ ਭਾਈਚਾਰੇ ਵਿਚ ਫੈਲੇ ਡਰ ਤੇ ਖੌਫ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ । ਸੱਤਾ ਉਪਰ ਕਾਬਜ਼ ਅਤੇ ਵਿਰੋਧੀ ਦੀ ਇਸ ਸਹਿਮਤੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੀ ਸਿਆਸਤ ਵਿਚ ਮੁਸਲਿਮ ਭਾਈਚਾਰੇ ਦੀ ਕੋਈ ਰਾਜਨੀਤਕ ਮਹੱਤਤਾ ਨਹੀਂ ਹੈ, ਉਹ ਤਾਂ ਸਿਰਫ ਤਮਾਸ਼ੇ ਦੀ ਸਮੱਗਰੀ ਬਣ ਕੇ ਰਹਿ ਗਿਆ ਹੈ ।

ਇਸ ਤਮਾਸ਼ੇ ਦੀ ਜੋ ਕੀਮਤ ਅਦਾ ਕਰਨੀ ਪੈ ਰਹੀ ਹੈ, ਉਹ ਕੇਵਲ ਜਿਸਮਾਨੀ ਤਸ਼ੱਦਦ ਹੀ ਨਹੀਂ ਹੈ, ਮਾਨਸਿਕ ਵੀ ਹੈ ਅਤੇ ਜਿਉਂਦੇ ਰਹਿਣ ਦੀ ਇੱਛਾਸ਼ਕਤੀ ਨਾਲ ਵੀ ਸੰਬੰਧਤ ਹੈ । ਅੱਜ ਦੇ ਭਾਰਤ ਵਿਚ ਇੱਕ ਮੁਸਲਮਾਨ ਦੀ ਜ਼ਿੰਦਗੀ ਪੱਕੇ ਅਪਰਾਧੀ ਵਰਗੀ ਹੋ ਗਈ ਹੈ - ਮਸਜਿਦ ਵਿਚ ਵੀ ਉਸ ਉਪਰ ਨਜ਼ਰ ਰੱਖੀ ਜਾ ਰਹੀ ਹੈ, ਬਾਜ਼ਾਰ ਵਿਚ ਵੀ ਅਤੇ ਸਕੂਲ ਵਿਚ ਬੈਠੇ ਮੁਸਲਮਾਨ ਬੱਚੇ ਉਪਰ ਵੀ ਸ਼ੱਕ ਦੀ ਸੂਈ ਘੁੰਮਦੀ ਰਹਿੰਦੀ ਹੈ ।ਜ਼ੁੰਮੇ ( ਸ਼ੁੱਕਰਵਾਰ ) ਦੀ ਨਮਾਜ਼ ਖੁਸ਼ੀ ਦਾ ਪਲ ਨਹੀਂ ਹੈ, ਹੁਣ ਸਗੋਂ ਖਤਰੇ ਦੀ ਘੰਟੀ ਬਣ ਗਈ ਹੈ । ਮਸਜਿਦ ਦੇ ਸਪੀਕਰ ਵਿੱਚੋਂ ਨਿਕਲਦੀ ਆਯਾਨ ਦੀ ਅਵਾਜ਼ ਕਈ ਲੋਕਾਂ ਲਈ ਭੜਕਾਵੀਂ ਆਵਾਜ਼ ਬਣ ਗਈ ਹੈ, ਜਦ ਕਿ ਬਹੁਤ ਸਾਰੇ ਲੋਕਾਂ ਦੀ ਇਹ ਦਿਲਾਂ ਦੀ ਧੜਕਣ ਹੈ । ਸਾਹਿਰ ਲੁਧਿਆਣਵੀ ਨੇ ਕਦੇ ਪੁੱਛਿਆ ਸੀ, ਜਿਨ੍ਹੇ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈ ? ਜੇ ਇੰਡੀਆ ਸੱਚਮੁੱਚ ਹੀ ਮਹਾਨ ਹੈ ਤਾਂ ਹਰ ਰੋਜ਼ ਉਸ ਨੂੰ ਮੁਸਲਮਾਨਾਂ ਨੂੰ ਬੇਇਜ਼ਤ ਕਰਨ ਦੀ ਜ਼ਰੂਰਤ ਕਿਉਂ ਪੈ ਰਹੀ ਹੈ ?


ਯੂਗਾਂਡਾ ਵਿਚ ਜਨਮੇ ਵਿਦਵਾਨ ਮਹਿਮੂਦ ਮਮਦਾਨੀ ਨੇ ਆਪਣੀ ਪ੍ਰਸਿੱਧ ਲਿਖਤ 'ਚੰਗਾ ਮੁਸਲਮਾਨ ਅਤੇ ਗੰਦਾ ਮੁਸਲਮਾਨ' ਵਿਚ ਇਸ ਦੁਬਿਧਾ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ । ਉਸ ਦਾ ਕਹਿਣਾ ਹੈ ਕਿ ਰਿਆਸਤ ਤੇ ਸਮਾਜ ਮੁਸਲਮਾਨਾਂ ਨੂੰ ਦੋ ਖੇਮਿਆਂ ਵਿਚ ਵੰਡਣ ਦੀ ਕੋਸ਼ਿਸ਼ ਕਰਦਾ ਹੈ : ਸਵਿਕਾਰਯੋਗ ਅਤੇ ਖਤਰਨਾਕ । ਸਵੀਕਾਰਨਯੋਗ ਉਹ ਹੈ, ਜੋ ਚੁੱਪਚੁੱਪ ਆਰਾਮ ਨਾਲ ਗੁਲਾਮੀ ਸਵੀਕਾਰ ਕਰ ਲੈਂਦਾ ਹੈ, ਪੂਰੇ ਅਦਬ ਨਾਲ ਹੁਕਮ ਦੀ ਪਾਲਣਾ ਕਰਦਾ ਹੈ , ਖਤਰਨਾਕ ਉਹ ਹੈ ਜੋ ਪ੍ਰਤੀਰੋਧ ਕਰਦਾ ਹੈ, ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ, ਅਪਮਾਨ ਨਹੀਂ ਸਹਾਰਦਾ । ਮੁਸਲਮਾਨ ਜੋ ਆਪਣੀ ਆਸਥਾ ਨੂੰ ਆਪਣੀ ਹੋਂਦ ਨੂੰ ਛੁਪਾ ਕੇ ਰਖਦਾ ਹੈ, ਸਵੀਕਾਰ ਕਰ ਲਿਆ ਜਾਂਦਾ ਹੈ, ਪਰ ਉਹ ਮੁਸਲਮਾਨ ਖਤਰਨਾਕ ਹੈ, ਜੋ ਆਪਣੀ ਪਹਿਚਾਣ ਨੂੰ ਉਜਾਗਰ ਕਰਦਾ ਹੈ, ਜੋ ਕਹਿੰਦਾ ਹੈ 'ਮੈਂ ਮੁਹੰਮਦ ਨੂੰ ਪਿਆਰ ਕਰਦਾ ਹਾਂ, ਜੋ ਬਰਾਬਰ ਦੇ ਇਨਸਾਨੀ ਹੱਕਾਂ ਦੀ ਮੰਗ ਕਰਦਾ ਹੈ - ਉਹ ਖਤਰਨਾਕ ਹੈ, ਮੁਜਰਿਮ ਹੈ । ਮਮਦਾਨੀ ਸਾਨੂੰ ਯਾਦ ਕਰਵਾਉਂਦਾ ਹੈ ਕਿ ਇਹ ਵਿਚਾਰਧਾਰਾ ਅਧਿਆਤਮਵਾਦੀ ਨਹੀਂ ਹੈ , ਇਹ ਤਾਂ ਸ਼ਕਤੀ ਪ੍ਰਦਰਸ਼ਨ ਹੈ, ਤਾਕਤ ਦਾ ਪ੍ਰਯੋਗ ਹੈ ।

ਇਸ ਕਰਕੇ ਹੀ ਮੁਸਲਮਾਨਾਂ ਦੀ ਕੁੱਟਮਾਰ ਦੇ ਵੀਡੀਓ ਧੜਾਧੜ ਵਟਸਐਪ ਉਪਰ ਚੱਲਦੇ ਰਹਿੰਦੇ ਹਨ, ਐਂਕਰਾਂ ਦੇ ਚਿਹਰਿਆਂ ਉਪਰ ਵਿਅੰਗਮਈ, ਨਫਰਤ ਭਰੀ ਮੁਸਕਰਾਹਟ ਖੇਡਦੀ ਰਹਿੰਦੀ ਹੈ, ਜਦ ਉਹ ਵਧ ਰਹੀ ਮੁਸਲਿਮ ਆਬਾਦੀ ਦੀ ਸਾਜ਼ਿਸ਼ ਦੀ ਗੱਲ ਕਰਦੇ ਹਨ, ਇਸ ਸਿਆਸੀ ਤਾਕਤ ਦੇ ਨਸ਼ੇ ਦੇ ਕਾਰਨ ਹੀ ਭੀੜਾਂ ਮੁਸਲਮਾਨਾਂ ਦੀਆਂ ਨੂੰ ਸੜਦੀਆਂ ਦੁਕਾਨਾਂ ਨੂੰ ਦੇਖ-ਦੇਖ ਹੱਸਦੀਆਂ ਹਨ, ਨੱਚਦੇ ਟੱਪਦੇ ਹਨ । ਨਫਰਤ ਹੁਣ ਸਿਆਸਤ ਤੋਂ ਅੱਗੇ ਲੰਘ ਕੇ ਸਮੂਹਕ ਜਸ਼ਨ ਬਣ ਗਈ ਹੈ । ਜਦ ਨਿਰਦਾਇਤਾ ਸਵਾਂਗ ਜਾਂ ਹਾਸੋਹੀਣੀ ਵਸਤੂ ਬਣ ਜਾਂਦੀ ਹੈ, ਜਦ ਕਿਸੇ ਦਾ ਨਿਰਾਦਰ ਜਾਂ ਅਪਮਾਨ ਕਰਨਾ ਨਿੱਤ ਦਾ ਸ਼ੁਗਲ ਬਣ ਜਾਂਦਾ ਹੈ ਤਾਂ ਸਮਝੋ ਲੋਕਤੰਤਰ ਅਤੇ ਫਾਸ਼ੀਵਾਦ ਦੇ ਦਰਮਿਆਨ ਦਾ ਫਾਸਲਾ ਖਤਮ ਹੋ ਰਿਹਾ ਹੈ । ਇਤਿਹਾਸ ਦੀ ਚੇਤਾਵਨੀ ਹੈ : ਸਮਾਜ ਜੋ ਘੱਟ ਗਿਣਤੀ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਦਿਲਪ੍ਰਚਾਵੇ ਦਾ ਸਾਧਨ ਸਮਝਣ ਲੱਗ ਪੈਂਦਾ ਹੈ, ਆਪਣੇ ਹੀ ਵਿਨਾਸ਼ ਦਾ ਰਸਤਾ ਸਾਫ ਕਰਨ ਲਗ ਪੈਂਦਾ ਹੈ । ਜਰਮਨੀ ਵਿਚ ਨਾਜ਼ੀਆਂ ਦੀਆਂ ਰੈਲੀਆਂ ਦੌਰਾਨ ਉਦਾਰਵਾਦੀਆਂ ਦੀ ਖਾਮੋਸ਼ੀ, ਅਮਰੀਕਾ ਵਿਚ ਗੋਰਿਆਂ ਵੱਲੋਂ ਕਾਲੇ ਲੋਕਾਂ ਉਪਰ ਹੁੰਦੇ ਤਸ਼ੱਦਦ ਦੇਖ ਕੇ ਨਜ਼ਰਅੰਦਾਜ਼ ਕਰ ਦੇਣਾ, ਗਾਜ਼ਾ ਉਪਰ ਡਿਗਦੇ ਬੰਬਾਂ ਕਾਰਨ ਉੱਠਦੀਆਂ ਅੱਗ ਦੀਆਂ ਲਾਟਾਂ, ਧੂੰਏਂ ਦੇ ਅੰਬਾਰ ਦੇਖ ਕੇ ਇਜ਼ਰਾਈਲੀ ਨਾਗਰਿਕਾਂ ਵੱਲੋਂ ਜਸ਼ਨ ਮਨਾਉਣਾ, ਇਹ ਸਭ ਸਮਾਜਿਕ ਵਿਨਾਸ਼ ਦੀਆਂ ਅਲਾਮਤਾਂ ਹਨ । ਨਫਰਤ ਦੀਆਂ ਨੀਹਾਂ ਉਪਰ ਉਸਾਰੀਆਂ ਗਈਆਂ ਦਿਲਪ੍ਰਚਾਵੇ ਦੀਆਂ ਫਿਲਮਾਂ ਸਮਾਜ ਨੂੰ ਹੀ ਲੀਰੋ-ਲੀਰ ਕਰ ਦਿੰਦੀਆਂ ਹਨ, ਨਸ਼ਟ ਕਰ ਦਿੰਦੀਆਂ ਹਨ । ਦੇਸ਼ ਭਾਰਤ ਕੋਈ ਅਨੋਖੀ ਵਸਤੂ ਨਹੀਂ ਹੈ ।

ਮੈਂ ਫਿਰ ਆਪਣੇ ਮੁਢਲੇ ਪ੍ਰਸ਼ਨ ਵੱਲ ਪਰਤਦਾ ਹਾਂ : ਕੀ ਅਸੀਂ ਮੁਸਲਿਮ ਹਾਂ ਜਾਂ ਮੁਜਰਿਮ ਹਾਂ ? ਕਿਉਂ ਅਸੀਂ ਨਿੱਤ ਦਿਨ ਅਪਰਾਧੀਆਂ ਵਾਂਗ ਜ਼ਿੰਦਗੀ ਬਸਰ ਕਰ ਰਹੇ ਹਾਂ, ਜਦ ਕਿ ਅਸਲ ਕਾਤਲ ਸ਼ਰੇਆਮ ਤੁਰੇ ਫਿਰਦੇ ਹਨ ? ਕਿਉਂ ਸਾਡੇ ਬੱਚੇ ਦੀ ਮੌਤ ਨੂੰ ਭੁਲਾ ਦਿੱਤਾ ਜਾਂਦਾ ਹੈ, ਜਦ ਕਿ ਹਕੂਮਤ 'ਅਮ੍ਰਿਤ-ਕਾਲ' ਦੇ ਜਸ਼ਨ ਮਨਾ ਰਹੀ ਹੁੰਦੀ ਹੈ ? ਇਸ ਦਾ ਜਵਾਬ ਮੁਸਲਮਾਨਾਂ ਨੇ ਨਹੀਂ ਦੇਣਾ, ਸਗੋਂ ਇਸ ਦਾ ਫੈਸਲਾ ਬਹੁਗਿਣਤੀ ਨੇ ਕਰਨਾ ਹੈ , ਕੀ ਉਹ ਨਫਰਤ ਦੇ ਨਾਟਕ ਦੇ ਸੀਰੀਅਲ ਨੂੰ ਦੇਖਦੇ ਰਹਿਣਾ ਹੀ ਪਸੰਦ ਕਰਨਗੇ ਜਾਂ ਸਕਰੀਨ ਦੇ ਬਟਨ ਨੂੰ ਹਮੇਸ਼ਾ ਦੇ ਲਈ ਬੰਦ ਕਰ ਦੇਣਗੇ । ਕਿਉਂਕਿ ਜਦ ਨਫਰਤ ਕੌਮੀ ਦਿਲਪ੍ਰਚਾਵੇ ਦਾ ਇਕੋ ਇੱਕ ਸਰੋਤ ਬਣ ਗਈ ਤਾਂ ਕੇਵਲ ਮੁਸਲਮਾਨਾਂ ਦੀਆਂ ਲਾਸ਼ਾਂ ਦੇ ਦਰਸ਼ਨ ਹੀ ਨਹੀਂ ਹੋਣਗੇ, ਗਣਤੰਤਰ ਦੀ ਮੌਤ ਦੇ ਦ੍ਰਿਸ਼ ਵੀ ਦਿਸਣ ਲੱਗ ਪੈਣਗੇ । ਫਿਰ ਇਤਿਹਾਸ ਨੇ ਲਾਸ਼ ਤੋਂ ਇਹ ਨਹੀਂ ਪੁੱਛਣਾ ਕੀ ਤੂੰ ਹਿੰਦੂ ਹੈਂ ਜਾਂ ਮੁਸਲਮਾਨ ; ਸੱਜੇ ਪੱਖੀ ਸੀ ਜਾਂ ਉਦਾਰਵਾਦੀ । ਸਵਾਲ ਇਹ ਕੀਤਾ ਜਾਵੇਗਾ ਕਿ ਉਸ ਸਮਾਜ ਨੇ ਜਿਸ ਦੀ ਇਮਾਰਤ ਸੱਭਿਅਤਾ ਦੀਆਂ ਨੀਹਾਂ 'ਤੇ ਉੱਸਰੀ ਸੀ, ਨਿਰਦਾਇਤਾ ਨੂੰ ਸੁਖਦ ਕਿਉਂ ਬਣਾ ਦਿੱਤਾ ? ਖਾਮੋਸ਼ੀ, ਸਹਿਮਤੀ ਵਿਚ ਕਿਉਂ ਬਦਲ ਗਈ ? ਇਸ ਵਕਤ ਬਹੁਗਿਣਤੀ ਦੇ ਸਨਮੁੱਖ ਸਵਾਲ ਸਹਿਣਸ਼ੀਲਤਾ ਜਾਂ ਧਰਮ-ਨਿਰਪੱਖਤਾ ਦਾ ਨਹੀਂ ਹੈ, ਸਵਾਲ ਹੈ ਕਿ ਉਹਨਾਂ ਨੂੰ ਅਜੇ ਵੀ ਗੁਆਂਢੀ ਦੇ ਧੁਰ-ਅੰਦਰ ਇਨਸਾਨੀਅਤ ਦਿਸਦੀ ਹੈ ਕਿ ਨਹੀਂ ?

ਜੇ ਅੱਜ ਤੁਸੀਂ ਮੁਸਲਮਾਨ ਨੂੰ ਸਜ਼ਾ ਮਿਲਣ ਉਤੇ ਤਾੜੀਆਂ ਮਾਰਦੇ ਹੋ ਤਾਂ ਕੱਲ੍ਹ ਜਦ ਤੁਹਾਡੀ ਅੱਖ ਖੁੱਲ੍ਹੇਗੀ ਤਾਂ ਦੇਖੋਗੇ ਕਿ ਉਹ ਨਵਾਂ ਭਾਰਤ ਜਿਸ ਦਾ ਤੁਸੀਂ ਤਾੜੀਆਂ ਮਾਰ-ਮਾਰ ਜਸ਼ਨ ਮਨਾ ਰਹੇ ਸੀ, ਤੁਹਾਡੀ ਆਪਣੀ ਜੇਲ੍ਹ ਵਿਚ ਬਦਲ ਗਿਆ ਹੈ । ਇਸ ਭੀੜ-ਭੜੱਕੇ ਵਾਲੀ ਜੇਲ੍ਹ ਵਿਚ ਫਿਰ ਨਫਰਤ ਭਰੇ ਹਾਸਿਆਂ ਦੀ ਆਵਾਜ਼ ਹੀ ਗੂੰਜਿਆ ਕਰੇਗੀ ।

***- ਅਲ-ਜ਼ਜ਼ੀਰਾ ਤੋਂ ਧੰਨਵਾਦ ਸਹਿਤ***



# ਬੇਨ ਬ੍ਰੈਡਲੀ : ਮੇਰਠ ਸਾਜ਼ਿਸ਼ ਕੇਸ ਦਾ ਕੈਦੀ


## ਅਨਿਲ ਰਾਜੀਮਵਾਲੇ

### ਅਨੁ. : ਐੱਮ ਐੱਸ ਭਾਟੀਆ


ਬੇਨ ਬ੍ਰੈਡਲੀ ਮਸ਼ਹੂਰ ਬ੍ਰਿਟਿਸ਼ ਕਮਿਊਨਿਸਟ ਨੇਤਾ ਸਨ, ਜਿਨ੍ਹਾਂ ਨੇ ਭਾਰਤ ਵਿੱਚ ਲੰਬੇ ਸਮੇਂ ਤੱਕ ਕੰਮ ਕੀਤਾ ਅਤੇ ਮਸ਼ਹੂਰ ਮੇਰਠ ਸਾਜ਼ਿਸ਼ ਕੇਸ ਵਿੱਚ ਕੈਦੀ ਸਨ। ਉਹ ਆਰ.ਪੀ ਦੱਤ ਦੇ ਨਾਲ ਦੱਤ-ਬ੍ਰੈਡਲੀ ਥੀਸਿਸ ਦੇ ਸਹਿ-ਲੇਖਕ ਵੀ ਸਨ। ਉਨ੍ਹਾਂ ਦਾ ਜੀਵਨ ਸੀ.ਪੀ.ਆਈ ਦੇ ਇਤਿਹਾਸ ਨਾਲ ਨੇੜਿਓਂ ਜੁੜਿਆ ਹੋਇਆ ਹੈ।

**ਸ਼ੁਰੂਆਤੀ ਜੀਵਨ**

ਬੈਂਜਾਮਿਨ ਫਰਾਂਸਿਸ ਬ੍ਰੈਡਲੀ ਦਾ ਜਨਮ 1 ਜਨਵਰੀ, 1898 ਨੂੰ ਵਾਲਥਮਸਟੋ, ਲੰਡਨ ਵਿੱਚ ਇੱਕ ਮਜ਼ਦੂਰ ਪਰਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਟਾਈਮ-ਕੀਪਰ ਵਜੋਂ ਰਾਤ ਦੀ ਨੌਕਰੀ ਕਰਦੇ ਸਨ। ਉਹ 8 ਭੈਣ-ਭਰਾ ਸਨ, ਜਿਨ੍ਹਾਂ ਵਿੱਚੋਂ ਦੋ ਬਚਪਨ ਵਿੱਚ ਹੀ ਮਰ ਗਏ ਸਨ। ਬੇਨ ਨੇ 16 ਸਾਲ ਦੀ ਉਮਰ ਵਿੱਚ ਇੱਕ ਇੰਜੀਨੀਅਰ ਦੇ ਅਪ੍ਰੈਂਟਿਸ ਵਜੋਂ ਕੰਮ ਕਰਨ ਲਈ ਸਕੂਲ ਛੱਡ ਦਿੱਤਾ। ਉਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਨੇਵੀ ਵਿੱਚ ਥੋੜ੍ਹੇ ਸਮੇਂ ਲਈ ਨੌਕਰੀ ਕੀਤੀ । ਦੁਬਾਰਾ ਇੱਕ ਇੰਜੀਨੀਅਰ ਬਣ ਗਏ ਅਤੇ 1920 ਵਿੱਚ ਅਮਲਗਾਮੇਟਿਡ ਇੰਜੀਨੀਅਰਿੰਗ ਯੂਨੀਅਨ ਦੇ ਮੈਂਬਰ ਵੀ ਬਣ ਗਏ। ਉਹ ਧਾਤ ਮਜ਼ਦੂਰਾਂ ਦੀ ਲਹਿਰ ਵਿੱਚ ਵੀ ਸਰਗਰਮ ਸਨ।

**ਰਾਜਨੀਤੀ ਵਿੱਚ ਪ੍ਰਵੇਸ਼**

ਬੇਨ ਪਹਿਲੀ ਵਾਰ 1921 ਵਿੱਚ ਇੱਕ ਇੰਜੀਨੀਅਰ ਵਜੋਂ 2 ਸਾਲਾਂ ਦੇ ਇਕਰਾਰਨਾਮੇ ਅਧੀਨ ਭਾਰਤ ਆਏ ਅਤੇ ਰਾਵਲਪਿੰਡੀ ਵਿੱਚ ਕੰਮ ਕਰਨ ਲੱਗੇ, ਜਿਸ ਵਿੱਚ ਇੱਕ ਵੱਡੀ ਵਰਕਸ਼ਾਪ ਦੀ ਨਿਗਰਾਨੀ ਕਰਨਾ ਸੀ। ਉਨ੍ਹਾਂ ਨੇ ਭਾਰਤੀ ਕਾਮਿਆਂ ਦੀਆਂ ਤਰਸਯੋਗ ਸਥਿਤੀਆਂ ਨੂੰ ਆਪਣੇ ਅੱਖੀਂ ਦੇਖਿਆ।

1923 ਵਿੱਚ ਬ੍ਰਿਟੇਨ ਵਾਪਸ ਆਉਣ 'ਤੇ ਉਹ ਕਮਿਊਨਿਸਟ ਪਾਰਟੀ ਆਫ਼ ਗ੍ਰੇਟ ਬ੍ਰਿਟੇਨ (ਸੀਪੀਜੀਬੀ) ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਦੀ ਗਤੀਵਿਧੀ ਦਾ ਮੁੱਖ ਖੇਤਰ ਟ੍ਰੇਡ ਯੂਨੀਅਨ ਅੰਦੋਲਨ ਸੀ; ਉਹ ਇੱਕ ਦੁਕਾਨ 'ਤੇ ਇੰਜੀਨੀਅਰਿੰਗ ਕਾਰਜਾਂ ਦਾ ਪ੍ਰਬੰਧ ਦੇਖਦੇ ਸਨ।

**ਵਾਪਸ ਭਾਰਤ**

ਉਸ ਸਮੇਂ, ਸੀ.ਪੀ.ਜੀ.ਬੀ ਅਤੇ ਸੀ ਪੀ ਆਈ ਵਿੱਚ ਬਹੁਤ ਨੇੜਲਾ ਅਤੇ ਸਰਗਰਮ ਸਹਿਯੋਗ ਸੀ। ਸੀ.ਪੀ.ਜੀ.ਬੀ ਨੇ ਭਾਰਤੀ ਟਰੇਡ ਯੂਨੀਅਨ ਆਗੂਆਂ ਅਤੇ ਕਮਿਊਨਿਸਟਾਂ ਨੂੰ ਅੰਦੋਲਨ ਅਤੇ ਸੰਗਠਨ ਬਣਾਉਣ ਵਿੱਚ ਮਦਦ ਕੀਤੀ। ਕਮਿਊਨਿਸਟਾਂ ਸਮੇਤ ਬਹੁਤ ਸਾਰੇ ਬ੍ਰਿਟਿਸ਼ ਟਰੇਡ ਯੂਨੀਅਨ ਆਗੂ ਭਾਰਤ ਆਏ ਅਤੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ। ਬੇਨ ਬ੍ਰੈਡਲੀ, ਫਿਲਿਪ ਸਪ੍ਰੈਟ ਦੇ ਨਾਲ, 1927 ਵਿੱਚ ਉਦਯੋਗਿਕ ਕਾਮਿਆਂ ਵਿੱਚ ਕੰਮ ਕਰਨ ਲਈ ਭਾਰਤ ਆਏ। ਇੱਕ ਹੋਰ ਬ੍ਰਿਟਿਸ਼ ਟਰੇਡ ਯੂਨੀਅਨ ਆਗੂ ਲੈਸਟਰ ਹਚਿਨਸਨ ਸਨ। ਬ੍ਰੈਡਲੀ ਏ.ਆਈ.ਟੀ.ਯੂ.ਸੀ ਨਾਲ ਸੰਬੰਧਤ ਬੰਬਈ ਦੀਆਂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਲੱਗੇ ਅਤੇ ਜਲਦੀ ਹੀ 1927 ਵਿੱਚ ਏ.ਆਈ.ਟੀ.ਯੂ.ਸੀ ਦੀ ਕਾਰਜਕਾਰੀ ਕਮੇਟੀ ਵਿੱਚ ਸ਼ਾਮਲ ਹੋ ਗਏ । ਉਹ ਬੰਬਈ ਵਿੱਚ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ (ਡਬਲਯੂ.ਪੀ.ਪੀ) ਦੇ ਉੱਭਰ ਰਹੇ ਸਮੂਹ ਨਾਲ ਵੀ ਜੁੜ ਗਏ।

ਉਸ ਸਮੇਂ ਬੰਬਈ ਪ੍ਰੋਵਿੰਸ਼ੀਅਲ ਕਾਂਗਰਸ ਵਿੱਚ ਖੱਬੇਪੱਖੀਆਂ ਦੇ ਇੱਕ ਵੱਡੇ ਹਿੱਸੇ ਨੇ ਸਮਾਜਵਾਦ ਨੂੰ ਆਪਣੀ ਵਿਚਾਰਧਾਰਾ ਵਜੋਂ ਅਪਣਾ ਲਿਆ ਸੀ। ਜਲਦੀ ਹੀ ਉਨ੍ਹਾਂ ਨੇ ਡਬਲਯੂ.ਪੀ.ਪੀ ਦੀ ਸਥਾਪਨਾ ਕੀਤੀ ਅਤੇ ਬੇਨ ਇੱਕ ਸਰਗਰਮ ਨੇਤਾ ਬਣ ਗਏ। ਜਲਦੀ ਹੀ ਉਹ ਇਸ ਦੀ ਕਾਰਜਕਾਰਨੀ ਵਿੱਚ ਸ਼ਾਮਲ ਹੋ ਗਏ।

ਬੇਨ 1928 ਵਿੱਚ ਸਥਾਪਤ ਨਵੀਂ ਬਣੀ ਗਿਰਨੀ ਕਾਮਗਾਰ ਯੂਨੀਅਨ (ਜੀ.ਕੇ.ਯੂ) ਵਿੱਚ ਬਹੁਤ ਸਰਗਰਮ ਸਨ। ਬੰਬਈ ਦੇ ਲੱਖਾਂ ਮਜ਼ਦੂਰ ਐੱਸ.ਏ. ਡਾਂਗੇ, ਐੱਸ.ਵੀ. ਘਾਟੇ, ਮਿਰਾਜਕਰ ਅਤੇ ਹੋਰ ਨੇਤਾਵਾਂ ਦੀ ਅਗਵਾਈ ਵਿੱਚ ਸੜਕਾਂ 'ਤੇ ਉੱਤਰ ਆਏ। ਬ੍ਰੈਡਲੀ ਮੋਹਰੀ ਆਗੂਆਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਮਜ਼ਦੂਰਾਂ ਦੀਆਂ ਬਸਤੀਆਂ ਅਤੇ ਫੈਕਟਰੀਆਂ ਦੇ ਗੇਟਾਂ 'ਤੇ ਕਈ ਭਾਸ਼ਣ ਦਿੱਤੇ। ਉਹ ਇਨ੍ਹਾਂ ਬਸਤੀਆਂ ਵਿੱਚ ਉਨ੍ਹਾਂ ਦੇ ਨਾਲ ਰਹਿੰਦੇ ਸਨ ਅਤੇ ਜੀ.ਕੇ.ਯੂ ਵਿੱਚ ਉਨ੍ਹਾਂ ਨੂੰ ਸੰਗਠਿਤ ਕਰਦੇ ਸਨ, ਜਿਸ ਦੇ ਉਹ ਉਪ-ਪ੍ਰਧਾਨ ਬਣੇ।

ਉਨ੍ਹਾਂ ਦੇ ਅਤੇ ਹੋਰ ਨੇਤਾਵਾਂ ਦੇ ਨਾਂਅ 'ਤੇ ਵੱਡੀ ਗਿਣਤੀ ਵਿੱਚ ਹੈਂਡਬਿੱਲ ਅਤੇ ਪੈਂਫਲੇਟ ਸਾਂਝੇ ਤੌਰ 'ਤੇ ਜਾਰੀ ਕੀਤੇ ਜਾਂਦੇ ਸਨ।

ਮੇਰਠ ਸਾਜ਼ਿਸ਼ ਕੇਸ ਵਿੱਚ ਉਨ੍ਹਾਂ ਦਾ ਬਿਆਨ ਬਹੁਤ ਹੀ ਸਿੱਖਿਆਦਾਇਕ ਅਤੇ ਅੱਖਾਂ ਖੋਲ੍ਹਣ ਵਾਲਾ ਹੈ, ਜਿਵੇਂ ਕਿ ਅਸੀਂ ਅੱਗੇ ਦੇਖਾਂਗੇ।

**ਮੇਰਠ ਸਾਜ਼ਿਸ਼ ਕੇਸ (1929-33) ਵਿੱਚ**

ਮਾਰਚ 1929 ਵਿੱਚ ਬੇਨ ਬ੍ਰੈਡਲੀ ਨੂੰ ਦੇਸ਼ ਭਰ ਦੇ 30 ਹੋਰ ਕਮਿਊਨਿਸਟ ਅਤੇ ਟ੍ਰੇਡ ਯੂਨੀਅਨ ਨੇਤਾਵਾਂ ਦੇ ਨਾਲ ਪੁਲਸ ਨੇ ਗ੍ਰਿਫਤਾਰ ਕੀਤਾ। ਉਨ੍ਹਾਂ ਵਿੱਚ ਦੋ ਹੋਰ ਬ੍ਰਿਟਿਸ਼ ਕਮਿਊਨਿਸਟ ਸ਼ਾਮਲ ਸਨ: ਫਿਲਿਪ ਸਪ੍ਰੈਟ ਅਤੇ ਲੈਸਟਰ ਹਚਿਨਸਨ। ਬ੍ਰੈਡਲੀ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ।

ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ ਕਮਿਊਨਿਸਟ, ਏ.ਆਈ.ਸੀ.ਸੀ ਦੇ ਮੈਂਬਰ, ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ (ਡਬਲਯੂ.ਪੀ.ਪੀ) ਦੇ ਆਗੂ, ਟੈਕਸਟਾਈਲ, ਲੋਹੇ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ, ਰੇਲਵੇ ਅਤੇ ਹੋਰ ਉਦਯੋਗਾਂ ਦੇ ਚੋਟੀ ਦੇ ਟਰੇਡ ਯੂਨੀਅਨ ਆਗੂ ਅਤੇ ਏ.ਆਈ.ਟੀ.ਯੂ.ਸੀ ਦੇ ਅਹੁਦੇਦਾਰ ਸ਼ਾਮਲ ਸਨ।

ਭਾਰਤ ਅਤੇ ਇੰਗਲੈਂਡ ਵਿੱਚ ਬ੍ਰੈਡਲੀ ਅਤੇ ਹੋਰਨਾਂ ਦੀ ਗ੍ਰਿਫ਼ਤਾਰੀ 'ਤੇ ਵਿਰੋਧ ਪ੍ਰਦਰਸ਼ਨ ਹੋਏ। ਅਪ੍ਰੈਲ 1929 ਵਿੱਚ, ਲੰਡਨ ਦੇ ਮਾਰਬਲ ਆਰਚ ਤੋਂ ਵਿਕਟੋਰੀਆ ਸਟੇਸ਼ਨ ਤੱਕ ਇੱਕ ਜਲੂਸ ਨਿਕਲਿਆ। ਬ੍ਰਿਟਿਸ਼ ਪੁਲਸ ਨੇ ਇਲਾਕੇ ਵਿੱਚੋਂ ਸਾਰੇ ਭਾਰਤੀਆਂ ਨੂੰ ਜ਼ਬਰਦਸਤੀ ਹਟਾ ਦਿੱਤਾ। ਪੂਰੇ ਬ੍ਰਿਟੇਨ ਵਿੱਚ ਭਾਰਤੀਆਂ ਅਤੇ ਬ੍ਰਿਟਿਸ਼ ਲੋਕਾਂ ਨੇ ਮੇਰਠ ਸਾਜ਼ਿਸ਼ ਕੇਸ ਦੇ ਕੈਦੀਆਂ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ।

ਮੇਰਠ ਟ੍ਰਾਇਲ ਡਿਫੈਂਸ ਐਂਡ ਰਿਲੀਫ ਕਮੇਟੀ ਬਣਾਈ ਗਈ, ਜਿਸ ਦੇ ਚੇਅਰਮੈਨ ਕੇ.ਐੱਫ ਨਰੀਮਨ ਸਨ।

ਫੰਡ ਵੀ ਇਕੱਠੇ ਕੀਤੇ ਗਏ। ਹਚਿਨਸਨ ਦੀ ਮਾਂ ਸ੍ਰੀਮਤੀ ਨਾਈਟ ਨੇ ਮੇਰਠ ਕੈਦੀਆਂ ਦੀ ਰਿਹਾਈ ਲਈ ਇੰਗਲੈਂਡ ਵਿੱਚ ਬਹੁਤ ਕੰਮ ਕੀਤਾ ਅਤੇ ਉਥੋਂ ਦੇ ਸੰਸਦ ਮੈਂਬਰਾਂ ਨੂੰ ਸਵਾਲ ਪੁੱਛਣ ਲਈ ਕਾਫੀ ਸਮੱਗਰੀ ਇਕੱਤਰ ਕਰਕੇ ਦਿੱਤੀ।

ਕੇਸ ਦੀ ਕਾਰਵਾਈ ਦੌਰਾਨ ਆਪਣੇ ਬਿਆਨ ਵਿੱਚ ਬ੍ਰੈਡਲੀ ਨੇ ਬ੍ਰਿਟੇਨ ਅਤੇ ਭਾਰਤ ਵਿੱਚ ਟਰੇਡ ਯੂਨੀਅਨ ਅੰਦੋਲਨ, ਅਨਪੜ੍ਹ ਭਾਰਤੀ ਕਾਮਿਆਂ ਦੀਆਂ ਉਮੀਦਾਂ ਅਤੇ ਉਨ੍ਹਾਂ ਨਾਲ ਕੀਤੇ ਵਿਸ਼ਵਾਸਘਾਤਾਂ ਬਾਰੇ ਵਿਸਥਾਰ ਨਾਲ ਦੱਸਿਆ। ਭਾਰਤ ਵਿੱਚ ਟ੍ਰੇਡ ਯੂਨੀਅਨ ਅੰਦੋਲਨ, ਜੋ ਹਾਲੇ ਤੱਕ ਵਰਜਿਤ ਸੀ, ਅਜਿਹਾ ਅੱਗੇ ਵਧਿਆ, ਜਿਸ ਨੇ ਬ੍ਰਿਟਿਸ਼ ਸ਼ਾਸਕਾਂ ਨੂੰ ਪਰੇਸ਼ਾਨ ਕਰ ਦਿੱਤਾ ਅਤੇ ਉਹ ਝੂਠੇ ਮੇਰਠ ਸਾਜ਼ਿਸ਼ ਕੇਸਾਂ ਤੱਕ ਉੱਤਰ ਆਏ।

ਬ੍ਰੈਡਲੀ ਭਾਰਤ ਵਿੱਚ ਟ੍ਰੇਡ ਯੂਨੀਅਨ ਅੰਦੋਲਨ ਦੇ ਇਤਿਹਾਸ ਬਾਰੇ ਬਹੁਤ ਸਾਰੇ ਅਣਜਾਣ ਜਾਂ ਘੱਟ ਜਾਣੇ ਜਾਂਦੇ ਤੱਥਾਂ ਨੂੰ ਉਜਾਗਰ ਕਰਦੇ ਹਨ। ਉਹ ਆਪਣੇ ਬਿਆਨ ਵਿੱਚ ਕਹਿੰਦੇ ਹਨ : 'ਮੈਂ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਜਿਸ ਸੈਸ਼ਨ ਵਿੱਚ ਸ਼ਾਮਲ ਹੋਇਆ ਸੀ, ਉਹ 1927 ਵਿੱਚ ਕਾਨਪੁਰ ਵਿਚ ਹੋਇਆ ਸੀ।' ਉਹ ਭਾਰਤੀ ਟ੍ਰੇਡ ਯੂਨੀਅਨ ਅੰਦੋਲਨ ਨਾਲ ਸੰਪਰਕ ਕਰਨ ਅਤੇ ਇਹ ਦੇਖਣ ਲਈ ਬਹੁਤ ਉਤਸੁਕ ਸਨ ਕਿ ਇਹ ਕਿਵੇਂ ਕੰਮ ਕਰਦਾ ਹੈ। 'ਇਸ ਬਾਰੇ ਮੈਂ ਸਵਰਗੀ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਲਿਖਿਆ, ਜੋ ਟਰੇਡ ਯੂਨੀਅਨ ਕਾਂਗਰਸ ਦੇ ਕਾਨਪੁਰ ਸੈਸ਼ਨ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਸਨ ਅਤੇ ਉਨ੍ਹਾਂ ਤੋਂ ਹਾਜ਼ਰ ਹੋਣ ਦੀ ਇਜਾਜ਼ਤ ਮੰਗੀ...' ਉਨ੍ਹਾਂ ਨੂੰ ਇਜਾਜ਼ਤ ਮਿਲ ਗਈ।

ਬ੍ਰੈਡਲੀ ਨੇ ਦੱਸਿਆ ਕਿ ਉਹ ਏਟਕ ਦੇ ਝਰੀਆ ਸੈਸ਼ਨ ਵਿੱਚ ਵੀ ਸ਼ਾਮਲ ਹੋਏ ਸਨ, ਜੋ ਜੀ.ਆਈ.ਪੀ ਰੇਲਵੇਮੈਨ ਯੂਨੀਅਨ ਆਫ਼ ਬੰਬੇ ਦੀ ਨੁਮਾਇੰਦਗੀ ਕਰਦੇ ਸਨ। ਯੂਨੀਅਨ ਵਿੱਚ 40 ਹਜ਼ਾਰ ਤੋਂ ਵੱਧ ਮੈਂਬਰ ਸਨ। ਲੀਗ ਅਗੇਂਸਟ ਇੰਪੀਰੀਅਲਿਜ਼ਮ ਦੇ ਭਰਾਤਰੀ ਡੈਲੀਗੇਟ ਜੇ. ਡਬਲਯੂ ਜੌਹਨਸਟੋਨ ਨੂੰ ਪੰਡਾਲ ਤੋਂ ਬਾਹਰ ਨਿਕਲਦੇ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਸੈਸ਼ਨ ਵਿੱਚ ਹੀ ਬੇਨ ਨੇ ਮੇਰਠ ਕੇਸ ਦੇ ਦੋਸ਼ੀ ਕਿਸ਼ੋਰੀ ਲਾਲ ਘੋਸ਼ ਨਾਲ ਆਪਣੀ ਦੋਸਤੀ ਨੂੰ ਨਵਾਂ ਰੂਪ ਦਿੱਤਾ, ਜੋ ਕਿ ਜੂਟ ਅਤੇ ਹੋਰ ਉਦਯੋਗਾਂ ਦੇ ਮਜ਼ਦੂਰਾਂ ਦਾ ਆਗੂ ਸੀ। ਬੇਨ ਨੇ ਅੰਦੋਲਨ ਨੂੰ ਵਿੱਤੀ ਤੌਰ 'ਤੇ ਮਦਦ ਕਰਨ ਦੀ ਕੋਸ਼ਿਸ਼ ਕੀਤੀ ਅਤੇ 1928 ਵਿੱਚ ਆਲ ਇੰਡੀਆ ਵਰਕਰਜ਼ ਐਂਡ ਪੇਜੈਂਟਸ ਪਾਰਟੀ ਦੀ ਕਾਨਫਰੰਸ ਲਈ ਕਲਕੱਤਾ ਦੀ ਆਪਣੀ ਫੇਰੀ ਦੌਰਾਨ ਕਈ ਮਜ਼ਦੂਰ ਖੇਤਰਾਂ ਦਾ ਦੌਰਾ ਕੀਤਾ। ਉਹ ਜਵਾਹਰ ਲਾਲ ਨਹਿਰੂ, ਬੰਕਿਮ ਮੁਖਰਜੀ ਅਤੇ ਕਿਸ਼ੋਰੀ ਲਾਲ ਦੇ ਨਾਲ ਬੌਰੀਆ ਗਏ, ਹੜਤਾਲੀ ਮਜ਼ਦੂਰਾਂ ਦੇ ਕੁਆਰਟਰਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ।

ਬ੍ਰੈਡਲੀ ਨੇ ਫਰਵਰੀ 1930 ਵਿੱਚ ਜੀ.ਆਈ.ਪੀ ਰੇਲਵੇ ਮਜ਼ਦੂਰਾਂ ਦੀ ਅਣਮਿੱਥੇ ਸਮੇਂ ਦੀ ਹੜਤਾਲ ਵਿੱਚ ਵੀ ਸਰਗਰਮ ਹਿੱਸਾ ਲਿਆ। ਉਸ ਸਮੇਂ ਉਹ ਯੂਨੀਅਨ ਦੇ ਉਪ-ਪ੍ਰਧਾਨ ਸਨ।

ਬ੍ਰੈਡਲੀ ਨੇ ਆਪਣੇ ਬਿਆਨ ਵਿੱਚ ਜੀ.ਕੇ.ਯੂ ਬਾਰੇ ਮਹੱਤਵਪੂਰਨ ਤੱਥ ਵੀ ਪੇਸ਼ ਕੀਤੇ। ਉਨ੍ਹਾਂ 1928 ਦੀ ਬੰਬੇ ਦੀ ਮਸ਼ਹੂਰ ਜੀ.ਕੇ.ਯੂ ਦੀ ਹੜਤਾਲ ਦੀ ਵਜ੍ਹਾ ਦੀ ਤਹਿ ਤੱਕ ਗਏ ਅਤੇ ਸਮੱਸਿਆਵਾਂ ਦਾ ਪਤਾ ਲਗਾਇਆ। 18 ਅਪ੍ਰੈਲ, 1928 ਨੂੰ ਮਜ਼ਦੂਰਾਂ ਨੇ ਇੱਕ ਜਲੂਸ ਕੱਢਿਆ ਜੋ ਨਾਗੂ ਸਯਾਜੀ ਵਾੜਾ ਬਸਤੀ ਵਿਖੇ ਇੱਕ ਰੈਲੀ ਨਾਲ ਖਤਮ ਹੋਇਆ, ਜਿਸ ਵਿੱਚ ਬ੍ਰੈਡਲੀ ਨੇ ਵੀ ਭਾਸ਼ਣ ਦਿੱਤਾ। ਇੱਕ ਹੜਤਾਲ ਕਮੇਟੀ ਬਣਾਈ ਗਈ। ਲੱਗਭੱਗ 15,000 ਮਜ਼ਦੂਰਾਂ ਨੇ ਜਲੂਸ ਵਿੱਚ ਹਿੱਸਾ ਲਿਆ। 26 ਅਪ੍ਰੈਲ ਤੱਕ, ਬੰਬਈ ਦੀ ਹਰ ਮਿੱਲ ਬੰਦ ਹੋ ਗਈ, ਮਜ਼ਦੂਰ ਹੜਤਾਲ 'ਤੇ ਸਨ। ਬੇਨ ਹੜਤਾਲ ਕਮੇਟੀ ਦੇ ਖਜ਼ਾਨਚੀਆਂ ਵਿੱਚੋਂ ਇੱਕ ਸਨ।

ਜੀ.ਕੇ.ਯੂ ਦੀ ਸਥਾਪਨਾ 22 ਮਈ, 1928 ਨੂੰ ਨਾਗੂ ਸਯਾਜੀ ਵਾੜਾ ਵਿੱਚ ਮਜ਼ਦੂਰਾਂ ਦੀ ਇੱਕ ਮੀਟਿੰਗ ਵਿੱਚ ਕੀਤੀ ਗਈ ਅਤੇ ਬੇਨ ਨੂੰ ਉਪ-ਪ੍ਰਧਾਨ ਚੁਣਿਆ ਗਿਆ।

ਬ੍ਰੈਡਲੀ ਨੂੰ ਨਵੰਬਰ 1933 ਵਿੱਚ ਰਿਹਾਅ ਕਰ ਦਿੱਤਾ ਗਿਆ ਅਤੇ 2 ਮਹੀਨੇ ਬਾਅਦ ਉਹ ਬ੍ਰਿਟੇਨ ਵਾਪਸ ਆ ਗਏ। ਉਨ੍ਹਾਂ ਦਾ ਸਵਾਗਤ ਲੰਡਨ ਦੇ ਵਿਕਟੋਰੀਆ ਸਟੇਸ਼ਨ 'ਤੇ ਸੀ.ਪੀ.ਜੀ.ਬੀ ਦੇ ਪਹਿਲੇ ਸੰਸਦ ਮੈਂਬਰ ਸ਼ਾਪੁਰਜੀ ਸਕਲਤਵਾਲਾ ਨੇ ਕੀਤਾ, ਜਿਨ੍ਹਾਂ ਨੇ ਮੇਰਠ ਕੈਦੀਆਂ ਲਈ ਬਚਾਅ ਫੰਡ ਦੀ ਸਥਾਪਨਾ ਕੀਤੀ ਸੀ।

ਮੇਰਠ ਜੇਲ੍ਹ ਤੋਂ ਆਪਣੇ ਭਰਾ ਲੈਨ ਬ੍ਰੈਡਲੀ ਨਾਲ ਬੇਨ ਦਾ ਪੱਤਰ ਵਿਹਾਰ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਰੋਤ ਹੈ।

**ਦੱਤ-ਬ੍ਰੈਡਲੀ ਥੀਸਿਸ**

ਬ੍ਰਿਟੇਨ ਵਾਪਸ ਆਉਣ ਤੋਂ ਬਾਅਦ ਬ੍ਰੈਡਲੀ ਬਸਤੀਵਾਦੀ ਸਵਾਲਾਂ ਵਿੱਚ ਸਰਗਰਮੀ ਨਾਲ ਸ਼ਾਮਲ ਹੋ ਗਏ, ਖਾਸ ਕਰਕੇ ਭਾਰਤ ਨਾਲ ਸੰਬੰਧਤ ਸਵਾਲ। ਇਹ ਉਹ ਸਮਾਂ ਸੀ ਜਦੋਂ ਬਸਤੀਵਾਦ ਵਿਰੋਧੀ ਅਤੇ ਸਾਮਰਾਜ ਵਿਰੋਧੀ ਸੰਘਰਸ਼ ਵਧ ਰਹੇ ਸਨ। ਉਸੇ ਸਮੇਂ ਸਿਧਾਂਤਕ ਅਤੇ ਸੰਗਠਨਾਤਮਕ ਸਮੱਸਿਆਵਾਂ ਪੇਸ਼ ਆਈਆਂ, ਜਿਨ੍ਹਾਂ ਤੋਂ ਬ੍ਰੈਡਲੀ ਕਾਫ਼ੀ ਜਾਣੂ ਸੀ। ਇਸ ਲਈ ਉਸ ਦਾ ਤਜਰਬਾ ਬਹੁਤ ਲਾਭਕਾਰੀ ਸਿੱਧ ਹੋਇਆ।

ਕਮਿੰਟਰਨ ਦੀ ਛੇਵੀਂ ਕਾਂਗਰਸ ਨੇ 1928 ਵਿੱਚ ਇੱਕ ਬਹੁਤ ਹੀ ਸੰਕੀਰਨ ਅਤੇ ਤੰਗ ਨਜ਼ਰੀਏ ਵਾਲਾ ਪ੍ਰੋਗਰਾਮ ਅਪਣਾਇਆ, ਜਿਸ ਨੇ ਬਹੁਤ ਸਾਰੇ ਸਾਥੀਆਂ ਅਤੇ ਪਾਰਟੀਆਂ ਨੂੰ ਕਾਫ਼ੀ ਸਮੇਂ ਲਈ ਗੁੰਮਰਾਹ ਕੀਤਾ ਸੀ। ਸੀ.ਪੀ.ਆਈ ਦੇ ਅੰਦਰ ਵੀ ਭੰਬਲਭੂਸਾ ਸੀ। ਛੇਵੀਂ ਕਮਿੰਟਰਨ ਕਾਂਗਰਸ ਨੇ ਕਿਹਾ ਕਿ ਭਾਰਤ ਵਿੱਚ ਕੌਮੀ ਬੁਰਜੂਆਜ਼ੀ 'ਸਾਮਰਾਜਵਾਦ ਵੱਲ ਚਲੀ ਗਈ' ਹੈ ਅਤੇ ਕਾਂਗਰਸ ਬ੍ਰਿਟਿਸ਼ ਸਰਕਾਰ ਨਾਲ ਮਿਲੀ ਹੋਈ ਇੱਕ ਪ੍ਰਤੀਕਿਰਿਆਵਾਦੀ ਪਾਰਟੀ ਹੈ। ਇਹ ਲਾਈਨ 1925 ਵਿੱਚ ਪੂਰਬ ਦੀ ਯੂਨੀਵਰਸਿਟੀ ਵਿੱਚ ਲੈਨਿਨ ਦੇ ਸਟੈਂਡ ਦੇ ਉਲਟ, ਸਟਾਲਿਨ ਦੇ ਭਾਸ਼ਣ ਦੀ ਨਿਰੰਤਰਤਾ ਸੀ। ਇਹਨਾਂ ਅੰਤਰਰਾਸ਼ਟਰੀ ਪੁਜ਼ੀਸ਼ਨਾਂ ਤੋਂ ਉਤਸ਼ਾਹਿਤ ਹੋ ਕੇ ਮੇਰਠ ਸਾਜ਼ਿਸ਼ ਕੇਸ ਦੇ ਸਮੇਂ ਦੌਰਾਨ, ਬੀ.ਟੀ ਰਣਦੀਵੇ, ਵੀ.ਡੀ ਦੇਸ਼ਪਾਂਡੇ ਅਤੇ ਹੋਰ ਜੇਲ੍ਹ ਤੋਂ ਬਾਹਰ ਬੈਠੇ ਨਾ-ਤਜਰਬੇਕਾਰ ਸਾਥੀਆਂ ਨੇ ਆਪਣੀ ਬਹੁਤ ਹੀ ਸੰਕੀਰਨ ਲਾਈਨ ਨੂੰ ਅਮਲ ਵਿੱਚ ਲਿਆਂਦਾ, ਜਿਸ ਨਾਲ ਬਹੁਤ ਨੁਕਸਾਨ ਹੋਇਆ।

ਮੇਰਠ ਕੈਦੀਆਂ ਦੀ ਰਿਹਾਈ ਤੋਂ ਬਾਅਦ, ਸੀ.ਪੀ.ਆਈ ਨੇ ਆਪਣੇ ਆਪ ਨੂੰ ਮੁੜ ਸੰਗਠਿਤ ਕਰਨ ਅਤੇ ਆਪਣਾ ਪੁਨਰ-ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ।

ਦਸੰਬਰ 1933 ਵਿੱਚ ਇੱਕ ਅਸਥਾਈ ਕੇਂਦਰੀ ਕਮੇਟੀ ਬਣਾਈ ਗਈ। ਇਸ ਤੋਂ ਬਾਅਦ, ਪੀ.ਸੀ. ਜੋਸ਼ੀ ਨੂੰ 1935 ਵਿੱਚ ਜਨਰਲ ਸਕੱਤਰ ਚੁਣਿਆ ਗਿਆ, ਜਿਸ ਨਾਲ ਯਥਾਰਥਵਾਦੀ ਨੀਤੀਆਂ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮੂਲ ਮੁੱਦਾ ਭਾਰਤ ਵਿੱਚ ਮਾਨਸਿਕਤਾ ਹੈ, ਜਿਸ ਦੀ ਗੱਲ ਕਰਨ ਨੂੰ ਕੋਈ ਤਿਆਰ ਹੀ ਨਹੀਂ ਦਿੱਸਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਗੱਲ ਭਾਵੇਂ ਭਾਰਤ-ਪਾਕਿ ਸੰਬੰਧਾਂ ਤੋਂ ਸ਼ੁਰੂ ਕਰਨ ਲੱਗਾ ਹਾਂ, ਪਰ ਇਹ ਭਾਰਤ-ਪਾਕਿ ਸੰਬੰਧਾਂ ਤੱਕ ਸੀਮਤ ਹੋਣ ਵਾਲੀ ਨਹੀਂ, ਸਗੋਂ ਸਮੁੱਚੇ ਭਾਰਤ ਅਤੇ ਭਾਰਤੀ ਲੋਕਾਂ ਬਾਰੇ ਹੈ। ਬਹੁਤ ਸਾਲ ਹੋ ਗਏ, ਕਿੰਨੇ ਸਾਲ, ਯਾਦ ਕਰਨੇ ਵੀ ਔਖੇ ਹਨ, ਓਦੋਂ ਇੱਕ ਪਾਕਿਸਤਾਨੀ ਗਰੁੱਪ ਸਾਡੇ ਪਾਸੇ ਆਇਆ ਤਾਂ ਜਲੰਧਰ ਵਿੱਚ ਉਸ ਦੇ ਸਵਾਗਤ ਵਾਸਤੇ ਇੱਕ ਸਮਾਗਮ ਕੀਤਾ ਗਿਆ ਸੀ। ਵਫਦ ਸੱਭਿਆਚਾਰ ਨਾਲ ਸੰਬੰਧਤ ਲੋਕਾਂ ਦਾ ਸੀ ਅਤੇ ਸਵਾਗਤ ਕਰਨ ਵਾਲਿਆਂ ਵਿੱਚ ਵੀ ਏਸੇ ਖੇਤਰ ਵਾਲੇ ਸਨ। ਇਹੋ ਜਿਹੇ ਮੌਕਿਆਂ ਉੱਤੇ ਸਾਂਝ ਦੀਆਂ ਤੰਦਾਂ ਲੱਭ ਕੇ ਬੋਲਣਾ ਚਾਹੀਦਾ ਹੈ ਤੇ ਮਾਮਲਾ ਸੱਭਿਆਚਾਰ ਦਾ ਹੋਣ ਕਾਰਨ ਚੰਗਾ ਵੀ ਇਹੋ ਸੀ ਕਿ ਇਸ ਹੱਦ ਤੋਂ ਅੱਗੇ ਨਾ ਵਧਿਆ ਜਾਵੇ, ਪਰ ਸਾਡੇ ਵਿੱਚੋਂ ਇੱਕ ਜਣੇ ਨੇ ਹੱਦ ਪਾਰ ਕਰਦੇ ਹੋਏ ਇਹ ਕਹਿ ਦਿੱਤਾ ਕਿ ਅਸੀਂ ਤੁਹਾਡੇ ਲਈ ਸੁੱਖ ਮੰਗਦੇ ਹਾਂ, ਤੁਹਾਡੀ ਕਿਸਮਤ ਵਿੱਚ ਹਰ ਦਸੀਂ-ਬਾਰੀਂ ਸਾਲੀਂ ਫੌਜੀ ਹਕੂਮਤ ਲਿਖੀ ਰਹਿੰਦੀ ਹੈ, ਜਿਹੜੀ ਲੋਕਾਂ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕਰਦੀ। ਉਸ ਨੇ ਹਮਦਰਦੀ ਦੇ ਭਾਵ ਨਾਲ ਕੁਨੀਨ ਦੀਆਂ ਕੌੜੀਆਂ ਗੋਲੀਆਂ ਖੰਡ ਵਿੱਚ ਲਿਬੇੜ ਕੇ ਪਰੋਸਣ ਦੀ ਜਿਹੜੀ ਚਤੁਰਾਈ ਕੀਤੀ, ਜਵਾਬ ਵਿੱਚ ਇੱਕ ਪਾਕਿਸਤਾਨੀ ਬੁਲਾਰੇ ਨੇ ਉਸ ਦੀ ਸਾਰੀ ਫੂਕ ਕੱਢ ਦਿੱਤੀ। ਉਹ ਕਹਿਣ ਲੱਗਾ ਕਿ ਆਰਥਿਕ ਪੱਖ ਦੀ ਤਰੱਕੀ ਲਾਂਭੇ ਰੱਖ ਲਈਏ ਤਾਂ ਸਮਾਜੀ ਪੱਖੋਂ ਜੇ ਫੌਜੀ ਹਕੂਮਤਾਂ ਨੇ ਪਾਕਿਸਤਾਨੀ ਲੋਕਾਂ ਦਾ ਭਲਾ ਕੁਝ ਨਹੀਂ ਕੀਤਾ ਤਾਂ ਜਿਹੜਾ ਹਾਲ ਤੁਹਾਡੇ ਵੱਲ ਹੋਇਆ ਪਿਆ ਹੈ, ਉਹਦੇ ਵੱਲ ਤੁਹਾਨੂੰ ਵੀ ਵੇਖਣਾ ਚਾਹੀਦਾ ਹੈ, ਤੁਹਾਡੇ ਵਾਲਿਆਂ ਨੇ ਵੀ ਲੋਕਾਂ ਦੀ ਭਲਾਈ ਕਰਨ ਦੀ ਥਾਂ ਜਿਹੜੇ ਚੰਦ ਚਾੜ੍ਹਨੇ ਸ਼ੁਰੂ ਕਰ ਰੱਖੇ ਹਨ, ਲੁਕਾਇਆਂ ਲੁਕਣ ਵਾਲੇ ਨਹੀਂ, ਇਸ ਕਰ ਕੇ ਸਾਨੂੰ ਸਾਂਝੇ ਸਮਾਗਮਾਂ ਦੇ ਵਿੱਚ ਏਦਾਂ ਦੀ ਕੁਤੱਤਣ ਵਾਲੀ ਚਰਚਾ ਛੇੜਨ ਤੋਂ ਗੁਰੇਜ਼ ਕਰਨ ਦੀ ਲੋੜ ਹੁੰਦੀ ਹੈ। ਪਹਿਲਾਂ ਗੱਲ ਛੇੜਨ ਵਾਲੇ ਸੱਜਣ ਦੀ ਹਾਲਤ ਏਦਾਂ ਦੀ ਬਣੀ ਕਿ ਸਮਾਗਮ ਦੀ ਸਮਾਪਤੀ ਤੱਕ ਰੁਕਣਾ ਔਖਾ ਹੋ ਗਿਆ ਅਤੇ ਕਿਸੇ ਹੋਰ ਸਮਾਗਮ ਲਈ ਜਾਣ ਦਾ ਬਹਾਨਾ ਕਰ ਕੇ ਅੱਧ-ਵਿਚਾਲਿਉਂ ਉੱਠ ਕੇ ਤੁਰਦਾ ਬਣਿਆ ਸੀ, ਪਰ ਹਾਲਾਤ ਦਾ ਵਹਿਣ ਅੱਜ ਵੀ ਉਹੋ ਹੈ।

ਪਾਕਿਸਤਾਨ ਵਿੱਚ ਬਹੁਤ ਜ਼ਿਆਦਾ ਕੱਟੜਤਾ ਹੋਣ ਦੀ ਗੱਲ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ, ਉਸ ਦੀ ਚਰਚਾ ਵੀ ਬਹੁਤ ਹੁੰਦੀ ਰਹਿੰਦੀ ਹੈ, ਜਿਸ ਨੇ ਕਰਨੀ ਹੈ, ਕਰਦਾ ਰਹੇ, ਅਸੀਂ ਵੀ ਕਈ ਵਾਰ ਕਰ ਲੈਂਦੇ ਹਾਂ, ਪਰ ਜਦੋਂ ਆਪਣੀ ਸਮਾਜਕ ਹਾਲਤ ਵੇਖਦੇ ਹਾਂ ਤਾਂ ਸਿਰ ਘੁੰਮਣ ਲੱਗਦਾ ਹੈ। ਅਸੀਂ ਚੰਦਰ ਯਾਨ ਵੱਲ ਝਾਕਦੇ ਹਾਂ, ਜਿਸ ਚੰਦ ਨੂੰ ਮਾਮਾ ਕਹਿ ਕੇ ਬਚਪਨ ਤੋਂ ਖੁਸ਼ ਹੁੰਦੇ ਆ ਰਹੇ ਸਾਂ, ਜਿਸ ਦੇ ਦੀਦਾਰ ਛਾਨਣੀ ਵਿੱਚੋਂ ਕਰ ਕੇ ਸਾਡੇ ਸਮਾਜ ਦੀਆਂ ਔਰਤਾਂ ਸਿਖਰ ਦੀ ਨਾਪਸੰਦੀ ਦੇ ਬਾਵਜੂਦ ਆਪਣੇ ਪਤੀ ਨੂੰ ਸਿਰ ਦਾ ਸਾਈਂ ਮੰਨ ਕੇ ਉਸ ਦੀ ਸੁੱਖ ਮਨਾਉਂਦੀਆਂ ਹਨ, ਓਸੇ ਚੰਦ ਵੱਲ ਇੱਕ ਉੱਪ-ਗ੍ਰਹਿ ਤੋਰਨ ਦੀ ਤਿਆਰੀ ਵੀ ਬਾਹਰੀ ਤੌਰ ਉੱਤੇ ਕਰੀ ਜਾਂਦੇ ਹਾਂ, ਪਰ ਮਾਨਸਿਕਤਾ ਨਹੀਂ ਬਦਲੀ। ਅੱਜ ਵੀ ਭਾਰਤ ਦੇ ਸਮਾਜ ਦਾ ਇੱਕ ਵੱਡਾ ਹਿੱਸਾ ਉਨ੍ਹਾਂ ਧਾਰਨਾਵਾਂ ਨਾਲ ਬੱਝੇ ਰਹਿਣ ਵਿੱਚ ਮਾਣ ਸਮਝਦਾ ਹੈ, ਜਿਹੜੀਆਂ ਕਈ ਸਦੀਆਂ ਤੋਂ ਇਸ ਦੇ ਪੈਰਾਂ ਦੀਆਂ ਬੇੜੀਆਂ ਬਣੀਆਂ ਰਹਿਣ ਕਾਰਨ ਏਸੇ ਸਮਾਜ ਦੇ ਕੁਝ ਵਰਗਾਂ, ਖਾਸ ਕਰ ਕੇ ਔਰਤਾਂ ਤੇ ਦਲਿਤ ਭਾਈਚਾਰੇ ਨਾਲ ਸੰਬੰਧਤ ਲੋਕਾਂ ਦੀ ਜ਼ਿੰਦਗੀ ਨਰਕ ਦੀ ਹਾਲਤ ਵਾਲੀ ਬਣਾਈ ਰੱਖਦੀਆਂ ਹਨ। ਇਸ ਹਾਲਤ ਦੀ ਚਰਚਾ ਸਰਕਾਰੇ-ਦਰਬਾਰੇ ਵੀ ਹੁੰਦੀ ਹੈ, ਪਰ ਚਰਚਾ ਦੀ ਰਸਮ ਪੂਰਤੀ ਤੋਂ ਗੱਲ ਅੱਗੇ ਕਦੀ ਨਹੀਂ ਵਧੀ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਵਿੱਚੋਂ ਕਈ ਇਸ ਦੇਸ਼ ਦੇ ਕਾਨੂੰਨ ਮੁਤਾਬਕ ਜੁਰਮ ਮੰਨੀਆਂ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਰੋਕਣ ਦੀ ਨਾ ਇਹ ਸਮਾਜ ਕੋਈ ਠੋਸ ਕੋਸ਼ਿਸ਼ ਕਰਦਾ ਹੈ ਤੇ ਨਾ ਇਸ ਦੇਸ਼ ਦੀ ਸਰਕਾਰ ਏਦਾਂ ਕਰਨਾ ਜ਼ਰੂਰੀ ਸਮਝਦੀ ਹੈ। ਕਾਰਨ ਇਹ ਹੈ ਕਿ ਇਸ ਸਮਾਜ ਦੇ ਅੰਦਰ ਉਨ੍ਹਾਂ ਕੁਰੀਤੀਆਂ ਨਾਲ ਹੁੰਦੇ ਜ਼ੁਲਮਾਂ ਦੇ ਬਾਵਜੂਦ ਉਨ੍ਹਾਂ ਲਈ ਸਹਿਮਤੀ ਤੋੜਨ ਵਿੱਚ ਖਤਰਾ ਬਹੁਤ ਹੈ, ਖਾਸ ਕਰ ਕੇ ਰਾਜਸੀ ਲੀਡਰਸ਼ਿਪ ਨੂੰ ਆਪਣੀਆਂ ਵੋਟਾਂ ਨੂੰ ਖੋਰਾ ਲੱਗਣ ਦਾ ਡਰ ਰਹਿੰਦਾ ਹੈ।

ਜਿਨ੍ਹਾਂ ਲੋਕਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੇ ਸੰਵਿਧਾਨਕ ਆਧਾਰ ਦੇ ਬਾਵਜੂਦ ਦਲਿਤ ਮੰਨਿਆ ਜਾਂਦਾ ਹੈ ਅਤੇ ਸ਼ਾਇਦ ਏਸੇ ਲਈ ਸਮਾਜ ਵਿੱਚ ਜ਼ੋਰਾਵਰਾਂ ਦੀ ਖੋਟੀ ਨੀਤ ਦਾ ਪ੍ਰਗਟਾਵਾ ਉਨ੍ਹਾਂ ਦੇ ਵਿਰੁੱਧ ਹੁੰਦਾ ਰਹਿੰਦਾ ਹੈ, ਉਨ੍ਹਾਂ ਨਾਲ ਹੁੰਦੇ ਏਦਾਂ ਦੇ ਜੁਰਮਾਂ ਬਾਰੇ ਕਾਨੂੰਨ ਦੀਆਂ ਏਜੰਸੀਆਂ ਅਤੇ ਕਾਨੂੰਨ ਦੀਆਂ ਅਦਾਲਤਾਂ ਦੇ ਫੈਸਲੇ ਇੱਕੋ ਜਿਹੇ ਹੋਣ ਵਾਲੀ ਸਥਿਤੀ ਅਜੇ ਤੱਕ ਨਹੀਂ ਬਣ ਸਕੀ। ਪਿਛਲੇ ਇੱਕ ਪੰਦਰਵਾੜੇ ਦੌਰਾਨ ਭਾਰਤ ਦੇ ਇੱਕ ਰਾਜ ਵਿੱਚ ਇੱਕ ਦਲਿਤ ਗਰੀਬ ਨੂੰ ਪੰਚਾਇਤ ਦੇ ਸਾਹਮਣੇ ਸ਼ਰਾਬ ਦੇ ਇੱਕ ਵਪਾਰੀ ਦੇ ਪੈਰ ਧੋਣ ਅਤੇ ਫਿਰ ਉਹ ਗੰਦਾ ਪਾਣੀ ਪੀਣ ਲਈ ਮਜਬੂਰ ਕੀਤਾ ਗਿਆ। ਜਦੋਂ ਤੱਕ ਸੋਸ਼ਲ ਮੀਡੀਆ ਉੱਤੇ ਉਸ ਦੀ ਵੀਡੀਓ ਨਹੀਂ ਸੀ ਚੜ੍ਹ ਗਈ, ਪੁਲਸ ਨੇ ਕੋਈ ਨੋਟਿਸ ਲੈਣ ਦੀ ਲੋੜ ਨਹੀਂ ਸੀ ਸਮਝੀ। ਇੱਕ ਹੋਰ ਥਾਂ ਇੱਕ ਗਰੀਬ ਨੂੰ ਪੰਚਾਇਤ ਵਿੱਚ ਬਿਠਾ ਕੇ ਉਸ ਦੇ ਸਿਰ ਉੱਤੇ ਪੇਸ਼ਾਬ ਕੀਤਾ ਗਿਆ ਤੇ ਇੱਕ ਹੋਰ ਥਾਂ ਇੱਕ ਦਲਿਤ ਡਰਾਈਵਰ ਨੂੰ ਟਰੱਕ ਮਾਲਕ ਦੀ ਤਸੱਲੀ ਲਈ ਆਪੇ ਬਣੇ ਪੰਚਾਂ ਸਾਹਮਣੇ ਪੇਸ਼ਾਬ ਪੀਣ ਦੇ ਲਈ ਮਜਬੂਰ ਕੀਤਾ ਗਿਆ, ਪਰ ਦੇਸ਼ ਦੇ ਕਾਨੂੰਨ ਨੇ ਓਨਾ ਚਿਰ ਅੱਖਾਂ ਮੀਟੀ ਰੱਖੀਆਂ, ਜਦੋਂ ਤੱਕ ਸੋਸ਼ਲ ਮੀਡੀਆ ਉੱਤੇ ਇਸ ਦੀ ਵੀਡੀਓ ਨਹੀਂ ਸੀ ਚੜ੍ਹ ਗਈ। ਦੇਸ਼ ਦੀਆਂ ਅਦਾਲਤਾਂ ਨੇ ਕਈ ਵਾਰੀ ਕੁਝ ਗੱਲਾਂ ਦਾ ਆਪਣੇ ਤੌਰ ਉੱਤੇ ਨੋਟਿਸ ਲਿਆ ਹੋਇਆ ਹੈ, ਪਰ ਜਿਹੜੇ ਕਹਿਰ ਇਸ ਸਮਾਜ ਵਿੱਚ ਵਾਪਰਨ ਦੀਆਂ ਘਟਨਾਵਾਂ ਪਿਛਲੇ ਪੰਦਰਵਾੜੇ ਵਿੱਚ ਹੀ ਕਈ ਵਾਰ ਹੋਈਆਂ ਅਸੀਂ ਅਖਬਾਰਾਂ ਵਿੱਚ ਪੜ੍ਹੀਆਂ ਅਤੇ ਟੀ ਵੀ ਉੱਤੇ ਚਰਚਾ ਸੁਣੀ ਹੈ, ਉਨ੍ਹਾਂ ਬਾਰੇ ਕੋਈ ਜੱਜ ਸਾਹਿਬ ਕਦੀ ਸ਼ਾਇਦ ਹੀ ਆਪਣੇ ਤੌਰ ਉੱਤੇ ਨੋਟਿਸ ਲੈ ਕੇ ਕੇਂਦਰ ਜਾਂ ਸੰਬੰਧਤ ਰਾਜ ਦੀ ਸਰਕਾਰ ਨੂੰ ਝਾੜਦੇ ਵੇਖੇ ਹੋਣਗੇ। ਮਨੀਪੁਰ ਦਾ ਮੁੱਦਾ ਬਹੁਤ ਵੱਡਾ ਸੀ, ਦੱਬੇ-ਕੁਚਲੇ ਲੋਕਾਂ ਨਾਲ ਜ਼ਿਆਦਤੀ ਦਾ ਅਤੇ ਔਰਤਾਂ ਨਾਲ ਧੱਕੇਸ਼ਾਹੀ ਦੀ ਸਿਖਰ ਦਾ ਵੀ, ਇਸ ਦਾ ਸੁਪਰੀਮ ਕੋਰਟ ਨੇ ਝੱਟ ਨੋਟਿਸ ਲਿਆ, ਪਰ ਪ੍ਰਧਾਨ ਮੰਤਰੀ ਨੇ ਜਦੋਂ ਇਹ ਕਹਿ ਦਿੱਤਾ ਕਿ ਉਹ ਇਸ ਤਰ੍ਹਾਂ ਦਾ ਪਾਪ ਕਰਨ ਵਾਲਿਆਂ ਨੂੰ ਮੁਆਫ ਨਹੀਂ ਕਰਨਗੇ, ਉਸ ਮਗਰੋਂ ਅਦਾਲਤ ਨੇ ਕੁਝ ਕਰਨ ਦੀ ਲੋੜ ਨਹੀਂ ਸਮਝੀ। ਉਨ੍ਹਾਂ ਲੋਕਾਂ ਨੂੰ ਕਿੰਨਾ ਕੁ ਇਨਸਾਫ ਮਿਲਿਆ, ਇਸ ਬਾਰੇ ਜ਼ਿਕਰ ਕਰਨ ਦੀ ਲੋੜ ਨਹੀਂ, ਕਾਨੂੰਨ ਅੰਨ੍ਹਾ ਜੁ ਹੁੰਦਾ ਹੈ।

ਭਾਰਤ ਦੇ ਰਾਜਾਂ ਵਿੱਚ ਵੋਟਾਂ ਲੈਣ ਲਈ ਔਰਤਾਂ ਨੂੰ ਖਾਸ ਸਹੂਲਤਾਂ ਤੇ ਉਨ੍ਹਾਂ ਲਈ ਭੱਤੇ ਜਾਰੀ ਕਰਨ ਦਾ ਜਨਤਕ ਮੁਕਾਬਲਾ ਚਲਦਾ ਰਹਿੰਦਾ ਹੈ, ਪਰ ਔਰਤਾਂ ਨਾਲ ਹੁੰਦੀਆਂ ਜ਼ਿਆਦਤੀਆਂ ਨੂੰ ਰਾਜਸੀ ਲੀਡਰਸ਼ਿਪ ਤੇ ਅਦਾਲਤੀ ਖੇਤਰ ਦੀ ਵੀ ਇੱਕ ਖਾਸ ਖਾਮੋਸ਼ ਸਹਿਮਤੀ ਜਾਪਦੀ ਹੈ। ਇਨ੍ਹਾਂ ਨਾਲ ਹੋਈ ਹਰ ਜ਼ਿਆਦਤੀ ਨੂੰ ਰਾਜਨੀਤਕ ਲੋੜਾਂ ਦੀ ਅੱਖ ਨਾਲ ਵੇਖਣ ਪਿੱਛੋਂ ਅਗਲੀ ਗੱਲ ਕਹਿਣ ਲਈ ਸੋਚਿਆ ਜਾਂਦਾ ਹੈ। ਮਾਮਲਾ ਜਦੋਂ ਪੱਛਮੀ ਬੰਗਾਲ ਦਾ ਹੋਵੇ ਤਾਂ ਭਾਜਪਾ ਦੇ ਆਗੂ ਇਸ ਨੂੰ ਚੁੱਕ ਕੇ ਦੁਹਾਈ ਪਾਉਂਦੇ ਹਨ, ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਹਰਿਆਣਾ ਜਾਂ ਰਾਜਸਥਾਨ ਵਿੱਚ ਕਹਿਰ ਵਾਪਰਿਆ ਹੋਵੇ ਤਾਂ ਭਾਜਪਾ ਵਿਰੋਧੀ ਧਿਰਾਂ ਦੇ ਆਗੂ ਓਧਰ ਨੂੰ ਦੌੜਾਂ ਲਾਉਣ ਲੱਗਦੇ ਹਨ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਆਦਮੀਆਂ ਦੇ ਇੱਕ ਗਰੁੱਪ ਨੇ ਦਸਹਿਰੇ ਮੌਕੇ 'ਸਰੂਪਨਖਾ ਦਹਿਨ' ਦੇ ਨਾਂਅ ਉੱਤੇ ਗਿਆਰਾਂ ਸਿਰਾਂ ਵਾਲੀ ਉਸ ਕੁੜੀ ਦਾ ਬੁੱਤ ਸਾੜਨ ਦਾ ਐਲਾਨ ਕੀਤਾ ਸੀ, ਜਿਸ ਉੱਤੇ ਹਨੀਮੂਨ ਦੇ ਦਿਨਾਂ ਵਿੱਚ ਆਪਣੇ ਪਤੀ ਦਾ ਕਤਲ ਕਰਵਾਉਣ ਦਾ ਦੋਸ਼ ਲੱਗਦਾ ਸੀ। ਉਸ ਕੁੜੀ ਨੇ ਏਦਾਂ ਕੀਤਾ ਸੀ ਤਾਂ ਗਲਤ ਕੀਤਾ ਸੀ, ਪਰ ਇਸ ਦੇਸ਼ ਵਿੱਚ ਹਰ ਮਹੀਨੇ ਦੋ-ਚਾਰ ਘਟਨਾਵਾਂ ਵਿਆਹ ਦੇ ਇੱਕ ਮਹੀਨਾ ਵੀ ਬੀਤਣ ਤੋਂ ਪਹਿਲਾਂ ਕੁੜੀ ਨੂੰ ਸਹੁਰੇ ਪਰਵਾਰ ਜਾਂ ਪਤੀ ਵੱਲੋਂ ਮਾਰ ਦੇਣ ਦੀਆਂ ਵਾਪਰਦੀਆਂ ਹਨ, ਉਨ੍ਹਾਂ ਜੁਰਮਾਂ ਦੇ ਦੋਸ਼ੀਆਂ ਦੇ ਪੁਤਲੇ ਕਦੀ ਕਿਸੇ ਨੇ ਨਹੀਂ ਸਾੜੇ। ਭਾਰਤ ਦੀ ਰਾਜਧਾਨੀ ਦਿੱਲੀ ਔਰਤਾਂ ਦੇ ਖਿਲਾਫ ਜੁਰਮਾਂ ਦੇ ਮਾਮਲੇ ਵਿੱਚ ਸਭ ਤੋਂ ਮੋਹਰੀ ਜਾਪਦੀ ਹੈ, ਨਿਰਭੈਆ ਕਾਂਡ ਓਥੇ ਵਾਪਰਿਆ ਸੀ, ਤੰਦੂਰ ਕਾਂਡ ਵੀ ਦਿੱਲੀ ਵਿੱਚ ਵਾਪਰਿਆ, ਜਿਸ ਵਿੱਚ ਇੱਕ ਯੂਥ ਲੀਡਰ ਨੇ ਆਪਣੀ ਪ੍ਰੇਮਿਕਾ ਨੂੰ ਤੰਦੂਰ ਵਿੱਚ ਟੋਟੇ ਕਰ-ਕਰ ਭੁੰਨਿਆ ਸੀ, ਤਾਮਰਿੰਡ ਕੋਰਟ ਨਾਂਅ ਦੇ ਰੈਸਟੋਰੈਂਟ ਵਿੱਚ ਕਾਊਂਟਰ ਉੱਤੇ ਖੜੋਤੀ ਡਿਊਟੀ ਕਰ ਰਹੀ ਜੈਸਿਕਾ ਲਾਲ ਨਾਂਅ ਦੀ ਕੁੜੀ ਦੇ ਮੱਥੇ ਵਿਚਕਾਰ ਪਿਸਤੌਲ ਦੀ ਨਾਲੀ ਰੱਖ ਕੇ ਇੱਕ ਮੰਤਰੀ ਦੇ ਪੁੱਤਰ ਅਤੇ ਰਾਸ਼ਟਰਪਤੀ ਦੇ ਦੋਹਤੇ ਨੇ ਗੋਲੀ ਮਾਰ ਕੇ ਕਤਲ ਕੀਤਾ ਸੀ, ਉਨ੍ਹਾਂ ਵਿੱਚੋਂ ਕਿਸੇ ਇੱਕ ਦਾ ਵੀ ਬੁੱਤ ਸਾੜਨ ਦਾ ਕਿਸੇ ਨੇ ਕਦੀ ਐਲਾਨ ਨਹੀਂ ਕੀਤਾ। ਇੱਕ ਕੁੜੀ ਦਾ ਨਾਂਅ ਹਨੀਮੂਨ ਦੌਰਾਨ ਆਪਣੇ ਪਤੀ ਦੇ ਕਤਲ ਵਿੱਚ ਆ ਗਿਆ ਤਾਂ ਉਸ ਨੂੰ ਰਾਵਣ ਦੀ ਭੈਣ ਸਰੂਪਨਖਾ ਆਖਣ ਤੇ ਉਸ ਦੇ ਬੁੱਤ ਸਾੜਨ ਦਾ ਐਲਾਨ ਸੁਣਨ ਨੂੰ ਮਿਲ ਗਿਆ। ਏਦਾਂ ਹੁੰਦਾ ਜੇ ਹਾਈ ਕੋਰਟ ਨਾ ਰੋਕਦੀ ਤਾਂ ਪ੍ਰੰਪਰਾ ਬਣ ਜਾਣਾ ਸੀ।

ਹੱਦ ਤਾਂ ਇਹ ਹੈ ਕਿ ਸਾਡੇ ਲੋਕਾਂ ਦੀ ਇਹੋ ਸੋਚ ਵਿਦੇਸ਼ਾਂ ਵਿੱਚ ਜਾ ਕੇ ਵੀ ਕਾਇਮ ਰਹਿੰਦੀ ਹੈ ਅਤੇ ਪੰਜਾਬੀ ਦਾ ਇਹ ਅਖਾਣ ਕਿ 'ਲਾਹੌਰ ਦੇ ਬੁੱਧੂ, ਪਸ਼ੌਰ ਵੀ ਬੁੱਧੂ' ਸੱਚ ਸਾਬਤ ਹੁੰਦਾ ਰਹਿੰਦਾ ਹੈ। ਪਹਿਲਾਂ ਯੂਰਪ ਦੇ ਦੇਸ਼ਾਂ ਤੋਂ ਖਬਰਾਂ ਆਈਆਂ ਸਨ ਕਿ ਓਥੋਂ ਦੇ ਅੰਕੜੇ ਦੱਸਦੇ ਹਨ ਕਿ ਭਾਰਤੀ ਅਤੇ ਪਾਕਿਸਤਾਨੀ ਪਰਵਾਸੀਆਂ ਦੇ ਘਰ ਧੀਆਂ ਬਹੁਤ ਘੱਟ ਪੈਦਾ ਹੁੰਦੀਆਂ ਹਨ ਅਤੇ ਇਸ਼ਾਰਾ ਕੀਤਾ ਗਿਆ ਸੀ ਕਿ ਭਰੂਣ ਪਰਖ ਦੇ ਬਾਅਦ ਗਰਭਪਾਤ ਕਰਵਾਏ ਜਾਂਦੇ ਹਨ। ਬਹੁਤ ਸਾਰੇ ਪੰਜਾਬੀ ਲੋਕ, ਭਾਰਤੀ ਵੀ ਅਤੇ ਪਾਕਿਸਤਾਨੀ ਵੀ, ਇਹ ਕਹਿਰ ਕਮਾਉਣ ਲਈ ਆਪਣੇ ਦੇਸ਼ ਵੱਲ ਉਚੇਚਾ ਚੱਕਰ ਵੀ ਲਾਉਂਦੇ ਹਨ ਅਤੇ ਜਿੰਨਾ ਚਾਹੇ ਲੁਕਾ ਕੇ ਰੱਖਦੇ ਰਹਿਣ, ਕਾਨੂੰਨੀ ਜਕੜ ਵਿੱਚ ਆਉਣ ਤੋਂ ਤਾਂ ਉਹ ਬਚ ਸਕਦੇ ਹਨ, ਆਪਣੇ ਜਾਂ ਉਸ ਦੇਸ਼ ਦੇ ਸਮਾਜ ਦੀਆਂ ਨਜ਼ਰਾਂ ਤੋਂ ਨਹੀਂ ਬਚ ਸਕਦੇ। ਉਨ੍ਹਾਂ ਵਿੱਚ ਇਹ ਪਾਪ ਕਮਾਉਣ ਦੀ ਕੁਰੀਤੀ ਵੀ ਭਾਰਤੀ ਸਮਾਜ ਦੀ ਦੇਣ ਹੈ, ਜਿਸ ਨੂੰ ਭਾਰਤ ਦੀ ਕੇਂਦਰ ਵਾਲੀ ਸਰਕਾਰ ਜਾਂ ਰਾਜ ਸਰਕਾਰਾਂ ਰੋਕਣ ਲਈ ਖਾਸ ਤਰੱਦਦ ਨਹੀਂ ਕਰਦੀਆਂ ਅਤੇ ਅਦਾਲਤਾਂ ਵਿੱਚ ਵੀ ਇਸ ਦਾ ਚਲਾਵਾਂ ਜਿਹਾ ਜ਼ਿਕਰ ਹੋ ਕੇ ਰਹਿ ਜਾਂਦਾ ਹੈ। ਇਹੋ ਜਿਹੇ ਹਾਲਾਤ ਦੇ ਕਾਰਨ ਜਿਹੜੀ ਮਾਨਸਿਕਤਾ ਸਾਡੇ ਸਮਾਜ ਵਿੱਚ ਬਣਦੀ ਰਹਿੰਦੀ ਹੈ, ਉਸ ਵਿੱਚ ਇੱਕ ਕੁੜੀ ਦਾ ਕੀਤਾ ਪਾਪ ਭਾਰਤ ਵਿੱਚ ਜੰਮੀ ਜਾਂ ਭਵਿੱਖ ਵਿੱਚ ਜੰਮਣ ਵਾਲੀ ਹਰ ਕੁੜੀ ਲਈ ਬਦਨਾਮੀ ਦਾ ਟਿੱਕਾ ਸਮਝਿਆ ਜਾਂਦਾ ਹੈ, ਪਰ ਇਹੋ ਜਿਹੇ ਬੰਦੇ ਦਾ ਕੀਤਾ ਪਾਪ ਸਾਰੇ ਦੇਸ਼ ਜਾਂ ਸਮਾਜ ਦੇ ਬੰਦਿਆਂ ਲਈ ਕਾਲਖ ਦਾ ਕਾਰਨ ਕਦੇ ਬਣਦਾ ਨਹੀਂ ਵੇਖਿਆ ਜਾਂਦਾ।

ਅਸੀਂ ਅੱਜਕੱਲ੍ਹ ਭਾਰਤ ਵਿੱਚ ਧਰਮ ਦੇ ਨਾਂਅ ਉੱਤੇ ਉੱਬਲ ਰਹੀ ਇੱਕ ਖਾਸ ਤਰ੍ਹਾਂ ਦੀ ਮਾਨਸਿਕਤਾ ਵੇਖ ਰਹੇ ਹਾਂ ਕਿ ਏਥੇ ਧਰਮ ਪ੍ਰੀਵਰਤਨ ਨਹੀਂ ਹੋਣਾ ਚਾਹੀਦਾ। ਇਹ ਭਾਵਨਾ ਹਰ ਧਰਮ ਦੇ ਪ੍ਰਚਾਰਕਾਂ ਜਾਂ ਉਸ ਧਰਮ ਲਈ ਸਮਾਜੀ ਆਗੂ ਦਾ ਦਰਜਾ ਰੱਖਣ ਵਾਲਿਆਂ ਅੰਦਰ ਸਾਫ ਦਿਖਾਈ ਦੇਂਦੀ ਹੈ, ਪਰ ਇਹ ਵੀ ਦੋਹਰੀ ਮਾਨਸਿਕਤਾ ਹੈ। ਦੂਸਰੇ ਧਰਮ ਦਾ ਕੋਈ ਵਿਅਕਤੀ ਸਾਡੇ ਧਰਮ ਵਿੱਚ ਸ਼ਾਮਲ ਹੋ ਜਾਵੇ ਤਾਂ ਉਸ ਦਾ ਸਨਮਾਨ ਕੀਤਾ ਜਾਂਦਾ ਹੈ, ਪਰ ਸਾਡੇ ਧਰਮ ਵਿਚਲਾ ਕੋਈ ਵਿਅਕਤੀ ਦੂਸਰੇ ਧਰਮ ਵੱਲ ਜਾਣ ਦੀ ਇੱਛਾ ਵੀ ਪ੍ਰਗਟ ਕਰੇ ਤਾਂ ਸਾਨੂੰ ਲਾਲੀਆਂ ਚੜ੍ਹ ਜਾਂਦੀਆਂ ਹਨ। ਇਹ ਦੋਹਰੀ ਮਾਨਸਿਕਤਾ ਹਰ ਇਲਾਕੇ ਵਿੱਚ ਜਿਹੜਾ ਧਾਰਮਿਕ ਭਾਈਚਾਰਾ ਹੋਰਨਾਂ ਤੋਂ ਵੱਧ ਹੈ, ਉਸ ਵਿੱਚ ਵੱਧ ਹੁੰਦੀ ਹੈ ਅਤੇ ਜਿਨ੍ਹਾਂ ਦੀ ਗਿਣਤੀ ਘੱਟ ਹੁੰਦੀ ਹੈ, ਉਹ ਦੱਬੇ-ਘੁੱਟੇ ਜਿਹੇ ਹਰ ਮਾਮਲੇ ਵਿੱਚ ਭਾਣਾ ਮੰਨਣ ਦੀ ਗੱਲ ਕਹਿ ਕੇ ਚੁੱਪ ਰਹਿਣ ਵਿੱਚ ਭਲਾਈ ਮੰਨਦੇ ਹਨ। ਵੱਡਾ ਮਸਲਾ ਇਹ ਨਹੀਂ ਕਿ ਅਸੀਂ ਕਦੇ-ਕਦਾਈਂ ਕਿਸੇ ਦਲਿਤ ਪਿਛੋਕੜ ਦੇ ਸੀਨੀਅਰ ਆਗੂ ਨੂੰ ਦੇਸ਼ ਦਾ ਸੰਵਿਧਾਨਕ ਮੁਖੀ, ਰਾਸ਼ਟਰਪਤੀ ਬਣਾ ਲੈਂਦੇ ਹਾਂ ਜਾਂ ਕਿਸੇ ਇਸਤਰੀ ਨੂੰ ਇਹ ਦਰਜਾ ਦੇ ਲੈਂਦੇ, ਸਗੋਂ ਵੱਡਾ ਮੁੱਦਾ ਇਹ ਹੈ ਕਿ ਦਲਿਤਾਂ ਅਤੇ ਔਰਤਾਂ ਬਾਰੇ ਮਾਨਸਿਕਤਾ ਨਹੀਂ ਬਦਲੀ ਜਾ ਰਹੀ। ਏਨਾ ਕੁਝ ਹੋਈ ਜਾਂਦਾ ਹੈ, ਇਸ ਦੇ ਬਾਵਜੂਦ ਅਸੀਂ ਦੂਸਰੇ ਕੁਝ ਖਾਸ ਦੇਸ਼ਾਂ ਵਿੱਚ ਜਨੂੰਨੀ ਕਿਸਮ ਦੀ ਧਾਰਮਿਕਤਾ ਦਾ ਵਿਰੋਧ ਕਰਦੇ ਹਾਂ, ਸਾਡੇ ਭਾਰਤ ਅੰਦਰ ਇਹ ਸਭ ਕੁਝ ਚੱਲੀ ਜਾਵੇ ਤਾਂ ਸਾਨੂੰ ਇਸ ਦੇ ਨਾਲ ਕੋਈ ਫਰਕ ਹੀ ਨਹੀਂ ਪੈਂਦਾ ਜਾਪਦਾ। ਆਖਰ ਕਿਉਂ? ਕੀ ਇਹੋ ਉਹ ਲੋਕਤੰਤਰ ਹੈ, ਜਿਸ ਦਾ ਅਸੀਂ ਮਾਣ ਕਰਦੇ ਹਾਂ!

# ਸ.ਫੀ ਬਰਾੜ ਨੇ ਮੁੜ ਬੱਧਾ ਸੀ ਸਮਾਲਸਰ

**ਪਿੰਡ ਵਸਿਆ-50**

**ਵਿਜੇ ਬੰਬੇਲੀ**

ਸਮਾਲਸਰ, (ਬਾਘਾ ਪੁਰਾਣਾ, ਮੋਗਾ) ਸਿੱਧੂ ਬਰਾੜਾਂ ਨੇ ਕਰੀਬ 18ਵੀਂ ਸਦੀ ਦੇ ਚੌਥੇ ਦਹਾਕੇ ਮੁੜ ਬੱਧਾ ਸੀ। ਪਿੰਡ ਦੀ ਮੋੜ੍ਹੀ ਗੱਡਣ ਵਾਲਾ ਇਹਨਾਂ ਗੋਤਰੀਆਂ ਦਾ ਇੱਕ ਪੁਰਖਾ ਬਾਬਾ ਸਫ਼ੀ ਸੀ। ਕਿਹਾ ਜਾਂਦਾ ਹੈ ਕਿ ਜਿਸ ਧੋੜੇ ਉੱਤੇ, ਢਾਬ ਲਾਗੇ, ਬਾਬਾ ਸਫ਼ੀ ਨੇ ਮੋੜ੍ਹੀ ਗੱਡੀ ਸੀ, ਉਸ 'ਤੇ ਕਰੀਬ ਸਦੀ ਪਹਿਲਾਂ ਪਠਾਣਾਂ ਦੀ ਇੱਕ ਵਸੇਬ ਸੀ, ਜਿਸ ਦਾ ਮੁਖੀਆ ਇਸਮਾਇਲ ਖਾਂ ਸੀ। ਉਸੇ ਯੋਧੇ ਦੇ ਨਾਂਅ ਇਸ ਵਸੋਂ ਨੂੰ ਇਸਮਾਇਲ ਆਖਿਆ ਜਾਣ ਲੱਗਾ। ਇਸਮਾਇਲ ਕਬੀਲਾ, ਸ਼ਿਕਾਰੀ ਅਤੇ ਪਸ਼ੂ ਪਾਲਕ ਸੀ, ਜਿਹੜੇ ਰਾਜਿਆਂ-ਮਹਾਰਾਜਿਆਂ ਤੋਂ ਆਕੀ ਸਨ। ਮੁੱਖ ਤੌਰ 'ਤੇ ਇਹ ਘੁਮੰਤਰ ਕਬੀਲਾ ਸੀ, ਜਿਹੜੇ ਇੱਕ ਜਗ੍ਹਾ ਬਹੁਤੀ ਦੇਰ ਨਹੀਂ ਸੀ ਟਿਕਦੇ, ਪਰ ਇਥੇ ਲੰਮਾ ਸਮਾਂ ਟਿਕੇ ਰਹੇ। ਉਦੋਂ, ਇਸ ਖਿੱਤੇ ਦਾ ਮਾਲਕ ਚੌਧਰੀ ਭੱਲਣ ਸੀ। ਦਰਅਸਲ ਉਸ ਦੇ ਕਿਹਾ ਹੀ ਇਹ ਲੋਕ ਬਹੁਤਾ ਸਮਾਂ ਇਥੇ ਰੁਕੇ-ਟਿਕੇ ਰਹੇ ਸਨ, ਪਰ ਜਦੋਂ ਢਾਬ ਵਿੱਚ ਪਾਣੀ ਦੀ ਬੇਹੱਦ ਕਮੀ ਹੋ ਗਈ ਅਤੇ ਵੈਰੀਆਂ ਦਾ ਜ਼ੋਰ ਵਧਿਆ ਤਾਂ ਇਹ ਲੋਕ ਇਹ ਪਿੰਡ ਛੱਡ ਗਏ ਤੇ ਇਸਮਾਇਲ ਉੱਜੜ ਗਿਆ।

ਸਮਾਂ ਪਾ ਢਾਬ ਫਿਰ ਹਰੀ-ਭਰੀ ਹੋ ਗਈ, ਪਹਿਲਾਂ ਨਾਲੋਂ ਵੀ ਕਿਤੇ ਵੱਧ ਜਲ-ਲਬਰੇਜ਼। ਉਸੇ ਜਗਾਹ, ਮੁੜ ਬੱਧੇ ਪਿੰਡ ਦਾ ਨਾਂਅ ਸਫ਼ੀ ਨੇ ਪਹਿਲੇ ਨਾਂਅ ਦੀ ਨਿਸਬਤਨ 'ਇਸਮਾਇਲਸਰ' ਰੱਖ ਲਿਆ। ਇਹੀ ਨਾਂਅ ਸਮਾਂ ਪਾ ਸੌਖਾ-ਸਖੇਰਾ ਹੁੰਦਾ ਲੋਕ ਬੋਲੀ ਵਿੱਚ ਅਖੀਰ 'ਸਮਾਲਸਰ' ਹੋ ਨਿਬੜਿਆ। ਦਰ-ਹਕੀਕਤ; ਬ੍ਰਿਟਿਸ਼ ਸਾਮਰਾਜ ਨੇ ਹੀ ਸਰਕਾਰੀ ਦਸਤਾਵੇਜ਼ਾਂ ਵਿੱਚ ਪਿੰਡਾਂ ਦੇ ਨਾਂਅ ਗੂੜ੍ਹੇ ਉੱਕਰੇ ਸਨ, ਜਿਹਨਾਂ ਦੀ ਸਿਆਹੀ ਹੁਣ ਤੱਕ ਮੱਧਮ ਨਹੀਂ ਪਈ। ਸਾਡੀਆਂ ਨਲਾਇਕੀਆਂ ਅਤੇ ਆਪਸੀ ਫੁੱਟ ਤੇ ਬੁਰਛਾਗਰਦੀ ਕਾਰਨ ਗੋਰਿਆਂ 1849 ਵਿੱਚ ਸਾਰਾ ਪੰਜਾਬ ਮੱਲ ਲਿਆ। ਕੋਈ ਕੁਝ ਵੀ ਆਖੇ ਅੰਗਰੇਜ਼ਾਂ ਦਾ ਰਾਜ-ਭਾਗੀ ਕਾਰਜ ਸਾਡੇ ਨਾਲੋਂ ਕਿਤੇ ਵੱਧ ਵਿਗਿਆਨਕ ਅਤੇ ਸੁਰ-ਬੱਧ ਸੀ। ਸਰਕਾਰ ਦਾ ਹਰ ਕਾਰਜ ਲਿਖਤੀ ਅਤੇ ਸਬੂਤਮਈ ਹੋਣ ਲੱਗ ਪਿਆ। ਸਿੱਖਿਆ-ਸਕੂਲ, ਪੁਲਸ-ਅਦਾਲਤ, ਰੇਲ-ਡਾਕ, ਖੇਤ-ਸਿੰਚਾਈ ਤੇ ਦਫਤਰੀ-ਵਿਭਾਗ ਆਦਿ ਚਾਲੂ ਹੋਏ ਜਾਂ ਤੇਜ਼ੀ ਨਾਲ ਖੁੱਲੇ। ਪਹਿਲੇ 'ਬੰਦੋਬਸਤ ਜ਼ਮੀਨ' (1852-53) ਵਿੱਚ ਖੇਤਾਂ ਦੀ ਗਿਣਤੀ-ਮਿਣਤੀ ਹੋਈ, ਮਾਲਕੀਆਂ ਪੱਕੀਆਂ ਹੋਈਆਂ। ਕਹਿਣ ਦਾ ਭਾਵ ਇਹ ਕਿ ਬਹੁਤ ਸਾਰੇ ਹੋਰ ਪਿੰਡਾਂ ਵਾਂਗ ਉਦੋਂ ਹੀ ਸਮਾਲਸਰ ਅਫਰਾ-ਤਫਰੀ ਤੋਂ ਮੁਕਤੀ ਪਾ ਕੇ ਪੱਕੇ ਪੈਰੀਂ ਹੋਇਆ, ਨਹੀਂ ਤਾਂ 'ਜਿਸ ਦੀ ਲਾਠੀ ਉਸ ਦੀ ਭੈਂਸ' ਵਰਗੀ ਗੱਲ ਸੀ, ਪਰ ਕੁਝ ਵੀ ਹੋਵੇ, ਗੁਲਾਮੀ ਤਾਂ ਗੁਲਾਮੀ ਹੁੰਦੀ ਹੈ। ਇਸ ਗੁਲਾਮੀ ਵਿਰੁੱਧ ਸਮਾਲਸਰੀਏ ਵੀ ਜੂਝੇ।

ਪਿੰਡ ਵਿੱਚ ਉਹ ਬੈਠਕ ਅੱਜ ਵੀ ਮੌਜੂਦ ਹੈ, ਜਿਥੇ ਪਿੰਡ ਦੇ ਅਜ਼ਾਦੀ ਘੁਲਾਟੀਏ ਗੁਪਤ ਬੈਠਕਾਂ ਕਰਦੇ ਸਨ। ਪਿੰਡ ਦੀਆਂ ਨਿਜ਼ਾਮ ਵਿਰੋਧੀ ਗਤੀਵਿਧੀਆਂ ਭਾਂਪ ਅੰਗਰੇਜ਼ਾਂ ਨੇ 1825 ਵਿੱਚ ਇਥੇ ਪੁਲਸ ਚੌਕੀ ਪਾ ਦਿੱਤੀ, ਜਿਸ ਦਾ ਤਾ-ਖਰਚਾ ਵੀ ਪਿੰਡ ਤੋਂ ਵਸੂਲਿਆ ਜਾਂਦਾ। ਇਥੋਂ ਦੇ ਬਾਬਾ ਵੀਰ ਸਿੰਘ, ਕਪੂਰ ਸਿੰਘ ਬਰਾੜ, ਜੰਗੀਰ ਸਿੰਘ ਅਤੇ ਸ਼ਹੀਦ ਫੁੰਮਣ ਸਿੰਘ 'ਗੁਰਦਵਾਰਾ ਸੁਧਾਰ ਲਹਿਰ' ਦੇ ਯੋਧੇ ਸਨ। ਮਹਾਸ਼ਾ ਧਨੀ ਰਾਮ 'ਸਿਵਲ ਨਾ-ਫ਼ੁਰਮਾਨੀਆਂ', ਆਜ਼ਾਦ ਹਿੰਦੀਏ ਰੂਪ ਸਿੰਘ ਅਤੇ ਕਿਰਪਾਲ ਸਿੰਘ ਤੋਂ ਬਿਨਾਂ ਲਾਲਾ ਲੇਖ ਰਾਮ, ਰਾਮ ਦੱਤਾ ਸੂਦ, ਪੰ. ਲਾਲ ਚੰਦ, ਈਸ਼ਰ ਸਿੰਘ ਅਕਾਲੀ, ਕਿਸ਼ਨ ਸਿੰਘ, ਹਰਦਿੱਤ ਸਿੰਘ ਸੋਢੀ, ਰੂੜ ਸਿੰਘ, ਥੰਮਣ ਸਿੰਘ, ਚੰਨਣ ਸਿੰਘ, ਗੁਰਮੁੱਖ ਸਿੰਘ, ਰੋਸ਼ੀ, ਮਹਾਸ਼ਾ ਰਾਮ ਸਰਨ, ਹਰੀ ਸਿੰਘ ਫਾਨੀ ਤੇ ਬੀਬੀ ਕਿਸ਼ਨ ਕੌਰ ਵੀ ਉੱਘੇ ਸੁਤੰਤਰਤਾ ਸੰਗਰਾਮੀ ਸਨ। ਸਮਾਲਸਰ ਵਿੱਚ ਅੱਖਰ ਗਿਆਨ ਤਾਂ ਕਰੀਬ ਮੁੱਢ-ਕਦੀਮੀ ਸੀ, ਪਰ ਬਕਾਇਦਾ ਪ੍ਰਾਇਮਰੀ ਸਕੂਲ 1916 'ਚ ਖੁੱਲ੍ਹਿਆ। ਪਿੰਡ ਦਾ ਪਹਿਲ-ਪਲੱਕੜਾਂ ਉੱਚ ਪੜ੍ਹਿਆ-ਲਿਖਿਆ ਫਰਜ਼ੰਦ 1890 ਵਿੱਚ ਲਾਹੌਰੋਂ ਐੱਫ ਏ ਕਰਕੇ ਆਉਣ ਵਾਲਾ ਲੱਭੂ ਰਾਮ ਸੀ। 1947 ਤੋਂ ਪਹਿਲਾਂ ਇਸੇ ਪਿੰਡ ਦੀ ਧੀ-ਧਿਆਣੀ ਪ੍ਰੀਤਮ ਕੌਰ ਪਿੰਡ ਵਿੱਚ ਖੋਲ੍ਹੀ ਗਈ ਕੁੜੀਆਂ ਦੀ ਪਾਠਸ਼ਾਲਾ ਦੀ ਪਹਿਲੀ ਅਧਿਆਪਕਾ ਬਣੀ, ਜਿਸ ਦੀ ਤਨਖਾਹ ਪਿੰਡ ਵਾਸੀ ਉਗਰਾਹੀ ਕਰਕੇ ਦਿੰਦੇ, ਤਾਂ ਜੋ ਕੁੜੀਆਂ-ਚਿੜੀਆਂ ਵੀ ਪੜ੍ਹ-ਲਿਖ ਜਾਣ। ਇਹ ਦੋਵੇਂ ਉਦਾਹਰਣਾਂ ਹੀ ਪਿੰਡ ਦੀ ਪ੍ਰਾਚੀਨ ਦਾਨਸ਼ਵੰਦੀ ਦੀ ਸੂਹੀ-ਮਿਸਾਲ ਹਨ।

ਪੁਰਾਣੇ ਵੇਲੀਂ ਸਮਾਲਸਰ ਸਮੇਤ ਇਸ ਖਿੱਤੇ ਨੂੰ ਅਕਸਰ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ। ਛੱਪੜ-ਢਾਬਾਂ ਸੁੱਕ ਜਾਂਦੀਆਂ। ਓਪਰਾ ਪਾਣੀ ਲੂਣਾ ਅਤੇ ਸ਼ੋਰਾ-ਯੁਕਤ ਸੀ। ਸੋ 1763 ਵਿੱਚ ਕੋਟਕਪੂਰਾ ਦੇ ਰਾਜ-ਪ੍ਰਮੁੱਖ ਜੋਧ ਸਿੰਘ ਬਰਾੜ ਨੇ ਦੋ ਵੱਡ-ਅਕਾਰੀ ਖੂਹ ਲਗਵਾਏ, ਜਿਹੜੇ ਅਸਲ ਜ਼ਰੂਰਤਾਂ ਦੇ ਸਾਨੀ ਨਹੀਂ ਸਨ। ਸਰਹੰਦ ਨਹਿਰ ਦਾ ਸਰਵੇ 1852 'ਚ ਅਰੰਭ ਹੋਇਆ ਅਤੇ ਕਾਰਜ 1854 ਵਿੱਚ। ਸੰਨ 1882 'ਚ ਇਸ ਨੇ ਸਮਾਲਸਰ ਪਹੁੰਚ ਇਸ ਇਲਾਕੇ ਨੂੰ ਸਰ-ਸਬਜ਼ ਕੀਤਾ। ਜਦੋਂ ਨਹਿਰ ਵਿੱਚ ਪਾਣੀ ਛੱਡਿਆ ਗਿਆ ਤਾਂ ਸਮਾਲਸਰੀਆਂ ਸਮੇਤ ਇਲਾਕੇ 'ਚੋਂ ਵੱਡਾ ਹਜ਼ੂਮ ਪਹਿਲੀ ਵਾਰ ਨਹਿਰੇ ਵਗਦਾ ਪਾਣੀ ਵੇਖਣ ਆਇਆ। ਪਾਣੀ ਪਹੁੰਚਦਿਆਂ ਹੀ ਪਹਿਲਾਂ ਟਮਕ, ਫਿਰ ਢੋਲ-ਵੱਜਿਆਂ ਤਾਂ ਲੋਕ ਖੁਸ਼ੀ 'ਚ ਖੀਵੇ ਹੋਏ ਆਪ-ਮੁਹਾਰੇ ਨੱਚਣ ਲੱਗੇ। ਨਹਿਰ ਦੀ ਤਾਮੀਰ ਵੇਲੇ ਹੀ ਨਹਿਰ ਕਿਨਾਰੇ ਲੋੜ ਮੁਜਬ ਢੁਕਵੇਂ ਥਾਈਂ ਨਹਿਰੀ ਕੋਠੀਆਂ ਅਤੇ ਪੁਲ ਉਸਾਰੇ ਗਏ ਅਤੇ ਝਾਲਾਂ ਵਾਲੇ ਥਾਵੀਂ ਘਰਾਟ। ਕੰਢੇ-ਕੰਢੇ, ਨਾਲ-ਨਾਲ ਸਾਵਾਂ ਰਸਤਾ ਵੀ ਉਸਾਰਿਆ ਗਿਆ। ਨਹਿਰੀ ਅਹਿਲਕਾਰ ਘੋੜੀਆਂ-ਬੱਗੀਆਂ ਚੜ੍ਹ ਜਾਂ ਬੇੜੀ ਰਾਹੀਂ ਮੁਆਇਨੇ ਲਈ ਆਉਂਦੇ। ਕਿਸ਼ਤੀਆਂ ਅਤੇ ਇੰਜਣੀ ਬੇੜਿਆਂ (ਛੋਟੇ ਬਹਿਰੀ ਜਹਾਜ਼) ਰਾਹੀਂ ਵਪਾਰ ਅਤੇ ਢੋਆ-ਢੁਆਈ ਚੱਲਦੀ। ਪਹਾੜੀ ਲੱਕੜ-ਗੇਲੀਆਂ ਵਗੀ ਆਉਂਦੀਆਂ। ਹਾਂ, ਨਹਿਰੀ ਪੁਲ ਉੱਚੇ ਬਣਾਏ ਗਏ ਸਨ, ਤਾਂ ਜੋ ਬੇੜੇ (ਜਹਾਜ਼) ਨਿਰਵਿਘਨ ਲੰਘ ਜਾਣ। ਡਾਟਾਂ ਵਾਲੇ ਇਹ ਪੁਲ ਲੋਹਾ-ਸਰੀਆ ਅਤੇ ਸੀਮੈਂਟ ਵਰਤੇ ਬਿਨਾਂ ਨਿਰੋਲ ਪੱਕੀਆ-ਸੂਹੀਆਂ ਇੱਟਾਂ ਅਤੇ ਚੂਨੇ-ਗਾਰੇ ਨਾਲ ਬਣਾਏ ਗਏ, ਜਿਹੜੇ ਪੌਣੇ ਦੋ ਸਦੀਆ ਬੀਤਿਆਂ ਵੀ ਅਜੇ ਵੀ ਹਿੱਕ ਤਾਣੀ ਖੜ੍ਹੇ ਹਨ। ਇਸ ਨਹਿਰ ਨੇ ਪੀਣ ਨੂੰ ਸ਼ੁਧ ਜਲ, ਖੇਤਾਂ ਨੂੰ ਪਾਣੀ ਅਤੇ ਹਰਿਆਲੀ ਯੁਕਤ ਠੰਢੀ ਆਬੋ-ਹਵਾ ਹੀ ਨਹੀਂ ਸੀ ਦਿੱਤੀ, ਸਗੋਂ ਸਮਾਲਸਰੀ ਖਿੱਤੇ ਸਮੇਤ ਮਾਲਵੇ ਦੇ ਉਪਯੁਕਤ ਭਾਗ ਨੂੰ ਬਹੁ-ਪਰਤੀ ਤਰੱਕੀ ਵੀ ਦਿੱਤੀ।

ਸਮਾਂ ਪਾ ਬਹੁਤ ਕਾਰਨੀਂ ਸਮਾਲਸਰ 'ਚ ਤਾਅ ਜਾਤਾਂ-ਧਰਮ ਤੇ ਕਿਸਬ ਹੋ ਗਏ ਸਨ/ ਹਨ। ਹਿੰਦੂ-ਸਿੱਖ ਹੀ ਨ੍ਹੀਂ, ਮੁਸਲਮਾਨ ਵੀ ਸੁੱਖੀ-ਲੱਧੀ ਵੱਸਦੇ। ਇੱਕ ਸੀ ਤਾਇਆ ਅਬਲੂ, ਉਰਦੂ ਪੜ੍ਹਿਆ ਹੋਇਆ, ਤਾਲੀਮ ਯਾਫਤਾ, ਲੋਕਾਂ ਦੇ ਖ਼ਤ ਪੜ੍ਹਦਾ-ਲਿਖਦਾ। ਪਤਾ ਨ੍ਹੀਂ ਕਿਉਂ ਸਾਰੇ ਪਿੰਡ ਦੇ ਨਿਆਣੇ ਉਸ ਨੂੰ ਤਾਯਾ ਆਖਦੇ। ਉਸ ਦੀਆਂ ਦੋ ਤ੍ਰੀਮੀਤਾਂ ਸਨ, ਬੀਬੀ ਨਿਆਮਤਾਂ ਅਤੇ ਹਾਜ਼ਰਾ ਜੀ। ਦੋਵੇਂ ਭੱਠੀ ਦਾਣੇ ਭੁੰਨਦੀਆਂ, ਬੱਸ ਇਹੀ ਉਸ ਟੱਬਰ ਦਾ ਜੀਵਨ-ਬਸਰ ਸੀ। ਇੱਕ ਹੋਰ ਸੀ ਸ਼ੇਰ ਖਾਨ, ਭੇਡਾਂ-ਬੱਕਰੀਆਂ ਦੇ ਇੱਜੜ ਵਾਲਾ, ਚਾਹੁੰਦਾ ਸੀ ਕਿ ਉਸ ਦਾ ਪੁੱਤ ਅਬਦੁਲ ਕਰੀਮ ਪੜ੍ਹ-ਲਿਖ ਕੇ ਸਕੂਲ ਦਾ ਮੁਨਸ਼ੀ ਬਣੇ। ਪੁੱਤ, ਜਿਸ ਦੀ ਉਮਰ '47 ਵੇਲੇ ਮਸਾਂ ਪ੍ਰਾਇਮਰੀ ਜੋਗੀ ਸੀ, ਪਤਾ ਨਹੀਂ ਪਾਕਿਸਤਾਨ ਜਾ ਪੜ੍ਹ ਸਕਿਆ ਕਿ ਨਹੀਂ, ਪਰ ਸ਼ੇਰੂ ਦੀ ਹੱਲਾ-ਸ਼ੇਰੀ ਦਿੱਤਿਆਂ ਉਸ ਦਾ ਭਤੀਜ ਲੱਗਦਾ ਅਜੀਜ਼ ਮੁਹੰਮਦ ਨੇ 1946 ਵਿੱਚ ਦਸਵੀਂ ਪਹਿਲੀ ਦਰਜੇ 'ਚ ਪਾਸ ਕੀਤੀ ਸੀ, ਜਿਸ ਨੂੰ ਡੀ ਐੱਮ ਕਾਲਜ ਮੋਗਾ ਨੇ ਬਿਨਾਂ ਫੀਸ ਦਾਖਲੇ ਦੀ ਆਫਰ ਕਰ ਦਿੱਤੀ। ਹਾਂ, ਸ਼ੇਰ ਖਾਨ ਦਾ ਵੱਡਾ ਬੇਟਾ ਹੱਲਿਆਂ ਵੇਲੇ ਜ਼ਰੂਰ ਸਮਾਲਸਰੋਂ ਪੰਜ ਕਰਕੇ ਲਾਗਲੇ ਲੰਡਿਆਂ-ਰੋਡਿਆਂ (ਜੀ ਟੀ ਗੜ੍ਹ) ਵਿਖੇ ਅੱਠਵੀਂ 'ਚ ਹੁੰਦਾ ਸੀ।

ਇਹੀ ਨਹੀਂ, ਜਾਨ ਮੁਹੰਮਦ, ਮਿਸਤਰੀ ਗੁਲਜ਼ਾਰ ਮੁਹੰਮਦ, ਬਸ਼ੀਰਾਂ ਬੀਬੀ, ਜਨਾਬ ਬਿੱਲੂ ਖਾਨ, ਅਜੀਜ਼ ਮੁਹੰਮਦ, ਨੱਥਾ ਲੁਹਾਰ, ਫਜ਼ਲਾ ਘੁਮਿਆਰ, ਘੁੱਮੂ ਤੇਲੀ, ਕਬਰਦੀਨ, ਮਿੱਠੂ ਖਾਨ, ਲੱਭੂ ਜੁਲਾਹਾ, ਬਾਗਾਂ ਤੇ ਬੀਬੀ, ਫੱਤੂ ਮਾਸ਼ਕੀ, ਤੇਲੀ ਫਜ਼ਲਦੀਨ ਅਤੇ ਗੁਲਾਬੀ ਭਾਅ ਮਾਰਦੀ ਉਸ ਦੀ ਬੀਵੀ ਦੇ ਜਣੇ ਉਸ ਦੇ ਸੁਨੱਖੜੇ ਮੁੰਡੇ ਕਬਰਦੀਨ ਤੇ ਮਿੱਠੂ ਖਾਨ ਅਤੇ ਸੋਨ ਕੁੜੀਆਂ ਬਾਗਾਂ ਤੇ ਬੀਬੀ ਸਮੇਤ ਡੇਢ ਵੀਹਾਂ ਘਰ ਮੁਸਲਮਾਨਾਂ ਦੇ ਸਨ। ਸੰਤਾਲੀ 'ਚ ਹਲਚਲਾ ਮਚਿਆ, ਫਿਰਕਾਪ੍ਰਸਤਾਂ, ਲੁਟੇਰਿਆਂ, ਧਾੜਵੀਆਂ ਨੇ ਸਾਡੇ ਨਾਲ ਉਧਰ ਅਤੇ ਮੁਸਲਮਾਨਾਂ ਨਾਲ ਇਧਰ ਬੜਾ ਮਾੜਾ ਕੀਤਾ। ਸਮਾਲਸਰ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਪਿੰਡ ਦੇ ਮੁਸਲਮਾਨਾਂ ਦੀ ਬਾਇੱਜ਼ਤ ਸੁਰੱਖਿਆ ਲਈ ਸਮਾਲਸਰ ਹਿੱਕ ਤਾਣ ਕੇ ਖੜ੍ਹ ਗਿਆ, ਪਰ ਪੇਸ਼ ਨਾ ਗਈ। ਉਦੋਂ ਪਿੰਡ 'ਚ ਤਿੰਨ ਮਸੀਤਾਂ ਵੀ ਸਨ, ਜਿਨ੍ਹਾਂ ਨੂੰ ਹੱਲਿਆਂ ਵੇਲੇ ਬਾਹਰੋਂ ਆਈ ਫਿਰਕੂ ਧਾੜ ਨੇ ਢਹਿ-ਢੇਰੀ ਕਰ ਦਿੱਤਾ।

**ਸੰਪਰਕ : 94634-39075**

# ਖੜ੍ਹੇ ਤੈਨੂੰ ਪਿੱਟਦੇ ਆਂ ਸੱਪ ਦੀਏ ਲੀਕੇ ਨੀ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੌਂਵੇਂ-38**

**ਸੁਰਜੀਤ ਸੁਮਨ**

ਦੇਬੀ ਮਖ਼ਸੂਸਪੁਰੀ ਨੂੰ ਉਦੋਂ ਇਹ ਇਲਮ ਕਿੱਥੇ ਹੋਣੈਂ, ਬਈ ਉਸ ਦੇ ਲਿਖੇ ਇਸ ਗੀਤ ਦੇ ਡੂੰਘੇਰੇ ਅਰਥਾਂ ਦੀਆਂ ਜੜ੍ਹਾਂ ਕਿੱਥੋਂ-ਕਿੱਥੇ ਤੱਕ ਤੁਰਦੀਆਂ ਹੋਈਆਂ ਸਮਿਆਂ ਤੋਂ ਪਾਰ ਦੇ ਗਹਿਰੇ, ਸਦੀਵੀ ਸੱਚ ਦਾ ਕਲ਼ਾਵਾ ਭਰ ਲੈਣਗੀਆਂ। ਬਗਲ਼ਗੀਰ ਹੋ ਜਾਣਗੀਆਂ। ਕਿਸੇ ਸ਼ਾਇਰ ਦੀ, ਕਿਸੇ ਲੇਖਕ ਦੀ ਰਚਨਾ ਦੀ ਇਹੋ ਅੰਤਰੀਵ ਤੇ ਬਾਹਰੀ ਉਡਾਨ ਹੁੰਦੀ ਹੈ, ਜਿਹੜੀ ਉਸ ਦੇ ਕਲਾਮ ਰਾਹੀਂ ਸਦੀਵੀ ਸੱਚ ਨੂੰ ਫੜ੍ਹਨ ਵੱਲ ਸਾਬਤ-ਕਦਮੀਂ ਤੁਰਦੀ ਦੇਖੀ ਤੇ ਮਹਿਸੂਸੀ ਜਾ ਸਕਦੀ ਹੋਵੇ। ਹੰਸ ਰਾਜ ਹੰਸ ਨੇ ਇਸ ਗੀਤ ਵਿੱਚਲੀ ਹੂਕ ਨੂੰ ਆਪਣੀ ਪੁਰਸੋਜ਼ ਆਵਾਜ਼ ਨਾਲ਼ ਲੋਕ ਰੂਹਾਂ ਤੱਕ ਪੁੱਜਦਾ ਕਰਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਹੜੇ ਦੇ ਮਾਹੌਲ ਅੰਦਰ ਰਾਗਮਈ-ਵੈਰਾਗਮਈ ਇਤਰ ਦਾ ਛਿੱਟਾ ਦਿੰਦਿਆਂ ਸੱਚੀਂ ਇੱਕ ਨਿਆਰਾ ਜਿਹਾ ਅਹਿਸਾਸ ਜਗਾਇਆ। ਦੇਬੀ ਲੋਕ ਦਰਦ ਨੂੰ ਲਿਖ ਰਿਹੈ ਤੇ ਹੰਸ ਗਾ ਰਿਹੈ। ਇਹੋ ਹਾਸਲ ਹੈ। ਕਿਸੇ ਦਰਦ ਨੂੰ, ਪੀੜ ਨੂੰ ਲਿਖਕੇ, ਯਾਦ ਕਰਕੇ ਦਿਲ ਹੌਲ਼ਾ ਕਰ ਲੈਣਾ ਵੀ ਤਾਂ ਅੰਤਰੀਵ ਮਨ ਦੇ ਸ਼ੀਸ਼ੇ ਨੂੰ ਸਾਫ-ਸੁਥਰਾ ਕਰ ਲੈਣਾ ਹੀ ਹੁੰਦਾ ਹੈ। ਧੁੰਦਲੇ ਸ਼ੀਸ਼ੇ ਵੱਲ ਤਾਂ ਉਂਝ ਈ ਦੇਖ ਨਈਂ ਹੁੰਦਾ। ਸ਼ੀਸ਼ਾ ਤਾਂ ਸ਼ੀਸ਼ਾ ਹੁੰਦੈ, ਫਿਰ ਅਸੀਂ ਇਸ ਸਾਫ-ਸ਼ਫਾਫ ਸ਼ੀਸ਼ੇ ਨੂੰ ਏਨਾ ਗੰਦਾ ਕਿਉਂ ਕਰ ਲੈਂਦੇ ਆਂ? ਕਿਉਂਕਿ ਸ਼ੀਸ਼ਾ ਝੂਠ ਨਹੀਂ ਬੋਲਦਾ। ਇਸ ਲਈ ਸੱਚ ਤਾਂ ਸੱਚ ਈ ਰਹਿੰਦੈ। ਅਕਸਰ ਬੰਦੇ ਨੂੰ ਵੀ ਇਸ ਦੇ ਸੱਚ ਤੋਂ ਡਰ ਲੱਗਣ ਲਗਦੈ। ਆਓ ! ਅੱਜ ਆਪਾਂ ਸਮਾਜ ਦੇ ਉਸ ਸ਼ੀਸ਼ੇ ਵੱਲ ਪੰਛੀ ਝਾਤ ਪਾਉਂਦੇ ਹਾਂ, ਜਿਹੜਾ ਆਮ ਬੰਦੇ ਅੱਗੇ ਹਮੇਸ਼ਾ ਧੁੰਦਲਾ ਹੀ ਰਹਿੰਦੈ ਜਾਂ ਇੰਝ ਕਹੋ ਕਿ ਕੁਝ ਜ਼ਿੰਮੇਵਾਰ ਧਿਰਾਂ ਇਸ ਨੂੰ ਜਾਣ-ਬੁੱਝ ਕੇ ਧੁੰਦਲ਼ਾ ਕਰੀ ਰੱਖਦੀਆਂ ਹਨ। ਏਸੇ 'ਚ ਉਨ੍ਹਾਂ ਨੂੰ ਆਪਣਾ ਫਾਇਦਾ ਨਜ਼ਰ ਆਉਂਦੈ। ਇਸ ਥੋੜ੍ਹਚਿਰੇ ਫਾਇਦਾ ਵਿੱਚ ਉਹ ਕਾਰਵ-ਪਾਂਡਵਾਂ ਵਾਂਗ ਆਪਣੀਆਂ ਅਗਲੀਆਂ ਪੀੜ੍ਹੀਆਂ ਤੱਕ ਨੂੰ ਗੁਆ ਲੈਂਦੀਆਂ ਹਨ। ਗਹੁ ਨਾਲ਼ ਦੇਖਿਆ ਜਾਵੇ ਤਾਂ ਭਾਰਤੀ ਪ੍ਰਸ਼ਾਸਨਿਕ ਤੇ ਪੁਲਿਸ ਸੇਵਾਵਾਂ ਤੋਂ ਉਪਰ ਹੋਰ ਕਿਹੜੀਆਂ ਜਾਂ ਕਿਹੋ ਜਿਹੀਆਂ ਸੇਵਾਵਾਂ ਹੋਣਗੀਆਂ, ਜਿਹੜੀਆਂ ਆਮ ਮਨੁੱਖ ਦੇ ਭਲੇ ਬਾਰੇ ਸੋਚਦੀਆਂ ਹੋਣਗੀਆਂ? ਇਸ ਨੂੰ ਇੰਝ ਵੀ ਤਾਂ ਕਿਹਾ ਜਾ ਸਕਦੈ ਕਿ ਆਮ ਮਨੁੱਖ ਨੂੰ ਸਿਆਸੀ ਟਰੈਪ ਵਿੱਚੋਂ ਕੱਢਣ ਤੇ ਉਲਝਾਉਣ ਦੇ ਆਹਰ ਬਾਰੇ ਕਾਰਜਸ਼ੀਲ ਹੋਣਗੀਆਂ? ਕਿਧਰੇ ਕਿਧਰੇ ਇਹ ਟਰੈਪ ਸਿਆਸੀ ਹੁੰਦੈ ਤੇ ਕਿਧਰੇ ਕਿਧਰੇ ਪ੍ਰਸ਼ਾਸਨਿਕ। ਟਰਾਈਸਿਟੀ ਵਿੱਚ ਇਨ੍ਹੀਂ-ਦਿਨੀਂ ਵਾਪਰੀਆਂ ਘਟਨਾਵਾਂ ਵੱਲ ਤਿਰਛੀ ਨਜ਼ਰੇ ਤੱਕਦਿਆਂ ਇਨ੍ਹਾਂ ਵਿੱਚੋਂ ਉੱਚ ਦੁਮਾਲੜੇ ਦੀਆਂ ਲੋਕ ਪੱਖੀ ਸੇਵਾਵਾਂ ਦੇ ਕੁਝ ਸੰਚਾਲਕਾਂ ਦੇ ਵੱਖੋ-ਵੱਖਰੇ ਚਿਹਰੇ ਦਿਖਾਈ ਦਿੱਤੇ ਹਨ। ਲੋਕ ਹੈਰਾਨ ਹਨ, ਪ੍ਰੇਸ਼ਾਨ ਹਨ। ਵਾਈ ਪੂਰਨ ਸਿੰਘ ਦੀ ਕਹਾਣੀ ਕੁਝ ਹੋਰ ਕਹਿੰਦੀ ਹੈ। ਹਰਚਰਨ ਸਿੰਘ ਭੁੱਲਰ ਦੀ ਹੋਰ ਤੇ ਏਸੇ ਤਰ੍ਹਾਂ ਮੁਹੰਮਦ ਮੁਸਤਫਾ ਦੀ ਬਿਲਕੁਲ ਕੁਝ ਹੋਰ। ਇਨ੍ਹਾਂ ਤਿੰਨਾਂ ਘਟਨਾਵਾਂ ਦਾ ਚਿਹਰਾ-ਮੋਹਰਾ ਆਪਣੀ ਕਹਾਣੀ ਆਪ ਕਹਿਣ ਦੇ ਸਮਰੱਥ ਹੈ। ਉਂਝ ਇਸ ਕਾਡਰ ਦੀਆਂ ਜੜ੍ਹਾਂ ਪਾਤਾਲ਼ ਵਿੱਚ ਹੁੰਦੀਆਂ ਹਨ ਤੇ ਚੋਟੀ ਅਸਮਾਨ ਨੂੰ ਛੂੰਹਦੀ ਜਾਪਦੀ ਹੁੰਦੀ ਹੈ। ਜਿਸ ਵੇਲ਼ੇ ਮੈਂ ਇਹ ਸਤਰਾਂ ਲਿਖ ਰਿਹਾਂ, ਮੇਰੇ ਮਨ-ਮਸਤਕ ਦੇ ਦੁਆਰ 'ਤੇ, ਪਾਤਰ ਸਾਅਬ ਦੀ ਕਵਿਤਾ ਦੀ ਆਹਟ ਹੋਈ ਹੈ। ਮੇਰੇ ਕੰਨਾਂ ਵਿੱਚ ਸੁਰਜੀਤ ਪਾਤਰ ਤੇ ਹੰਸ ਦੀ ਰਲ਼ਵੀਂ-ਮਿਲ਼ਵੀਂ ਆਵਾਜ਼ ਉੱਚੀ ਹੋਣ ਲਗਦੀ ਹੈ, 'ਸੁੰਨੇ ਸੁੰਨੇ ਰਾਹਾਂ ਵਿੱਚ ਕੋਈ ਕੋਈ ਪੈੜ ਏ/ ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ।' ਫਿਰ ਮੇਰੇ ਮਨ-ਮਸਤਕ ਦੇ ਵਿਹੜੇ ਚੁਰਾਸੀ ਵੇਲ਼ਾ ਪ੍ਰਗਟ ਹੋਣ ਲਗਦਾ ਹੈ। ਉਸ ਵੇਲ਼ੇ ਰਾਜਸੀ ਅਨਿਆਂ ਵਿਰੁੱਧ ਇੱਕ ਪਾਸੇ ਪੰਜਾਬ ਦੇ ਪਿੰਡਾਂ/ ਸ਼ਹਿਰਾਂ ਦੇ ਨੌਜਵਾਨਾਂ ਦਾ ਤੱਤਾ ਲਹੂ ਉਬਾਲ਼ੇ ਮਾਰ ਰਿਹਾ ਸੀ ਤੇ ਦੂਜੇ ਪਾਸੇ ਸਿਆਸਤ ਦੀਆਂ ਗੋਟੀਆਂ ਫਿੱਟ ਕਰਨ ਵਾਲ਼ੇ, ਉਕਤ ਕਾਡਰ ਵਿੱਚੋਂ ਚੋਣਵੇਂ ਅਧਿਕਾਰੀਆਂ ਨੂੰ ਮੈਦਾਨ-ਏ-ਚੁਰਾਸੀ ਦਾ ਚੱਕਰਵਿਊ ਰਚਣ ਲਈ ਹੁਕਮ ਸੁਣਾਉਂਦੇ ਸਨ। ਇਹ ਦੋਵੇਂ ਧਿਰਾਂ ਆਪਣੇ ਆਪਣੇ ਫਰਜ਼ਾਂ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਲਈ ਸ਼ਹੀਦੀ ਜਾਮ ਮੂੰਹ ਨੂੰ ਲਾਉਂਦੇ ਹਨ। ਦੋਵੇਂ ਧਿਰਾਂ ਆਪਣੇ ਆਪ ਨੂੰ ਲੋਕ ਹਿਤੂ ਗਰਦਾਨਦੀਆਂ ਹਨ। ਪੰਜਾਬੀਅਤ ਪੱਖੀ ਦਰਸਾਉਂਦੀਆਂ ਰੂਹਾਂ ਇੱਕ ਧਿਰ ਨੂੰ ਸ਼ਹੀਦ ਤੇ ਦੂਜੀ ਧਿਰ ਨੂੰ ਜ਼ਾਲਮ ਦਰਸਾਉਣ ਦੇ ਅਜਿਹਾ ਰਾਹ ਪੈਂਦੀਆਂ ਹਨ ਕਿ ਆਮ ਬੰਦਾ ਇਸ ਚੱਕੀ ਦੇ ਦੋਵਾਂ ਪੁੜਾਂ ਵਿੱਚ ਪਿਸਦਾ ਹੋਇਆ ਲਹੂ-ਲੁਹਾਣ ਹੁੰਦਾ ਰਹਿੰਦਾ ਹੈ। ਉਨ੍ਹਾਂ ਦੀਆਂ ਧੀਆਂ-ਭੈਣਾਂ, ਬਹੂ-ਬੇਟੀਆਂ ਦੀਆਂ ਇੱਜ਼ਤਾਂ ਉਛਾਲ਼ੀਆਂ ਜਾਂਦੀਆਂ ਹਨ। ਪਤਾ ਹੀ ਨਹੀਂ ਸੀ ਲਗਦਾ, ਕਿਹੜੇ ਵੇਲ਼ੇ ਕੌਣ ਝੂਠੇ-ਸੱਚੇ ਮੁਕਾਬਲੇ ਦਾ ਸ਼ਿਕਾਰ ਹੋ ਜਾਵੇ। ਕਿਸ ਦੇ ਮੋਢਿਆਂ 'ਤੇ ਉੱਚ ਅਹੁਦਿਆਂ ਦੀਆਂ ਫੀਤੀਆਂ ਆ ਸਜਣ ਜਾਂ ਇਨ੍ਹਾਂ ਵਿੱਚੋਂ ਵੀ ਕਿਸੇ ਦੇ ਮੋਢਿਆਂ 'ਤੇ ਫੀਤੀਆਂ ਲੱਗਣ ਦੀ ਥਾਂ ਗਰਮ ਲਹੂ ਦੇ ਫੁਹਾਰੇ ਵਗ ਪੈਣ। ਇਹ ਦੌਰ ਅਜਿਹਾ ਹੀ ਸੀ। ਕੌਣ ਆਪਣਾ, ਕੌਣ ਪਰਾਇਆ? ਸਮਝੋਂ ਬਾਹਰ। ਅਚਾਨਕ ਮੇਰੀ ਸੁਤਾਅ ਪੰਜਾਬ ਦੇ ਪਿੰਡਾਂ ਦਾ ਗੇੜਾ ਲਗਾਉਣ ਉੱਡ ਪੈਂਦੀ ਹੈ। ਕਿਸੇ ਇੱਕ ਪਿੰਡ ਦੇ ਬਸੀਵੇਂ 'ਤੇ ਪਹੁੰਚਦਿਆਂ ਹੀ ਗੁਰਦੁਆਰੇ ਦੇ ਭਾਈ ਵੱਲੋਂ ਉਚਾਰੇ ਬਾਣੀ ਦੇ ਬੋਲ ਕੰਨੀਂ ਪੈਂਦੇ ਹਨ, 'ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥' ਬਾਬਾ ਸ਼ੇਖ ਫਰੀਦ ਦੀ ਬਾਣੀ ਸੁਣਦਿਆਂ ਸੰਸਾਰ ਦੀ ਨਾਸ਼ਵਾਨਤਾ ਦੇ ਸਦੀਵੀ ਸੱਚ ਸਨਮੁੱਖ ਹੁੰਦਿਆਂ, ਜੀਵਨ ਦੇ ਭੰਵਰ ਵਿੱਚ ਫਸਿਆ ਡੋਲਦਾ ਮਨੁੱਖੀ ਮਨ-ਚਿੱਤ ਅਸਥਿਰਤਾ ਦੇ ਕਲ਼ਾਵੇ ਵਿੱਚ ਕਲਪਦਾ ਮਹਿਸੂਸਦਾ ਹਾਂ। ਭਾਈ ਜੀ ਅਗਲਾ ਸ਼ਬਦ ਉਚਾਰਦੇ ਹਨ, 'ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ॥ ਮੇਰੀ ਮੇਰੀ ਕਰਤੇ ਜਨਮੁ ਗਇਓ - ਮੇਰੀ ਮੇਰੀ ਕਰਤੇ ਜਨਮੁ ਗਇਓ॥' ਫਿਰ ਮੇਰੀ ਸੁਤਾਅ ਜਦੋਂ ਇਸ ਰਸਮਈ ਕੀਰਤਨ ਦੀ ਖੁਮਾਰੀ ਵਿੱਚ ਤਾਰੀਆਂ ਲਾ ਰਹੀ ਹੁੰਦੀ ਹੈ, ਐਨ ਓਸੇ ਵੇਲ਼ੇ ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਇਸ ਲੈਅ ਨੂੰ ਤੋੜਦਿਆਂ ਮੈਨੂੰ ਆਪਣੇ ਆਪੇ ਵਿੱਚ ਲਿਆ ਸੁੱਟਦੀ ਹੈ। ਅੱਜ ਮੈਂ ਅਣਮੰਨੇ ਜਿਹੇ ਮਨ ਨਾਲ਼ ਓਹਦਾ ਫੋਨ ਅਟੈਂਡ ਕਰਦਾ ਹਾਂ। ਉਹ ਬੋਲ ਰਿਹੈ, 'ਛੋਟੇ ਭਾਈ ਕਹਿੰਦੇ ਰੱਬ ਦੀ ਲਾਠੀ 'ਚ ਆਵਾਜ਼ ਨਈਂ ਹੁੰਦੀ। ਕਰਨੀ ਦਾ ਫਲ਼ ਐਥੇ ਈ ਭੁਗਤਣਾ ਪੈਂਦੈ ਬੰਦੇ ਨੂੰ। ਆ ਹਰਚਰਨ ਭੁੱਲਰ ਨੇ ਆਪਣੀ ਤਾਂ ਗੁਆਉਣੀ ਈ ਸੀ, ਪਿਓ-ਦਾਦੇ ਦੀ ਵੀ ਗੁਆ ਲਈ। ਸੋਸ਼ਲ ਮੀਡੀਆ ਰੰਗ-ਬਰੰਗੇ ਵਿਚਾਰਾਂ ਨਾਲ਼ ਭਰਿਆ ਪਿਐ। ਗਾਲ਼ਮ-ਗਾਲ਼ੀ। ਬੰਦੇ ਦੀ ਭੁੱਖ ਪੂਰੀ ਕਿਉਂ ਨਈਂ ਹੁੰਦੀ ਭਲਾਂ? ਵਾਈ ਪੂਰਨ ਸਿੰਘ ਦੀ ਖੁਦਕੁਸ਼ੀ ਨੇ ਦਲਿਤ ਰਾਜਨੀਤੀ ਵਿੱਚ ਉਬਾਲ਼ ਲਿਆਂਦਾ ਪਿਆ। ਹੋਰ ਦੱਸਾਂ? ਦਲਿਤ ਰਾਜਨੇਤਾ ਤੇ ਉਚ ਪ੍ਰਸ਼ਾਸਨਿਕ, ਪੁਲਿਸ ਅਧਿਕਾਰੀ, ਜਿਹੜੇ ਰਿਜ਼ਰਵੇਸ਼ਨ ਲੈ ਕੇ ਇਨ੍ਹਾਂ ਥਾਵਾਂ 'ਤੇ ਪੁੱਜਦੇ ਹਨ, ਉਤਲਿਆਂ ਨਾਲ਼ ਰਲ਼ ਕੇ ਫਿਰ ਪਿਛਾਂਹ ਰਹਿ ਗਏ ਆਪਣੇ ਕੁਨਬੇ ਨੂੰ ਹੀ ਦਰੜੀ ਜਾਂਦੇ ਹਨ। ਮੁਹੰਮਦ ਮੁਸਤਫਾ ਬਾਰੇ ਵੀ ਬਥੇਰਾ ਰੌਲ਼ਾ ਪੈ ਰਿਹੈ। ਓਹਦੇ ਇਕਲੌਤੇ ਪੁੱਤ ਦਾ ਨਸ਼ਿਆਂ ਵਿੱਚ ਗਲਤਾਨ ਹੋ ਸਾਈਕਿਕ ਹੋ ਜਾਣਾ ਬਹੁਤ ਵੱਡੇ ਸਵਾਲ ਖੜ੍ਹੇ ਕਰਦਾ ਹੈ। ਸੋਸ਼ਲ ਮੀਡੀਆ ਚੀਖ ਚੀਖ ਕੇ ਕਹਿ ਰਿਹੈ, ਬਈ ਜੇ ਇਹੋ ਜਿਹੇ ਪੁਲਿਸ ਅਧਿਕਾਰੀ ਆਪਣੇ ਬੱਚਿਆਂ ਨੂੰ ਈ ਨਸ਼ੇ ਜਿਹੇ ਕੋਹੜ ਤੋਂ ਨਹੀਂ ਬਚਾਅ ਸਕੇ ਤਾਂ ਜਨਤਾ ਨੂੰ ਕਿਵੇਂ ਬਚਾਉਣਗੇ? ਫਿਰ ਕੌਣ ਲੜੇਗਾ ਯੁੱਧ ਨਸ਼ਿਆਂ ਵਿਰੁੱਧ? ਇਸੇ ਲਈ ਤਾਂ ਇਹ ਬੇੜੀ ਕਿਸੇ ਤਣ-ਪੱਤਣ ਲਗਦੀ ਦਿਖਾਈ ਨਹੀਂ ਦਿੰਦੀ। ਸੁਣਿਆਂ ਸਰਕਾਰ ਨੇ ਅਕੀਲ ਅਖ਼ਤਰ ਦੀ ਮੌਤ ਦਾ ਮਾਮਲਾ ਸੀਬੀਆਈ ਹਵਾਲੇ ਕਰਨ ਲਈ ਕੇਂਦਰ ਨੂੰ ਪੱਤਰ ਲਿਖਿਆ ਹੈ।' ਫੋਨ ਬੰਦ ਹੋਇਆ ਤਾਂ ਮੇਰੇ ਚੇਤੇ ਵਿੱਚ ਡਾ. ਇਕਬਾਲ ਵੱਲੋਂ ਕਹੀਆਂ ਗੱਲਾਂ ਸੰਜੀਵ ਹੋਣ ਲੱਗੀਆਂ। 'ਮੈਂ ਇਸ ਕੇਸ ਦਾ ਮੰਥਨ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਦਰਅਸਲ ਅਕੀਲ ਦੀ ਮੌਤ ਬਾਰੇ ਗੱਲਬਾਤ ਕਰਦਿਆਂ ਅਕਸਰ ਇੱਕ ਸ਼ਬਦ ਦਾ ਵਾਰ ਵਾਰ ਜ਼ਿਕਰ ਆਇਆ 'ਸਾਈਕਿਕ।' ਇਹ ਮੁੰਡਾ ਸਕੀਜ਼ੋਫਰੇਨੀਆ ਨਾਂ ਦੀ ਬਿਮਾਰੀ ਤੋਂ ਪੀੜਤ ਲੱਗਿਆ। ਇਹ ਬਹੁਤ ਅਜੀਬ ਕਿਸਮ ਦੀ ਮਾਨਸਿਕ ਬਿਮਾਰੀ ਹੈ, ਜਿਸ ਵਿੱਚ ਬੰਦਾ ਸ਼ੱਕੀ ਸੁਭਾਅ ਬਦੌਲਤ ਆਪਣੇ ਆਲ਼ੇ-ਦੁਆਲ਼ੇ ਨੂੰ ਕਬਜ਼ਾਉਣ ਲਏ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ।' ਕੁਝ ਵੀ ਹੋਵੇ ਮਾਪਿਆਂ ਨੇ ਇਕਲੌਤਾ ਪੁੱਤ ਗੁਆ ਲਿਆ, ਓਵੇਂ ਜਿਵੇਂ ਪੰਜਾਬ ਦੀ ਸਰਜ਼ਮੀਨ 'ਤੇ ਚੁਰਾਸੀ ਦੇ ਸਮਿਆਂ ਵੇਲ਼ੇ ਜਾਂ ਅੱਜ ਵੀ ਨਸ਼ੇ ਦੀ ਓਵਰਡੋਜ਼ ਨਾਲ਼ ਅਨੇਕਾਂ ਮਾਵਾਂ ਆਪਣੇ ਲਾਡਲੇ ਗੁਆ ਰਹੀਆਂ ਹਨ। 'ਤਪੋਂ ਰਾਜ, ਰਾਜੋਂ ਨਰਕ' ਮੇਰੇ ਅੰਦਰੋਂ ਤਾਇਆ ਆਤਮਾ ਸਿੰਘ ਬੋਲਿਆ ਤਾਂ ਨਾਲ਼ ਹੀ ਹੰਸ ਦੇ ਬੋਲ ਉੱਚੀ ਹੋਣ ਲਗਦੇ ਹਨ, 'ਖੜ੍ਹੇ ਤੈਨੂੰ ਪਿੱਟਦੇ ਆਂ ਸੱਪ ਦੀਏ ਲੀਕੇ ਨੀ/ ਫੌਜਦਾਰੀ ਕੇਸ ਵਿੱਚ ਪੈਂਦੀਏ ਤਰੀਕੇ ਨੀਂ।'

***ਸੰਪਰਕ : 98144-30874***

### ਜਗਜੀਤ ਸਿੰਘ ਆਨੰਦ ਪੁਰਸਕਾਰ ਮਿਲਣ ਮੌਕੇ

# ਸੂਚਨਾ ਤੇ ਗਿਆਨ ਦਾ ਮੁਜੱਸਮਾ : ਜਤਿੰਦਰ ਪਨੂੰ

**ਉਜਾਗਰ ਸਿੰਘ**

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸ਼ਹਿਰੀ ਲੋਕ ਪਿੰਡਾਂ ਵਾਲੇ ਲੋਕਾਂ ਨਾਲੋਂ ਜ਼ਿਆਦਾ ਹੁਸ਼ਿਆਰ ਤੇ ਅਕਲਮੰਦ ਹੁੰਦੇ ਹਨ, ਕਿਉਂਕਿ ਸ਼ਹਿਰੀਆਂ ਨੂੰ ਪੜ੍ਹਨ, ਪੜ੍ਹਾਉਣ ਦੇ ਵਧੇਰੇ ਮੌਕੇ ਮਿਲਦੇ ਹਨ, ਪ੍ਰੰਤੂ ਇਸ ਵਿੱਚ ਬਹੁਤੀ ਸਚਾਈ ਨਜ਼ਰ ਨਹੀਂ ਆਉਂਦੀ, ਕਿਉਂਕਿ ਸਿਆਣਪ, ਅਕਲ ਅਤੇ ਗਿਆਨ ਇਨਸਾਨ ਦੀ ਪ੍ਰਤਿਭਾ 'ਤੇ ਨਿਰਭਰ ਕਰਦਾ ਹੈ। ਕਿਤਾਬੀ ਪੜ੍ਹਾਈ ਇਕੱਲੀ ਜ਼ਿੰਦਗੀ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਕਾਰਗਰ ਨਹੀਂ ਹੁੰਦੀ। ਕਿਤਾਬੀ ਪੜ੍ਹਾਈ ਜ਼ਰੂਰੀ ਤਾਂ ਹੁੰਦੀ ਹੈ, ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤੇ ਪੜ੍ਹੇ-ਲਿਖੇ ਲੋਕਾਂ ਨਾਲੋਂ ਕਈ ਵਾਰ ਜ਼ਿੰਦਗੀ ਵਿੱਚ ਜ਼ਿਆਦਾ ਸਫ਼ਲ ਘੱਟ ਪੜ੍ਹੇ-ਲਿਖੇ ਲੋਕ ਹੋ ਜਾਂਦੇ ਹਨ। ਉਨ੍ਹਾਂ ਦੇ ਸਫ਼ਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਣ ਦਾ ਕਾਰਨ ਉਨ੍ਹਾਂ ਦੀ ਜ਼ਿੰਦਗੀ ਨੂੰ ਸਮਝਣ ਦੀ ਕਾਬਲੀਅਤ, ਸਿਆਣਪ ਤੇ ਅਕਲਮੰਦੀ ਹੁੰਦੀ ਹੈ। ਪੜ੍ਹਨ-ਲਿਖਣ ਨਾਲ ਜਾਣਕਾਰੀ ਤਾਂ ਮਿਲ ਜਾਂਦੀ ਹੈ, ਪ੍ਰੰਤੂ ਗਿਆਨ ਤਾਂ ਇਨਸਾਨ ਦੀ ਆਪਣੀ ਕਾਬਲੀਅਤ ਤੇ ਪ੍ਰਤਿਭਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜਾਣਕਾਰੀ ਤੇ ਗਿਆਨ ਵਿੱਚ ਜ਼ਮੀਨ-ਅਸਮਾਨ ਦਾ ਅੰਤਰ ਹੁੰਦਾ ਹੈ।

ਮੈਂ ਇੱਥੇ ਤੁਹਾਡੀ ਇੱਕ ਅਜਿਹੇ ਵਿਅਕਤੀ ਨਾਲ ਜਾਣ-ਪਹਿਚਾਣ ਕਰਵਾਉਂਦਾ ਹਾਂ, ਜਿਹੜਾ ਪੜ੍ਹਿਆ ਤਾਂ ਦਸਵੀਂ ਤੱਕ ਹੀ ਹੈ, ਪ੍ਰੰਤੂ ਗਿਆਨਵਾਨ ਬਹੁਤ ਜ਼ਿਆਦਾ ਹੈ। ਇਸ ਸਮੇਂ ਸੂਚਨਾ ਦੇ ਯੁਗ ਵਿੱਚ ਗਿਆਨ ਦਾ ਉਸ ਕੋਲ ਭੰਡਾਰ ਹੈ। ਉਹ ਵਿਅਕਤੀ ਹੈ, ਜਤਿੰਦਰ ਪਨੂੰ, ਜਿਸ ਨੂੰ ਤੁਸੀਂ ਮੀਡੀਆ, ਸੋਸ਼ਲ ਮੀਡੀਆ ਤੇ ਪ੍ਰਿੰਟ ਮੀਡੀਆ ਵਿੱਚ ਹਰ ਰੋਜ਼ ਵੇਖਦੇ ਤੇ ਸੁਣਦੇ ਹੋ। ਇਸ ਸਮੇਂ ਤੁਸੀਂ ਭਾਵੇਂ ਕੋਈ ਸੋਸ਼ਲ ਮੀਡੀਆ ਖੋਲ੍ਹੋ ਤਾਂ ਤੁਹਾਨੂੰ ਜਤਿੰਦਰ ਪੰਨੂੰ ਦੀ ਆਡੀਓ, ਵੀਡੀਓ ਸਾਹਮਣੇ ਆ ਜਾਵੇਗੀ। ਜਤਿੰਦਰ ਪਨੂੰ ਦੀ ਲਿਆਕਤ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਸ ਕੋਲ ਗਿਆਨ ਦਾ ਏਨਾ ਵੱਡਾ ਭੰਡਾਰ ਹੈ ਕਿ ਉਹ ਹਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮੁੱਦੇ ਨੂੰ ਤੱਥਾਂ ਦੇ ਅਧਾਰ 'ਤੇ ਵਿਚਾਰ ਕੇ ਸਪੱਸ਼ਟ ਸ਼ਬਦਾਂ ਵਿੱਚ ਨਿਰਪੱਖਤਾ ਨਾਲ ਵਿਸ਼ਲੇਸ਼ਣ ਕਰਦਾ ਹੈ। ਸੁਣਨ ਜਾਂ ਵੇਖਣ ਵਾਲਿਆਂ ਦੀ ਦੁਬਿਧਾ ਨੂੰ ਦੂਰ ਕਰ ਦਿੰਦਾ ਹੈ, ਕਿਉਂਕਿ ਅੱਜ ਦੇ ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਬਿਨਾਂ ਤੱਥਾਂ ਤੇ ਬਹੁਤ ਸਾਰੇ ਮੁੱਦਿਆਂ 'ਤੇ ਵਿਚਾਰ ਚਰਚਾ ਅਜਿਹੀ ਹੁੰਦੀ ਹੈ, ਜਿਸ ਦੀ ਹਰ ਇੱਕ ਨੂੰ ਸਚਾਈ ਜਾਨਣ ਦੀ ਉਤਸੁਕਤਾ ਹੁੰਦੀ ਹੈ।

ਜਤਿੰਦਰ ਪਨੂੰ ਸ਼ਬਦਾਂ ਦਾ ਜਾਦੂਗਰ ਹੈ। ਸ਼ਬਦ ਉਸ ਦੇ ਜ਼ਿਹਨ ਵਿੱਚ ਮੰਡਲਾਉਂਦੇ ਫਿਰਦੇ ਰਹਿੰਦੇ ਹੋਏ, ਆਪਣੀ ਵਾਰੀ ਦੀ ਉਡੀਕ ਵਿੱਚ ਉਤਸੁਕ ਰਹਿੰਦੇ ਹਨ। ਜਤਿੰਦਰ ਪਨੂੰ ਹਮੇਸ਼ਾ ਸਚਾਈ 'ਤੇ ਅਧਾਰਤ ਜਾਣਕਾਰੀ ਦਿੰਦਾ ਹੈ। ਉਹ ਮਿਹਨਤੀ ਵੀ ਬਹੁਤ ਹੈ, ਉਸ ਦੀ ਮਿਹਨਤ ਦਾ ਨਤੀਜਾ ਹੈ ਕਿ ਅੱਜ ਦੇ ਦਿਨ ਉਹ ਪੰਜਾਬੀ ਸੰਸਾਰ ਵਿੱਚ ਸਭ ਤੋਂ ਵਧੇਰੇ ਪੜ੍ਹਿਆ ਤੇ ਸੁਣਿਆ ਜਾਣ ਵਾਲਾ ਵਿਅਕਤੀ ਹੈ। ਇੱਕ ਸਾਧਾਰਨ ਦਿਹਾਤੀ ਖੇਤੀਬਾੜੀ ਕਰਨ ਵਾਲੇ ਪਰਵਾਰ ਵਿੱਚ ਜਨਮ ਲੈ ਕੇ ਬੁਲੰਦੀਆਂ 'ਤੇ ਪਹੁੰਚਣਾ ਐਰੇ-ਗੈਰੇ ਦਾ ਕੰਮ ਨਹੀਂ ਹੁੰਦਾ। ਤੁਸੀਂ ਹੈਰਾਨ ਹੋਵੋਗੇ ਕਿ ਦਸਵੀਂ ਅਤੇ ਆਈ.ਟੀ.ਆਈ. ਕਰਨ ਤੋਂ ਬਾਅਦ ਹੀ ਜਤਿੰਦਰ ਪਨੂੰ ਨੇ ਸਮਾਜ ਸੇਵਾ, ਖੇਤੀਬਾੜੀ ਅਤੇ ਨੌਜਵਾਨਾਂ ਨਾਲ ਸੰਬੰਧਤ ਸੰਸਥਾਵਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦੱਬੇ-ਕੁਚਲੇ ਲੋਕਾਂ ਲਈ ਸਮਾਜ ਸੇਵਾ ਦਾ ਬੀੜਾ ਚੁੱਕ ਲਿਆ। ਗ਼ਰੀਬ ਲੋਕਾਂ ਦੀਆਂ ਬਸਤੀਆਂ ਵਿੱਚ ਜਾ ਕੇ ਉਨ੍ਹਾਂ ਦੇ ਦੁੱਖ ਦੂਰ ਕਰਨ ਲੱਗ ਪਏ, ਜਦੋਂ ਕਿ ਅਜਿਹੀ ਅੱਲ੍ਹੜ ਉਮਰ ਵਿੱਚ ਨੌਜਵਾਨ ਖਰਮਸਤੀਆਂ ਵਿੱਚ ਉਲਝ ਜਾਂਦੇ ਹਨ। ਪੰਜਾਬ ਵਿੱਚ ਜਦੋਂ 1980ਵਿਆਂ ਵਿੱਚ ਹਾਲਾਤ ਅਣਸੁਖਾਵੇਂ ਹੋ ਗਏ ਤਾਂ ਜਤਿੰਦਰ ਪਨੂੰ ਹੋਰ ਸੰਜੀਦਾ ਹੋ ਗਿਆ। ਉਹ ਗੱਲਾਂ ਦਾ ਕੜਾਹ ਨਹੀਂ ਬਣਾਉਂਦਾ, ਸਗੋਂ ਗੱਲ ਦੀ ਤਹਿ ਤੱਕ ਜਾ ਕੇ ਤੱਥਾਂ ਨਾਲ ਗੱਲ ਨੂੰ ਸਮੇਟਦਾ ਹੈ। ਉਹ ਆਪਣੀਆਂ ਸਾਰਥਿਕ ਟਿੱਪਣੀਆਂ ਨਾਲ ਲੋਕਾਂ ਦਾ ਵਿਸ਼ਵਾਸ ਜਿੱਤ ਗਿਆ ਹੈ। ਲੋਕ ਉਸ ਦੀ ਵਿਚਾਰ-ਚਰਚਾ ਦੀ ਉਡੀਕ ਕਰਦੇ ਰਹਿੰਦੇ ਹਨ।

ਮਹਿਜ਼ 26 ਸਾਲ ਦੀ ਉਮਰ ਵਿੱਚ ਜਤਿੰਦਰ ਪਨੂੰ ਨੇ ਅਖ਼ਬਾਰਾਂ ਵਿੱਚ ਲੇਖ ਲਿਖਣ ਲਈ ਕਲਮ ਚੁੱਕ ਲਈ। ਹਾਲਾਂਕਿ ਉਸ ਨੇ ਪੱਤਰਕਾਰੀ ਦੀ ਕੋਈ ਡਿਗਰੀ ਪ੍ਰਾਪਤ ਨਹੀਂ ਕੀਤੀ, ਪ੍ਰੰਤੂ ਉਸ ਦੀ ਦਿਮਾਗੀ ਸੁਜੱਗਤਾ ਨੇ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੇ ਮੁੱਦਿਆਂ 'ਤੇ ਲਿਖਣ ਲਈ ਪ੍ਰੇਰਿਤ ਕੀਤਾ। ਉਸ ਦੇ ਲੇਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਪ੍ਰਕਾਸ਼ਤ ਹੋਣ ਨਾਲ ਜਤਿੰਦਰ ਪਨੂੰ ਪੱਤਰਕਾਰਤਾ ਦੇ ਖੇਤਰ ਵਿੱਚ ਜਾਣਿਆਂ ਜਾਣ ਲੱਗਾ। ਫਿਰ ਜਲੰਧਰ ਤੋਂ ਪ੍ਰਕਾਸ਼ਤ ਹੋਣ ਵਾਲੇ ਰੋਜ਼ਾਨਾ ਨਵਾਂ ਜ਼ਮਾਨਾ ਅਖ਼ਬਾਰ ਨੇ ਉਸ ਦੀ ਵਿਲੱਖਣ ਪ੍ਰਤਿਭਾ ਦਾ ਲਾਹਾ ਲੈਣ ਲਈ ਜਤਿੰਦਰ ਪਨੂੰ ਨੂੰ ਜਨਵਰੀ 1991 ਵਿੱਚ ਉਪ ਸੰਪਾਦਕ ਦੀ ਅਸਾਮੀ ਉੱਤੇ ਨਿਯੁਕਤ ਕਰ ਲਿਆ। ਜਤਿੰਦਰ ਪਨੂੰ ਦੀ ਸੰਪਾਦਕੀ ਅਤੇ ਉਸ ਦੀ ਕਾਰਜਕੁਸ਼ਲਤਾ ਨੂੰ ਵੇਖਦਿਆਂ ਉਸ ਨੂੰ ਜੁਲਾਈ 1991 ਵਿੱਚ ਹੀ ਅਖ਼ਬਾਰ ਦਾ ਨਿਊਜ਼ ਸੰਪਾਦਕ ਲਗਾ ਦਿੱਤਾ ਗਿਆ। ਅਪ੍ਰੈਲ 1993 ਵਿੱਚ ਉਸ ਨੂੰ ਤਰੱਕੀ ਦੇ ਕੇ ਅਖ਼ਬਾਰ ਸਹਾਇਕ ਸੰਪਾਦਕ ਬਣਾ ਦਿੱਤਾ, ਇਸ ਅਹੁਦੇ 'ਤੇ ਉਹ 2009 ਤੱਕ ਕੰਮ ਕਰਦਾ ਰਿਹਾ। ਫਿਰ ਉਸ ਨੇ 2009 ਵਿੱਚ ਅਸਤੀਫ਼ਾ ਦੇ ਕੇ ਫ਼੍ਰੀ ਲਾਂਸ ਪੱਤਰਕਾਰੀ ਕਰਨੀ ਸ਼ੁਰੂ ਕਰ ਦਿੱਤੀ। ਉਸ ਦੇ ਲੇਖ ਦੇਸ਼-ਵਿਦੇਸ਼ ਦੇ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੁੰਦੇ ਰਹੇ। 'ਨਵਾਂ ਜ਼ਮਾਨਾ' ਅਖ਼ਬਾਰ ਨੇ ਫਿਰ ਜਤਿੰਦਰ ਪਨੂੰ ਅਖ਼ਬਾਰ ਦੀ ਗਵਰਨਿੰਗ ਬਾਡੀ ਦਾ ਮੈਂਬਰ ਅਤੇ ਨਾਲ ਹੀ ਕਾਰਜਕਾਰੀ ਸੰਪਾਦਕ ਬਣਾ ਕੇ ਵਾਪਸ ਲੈ ਆਂਦਾ। ਇਨ੍ਹਾਂ ਘਟਨਾਵਾਂ ਤੋਂ ਇਉਂ ਲੱਗ ਰਿਹਾ ਹੈ ਕਿ ਅਖ਼ਬਾਰ ਨੂੰ ਜਤਿੰਦਰ ਪਨੂੰ ਦੀ ਕਾਬਲੀਅਤ ਦਾ ਅਹਿਸਾਸ ਹੋ ਗਿਆ ਸੀ। ਜੁਲਾਈ 2015 ਵਿੱਚ ਉਸ ਨੂੰ ਅਖ਼ਬਾਰ ਦਾ ਸੰਪਾਦਕ ਬਣਾ ਦਿੱਤਾ ਗਿਆ, ਜਿਸ ਅਹੁਦੇ 'ਤੇ ਉਹ ਜਨਵਰੀ 2020 ਤੱਕ ਆਪਣੇ ਫ਼ਰਜ਼ ਨਿਭਾਉਂਦੇ ਰਹੇ।



ਜਤਿੰਦਰ ਪਨੂੰ ਦੀ ਕਲਮ ਦੀ ਕਰਾਮਾਤ ਹੀ ਰਹੀ ਹੈ ਕਿ ਜਦੋਂ ਉਹ ਨਵਾਂ ਜ਼ਮਾਨਾ ਵਿੱਚ ਕੰਮ ਕਰਦਾ ਸੀ, ਉਸ ਦੇ ਨਾਲ ਹੀ ਉਹ 2002 ਤੋਂ ਕੈਨੇਡਾ ਦੇ ਟੋਰਾਂਟੋ ਸ਼ਹਿਰ ਤੋਂ ਪ੍ਰਕਾਸ਼ਤ ਹੋਣ ਵਾਲੇ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ "ਦਾ ਕੈਨੇਡੀਅਨ ਪੰਜਾਬੀ ਪੋਸਟ' ਦੇ 20 ਸਾਲ 2022 ਤੱਕ ਆਨਰੇਰੀ ਸੰਪਾਦਕ ਰਹੇ ਹਨ। ਇਸ ਦੇ ਨਾਲ ਹੀ ਉਹ ਵਿਦੇਸ਼ ਵਿੱਚੋਂ ਛਪਣ ਵਾਲੇ ਪੰਜਾਬੀ ਦੇ ਅਖ਼ਬਾਰਾਂ ਜਿਨ੍ਹਾਂ ਵਿੱਚ ਵੈਨਕੂਵਰ ਤੋਂ ਪ੍ਰਕਾਸ਼ਤ ਹੋਣ ਵਾਲਾ 'ਇੰਡੋ ਕੈਨੇਡੀਅਨ ਟਾਈਮਜ਼' ਸਮੇਤ ਇੱਕ ਦਰਜਨ ਤੋਂ ਵੱਧ ਹੋਰ ਅਖ਼ਬਾਰਾਂ ਲਈ ਲੇਖ ਲਿਖਦਾ ਆ ਰਿਹਾ ਹੈ। 2016 ਤੋਂ ਜਤਿੰਦਰ ਪਨੂੰ 'ਪ੍ਰਾਈਮ ਏਸ਼ੀਆ' ਟੀ.ਵੀ ਉਪਰ ਹਰ ਰੋਜ਼ ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਂਦਾ ਹੈ। ਇਹ ਚੈਨਲ ਸੰਸਾਰ ਵਿੱਚ ਸਭ ਤੋਂ ਵੱਧ ਵੇਖਿਆ ਤੇ ਸੁਣਿਆ ਜਾਂਦਾ ਹੈ। ਜਤਿੰਦਰ ਪਨੂੰ ਦੀ ਕਾਬਲੀਅਤ ਕਰਕੇ ਉਨ੍ਹਾਂ ਨੂੰ ਬਹੁਤ ਸਾਰੇ ਮਾਨ-ਸਨਮਾਨ ਮਿਲੇ, ਜਿਨ੍ਹਾਂ ਵਿੱਚ ਸਤੰਬਰ 1992 ਵਿੱਚ ਸਮਾਲ ਐਂਡ ਮੀਡੀਅਮ ਨਿਊਜ਼ਪੇਪਰਜ਼ ਐਸੋਸੀਏਸ਼ਨ ਆਫ਼ ਇੰਡੀਆ ਨੇ ਨੈਸ਼ਨਲ ਮੀਡੀਆ ਐਵਾਰਡ ਦੇ ਕੇ ਸਨਮਾਨਤ ਕੀਤਾ ਸੀ। ਜਤਿੰਦਰ ਪਨੂੰ ਦੀ ਵਿਲੱਖਣ ਕਾਬਲੀਅਤ ਦਾ ਮੁੱਲ ਪਾਉਂਦਿਆਂ 2000 ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਸ਼੍ਰੋਮਣੀ ਪੱਤਰਕਾਰ ਦਾ ਐਵਾਰਡ ਦੇ ਕੇ ਸਨਮਾਨਤ ਕੀਤਾ ਸੀ। ਨਵੰਬਰ 2013 ਵਿੱਚ ਮਹਾਰਾਸ਼ਟਰ ਰਾਜ ਦੇ ਪੂਨਾ ਸ਼ਹਿਰ ਵਿੱਚ ਸੋਸ਼ਲ, ਕਲਚਰਲ ਐਂਡ ਐਜੂਕੇਸ਼ਨ ਸੰਸਥਾ 'ਸਰਹੱਦ' ਨੇ 'ਸੰਤ ਨਾਮ ਦੇਵ' ਐਵਾਰਡ ਦਿੱਤਾ ਸੀ। ਫ਼ਰਵਰੀ 1995 ਵਿੱਚ ਜਤਿੰਦਰ ਪਨੂੰ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਵਿੱਚ ਯੂਨਾਈਟਡ ਨੇਸ਼ਨ ਦੇ ਹਿਊਮਨ ਰਾਈਟਸ ਕਮਿਸ਼ਨ ਦੇ ਸੈਸ਼ਨ ਵਿੱਚ ਹਿੱਸਾ ਲੈਣ ਲਈ ਗਿਆ ਸੀ। ਉਹ ਦੋ ਹਫ਼ਤੇ ਵੱਖ-ਵੱਖ ਸੈਸ਼ਨਾਂ ਵਿੱਚ ਸ਼ਾਮਲ ਹੁੰਦਾ ਰਿਹਾ। ਜਤਿੰਦਰ ਪਨੂੰ ਦੀਆਂ ਹੁਣ ਤੱਕ ਪੰਜਾਬੀ ਵਿੱਚ ਛੇ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਪੁਸਤਕ ਅਨੁਵਾਦ ਹੋ ਕੇ ਅੰਗਰੇਜ਼ੀ ਵਿੱਚ 'ਸੋਸ਼ਲ ਆਸਪੈਕਟਸ ਆਫ਼ ਸਿੱਖ ਫੇਥ' ਪ੍ਰਕਾਸ਼ਤ ਹੋਈ ਹੈ। ਇਸ ਸਮੇਂ ਉਹ ਇੱਕ ਹੋਰ ਪੁਸਤਕ ਲਿਖ ਰਿਹਾ ਹੈ, ਜਿਹੜੀ 1858 ਤੋਂ ਪੰਜਾਬ ਦੀ ਚੋਣ ਹਿਸਟਰੀ ਬਾਰੇ ਜਾਣਕਾਰੀ ਦੇਵੇਗੀ।

***ਮੋਬਾ. 94178-13072***


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਮਾਨਸਿਕ ਤੌਰ 'ਤੇ ਖੰਡਿਤ ਪਾਤਰਾਂ ਦੀ ਮਨੋਵਿਗਿਆਨਕ ਪੇਸ਼ਕਾਰੀ





**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਸੰਦੀਪ ਰਾਣਾ**

### ਮਨਕਥੀਆਂ

(ਕਹਾਣੀ ਸੰਗ੍ਰਹਿ)
ਬਿੰਦਰ ਬਸਰਾ
ਪੰਨੇ : 112, ਮੁੱਲ : 200 ਰੁਪਏ
ਪੀਪਲਜ਼ ਫ਼ੋਰਮ, ਬਰਗਾੜੀ

ਕਦਮ ਕਦਮ ਚੌਰਾਹੇ ਤੋਂ ਬਾਅਦ ਬਿੰਦਰ ਬਸਰਾ ਦੇ ਦੂਜੇ ਕਹਾਣੀ ਸੰਗ੍ਰਹਿ ਦਾ ਸਿਰਲੇਖ ਮਨਕਥੀਆਂ ਹੈ। ਸਭ ਤੋਂ ਪਹਿਲਾਂ ਜ਼ਿਹਨ ਵਿੱਚ ਇਹ ਪ੍ਰਸ਼ਨ ਉੱਠਦਾ ਹੈ ਕਿ ਮਨਕਥੀਆਂ ਤੋਂ ਭਾਵ ਕੀ ਹੈ? ਇਹ ਇੱਕ ਨਵਾਂ ਲਫ਼ਜ਼ ਹੈ ਜਿਸ ਦੇ ਮਾਅਨੇ ਮਨ ਦੀਆਂ ਗੱਲਾਂ ਵੀ ਹੋ ਸਕਦੇ ਹਨ ਤੇ ਮਨ ਦੀਆਂ ਕਲਪਨਾਵਾਂ ਵੀ। ਡੂੰਘੀ ਸੋਚ ਵਿਚਾਰਾਂ ਮਨਕਥੀਆਂ ਤੋਂ ਭਾਵ ਮਨ ਵਿੱਚ ਚੱਲਣ ਵਾਲੇ ਵਿਚਾਰ ਜਾਂ ਅੰਤਰ ਮਨ ਦੀਆਂ ਗੱਲਾਂ ਹੀ ਹਨ, ਜੋ ਮਨ ਦੀ ਬੇਚੈਨੀ ਅਤੇ ਮਾਨਸਿਕ ਟੁੱਟ-ਭੱਜ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਮਨਕਥੀਆਂ ਦਾ ਸਾਹਿਤਕ ਅਰਥ ਵੀ ਮਨੋਵਿਗਿਆਨਕ ਕਹਾਣੀਆਂ ਜਾਂ ਅੰਦਰੂਨੀ ਵਿਚਾਰਾਂ ਦਾ ਬਿਆਨ ਹੀ ਬਣਦਾ ਹੈ, ਜੋ ਮਨ ਦੀਆਂ ਦੁਵਿਧਾਵਾਂ ਦਾ ਸ਼ਬਦ ਰੂਪ ਵੀ ਹੋ ਸਕਦਾ ਹੈ। ਇਸ ਲਈ ਬਿੰਦਰ ਬਸਰਾ ਦੀ ਇਸ ਨਵੇਂ ਕਹਾਣੀ-ਸੰਗ੍ਰਹਿ ਦੀ ਪੜ੍ਹਤ ਵੱਲ ਵਧਦਿਆਂ ਪਾਠਕ ਦੀ ਆਸ ਮਨੋਵਿਗਿਆਨਕ ਢੰਗ ਨਾਲ਼ ਬੁਣੇ ਪਾਤਰਾਂ ਅਤੇ ਮਨ ਦੇ ਭੇਦ ਖੋਲ੍ਹਦੀਆਂ ਕਹਾਣੀਆਂ ਵੱਲ ਬੱਝਦੀ ਹੈ। ਇਸ ਪੁਸਤਕ ਦੇ ਸਰਵਰਕ 'ਤੇ ਬਣੀ ਤਸਵੀਰ ਵਿੱਚ ਮਨੋ-ਸੰਕਟ ਕਾਰਨ ਪਾਟ ਰਹੀ ਚਰਿਤ੍ਰਮਾ ਵਸਤੂ ਦਿਸਦੀ ਹੈ, ਜਿਸ ਦੇ ਗਰਭ ਵਿੱਚ ਦੁਵਿਧਾ ਗ੍ਰਸਤ ਮਾਨਵ-ਔਰਤ ਦਾ ਚਿਹਰਾ ਇਸ ਪੁਸਤਕ ਦੇ ਵਸਤੂ ਵੱਲ ਇਸ਼ਾਰਾ ਕਰਦਾ ਹੈ। ਇਹ ਸਰਵਰਕ ਤੇ ਸਿਰਲੇਖ ਮਨੋਰਤਾਂ ਦੀ ਥਾਹ ਪਾਉਣ, ਪਾਠਕ ਦੀ ਉਤਸੁਕਤਾ ਨੂੰ ਵਧਾਉਣ ਵਿੱਚ ਕਾਮਯਾਬ ਹੁੰਦੇ ਹਨ। ਬਿੰਦਰ ਬਸਰਾ ਦੀਆਂ ਕਹਾਣੀਆਂ ਵੀ ਇਹਨਾਂ ਆਸਾਂ 'ਤੇ ਪੂਰੀਆਂ ਉਤਰਦੀਆਂ ਹਨ। ਅਸਲ ਵਿੱਚ ਮਨ ਦੀਆਂ ਪਰਤਾਂ ਉਲੀਕਣਾ ਇੱਕ ਬਹੁਤ ਹੀ ਨਾਜ਼ੁਕ ਅਤੇ ਕਲਾਤਮਿਕ ਕੰਮ ਹੈ। ਇਸ ਪ੍ਰਕਿਰਿਆ ਵਿੱਚ ਕਹਾਣੀਕਾਰ ਸਭ ਤੋਂ ਪਹਿਲਾਂ ਆਪਣੇ ਸਵੈ ਅੰਦਰ ਝਾਕਦਾ ਹੈ ਅਤੇ ਆਪਣੇ ਡਰ, ਖੁਸ਼ੀਆਂ, ਦੁੱਖ ਅਤੇ ਅਧੂਰੇ ਸੁਪਨਿਆਂ ਨੂੰ ਪਛਾਣਦਾ ਹੈ। ਉਸ ਦੇ ਇਹ ਵਿਅਕਤੀਗਤ ਤਜਰਬੇ ਹੀ ਕਹਾਣੀ ਦਾ ਮੂਲ ਬਣਦੇ ਹਨ ਅਤੇ ਅਗਲੇ ਪੜਾਅ 'ਤੇ ਉਹ ਆਪਣੇ ਪਾਤਰਾਂ ਦੇ ਮਨਾਂ ਵਿੱਚ ਉੱਤਰ ਕੇ ਉਹਨਾਂ ਦੀਆਂ ਅਚੇਤ ਇੱਛਾਵਾਂ ਅਤੇ ਅੰਦਰੂਨੀ ਸੰਘਰਸ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਹ ਪਾਤਰ ਹੀ ਸਮਾਜ ਦੀਆਂ ਲੁਕੀਆਂ ਹੋਈਆਂ ਪਰਤਾਂ ਨੂੰ ਸਮਝਣ 'ਚ ਸਹਾਈ ਬਣਦੇ ਹਨ। ਬਿੰਦਰ ਬਸਰਾ ਦੇ ਇਸ ਕਹਾਣੀ-ਸੰਗ੍ਰਹਿ ਮਨਕਥੀਆਂ 'ਚ ਇਸੇ ਪ੍ਰਕਿਰਿਆ ਅਧੀਨ ਹੀ ਪਾਤਰਾਂ ਦੇ ਮਨੋਯਥਾਰਥ ਪੇਸ਼ ਕੀਤੇ ਗਏ ਹਨ। ਇਹੀ ਕਾਰਨ ਹੈ ਕਿ ਇਸ ਕਹਾਣੀ-ਸੰਗ੍ਰਹਿ ਦੀਆਂ ਜ਼ਿਆਦਾਤਰ ਕਹਾਣੀਆਂ ਪਾਤਰ ਪ੍ਰਧਾਨ ਕਹਾਣੀਆਂ ਹਨ, ਜਿਨ੍ਹਾਂ ਵਿੱਚ ਪਾਤਰਾਂ ਦੇ ਮਨਾਂ ਦੀਆਂ ਵਿਭਿੰਨ ਪਰਤਾਂ ਕਹਾਣੀਕਾਰ ਵੱਲੋਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਦੇ ਤੇਜ਼ ਰਫ਼ਤਾਰ ਅਤੇ ਵਸਤੂਵਾਦੀ ਯੁੱਗ ਵਿੱਚ ਕਈ ਤਰ੍ਹਾਂ ਦੇ ਮਨੋ ਸੰਕਟ ਮਨੁੱਖ ਨੂੰ ਆਪਣੇ ਸ਼ਿਕੰਜੇ ਵਿੱਚ ਲੈ ਰਹੇ ਹਨ।

ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ ਵਿਆਹੁਤਾ ਜੀਵਨ ਦੀ ਰੁਟੀਨ ਤੋਂ ਅੱਕੇ ਹੋਏ ਪਾਤਰਾਂ ਦੀਆਂ ਕਹਾਣੀਆਂ ਹਨ। ਬਿੰਦਰ ਬਸਰਾ ਨੇ ਜਿਸ ਖ਼ਾਸ ਢੰਗ ਨਾਲ ਵਿਅਕਤੀਤਵ ਦੇ ਵੱਖਰੇ ਪੱਖ ਸਾਹਮਣੇ ਰੱਖ ਕੇ ਇਹਨਾਂ ਪਾਤਰਾਂ ਦਾ ਚਰਿੱਤਰ ਘੜਿਆ ਹੈ, ਇਹ ਸਲਾਹੁਣਯੋਗ ਹੈ। ਪਹਿਲੀ ਕਹਾਣੀ 'ਕੱਲ੍ਹ ਵੀ ਆਉਣੈ' ਵਿੱਚ ਇੱਕ ਕੰਮਕਾਜੀ ਔਰਤ ਦੀ ਜ਼ਿੰਦਗੀ ਰੁਟੀਨ ਤੋਂ ਅਕਾਅ ਮਹਿਸੂਸ ਕਰਨ ਦੀ ਕਹਾਣੀ ਹੈ। ਅੱਜ ਦੇ ਸਮੇਂ ਵਿੱਚ ਔਰਤਾਂ ਦੀ ਜ਼ਿੰਦਗੀ ਬਹੁਤ ਗੁੰਝਲਦਾਰ ਤੇ ਤਣਾਅਪੂਰਨ ਹੋ ਗਈ ਹੈ। ਉਸ ਨੂੰ ਇੱਕੋ ਸਮੇਂ ਕਈ ਮੋਰਚਿਆਂ 'ਤੇ ਲੜਨਾ ਪੈਂਦਾ ਹੈ, ਕੰਮ ਅਤੇ ਘਰ ਦਾ ਸੰਤੁਲਨ ਉਸ ਲਈ ਸਭ ਤੋਂ ਵੱਡੀ ਚੁਣੌਤੀ ਹੈ। ਕੈਰੀਅਰ ਬਣਾਉਣ ਦੇ ਨਾਲ-ਨਾਲ ਪਰਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ, ਬੱਚਿਆਂ ਦੀ ਦੇਖਭਾਲ, ਬਜ਼ੁਰਗਾਂ ਦੀ ਸੇਵਾ ਇਹ ਸਭ ਕੁਝ ਇੱਕੋ ਸਮੇਂ ਕਰਨਾ ਔਰਤ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਥਕਾਅ ਦਿੰਦਾ ਹੈ। ਸਮਾਜਿਕ ਦਬਾਅ ਕਾਰਨ ਹਮੇਸ਼ਾ ਔਰਤ ਤੋਂ ਸੰਪੂਰਨਤਾ ਦੀ ਉਮੀਦ ਕੀਤੀ ਗਈ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਚੰਗੀ ਮਾਂ, ਪਤਨੀ, ਨੂੰਹ ਅਤੇ ਕੰਮਕਾਜੀ ਔਰਤ ਹੋਵੇ। ਇਸ ਵਿੱਚੋਂ ਕਿਸੇ ਵੀ ਮਾਪਦੰਡ ਵਿੱਚ ਨਾਕਾਮਯਾਬੀ ਔਰਤ ਵਿੱਚ ਅਪਰਾਧ ਦੀ ਭਾਵਨਾ ਪੈਦਾ ਕਰਦੀ ਹੈ, ਜੋ ਮਾਨਸਿਕ ਤਣਾਅ ਦਾ ਕਾਰਨ ਬਣਦਾ ਹੈ। ਅਜਿਹਾ ਹੀ ਤਣਾਅ ਇਸ ਕਹਾਣੀ ਦੀ ਨਾਇਕਾ ਸ਼ਿਲਪੀ ਹੰਢਾਉਂਦੀ ਹੈ। ਉਸ ਦੇ ਜ਼ਿਹਨ ਦੀ ਉਥਲ-ਪੁਥਲ ਅਤੇ ਉਸ ਦੇ ਰੁਟੀਨ ਭੰਗ ਕਰਨ ਦੇ ਫ਼ੈਸਲੇ ਨਾਲ ਹੀ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ। ਘਰ ਦੀਆਂ ਜ਼ਿੰਮੇਵਾਰੀਆਂ ਸਮੇਟ ਉਹ ਨੌਕਰੀ 'ਤੇ ਪੁੱਜਦੀ ਹੈ ਤੇ ਉੱਥੇ ਦੀ ਰੁਟੀਨ ਤੋਂ ਹੋਰ ਬੇਜ਼ਾਰ ਹੋ ਜਾਂਦੀ ਹੈ। ਪਤੀ ਸਰਕਾਰੀ ਨੌਕਰੀ ਕਾਰਨ ਦੂਰ ਸ਼ਹਿਰ ਰਹਿੰਦਾ ਹੈ ਤੇ ਉਹ ਸਿਰਫ ਤੇ ਸਿਰਫ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ ਜੀਵਨ ਵਿੱਚ ਮਾਨਸਿਕ ਤਣਾਅ ਹੀ ਇਕੱਠਾ ਕਰਦੀ ਜਾ ਰਹੀ ਹੈ। ਇਸ ਕਹਾਣੀ ਵਿੱਚ ਔਰਤ ਦੀ ਮਾਨਸਿਕਤਾ ਇਸ ਢੰਗ ਨਾਲ ਚਿਤਰਤ ਕੀਤੀ ਗਈ ਹੈ ਕਿ ਹਰ ਪਾਠਕ ਔਰਤ ਨੂੰ ਇਹ ਆਪਣੀ ਹੀ ਕਹਾਣੀ ਲੱਗਦੀ ਹੈ। ਔਰਤ ਮਨ ਦੇ ਯਥਾਰਥ ਨੂੰ ਇਸ ਡੂੰਘਾਈ ਨਾਲ ਸਮਝਣਾ ਤੇ ਉਸ ਨੂੰ ਚਿਤਰਤ ਕਰਨਾ ਕਹਾਣੀਕਾਰ ਦਾ ਵੱਡਾ ਹਾਸਲ ਹੈ। ਇਸੇ ਤਰੀਕੇ ਦੀ ਜ਼ਿਹਨੀ ਹਾਲਤ ਨੂੰ ਕਹਾਣੀਕਾਰ ਕਹਾਣੀ ਹੋੜ ਵਿੱਚ ਅਮਨ ਅਤੇ ਗਿੰਦਰ ਦੀ ਵਿਆਹੁਤਾ ਜ਼ਿੰਦਗੀ ਦੇ ਤਣਾਅ ਨੂੰ ਸ਼ਿਕਾਇਤੀ ਲਹਿਜੇ ਵਿੱਚ ਪੇਸ਼ ਕਰ ਰਿਹਾ ਹੈ। ਕਹਾਣੀਕਾਰ ਨੇ ਪਤੀ-ਪਤਨੀ ਦੇ ਪਾਤਰ ਚਿਤਰਿਤ ਕਰਦੇ ਹੋਏ ਉਹਨਾਂ ਦੀ ਮਾਨਸਿਕਤਾ ਔਰਤ ਮਨੋਵਿਗਿਆਨ ਅਤੇ ਮਰਦ ਮਨੋਵਿਗਿਆਨ ਨੂੰ ਮੁੱਖ ਰੱਖ ਕੇ ਕੀਤੀ ਹੈ। ਵਿਆਹੁਤਾ ਜ਼ਿੰਦਗੀ ਵਿੱਚ ਇੱਕ ਨਾਜ਼ੁਕ ਮੋੜ 'ਤੇ ਇਸ ਮਨੋਵਿਗਿਆਨਕ ਸੰਕਟ ਨੂੰ ਲੱਭਣ ਦੀ ਕੋਸ਼ਿਸ਼ ਵਿੱਚ ਹੀ ਕਹਾਣੀਕਾਰ ਇਸ ਬਿਰਤਾਂਤ ਦੀ ਉਸਾਰੀ ਕਰਦਾ ਹੈ।

ਕਹਾਣੀ ਦੀ ਰਚਨਾ ਸਮੇਂ ਪਾਤਰ ਦੀ ਵਿਅਕਤੀਤਵ ਦੀ ਅੰਦਰੂਨੀ ਦੁਨੀਆ, ਮਾਨਸਿਕ ਦੁਵਿਧਾਵਾਂ ਅਤੇ ਭਾਵਨਾਵਾਂ ਨੂੰ ਡੂੰਘਾਈ ਨਾਲ ਦਰਸਾਉਣਾ ਹੀ ਇਕ ਚੰਗੇ ਕਹਾਣੀਕਾਰ ਦੀ ਪਹਿਚਾਣ ਹੈ। ਇਹਨਾਂ ਕਹਾਣੀਆਂ ਵਿੱਚ ਵੀ ਕਹਾਣੀਕਾਰ ਨੇ ਵਿਲੱਖਣ ਢੰਗ ਨਾਲ ਪਾਤਰ ਚਿਤਰਣ ਕਰ ਉਹਨਾਂ ਦੇ ਮਾਨਸਿਕ ਦਵੰਦ ਅਤੇ ਸੰਘਰਸ਼ ਨੂੰ ਉਜਾਗਰ ਕੀਤਾ ਹੈ। ਇਸ ਕਹਾਣੀ ਸਿਰਲੇਖ ਦਾ ਇਕ ਅੰਗਰੇਜ਼ੀ ਸ਼ਬਦ ਹੈ- ਇਨਸਾਈਡਰ। ਇੱਥੇ ਕਹਾਣੀਕਾਰ ਨੇ ਇਨਸਾਈਡਰ ਸ਼ਬਦ ਨੂੰ ਉਸ ਮਾਨਸਿਕ ਤਾਕਤ ਲਈ ਵਰਤਿਆ ਹੈ, ਜਿਸ ਅਧੀਨ ਇਹ ਤਾਕਤ ਕਿਸੇ ਵਿਅਕਤੀ ਤੋਂ ਕੋਈ ਵੀ ਜੁਰਮ ਕਰਵਾ ਸਕਦੀ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਲਾਖੀ ਤਾਈ ਦਾ ਇੱਕ ਅਜਿਹਾ ਪਾਤਰ ਘੜਿਆ ਹੈ, ਜੋ ਆਪਣਾ ਬਦਲਾ ਲੈਣ ਲਈ ਕਿਸੇ ਵਿਅਕਤੀ ਦੇ ਵੀ ਜ਼ਿਹਨ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ। ਬਿਰਤਾਂਤਕਾਰ ਆਤਮ ਚਿੰਤਨ ਨਾਲ ਹੀ ਉਸ ਤਾਕਤ ਬਾਰੇ ਸਮਝਦਾ ਹੈ, ਜਿਸ ਕਾਰਨ ਉਹ ਆਪਣੇ ਬਾਪ ਨੂੰ ਵੀ ਮਾਰ ਸੁੱਟਦਾ ਹੈ। ਵਿਲੱਖਣ ਕਿਰਦਾਰਪੇਸ਼ੀ ਦਰਸਾਉਂਦੀ ਇੱਕ ਹੋਰ ਕਹਾਣੀ ਮੁਸ਼ਕਲ ਹੈ, ਗੁਰਲਾਭ ਨੂੰ ਭੁੱਲਣਾ ਹੈ, ਜਿਸ ਵਿੱਚ ਕਹਾਣੀਕਾਰ ਬਿੰਦਰ ਬਸਰਾ ਨੇ ਗੁਰਲਾਲ ਦੀ ਕਿਰਦਾਰ ਅਜੀਬ ਅਤੇ ਵਿਲੱਖਣ ਢੰਗ ਨਾਲ ਘੜਿਆ ਹੈ। ਕਹਾਣੀਕਾਰ ਆਕਾਸ਼ ਨਾਮਕ ਪਾਤਰ ਦਾ ਕਿਰਦਾਰ ਘੜਦਾ ਹੋਇਆ ਪੂਰੀ ਕਹਾਣੀ ਵਿੱਚ ਗੁਰਲਾਭ ਦਾ ਕਿਰਦਾਰ ਤੁਲਨਾ ਵਿੱਚ ਪੇਸ਼ ਕਰਦਾ ਹੈ। ਉਸ ਨੇ ਅਸਲ ਵਿੱਚ ਗੁਰਲਾਭ ਬਾਰੇ ਕੋਈ ਗਤੀਵਿਧੀ, ਕੋਈ ਘਟਨਾ ਜਾਂ ਬਿਰਤਾਂਤ ਕਹਾਣੀ ਵਿੱਚ ਪੇਸ਼ ਨਹੀਂ ਕੀਤਾ, ਬੱਸ ਉਹ ਆਕਾਸ਼ ਦੀ ਕਿਰਦਾਰ ਘੜਦੇ ਸਮੇਂ ਤੁਲਨਾ ਵਿੱਚ ਗੁਰਲਾਭ ਨੂੰ ਹਾਜ਼ਰ ਰੱਖਦਾ ਹੈ। ਪਾਠਕ ਆਕਾਸ਼ ਦੇ ਸੁਭਾਅ ਅਤੇ ਪਾਤਰ ਨੂੰ ਜਾਣਦੇ ਹੋਏ ਗੁਰਲਾਭ ਨੂੰ ਵੀ ਨਾਲ ਹੀ ਜਾਣ ਜਾਂਦਾ ਹੈ। ਇਕ ਹੋਰ ਕਹਾਣੀ 'ਕਤਲ' ਵਿੱਚ ਮੁੱਖ ਪਾਤਰ ਆਰਤੀ ਦਾ ਕਿਰਦਾਰ ਵੀ ਕਹਾਣੀਕਾਰ ਵੱਲੋਂ ਇੱਕ ਵਿਲੱਖਣ ਢੰਗ ਨਾਲ ਚਿਤਰਤ ਕੀਤਾ ਗਿਆ ਹੈ। ਆਰਤੀ ਸਾਡੇ ਸਮਾਜ ਦੀਆਂ ਉਹਨਾਂ ਸਾਰੀਆਂ ਕੁੜੀਆਂ ਦੀ ਰਹਿਨੁਮਾਈ ਕਰਦੀ ਹੈ, ਜੋ ਆਪਣੇ ਪਰਵਾਰ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਉਦਯੋਗਿਕ ਜਗਤ ਵਿੱਚ ਪ੍ਰਵੇਸ਼ ਕਰਦੀਆਂ ਹਨ ਅਤੇ ਮਰਦਾਂ ਦੇ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਸੰਘਰਸ਼ ਕਰਦੀਆਂ ਇਹਨਾਂ ਔਰਤਾਂ ਸਾਹਮਣੇ ਕੇਵਲ ਆਪਣੇ ਪਰਵਾਰ ਦੀ ਆਰਥਿਕ ਮਦਦ ਹੀ ਹੁੰਦੀ ਹੈ। ਇਸੇ ਤਰ੍ਹਾਂ ਦੀ ਭਿੜਤ ਵਾਲਾ ਕਿਰਦਾਰ ਆਰਤੀ ਦਾ ਵੀ ਪਾਠਕ ਦੇ ਸਾਹਮਣੇ ਆਉਂਦਾ ਹੈ, ਜੋ ਮਾਨਸਿਕ ਤਣਾਅ ਨੂੰ ਸਹੂੰ ਤੋਂ ਲੁਕੋ ਕੇ ਰੱਖਣ ਵਿੱਚ ਵੀ ਕਾਮਯਾਬ ਹੁੰਦਾ ਹੈ। ਕਹਾਣੀ 'ਫ਼ੈਸਲੇ ਤੋਂ ਪਹਿਲਾਂ' ਦੀ ਨਵਰੀਤ ਦਾ ਕਿਰਦਾਰ ਵੀ ਕਹਾਣੀਕਾਰ ਨੇ ਅਜਿਹਾ ਘੜਿਆ ਹੈ, ਜੋ ਬਾਪ ਦੇ ਨਾ ਹੋਣ ਕਾਰਨ ਆਪਣੀਆਂ ਪਰਵਾਰਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੋਈ ਵੀ ਸਮਾਜ ਦੇ ਅਖੌਤੀ ਸ਼ਿਕੰਜੇ ਦਾ ਸ਼ਿਕਾਰ ਹੁੰਦੀ ਹੈ। ਉਸ ਦੁਆਰਾ ਨੌਕਰੀ ਕਰਕੇ ਆਪਣੀ ਮਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਨਿਭਾਉਣਾ ਵੀ ਨੇੜਲੇ ਸਮਾਜ ਨੂੰ ਬਰਦਾਸ਼ਤ ਨਹੀਂ ਹੁੰਦਾ। ਉਸ ਦੀਆਂ ਭੈਣਾਂ, ਜੀਜੇ ਵੀ ਉਸ ਦੀ ਮਦਦ ਕਰਨ ਦੀ ਬਜਾਏ ਸਗੋਂ ਉਸ ਤੋਂ ਹੋਰ ਹੀ ਆਸਾਂ ਰੱਖੀ ਬੈਠੇ ਹਨ। ਵਿਆਹ ਦਾ ਫ਼ੈਸਲਾ ਵੀ ਉਸ ਨੂੰ ਦੁਵਿਧਾ ਵਿੱਚ ਹੋਰ ਡੂੰਘਾ ਧੱਕ ਦਿੰਦਾ ਹੈ। ਕਹਾਣੀਕਾਰ ਨੇ ਨਵਰੀਤ ਦਾ ਕਿਰਦਾਰ ਬੜੇ ਤਰਕਪੂਰਨ ਯਥਾਰਥਕ ਢੰਗ ਨਾਲ ਘੜਿਆ ਹੈ, ਜੋ ਅੰਤ 'ਤੇ ਆਪਣੇ ਆਪ ਲਈ ਸੋਚ ਨੂੰ ਬਦਲ ਕੇ ਆਪਣੀ ਜ਼ਿੰਦਗੀ ਦਾ ਫ਼ੈਸਲਾ ਲੈਂਦੀ ਹੈ।

ਇਸ ਸੰਗ੍ਰਹਿ ਦੀਆਂ ਦੋ ਕਹਾਣੀਆਂ ਪ੍ਰਵਾਸੀ ਜੀਵਨ ਦੀ ਲਾਲਸਾ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ। ਪਹਿਲੀ ਕਹਾਣੀ 'ਕੋਈ ਹੋਰ ਨਹੀਂ' ਅਸਲ ਵਿੱਚ ਪਰਵਾਸੀ ਜੀਵਨ ਦੀ ਚਕਾਚੌਂਧ ਵਿੱਚ ਗੁਆਚੇ ਤੇ ਡਾਲਰਾਂ ਦੀ ਦੌੜ ਵਿੱਚ ਰੁੱਝੇ ਨੌਜਵਾਨਾਂ ਦੀ ਕਹਾਣੀ ਹੈ। ਉਹਨਾਂ ਦੇ ਪ੍ਰਦੇਸ਼ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੇ ਮਾਂ-ਪਿਓ ਦੀ ਮਾੜੀ ਹਾਲਤ ਨੂੰ ਇਸ ਕਹਾਣੀ ਵਿੱਚ ਬਹੁਤ ਹੀ ਮਾਰਮਿਕ ਢੰਗ ਨਾਲ ਚਿਤਰਿਆ ਗਿਆ ਹੈ। ਬਿਰਤਾਂਤਕਾਰ ਦਾ ਆਪਣਾ ਪੁੱਤਰ ਵੀ ਕੈਨੇਡਾ ਜਾ ਵਸਿਆ ਹੈ ਤੇ ਉਸ ਕੋਲੋਂ ਵਾਪਸ ਆਉਣ ਤੋਂ ਬਾਅਦ ਉਸ ਦੇ ਹੋਰ ਦੋਸਤਾਂ ਦੁਆਰਾ ਭੇਜੀਆਂ ਚੀਜ਼ਾਂ ਨੂੰ ਉਹਨਾਂ ਦੇ ਘਰ ਤੱਕ ਪਹੁੰਚਾਉਣ ਜਾਂਦਾ ਹੈ ਤਾਂ ਤੇ ਉਹ ਉਹਨਾਂ ਘਰਾਂ ਵਿੱਚਲੀ ਬੇਵੱਸੀ, ਇਕੱਲਤਾ ਨੂੰ ਇਹਨਾਂ ਕਹਾਣੀਆਂ ਵਿੱਚ ਚਿਤਰਤ ਕਰਦਾ ਹੈ। ਕਹਾਣੀ ਵਿੱਚੋਂ ਇਕ ਦ੍ਰਿਸ਼ ਵੇਖਿਆ ਜਾ ਸਕਦਾ ਹੈ, ਕੰਧੋਤਰ 'ਚ ਲੱਗੇ ਮਾਰਬਲ ਤੇ ਜੰਮੀ ਧੂੜ 'ਤੇ ਬਣੇ ਪੈਰਾਂ ਦੇ ਨਿਸ਼ਾਨ ਵੇਖ ਕੇ ਅਸੀਂ ਅੱਗੇ ਵਧੇ... ਪੌੜੀਆਂ ਚੜ੍ਹ ਅਸੀਂ ਉੱਪਰ ਗਏ ਤਾਂ ਉੱਥੇ ਦਾ ਦ੍ਰਿਸ਼ ਹੋਰ ਵੀ ਭੈੜ ਭਰਿਆ ਸੀ। ਮੋਟੇ ਪਾਵਿਆਂ ਵਾਲੇ ਪਲੰਘਾਂ 'ਤੇ ਦੋਵੇਂ ਬਜ਼ੁਰਗ ਤੀਵੀਂ ਆਦਮੀ ਪਏ ਸਨ... ਸਾਨੂੰ ਵੇਖ ਕੇ ਉੱਠ ਬੈਠੇ, ਸਤਿ ਸ੍ਰੀ ਅਕਾਲ ਆਖ ਅਸੀਂ ਬੈਠਣ ਲੱਗੇ ਤਾਂ ਬਜ਼ੁਰਗ ਨੇ ਕਿਹਾ, ਕਾਕਾ ਜੇ ਵੀ ਪੀਣਾ ਪਹਿਲਾਂ ਆਪੇ ਹੀ ਸਾਹਮਣੇ ਫਰਿੱਜ 'ਚੋਂ ਕੱਢ ਲਓ, ਨਾਲੇ ਸਾਨੂੰ ਵੀ ਘੁੱਟ-ਘੁੱਟ ਪਾਣੀ ਪਿਆ ਦਿਓ, ਬਤਲ 'ਚੋਂ ਇਹਦਾ ਲੱਗਾ, ਜਿਵੇਂ ਉਹ ਆਪਣੀ ਚੁੱਪ ਤੋਂ ਅੱਕੇ ਹੋਏ ਹੋਣ ਤੇ ਸਾਨੂੰ ਹੀ ਉਡੀਕ ਰਹੇ ਹੋਣ। ਕਹਾਣੀ ਆਪੋ ਆਪਣੇ ਮੋਰਚੇ ਵੀ ਵਸਤੀਵਾਦੀ ਯੁੱਗ ਵਿੱਚ ਰਿਸ਼ਤਿਆਂ ਦੀਆਂ ਸਮੀਕਰਣਾਂ ਨੂੰ ਸਾਹਮਣੇ ਲਿਆਉਂਦੇ ਹੋਏ ਅਜਿਹੇ ਰਿਸ਼ਤੇਦਾਰਾਂ ਦੇ ਕਿਰਦਾਰ ਘੜੇ ਹਨ, ਜਿਨ੍ਹਾਂ ਲਈ ਸਵੈ ਦੀ ਇੱਛਾ ਅਤੇ ਲਾਲਸਾ ਹੀ ਜ਼ਿੰਦਗੀ ਦਾ ਮਕਸਦ ਬਣ ਚੁੱਕੀ ਹੈ। ਇਸ ਕਹਾਣੀ ਦੇ ਕਥਾਨਕ ਵਿੱਚ ਇੱਕ ਅਜਿਹੇ ਪਰਵਾਰ ਦੀ ਤਸਵੀਰਕਸ਼ੀ ਕੀਤੀ ਗਈ ਹੈ, ਜੋ ਆਪਣੇ ਭਾਣਜੇ ਦੀ ਮੌਤ ਦੇ ਦੁੱਖ ਦਾ ਝੂਠਾ ਪ੍ਰਗਟਾਵਾ ਕਰਦੇ ਹੋਏ ਕੈਨੇਡਾ ਜਾਣ ਨੂੰ ਉਤਾਵਲੇ ਹੋ ਰਹੇ ਹਨ, ਪਰ ਅਸਲ ਵਿੱਚ ਇਹ ਵੀਜ਼ਾ ਲੈਣ ਦਾ ਇਕ ਢੰਗ ਹੀ ਸਿੱਧ ਹੁੰਦਾ ਹੈ। ਵੀਜ਼ਾ ਨਾ ਮਿਲਣ ਦੀ ਸੂਰਤ ਵਿੱਚ ਮਰੇ ਹੋਏ ਭਾਣਜੇ ਨੂੰ ਸ਼ਰਾਬੀ ਕਰਾਰ ਦੇ ਦਿੱਤਾ ਜਾਂਦਾ ਹੈ। ਨਾਲ ਹੀ ਆਪਸੀ ਰੰਜ਼ਿਸ਼ਾਂ ਅਤੇ ਪਰਵਾਰਕ ਖਿੱਚੋ-ਤਾਣ ਵੀ ਇਸ ਕਹਾਣੀ ਦੇ ਵਿਸ਼ੇ ਬਣੇ ਹਨ।

ਇਸ ਸੰਗ੍ਰਹਿ ਵਿੱਚ ਕਹਾਣੀਕਾਰ ਨੇ ਦੋ ਕਹਾਣੀਆਂ ਕਾਮਰੇਡ ਪਾਤਰਾਂ ਦੀਆਂ ਵੀ ਸ਼ਾਮਲ ਕੀਤੀਆਂ ਹਨ। ਵਿਹਾਰਕ ਪੱਧਰ 'ਤੇ ਵੇਖਿਆ ਜਾਵੇ ਤਾਂ ਇਹ ਦੋਵੇਂ ਕਹਾਣੀਆਂ ਦੇ ਦੋਵੇਂ ਕਾਮਰੇਡ ਇਕ-ਦੂਜੇ ਤੋਂ ਬਿਲਕੁਲ ਹੀ ਉਲਟ ਸ਼ਖ਼ਸੀਅਤ ਦੇ ਮਾਲਕ ਹਨ। ਜੋ ਹਾਰ ਨਹੀਂ ਮੰਨਦੇ। ਕਹਾਣੀ ਵਿੱਚ ਕਾਮਰੇਡ ਅਜੈਬ ਸਹੀ ਅਰਥਾਂ ਵਿੱਚ ਲਹਿਰ ਨਾਲ ਜੁੜਿਆ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਇਸ ਮੁੱਖ ਪਾਤਰ ਨੂੰ ਹੋਰ ਸਮਰੱਥ ਕਰਨ ਲਈ ਕੁਝ ਅਜਿਹੇ ਖੰਡਿਤ ਪਾਤਰ ਵੀ ਘੜੇ ਹਨ, ਜੋ ਕੇਵਲ ਲੋਕ ਵਿਖਾਵੇ ਲਈ ਹੀ ਕਾਮਰੇਡੀ ਕਰ ਰਹੇ ਹਨ। ਲਹਿਰ ਨਾਲ ਜੁੜ ਕੇ ਅਸਲੀ ਇਨਕਲਾਬ ਦੇ ਰਾਹ ਪੈਣ ਵਾਲਾ ਕਾਮਰੇਡ ਅਜੈਬ ਭਾਵੇਂ ਸਾਹਮਣੇ ਕਿਸੇ ਵੀ ਸਰਗਰਮੀ ਵਿੱਚ ਨਹੀਂ ਆ ਰਿਹਾ, ਪਰ ਅਸਲ ਵਿੱਚ ਉਹ ਲਹਿਰ ਲਈ ਅਤੇ ਦੇਸ਼ ਦੀ ਸਮਾਜਿਕ ਬਣਤਰ ਬਦਲਣ ਲਈ ਲਾਮਬੱਧ ਹੋ ਕੇ ਕੰਮ ਕਰ ਰਿਹਾ ਹੈ। ਦੂਜੇ ਪਾਸੇ ਇੱਕ ਕਹਾਣੀ ਹੀਰ ਕਾਮਰੇਡ ਵਿੱਚ ਕਹਾਣੀਕਾਰ ਨੇ ਵਿਅੰਗ ਕੱਸਦੇ ਹੋਏ ਇੱਕ ਅਜਿਹੇ ਕਾਮਰੇਡ ਦਾ ਪਾਤਰ ਘੜਿਆ ਹੈ, ਜੋ ਸਿਰਫ਼ ਅਖੌਤੀ ਰੂਪ ਵਿੱਚ ਹੀ ਕਾਮਰੇਡ ਹੈ, ਮਨ ਵਿੱਚ ਉਸ ਦੀਆਂ ਦੱਬੀਆਂ ਹੋਈਆਂ ਇਛਾਵਾਂ ਕੁਝ ਹੋਰ ਹੀ ਸ਼ਕਲ ਅਖ਼ਤਿਆਰ ਕਰ ਚੁੱਕੀਆਂ ਹਨ। ਕਹਾਣੀਕਾਰ ਨੇ ਵਾਰਸ ਸ਼ਾਹ ਦੁਆਰਾ ਲਿਖੀ ਹੀਰ ਦੀ ਪੁਸਤਕ ਦਾ ਸੰਕੇਤ ਵਰਤ ਕੇ ਉਸ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਅਜ਼ੀਮ ਸ਼ਖ਼ਸੀਅਤਾਂ ਦਾ ਪ੍ਰਮਾਣਿਕ ਬਿਰਤਾਂਤ

**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

### ਸ਼ਬਦਕਾਰ

(ਸ਼ਬਦ ਚਿੱਤਰ)
ਭੋਲਾ ਸਿੰਘ ਸੰਘੇੜਾ
ਸਫੇ : 112, ਮੁੱਲ : 200 ਰੁਪਏ
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਭੋਲਾ ਸਿੰਘ ਸੰਘੇੜਾ ਲੇਖਕਾਂ ਦੇ ਜੀਵਨ ਬਾਰੇ ਲਿਖ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਨ ਵਾਲਾ ਇਕ ਸਿਰੜੀ ਲੇਖਕ ਹੈ। ਹੁਣ ਤੱਕ ਪੰਜਾਬੀ ਮਾਂ ਬੋਲੀ ਨੂੰ 17 ਪੁਸਤਕਾਂ ਭੇਟ ਕਰ ਚੁੱਕਿਆ ਹੈ। ਉਸ ਦੀਆਂ ਕਹਾਣੀਆਂ ਦਿਸ਼ਾ, ਬੇਦਰਦ, ਜਾਲ ਤੇ ਪੱਗ ਤੇ ਲਘੂ ਫਿਲਮਾਂ ਵੀ ਬਣ ਚੁੱਕੀਆਂ ਹਨ। ਸ਼ਬਦਕਾਰ ਉਸ ਦੀ 18ਵੀਂ ਪੁਸਤਕ ਹੈ। ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਸ੍ਰੀ ਕਰਮ ਚੰਦ ਰਿਸ਼ੀ ਦੇ ਨਾਂਅ ਸਮਰਪਿਤ ਕੀਤੀ ਗਈ ਹੈ। ਸ਼ਖਸੀਅਤਾਂ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਲੇਖਕ ਨੇ ਇਸ ਪੁਸਤਕ ਦੀ ਸਿਰਜਣਾ ਕਿਉਂ ਕੀਤੀ ਗਈ, ਬਾਰੇ ਵਿਸਥਾਰ ਵਿੱਚ ਆਪਣੇ ਮਨ ਦੇ ਭਾਵਾਂ ਨੂੰ ਬਿਆਨ ਕੀਤਾ ਹੈ। ਭੋਲਾ ਸਿੰਘ ਨੇ ਹਰ ਇੱਕ ਲੇਖ ਨੂੰ ਸ਼ਖਸੀਅਤ ਦੀਆਂ ਖੂਬੀਆਂ ਅਨੁਸਾਰ ਹੀ ਨਾਂਅ ਦਿੱਤਾ ਹੈ, ਜਿਸ ਨਾਲ ਸ਼ਖਸੀਅਤਾਂ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਕਰਦੇ ਹਨ। ਲੇਖਕ ਨੇ ਸਿੱਖ ਇਤਿਹਾਸ ਦਾ ਖੋਜੀ ਵਿਦਵਾਨ ਗਿਆਨੀ ਗਰਜਾ ਸਿੰਘ ਬਾਰੇ ਜਾਣਕਾਰੀ ਦਿੱਤੀ ਜਿਨ੍ਹਾਂ ਦੀ ਖੋਜ ਨੇ ਇਹ ਸਾਬਿਤ ਕਰ ਦਿੱਤਾ ਕਿ ਭੱਟਾਂ ਤੇ ਪੰਡਿਆਂ ਦੀਆਂ ਵਹੀਆਂ ਤੋਂ ਬਿਨਾਂ ਪੁਰਾਤਨ ਇਤਿਹਾਸ ਦੀ ਖੋਜ ਦਾ ਕਾਰਜ ਮੁਕੰਮਲ ਹੋਣਾ ਮੁਸ਼ਕਿਲ ਸੀ, ਪਰ ਲੇਖਕ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਅਜਿਹੇ ਰਾਹਾਂ ਦੇ ਪਾਂਧੀ ਅਤੇ ਸਿੱਖ ਇਤਿਹਾਸ ਨੂੰ ਸੰਬੰਧਤ ਮੁੱਲਵਾਨ ਜਾਣਕਾਰੀ ਦੇਣ ਵਾਲੇ ਗਿਆਨੀ ਗਰਜਾ ਸਿੰਘ ਨੂੰ ਪਤਾ ਨਹੀਂ ਕਿਉਂ ਭੁਲਾ ਛੱਡਿਆ ਹੈ। ਡਾ. ਗੁਰਮੁਖ ਸਿੰਘ ਲਿਖਦੇ ਹਨ, ਗਿਆਨੀ ਗਰਜਾ ਸਿੰਘ ਨੇ ਭੱਟ ਵਹੀ ਤਲਉਂਡਾ, ਭੱਟ ਵਹੀ ਮੁਲਤਾਨੀ, ਭੱਟ ਵਹੀ ਸਿੰਧੀ ਆਦਿ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ, ਕਿਉਂਕਿ ਇਹਨਾਂ ਵਿੱਚ ਗੁਰੂ ਸਾਹਿਬਾਨ ਪ੍ਰਮੁੱਖ ਸ਼ਖ਼ਸੀਅਤਾਂ ਜਿਵੇਂ ਭਾਈ ਮਨੀ ਸਿੰਘ, ਬਾਬਾ ਬਚਿੱਤਰ ਸਿੰਘ, ਮਿੱਤ ਸਿੰਘ ਦੰਗਈ, ਬਾਬਾ ਮਿਹਰਬਾਨ, ਬਾਬਾ ਗੁਰਦਿੱਤਾ, ਬਾਬਾ ਰਾਮ ਰਾਏ, ਵੀਰ ਹਕੀਕਤ ਰਾਏ ਆਦਿ ਬਾਰੇ ਅਹਿਮ ਜਾਣਕਾਰੀ ਉਪਲੱਬਧ ਹੁੰਦੀ ਹੈ। ਅਨੋਖੇ ਪੈਂਡੇ ਨੂੰ ਸਰ ਕਰਨ ਵਾਲੇ ਗੁਰਬਖਸ਼ ਸਿੰਘ ਰਾਹੀ ਪੰਜਾਬੀ ਸਾਹਿਤ ਦੇ ਅਜਿਹੇ ਸ਼ਖਸ ਵੀ ਹੋਏ, ਜਿਨ੍ਹਾਂ ਨੇ ਸਾਹਿਤ ਸਿਰਜਣਾ ਤੋਂ ਬਿਨਾਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਦੇਸ਼-ਕੌਮ ਦੇ ਲੇਖੇ ਲਾਇਆ। ਇਸ ਰਸਤੇ 'ਤੇ ਚੱਲਦਿਆਂ ਬੇਸ਼ੱਕ ਉਹਨਾਂ ਨੂੰ ਕਿੰਨਾ ਹੀ ਨੁਕਸਾਨ ਉਠਾਉਣਾ ਪਿਆ, ਪਰ ਉਹ ਪਿੱਛੇ ਨਹੀਂ ਹਟੇ। ਗੁਰਬਖਸ਼ ਸਿੰਘ ਰਾਹੀ ਦੇ ਸੰਘਰਸ਼ ਦੇ ਸਾਹਿਤ ਲਈ ਕੀਤੇ ਕਾਰਜ ਨੂੰ ਸਤਿਕਾਰ ਦਿੰਦੇ ਹੋਏ ਡਾ. ਅਮਰ ਕੋਮਲ ਨੇ 'ਗਿਆਨੀ ਗੁਰਬਖਸ਼ ਸਿੰਘ ਰਾਹੀ ਅਭਿਨੰਦਨ ਗ੍ਰੰਥ' ਦੀ ਸੰਪਾਦਨਾ ਕੀਤੀ, ਜਿਸ ਨੂੰ ਗਿਆਨੀ ਜ਼ੈਲ ਸਿੰਘ ਨੇ ਦਿੱਲੀ ਵਿਖੇ ਲੋਕ ਅਰਪਣ ਕੀਤਾ।ਅਸਲ ਵਿੱਚ ਗਿਆਨੀ ਜ਼ੈਲ ਸਿੰਘ ਰਾਹੀ ਦੇ ਮਿੱਤਰਾਂ ਵਿੱਚੋਂ ਸਨ। ਲੇਖਕ ਨੇ ਪੰਜਾਬ ਦੇ ਉਰਦੂ ਸ਼ਾਇਰ ਮਿਹਰ ਚੰਦ ਕੌਂਸਲ ਦਾ ਸ਼ਬਦ ਚਿੱਤਰ ਵੀ ਪੇਸ਼ ਕੀਤਾ ਹੈ। ਮਿਹਰ ਚੰਦ ਕੌਂਸਲ ਨੇ ਉਰਦੂ ਭਾਸ਼ਾ ਵਿੱਚ ਗਜ਼ਲਾਂ ਦੀਆਂ ਸੱਤ ਪੁਸਤਕਾਂ ਸਬੂਹੀ, ਦੀਦ ਓ ਨਸ਼ੀਦ, ਮੁਝੇ ਅਬ ਤੱਕ ਯਾਦ ਹੈ, ਫਾਨੂਸ, ਆਈਨਾ, ਮੌਜੇ ਸ਼ਬ ਅਤੇ ਕੰਦੀਲ ਪਾਠਕਾਂ ਦੀ ਨਜ਼ਰ ਕੀਤੀਆਂ। ਕਿੱਸਾਕਾਰ ਤੋਂ ਗਲਪਕਾਰ ਬਣਨ ਵਾਲਾ ਕਲਮਕਾਰ ਕੌਰ ਚੰਦ ਰਾਹੀ ਕਿੱਸਾਕਾਰੀ ਦੇ ਬੁਝ ਰਹੇ ਚਿਰਾਗਾਂ ਵਿੱਚੋਂ ਇੱਕ ਸੀ। ਕਿੱਸਾਕਾਰੀ ਤੋਂ ਮੂੰਹ ਮੋੜ ਲੈਣ ਤੋਂ ਬਾਅਦ ਉਸ ਦੀ ਕਲਮ ਮੋੜਾ ਖਾਣ ਲੱਗ ਪਈ, ਉਸ ਨੇ ਇਲਾਕੇ ਦੇ ਲੋਕਾਂ ਤੋਂ ਬਹੁਤ ਮਾਣ-ਸਨਮਾਨ ਹਾਸਲ ਕੀਤਾ। ਸਮਾਜ ਅੰਦਰ ਵਾਪਰਦੀਆਂ ਘਟਨਾਵਾਂ ਨੇ ਉਸ ਨੂੰ ਕਹਾਣੀਆਂ ਤੇ ਨਾਵਲ ਲਿਖਣ ਲਈ ਪ੍ਰੇਰਿਤ ਕੀਤਾ। ਇਹੀ ਕਾਰਨ ਹੈ ਕਿ ਉਸ ਨੇ ਕਿੱਸਿਆਂ ਦੇ ਛਪਣ ਮੌਕੇ ਗਲਪ ਸਿਰਜਣਾ ਦੀਆਂ ਕਈ ਪੂਣੀਆਂ ਕੱਤ ਲਈਆਂ ਸਨ। ਉਸ ਦਾ ਪਹਿਲਾ ਨਾਵਲ 'ਕਾਲੇ ਘੋੜੇ ਦੇ ਸਵਾਰ' 1978 ਵਿੱਚ ਦੋ ਹਿੱਸਿਆਂ ਵਿੱਚ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਨਾਵਲ 'ਕਾਲੇ ਕਾਵਾਂ ਦੀ ਦਾਸਤਾਨ' ਅਤੇ 'ਕੋਲਿਆਂ ਦੇ ਦਲਾਲ' ਤੋਂ ਬਿਨਾਂ ਕਹਾਣੀ ਸੰਗ੍ਰਹਿ 'ਸੱਤ ਇਕਵੰਜਾ' ਵੀ ਛਪਿਆ। ਉਸ ਦੇ ਲਿਖੇ ਗਏ ਅਪ੍ਰਕਾਸ਼ਿਤ ਨਾਵਲ 'ਕਾਲੇ ਕੋਹਾਂ ਦਾ ਰਾਹੀ' ਅਤੇ 'ਮਚਦੇ ਭਾਂਬੜ' ਪ੍ਰਕਾਸ਼ਿਤ ਹੋਣ ਦੀ ਇੰਤਜ਼ਾਰ ਵਿੱਚ ਹਨ। ਲੇਖਕ ਨੇ ਸਮਾਜਿਕ ਯਥਾਰਥ ਨੂੰ ਪੇਸ਼ ਕਰਨ ਵਾਲੇ ਨਾਵਲਕਾਰ ਇੰਦਰ ਸਿੰਘ ਖਾਮੋਸ਼ ਨੂੰ ਵੀ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਹੈ। ਇੰਦਰ ਸਿੰਘ ਖਾਮੋਸ਼ ਬਹੁਪੱਖੀ ਲੇਖਕ ਦੇ ਨਾਲ-ਨਾਲ ਸਾਹਿਤਕ ਲਹਿਰ ਦਾ ਮੁੱਢ ਬੰਨ੍ਹਣ ਵਾਲਾ ਨਾਵਲਕਾਰ ਰਿਹਾ ਹੈ। ਉਸ ਦੇ ਹੁਣ ਤੱਕ 14 ਨਾਵਲ, ਤਿੰਨ ਕਾਵਿ ਸੰਗ੍ਰਹਿ, ਇਕ ਕਹਾਣੀ ਸੰਗ੍ਰਹਿ ਅਤੇ 8 ਪੁਸਤਕਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਮਿਲਦਾ ਹੈ। ਸਾਹਿਤ ਅਕਾਦਮੀ ਵੱਲੋਂ ਉਹਨਾਂ ਨੂੰ 'ਧਾਲੀਵਾਲ ਐਵਾਰਡ' ਨਾਲ ਸਨਮਾਨਿਤ ਵੀ ਕੀਤਾ ਗਿਆ। ਜ਼ਿੰਦਗੀ ਦੇ ਅਨੇਕ ਰੰਗ ਦਾ ਮਿਸ਼ਰਣ ਗੁਰਪਾਲ ਸਿੰਘ ਨੂਰ ਨੂੰ ਵੀ ਇਸ ਪੁਸਤਕ ਵਿੱਚ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਫੌਜ ਦੀ ਨੌਕਰੀ ਦੌਰਾਨ ਵੀ ਗੁਰਪਾਲ ਸਿੰਘ ਨੂਰ ਪੜ੍ਹਾਈ-ਲਿਖਾਈ ਨਾਲ ਜੁੜਿਆ ਰਿਹਾ ਅਤੇ ਸਾਹਿਤ ਸੇਵਾ ਕੀਤੀ। ਪੂਰੀ ਨਿਸ਼ਠਾ ਦੇ ਨਾਲ ਪੰਜਾਬੀ ਸਾਹਿਤ ਸਭਾ ਬਰਨਾਲਾ ਦੀਆਂ ਬੈਠਕਾਂ ਵਿੱਚ ਹਾਜ਼ਰ ਹੋ ਕੇ ਸਭਾ ਵੱਲੋਂ ਸੌਂਪੇ ਗਏ ਅਹੁਦਿਆਂ 'ਤੇ ਤਨਦੇਹੀ ਨਾਲ ਕੰਮ ਕਰਦੇ ਰਹੇ।ਕਈ ਸਨਮਾਨ ਵੀ ਪ੍ਰਾਪਤ ਹੋਏ। ਉਸ ਦੀ ਸਵੈਜੀਵਨੀ 'ਮਾਟੀ ਏਕ ਰੰਗ ਅਨੇਕ' ਪ੍ਰਕਾਸ਼ਿਤ ਹੋਈ, ਜਿਸ ਨੂੰ ਪੜ੍ਹਦਿਆਂ ਪਾਠਕ ਕੀਲੇ ਜਾਂਦੇ ਹਨ। ਲੇਖਕ ਨੇ ਮਾਲਵੇ ਦੇ ਜਰਨੈਲ ਪੂਰੀ ਦਾ ਸ਼ਬਦ ਚਿੱਤਰ ਵੀ ਪੇਸ਼ ਕੀਤਾ ਹੈ, ਜਿਸ ਦੇ ਛੇ ਕਹਾਣੀ ਸੰਗ੍ਰਹਿ ਪਤਨੀ, ਨੀਲ ਦੀ ਕੜੀ, ਦੋ ਕਬੂਤਰ, ਮਾਸ ਦਾ ਘਰ, ਘੁੱਗੀਆਂ ਵਾਲੇ ਅਤੇ ਮੈਂ ਰਾਤ ਤੇ ਰਾਣੋ ਪ੍ਰਕਾਸ਼ਿਤ ਹੋਏ। ਉਸ ਦੀ ਕਹਾਣੀ ਗੁਰੂ ਦੇ ਸਿੱਖ ਦੇ ਹਿੰਦੀ ਰੂਪਾਂਤਰ 'ਤੇ ਅਧਾਰਤ ਇੱਕ ਟੈਲੀ ਫਿਲਮ ਵੀ ਦਿੱਲੀ ਦੂਰਦਰਸ਼ਨ ਤੋਂ ਟੈਲੀਕਾਸਟ ਕੀਤੀ ਗਈ। ਰਾਮ ਸਰੂਪ ਅਣਖੀ ਪੰਜਾਬੀ ਦੇ ਸਾਰੇ ਲੇਖਕਾਂ ਵਿੱਚੋਂ ਇੱਕ ਵੱਖਰੀ ਪਹਿਚਾਣ ਬਣਾਉਣ ਵਾਲੀ ਸ਼ਖ਼ਸੀਅਤ ਰਹੀ ਹੈ। ਉਹਨਾਂ ਇੱਕ ਲੰਬੀ ਸਾਧਨਾ ਤੇ ਔਕੜਾਂ ਨੂੰ ਝੱਲਦਿਆਂ ਹੋਇਆਂ ਸਾਹਿਤ ਸੇਵਾ ਕੀਤੀ। ਉਹਨਾਂ ਦੇ ਸਾਹਿਤ ਖੇਤਰ ਵਿੱਚ ਪਾਏ ਹੋਏ ਪੂਰਨਿਆਂ ਦੀ ਆਪਣੀ ਹੀ ਆਭਾ ਹੈ। ਮਲਵਈ ਭਾਸ਼ਾ ਵਿੱਚ ਲਿਖਣ ਦੀ ਹਿੰਮਤ ਕਰਨਾ ਵੀ ਇੱਕ ਵੱਡੀ ਚੁਣੌਤੀ ਰਿਹਾ ਹੈ। ਰਾਮ ਸਰੂਪ ਅਣਖੀ ਨੇ ਹੁਣ ਤੱਕ 19 ਨਾਵਲ 12 ਕਹਾਣੀ ਸੰਗ੍ਰਹਿ ਤੇ ਦੋ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਸੰਪਾਦਨਾ ਦੇ ਕਾਰਜ ਤੋਂ ਬਿਨਾਂ ਉਹਨਾਂ ਨੇ ਸਵੈਜੀਵਨੀ 'ਮਲ੍ਹੇ ਝਾੜੀਆਂ' ਵੀ ਪੰਜਾਬੀ ਪਾਠਕਾਂ ਦੀ ਨਜ਼ਰ ਕੀਤੀ। ਇਹ ਉਹਨਾਂ ਦੀ ਲੰਮੀ ਘਾਲਣਾ ਦਾ ਸਿੱਟਾ ਹੀ ਸੀ ਕਿ ਉਹ 250 ਤੋਂ ਜ਼ਿਆਦਾ ਕਹਾਣੀਆਂ ਦੀ ਸਿਰਜਣਾ ਕਰਨ ਵਿੱਚ ਕਾਮਯਾਬ ਹੋਏ। ਉਹਨਾਂ ਦੀਆਂ 100 ਤੋਂ ਜ਼ਿਆਦਾ ਕਹਾਣੀਆਂ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਛਪੀਆਂ। ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ 1987 ਵਿੱਚ ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਆਪਣਾ ਵਕਾਰੀ ਪੁਰਸਕਾਰ ਪ੍ਰਦਾਨ ਕਰਕੇ ਬਰਨਾਲਾ ਦੀ ਧਰਤੀ ਦਾ ਮਾਣ ਵਧਾਇਆ। ਰਾਮ ਸਰੂਪ ਅਣਖੀ ਕਿਹਾ ਕਰਦੇ ਸਨ, ਸਾਹਿਤ ਸਿਰਜਨਾ ਹੀ ਮੇਰਾ ਧਰਮ ਕਰਮ ਹੈ ਤੇ ਮੈਂ ਇਸ ਤੋਂ ਕਦੇ ਵੀ ਪਾਸੇ ਨਹੀਂ ਹੋ ਸਕਦਾ। ਲਿਖਣਾ ਕੋਈ ਸ਼ੌਕ ਨਹੀਂ ਹੁੰਦਾ, ਸਗੋਂ ਇਕ ਜ਼ਿੰਮੇਵਾਰੀ ਵਾਲਾ ਕੰਮ ਹੁੰਦਾ ਹੈ। ਮੈਂ ਲਿਖਦਿਆਂ-ਲਿਖਦਿਆਂ ਹੀ ਇਸ ਸੰਸਾਰ ਨੂੰ ਛੱਡ ਕੇ ਜਾਵਾਂਗਾ। ਸੋ ਲਿਖਦਿਆਂ-ਲਿਖਦਿਆਂ ਹੀ ਅਣਖੀ ਵਰਗੇ ਲੇਖਕ 14 ਫਰਵਰੀ 2010 ਦੀ ਰਾਤ ਨਵੇਂ ਨਾਵਲ ਦਾ ਆਖਰੀ ਕਾਂਡ ਲਿਖਦਿਆਂ ਹੋਇਆਂ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸੇ ਤਰ੍ਹਾਂ ਭੋਲਾ ਸਿੰਘ ਸੰਘੇੜਾ ਨੇ ਪ੍ਰੋਫੈਸਰ ਐੱਸ ਐੱਸ ਪਦਮ, ਨਿਰੰਤਰ ਸਾਹਿਤ ਸਿਰਜਣਾ ਕਰਨ ਵਾਲੇ ਓਮ ਪ੍ਰਕਾਸ਼ ਗਾਸੋ, ਸਾਹਿਤ ਸਿਰਜਨਾ ਦੇ ਸ਼ੈਦਾਈ ਡਾ. ਅਮਰ ਕੋਮਲ, ਜੀਵਨ ਰਚਨਾਵਾਂ ਦੇ ਰਚੇਤਾ ਕੇਵਲ ਸੂਦ, ਕਵਿਤਾ ਦਾ ਹਮਸਫਰ ਪ੍ਰੀਤਮ ਸਿੰਘ ਰਾਹੀ ਤੇ ਪੱਤਰਕਾਰੀ ਦੇ ਜਗੀਰ ਸਿੰਘ ਜਗਤਾਰ, ਨਿਵੇਕਲੀ ਸ਼ੈਲੀ ਦੇ ਕਲਮਕਾਰ ਗੁਰਬਚਨ ਸਿੰਘ ਭੁੱਲਰ ਦੇ ਸ਼ਬਦ ਚਿੱਤਰ ਵੀ ਇਸ ਪੁਸਤਕ ਵਿੱਚ ਸ਼ਾਮਲ ਕੀਤੇ ਹਨ। ਅਸਲ ਵਿੱਚ ਗੁਰਭਜਨ ਸਿੰਘ ਭੁੱਲਰ ਦੀ ਪਛਾਣ ਸਮਰੱਥ ਗਲਪਕਾਰ ਦੇ ਤੌਰ 'ਤੇ ਬਣੀ ਹੋਈ ਹੈ। ਪੰਜਾਬੀ ਕਹਾਣੀ ਦੀ ਗੱਲ ਜਦੋਂ ਚੱਲਦੀ ਹੋਵੇ ਤੇ ਭੁੱਲਰ ਦਾ ਜ਼ਿਕਰ ਨਾ ਹੋਵੇ ਇਹ ਹੋ ਹੀ ਨਹੀਂ ਸਕਦਾ। ਸੋ ਗਲਪ ਸਿਰਜਣਾ ਦੇ ਨਾਲ-ਨਾਲ ਉਹਨਾਂ ਨੇ ਆਪਣੀ ਵਿਲੱਖਣ ਸ਼ੈਲੀ ਵਿੱਚ ਵਾਰਤਕ ਲਿਖ ਕੇ ਵੀ ਨਾਮਣਾ ਖੱਟਿਆ ਹੈ। ਪੰਜਾਬੀ ਸਾਹਿਤ ਵਿੱਚ ਭੁੱਲਰ ਵਰਗੇ ਗਿਣਤੀ ਦੇ ਹੀ ਲੇਖਕ ਹਨ, ਜਿਨ੍ਹਾਂ ਦੀਆਂ ਲਿਖਤਾਂ ਵਿੱਚ ਸਾਧਾਰਨ ਤੋਂ ਸਾਧਾਰਨ ਪਾਠਕ ਵੀ ਰੁਚੀ ਰੱਖਦੇ ਹਨ। ਉਹਨਾਂ ਦੇ ਚਾਰ ਕਹਾਣੀ ਸੰਗ੍ਰਹਿ ਓਪਰਾ ਮਰਦ, ਵਖਤਾਂ ਮਾਰੇ, ਮੈਂ ਗਜ਼ਨਵੀ ਨਹੀਂ ਅਤੇ ਅਗਨੀ ਕਲਸ਼ ਪ੍ਰਕਾਸ਼ਿਤ ਹੋਏ। ਪਾਠਕਾਂ ਦੇ ਭਰਪੂਰ ਹੁੰਗਾਰੇ ਕਾਰਨ ਇਹਨਾਂ ਸੰਗ੍ਰਹਿਆਂ ਦੀਆਂ ਛੇ-ਛੇ ਛਾਪਾਂ ਪ੍ਰਕਾਸ਼ਿਤ ਹੋਈਆਂ। ਉਹਨਾਂ ਦੀ ਕਹਾਣੀ 'ਦੀਵੇ ਵਾਂਗ ਬਲਦੀ ਅੱਖ' ਬਹੁਤ ਹੀ ਮਕਬੂਲ ਹੋਈ। ਕਹਾਣੀ ਤੋਂ ਬਿਨਾਂ ਭੁੱਲਰ ਨੇ ਵੱਡ-ਅਕਾਰੀ ਨਾਵਲ 'ਇਹ ਜਨਮ ਤੁਮਹਾਰੇ ਲੇਖੇ' ਵੀ ਲਿਖਿਆ, ਜੋ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਰਿਹਾ। ਭੋਲਾ ਸਿੰਘ ਸੰਘੇੜਾ ਨੇ ਬਸੰਤ ਕੁਮਾਰ ਰਤਨ ਦੇ ਸ਼ਬਦ ਚਿੱਤਰ ਨੂੰ ਵੀ ਪੇਸ਼ ਕੀਤਾ ਹੈ, ਜੋ ਪਾਤਰਾਂ ਦੀ ਮਨੋ-ਸਥਿਤੀ ਨੂੰ ਬਾਖੂਬੀ ਪੇਸ਼ ਕਰਨ ਵਾਲੇ ਲੇਖਕ ਵਜੋਂ ਜਾਣੇ ਜਾਂਦੇ ਹਨ। ਇਸੇ ਤਰ੍ਹਾਂ ਕਿਰਤੀਆਂ ਦੇ ਮਨਾਂ ਦੀ ਹੂਕ ਸੰਤ ਰਾਮ ਉਦਾਸੀ ਬਾਰੇ ਲਿਖਦਿਆਂ ਕਹਿੰਦੇ ਹਨ ਕਿ ਸੰਤ ਰਾਮ ਉਦਾਸੀ ਆਪਣੀ ਕਲਮ ਦੇ ਮਾਧਿਅਮ ਰਾਹੀਂ ਜਿੱਥੇ ਦਰਦ ਨੂੰ ਬਿਆਨ ਕਰਦਾ ਰਿਹਾ, ਉਥੇ ਸਮਾਜ ਨੂੰ ਬਦਲਣ ਦਾ ਹੋਕਾ ਵੀ ਦਿੰਦਾ ਰਿਹਾ। ਉਸ ਦੇ




ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੁਸਤਕ ਰੀਵਿਊ

### ਬੇ-ਮੰਜ਼ਿਲਾ ਸਫ਼ਰ

(ਛੋਟਾ ਨਾਵਲ)
ਵਾਕ (ਇਕਵਾਕ ਸਿੰਘ ਪੱਟੀ)
ਪੰਨੇ-80, ਮੁੱਲ-150 ਰੁਪਏ
ਮਾਝਾ ਵਰਡਵਾਈਡ, ਅੰਮ੍ਰਿਤਸਰ

ਆਦਰਸ਼ ਜ਼ਿੰਦਗੀ ਦਾ ਗਹਿਣਾ ਹੁੰਦੇ ਨੇ, ਪਰ ਜਦੋਂ ਕੋਈ ਮਨੁੱਖ ਆਪਣੇ ਆਦਰਸ਼ਾਂ ਦੀ ਰਾਖੀ ਕਰਦਿਆਂ ਲਕੀਰ ਦਾ ਫਕੀਰ ਬਣ ਜਾਏ ਤਾਂ ਇਹ ਪੈਰਾਂ ਦੀ ਜਕੜਣ ਵੀ ਬਣ ਜਾਂਦੇ ਹਨ। ਇਕਵਾਕ ਸਿੰਘ ਪੱਟੀ ਦੇ ਛੋਟੇ ਨਾਵਲ 'ਬੇ-ਮੰਜ਼ਿਲਾ ਸਫ਼ਰ' ਦਾ ਇਹ ਤੱਤਸਾਰ ਜੀਵਨ ਆਦਰਸ਼ ਦੀਆਂ ਹੱਦਬੰਦੀਆਂ ਨਿਸਚਿਤ ਕਰਦਿਆਂ ਇਸ ਵਿਸ਼ਲੇਸ਼ਣੀ ਸਿੱਟੇ 'ਤੇ ਪਹੁੰਚਦਾ ਹੈ ਕਿ ਜੀਵਨ ਯਥਾਰਥ ਦੇ ਬੇ-ਮੇਚਾ ਆਦਰਸ਼ ਜੀਵਨ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਦੀ ਬਜਾਏ ਇਸ ਵਿਚ ਬਾਧਕ ਹੀ ਬਣਦਾ ਹੈ। ਇਸ ਨਾਵਲ ਦੇ ਪਾਤਰ ਗੁਰਦਿੱਤ ਸਿੰਘ ਦੇ ਜੀਵਨ ਸਫ਼ਰ ਨੂੰ ਬੇ- ਮੰਜ਼ਿਲਾ ਸਫ਼ਰ ਬਣਾਉਣ ਲਈ ਚਾਹੇ ਸਮਾਜਿਕ ਰਿਸ਼ਤਿਆਂ ਦੀ ਵੀ ਵੱਡੀ ਭੂਮਿਕਾ ਰਹੀ ਹੈ, ਪਰ ਇਸ ਕਾਰਜ ਵਿਚ ਸਭ ਤੋਂ ਵੱਡੀ ਭੂਮਿਕਾ ਉਸ ਦੇ ਭਾਵੁਕਤਾ ਭਰਪੂਰ ਆਦਰਸ਼ ਦੀ ਰਹਿੰਦੀ ਹੈ। ਉਹ ਦੂਜਿਆਂ ਦੇ ਗਲਤ ਹੋਣ 'ਤੇ ਵੀ ਉਨ੍ਹਾਂ ਨੂੰ ਜਨਤਕ ਤੌਰ 'ਤੇ ਇਸ ਲਈ ਗਲਤ ਨਹੀਂ ਆਖਦਾ ਕਿ ਕਿਸੇ ਦਾ ਦਿਲ ਨਾ ਦੁਖਾਉਣਾ ਉਸ ਦਾ ਆਦਰਸ਼ ਹੈ । ਉਹ ਸਾਰੀ ਉਮਰ ਮਾਨਸਿਕ ਸੰਤਾਪ ਭੋਗਦਿਆਂ ਵੀ ਦੂਜਿਆਂ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਹੈ ਤਾਂ ਬਹੁ-ਪ੍ਰਤਿਭਾਸ਼ਾਲੀ ਹੁੰਦਿਆਂ ਵੀ ਆਪਣੇ ਜੀਵਨ ਨੂੰ ਅਰਥਹੀਣ ਬਣਾ ਲੈਂਦਾ ਹੈ।



ਨਾਵਲ ਪਾਠ ਵਿੱਚੋਂ ਉਪਜਦੀ ਸਮਝ ਅਨੁਸਾਰ ਗ਼ਰਜ਼ਾਂ ਨਾਲ ਬੱਝੇ ਸਮਾਜਿਕ ਰਿਸ਼ਤੇ ਹੁਣ ਲੋੜੋਂ ਵੱਧ ਨਰਮ ਤੇ ਆਦਰਸ਼ਵਾਦੀ ਸੁਭਾਅ ਦਾ ਲਾਭ ਉਠਾਉਣ ਲਈ ਸਾਰੀਆਂ ਹੱਦਾਂ ਪਾਰ ਕਰਦੇ ਜਾ ਰਹੇ ਹਨ। ਨਾਵਲ ਦਾ ਮੁੱਖ ਪਾਤਰ ਗੁਰਦਿੱਤ ਸਿੰਘ ਸਮਾਜ ਵਿਚ ਇਕ ਅਗਾਂਹਵਧੂ ਤੇ ਆਦਰਸ਼ਵਾਦੀ ਲੇਖਕ ਬਣ ਕੇ ਵਿਚਰਨਾ ਚਾਹੁੰਦਾ ਹੈ। ਆਪਣੇ ਕੰਮ, ਮਿਹਨਤ ਤੇ ਇਮਾਨਦਾਰੀ ਨਾਲ ਉਹ ਆਪਣੀ ਕਰਮ ਭੂਮੀ ਬਣੀ ਫੈਕਟਰੀ ਦੇ ਮਾਲਕ ਨੂੰ ਏਨਾ ਪ੍ਰਭਾਵਿਤ ਕਰ ਲੈਂਦਾ ਹੈ ਕਿ ਮਾਲਕ ਹਰਭਜਨ ਸਿੰਘ ਉਸ ਨੂੰ ਆਪਣਾ ਜਵਾਈ ਬਣਾ ਕੇ ਫੈਕਟਰੀ ਨੂੰ ਵੱਡੇ ਉਦਯੋਗ ਵਿਚ ਬਦਲਣ ਦੇ ਸੁਪਨੇ ਵੇਖਣ ਲੱਗਦਾ ਹੈ। ਉਸ ਦੇ ਜੀਵਨ ਵਿਚਲਾ ਆਦਰਸ਼ ਪਹਿਲੇ ਪੜਾਅ 'ਤੇ ਮਾਲਕ ਦੀ ਬੇਟੀ ਪਵਨ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ, ਪਰ ਦੋਵਾਂ ਦੇ ਵਿਆਹ ਤੋਂ ਬਾਅਦ ਇਹ ਉਨ੍ਹਾਂ ਦੇ ਜੀਵਨ ਵਿਚ ਦੂਰੀਆਂ ਪੈਦਾ ਕਰਨ ਦਾ ਕਾਰਨ ਬਣ ਜਾਂਦਾ ਹੈ। ਆਪਣੇ ਅੰਦਰਲੇ ਸਵੈਮਾਣ ਕਾਰਨ ਉਹ ਵਿਆਹ ਤੋਂ ਬਾਅਦ ਫੈਕਟਰੀ ਦੀ ਨੌਕਰੀ ਛੱਡ ਕੇ ਨਵੇਂ ਰੁਜ਼ਗਾਰ ਦੀ ਭਾਲ ਕਰਨ ਲੱਗਦਾ ਹੈ ਤਾਂ ਹਮੇਸ਼ਾ ਅਮੀਰੀ ਦੀਆਂ ਸਹੂਲਤਾਂ ਮਾਨਣ ਦੀ ਆਦਤ ਪਾ ਚੁੱਕੀ ਪਵਨ ਉਸ ਤੋਂ ਮਾਨਸਿਕ ਤੌਰ 'ਤੇ ਏਨੀ ਦੂਰ ਚਲੀ ਜਾਂਦੀ ਹੈ ਕਿ ਨੌਬਤ ਤਲਾਕ ਤੱਕ ਪਹੁੰਚ ਜਾਂਦੀ ਹੈ।

ਮਾਪਿਆਂ ਦੇ ਮਜਬੂਰ ਕਰਨ 'ਤੇ ਉਹ ਤਲਾਕਸ਼ੁਦਾ ਸਰਬਜੀਤ ਕੌਰ ਨਾਲ ਵਿਆਹ ਕਰਾਉਂਦਾ ਹੈ ਤਾਂ ਇੱਥੇ ਵੀ ਉਸ ਦਾ ਆਦਰਸ਼ ਉਸ ਦੇ ਜੀਵਨ ਨੂੰ ਡੂੰਘੇ ਹਨੇਰਿਆਂ ਵੱਲ ਧੱਕ ਦਿੰਦਾ ਹੈ। ਸਰਬਜੀਤ ਉਸ ਨੂੰ ਆਪਣੇ ਪਤੀ ਵਜੋਂ ਸਵੀਕਾਰ ਕਰਨ ਦੀ ਬਜਾਇ ਆਪਣੇ-ਆਪਣੇ ਪਹਿਲੇ ਪ੍ਰੇਮੀ ਨਾਲ ਹੀ ਮਾਨਸਿਕ ਨੇੜਤਾ ਬਣਾਈ ਰੱਖਦੀ ਹੈ ਤੇ ਉਸ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਵੀ ਇਨਕਾਰ ਕਰ ਦਿੰਦੀ ਹੈ। ਪੂਰੇ ਗਿਆਰਾਂ ਸਾਲ ਉਹ ਇਹ ਭੇਦ ਸਿਰਫ ਇਸ ਲਈ ਛੁਪਾਈ ਰੱਖਦਾ ਹੈ ਕਿ ਸਰਬਜੀਤ ਨੂੰ ਉਸ ਦੇ ਘਰ ਤੋਂ ਚੰਗਾ ਹੋਰ ਚੰਗਾ ਠਿਕਾਣਾ ਨਹੀਂ ਮਿਲ ਸਕੇਗਾ। ਉਸ ਦੀ ਇਹ ਸੋਚ ਆਮ ਮਨੁੱਖ ਦੀ ਸੋਚ ਤੋਂ ਕੋਹਾਂ ਦੂਰ ਤੇ ਲੋੜੋਂ ਵੱਧ ਆਦਰਸ਼ਕ ਹੋਣ ਕਾਰਨ ਨਾਵਲ ਨੂੰ ਯਥਾਰਥਵਾਦੀ ਨਾਵਲ ਦੀ ਸ਼੍ਰੇਣੀ ਵਿੱਚੋਂ ਕੱਢ ਕੇ ਫਿਲਮੀ ਕਹਾਣੀ ਵਰਗੀ ਬਣਾ ਦਿੰਦੀ ਹੈ। ਉਸ ਦੇ ਦਫ਼ਤਰ ਦੀ ਕੁਲੀਗ ਨਵਰੀਤ ਉਸ ਅੰਦਰਲੀ ਬਹੁ-ਪੱਖੀ ਪ੍ਰਤਿਭਾ ਨੂੰ ਪਛਾਣਦੀ ਹੋਈ ਇਸ ਅਧਾਰ 'ਤੇ ਉਸ ਨਾਲ ਵਿਆਹ ਕਰਾਉਣ ਦੀ ਪੇਸ਼ਕਸ਼ ਕਰਦੀ ਕਿ ਉਹ ਸਰਬਜੀਤ ਨੂੰ ਤਲਾਕ ਦੇ ਦੇਵੇ, ਪਰ ਸਰਬਜੀਤ ਵੱਲੋਂ ਘਰ ਛੱਡਣ ਤੋਂ ਇਨਕਾਰ ਕਰਨ 'ਤੇ ਉਸ ਦੀ ਦੁਬਿਧਾ ਦਾ ਅੰਤ ਨਹੀਂ ਹੁੰਦਾ। ਚਾਹੇ ਇਹ ਨਾਵਲ ਨਾ ਤਾਂ ਕਿਸੇ ਸਪੱਸ਼ਟ ਨਤੀਜੇ 'ਤੇ ਪਹੁੰਚਦਾ ਹੈ ਤੇ ਨਾ ਹੀ ਕਿਸੇ ਨਤੀਜੇ ਵੱਲ ਇਸ਼ਾਰਾ ਕਰਦਾ ਹੈ, ਫਿਰ ਵੀ ਇਸ ਵਿਚਲਾ ਕਹਾਣੀ ਰਸ ਇਸ ਦੀ ਪੜ੍ਹਨ ਯੋਗਤਾ ਨੂੰ ਬਣਾਈ ਰੱਖਦਾ ਹੈ।

**— ਨਿਰੰਜਣ ਬੋਹਾ**

### ਬੋਲ ਰਸੀਲੇ

(ਗੀਤ ਸੰਗ੍ਰਹਿ)
ਧਿਆਨ ਸਿੰਘ ਕਾਹਲੋਂ
ਪੰਨੇ: 152, ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ

ਮਨੁੱਖ ਤੇ ਗੀਤਾਂ ਦਾ ਸੰਬੰਧ ਮੁੱਢ ਕਦੀਮ ਤੋਂ ਹੈ। ਗੀਤਾਂ ਤੋਂ ਹੀ ਸਾਡੇ ਸੱਭਿਆਚਾਰ ਦਾ ਪਤਾ ਲਗਦਾ ਹੈ। ਹਰ ਮਨੁੱਖ ਦਾ ਗੁਣਗੁਣਾਉਣ ਗੀਤਾਂ ਦੀ ਸਿਰਜਣਾ ਕਰਨਾ ਹੀ ਹੁੰਦਾ ਹੈ। ਬਿਨਾਂ ਗੁਣਗੁਣਾਉਣ ਦੇ ਗੀਤ ਲਿਖਣਾ ਔਖਾ ਹੀ ਨਹੀਂ, ਸਗੋਂ ਅਸੰਭਵ ਕਾਰਜ ਹੁੰਦਾ ਹੈ।



'ਬੋਲ ਰਸੀਲੇ' ਧਿਆਨ ਸਿੰਘ ਕਾਹਲੋਂ ਦਾ ਪਲੇਠਾ ਗੀਤ ਸੰਗ੍ਰਹਿ ਹੈ, ਜਿਸ ਵਿਚ ਉਸ ਨੇ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਆਪਣੇ ਇਸ ਪਲੇਠੇ ਸੰਗ੍ਰਹਿ ਦੀ ਸਿਰਜਣਾ ਕੀਤੀ ਹੈ। ਇਸ ਗੀਤ ਸੰਗ੍ਰਹਿ ਵਿੱਚੋਂ ਲੰਘਦਿਆਂ ਉਸ ਦੀ ਸਿਰਜਣ ਕਲਾ, ਸ਼ਬਦਾਵਲੀ, ਵਿਸ਼ਾ ਚੋਣ ਅਤੇ ਲੇਖਕ ਦੇ ਹਾਵ-ਭਾਵ ਬਾਰੇ ਪਾਠਕਾਂ ਨੂੰ ਪਤਾ ਲਗਦਾ ਹੈ।

ਪੁਸਤਕ ਵਿਚਲੇ ਗੀਤਾਂ ਵਿੱਚ ਅਜੋਕੇ ਵਰਤਾਰੇ ਸ਼ਾਮਲ ਹਨ। ਸਮੁੱਚੀ ਗੀਤਕਾਰੀ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਵਰਤਾਰਿਆਂ ਤੋਂ ਇਲਾਵਾ ਪ੍ਰੇਮ-ਪਿਆਰ, ਵਿਰਾਗ, ਉਲ੍ਹਾਂਭੇ, ਦੇਸ਼ ਭਗਤਾਂ ਅਤੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰਾਂ ਨੂੰ ਵਿਅਕਤ ਕੀਤਾ ਗਿਆ ਹੈ। ਗੀਤਾਂ ਵਿਚ ਮਜ਼੍ਹਬਾਂ ਵਿੱਚ ਵੈਰ ਦੇ ਬੀਜ ਦਿਲਾਂ ਵਿਚੋਂ ਕੱਢਣ, ਧੀਆਂ ਦੇ ਜੰਮਣ ਦਾ ਡਰ, ਹੰਕਾਰ, ਸੋਸ਼ਲ ਮੀਡੀਆ ਦੀਆਂ ਗੱਲਾਂ, ਯਾਦਾਂ, ਸਮਰੱਥਾ ਅਨੁਸਾਰ ਖਰਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੀਤਾਂ ਵਿੱਚ ਸੱਜਣ ਦੇ ਆਉਣ ਦੀ ਖੁਸ਼ੀ ਅਤੇ ਉਡੀਕ ਪ੍ਰੇਮੀ ਨੂੰ ਉਤਸ਼ਾਹੀ ਬਣਾ ਦਿੰਦਾ ਹੈ। ਗੀਤ 'ਬੋਲ ਕੇ ਬਨੇਰੇ ਕਾਂ' ਵਿਚ ਬਿਆਨ ਕੀਤਾ ਹੈ–

'ਬੋਲ ਕੇ ਬਨੇਰੇ ਕਾਂ, ਮਾਰ ਗਏ ਉਡਾਰੀਆਂ,
ਸੱਜਣਾ ਨੇ ਆਉਣਾ ਅੱਜ ਕਰ ਲੈ ਤਿਆਰੀਆਂ।' ਫਿਰ

ਸੱਜਣਾ ਨਾਲ ਇਕਮਿੱਕ ਹੋਣ ਦੀ ਗੱਲ ਕਰਦਾ ਗੀਤ, 'ਮੈਂ ਬਾਤੀ ਤੁਮ ਦੀਆਂ' ਦੇ ਬੰਦ ਦਾ ਮੁਲਾਹਜ਼ਾ ਫਰਮਾਓ –

'ਮੈਂ ਬਾਤੀ ਤੁਮ ਦੀਆ ਸਨਮ,
ਦਿਲ ਕਹੇ ਪੀਆ-ਪੀਆ ਸਨਮ।' ਜਦੋਂ ਸਿਰਫ ਸੱਜਣ

ਪਿਆਰਿਆ ਨੂੰ ਹੀ ਦਿਲ ਯਾਦ ਕਰਦਾ ਰਹਿੰਦਾ ਹੈ।

ਅਜੋਕੇ ਆਧੁਨਿਕ ਸਮਾਜ ਵਿੱਚ ਆਏ ਨੌਜਵਾਨਾਂ ਵਿਚ ਬਦਲਾਓ ਬਾਰੇ ਗੀਤ 'ਫੈਸ਼ਨਾਂ ਦੇ ਲੜ ਲਗ ਕੇ' ਬਾਰੇ ਵਿਸ਼ੇਸ਼ ਕਰਕੇ ਔਰਤਾਂ ਲਈ ਆਖਦਾ ਹੈ–

'ਵਾਲ ਖੋਲ੍ਹੀ ਫਿਰਦੀ ਏ ਲੱਗੇ ਪੂਰੀ ਡੈਣ
ਬਈ,
ਖਾਵੇ ਹਿਚਕੋਲੇ ਜਿਵੇਂ ਤੁਰਦੀ ਸ਼ੁਦੈਣ
ਬਈ।' ਮੁੰਡਿਆਂ ਬਾਰੇ ਵੀ ਦੇਖੋ, 'ਘਰੋਂ
ਕਹਿੰਦਾ ਮੁੰਡਾ ਮੈਂ ਤਾਂ ਕਾਲਜ ਨੂੰ ਚੱਲਿਆ,
ਆਸ਼ਕਾਂ-ਮਾਸ਼ੂਕਾਂ ਦੇ ਉਹ ਟੋਲੇ ਵਿੱਚ
ਰਲਿਆ।'

ਇਹਨਾਂ ਗੀਤਾਂ ਤੋਂ ਇਲਾਵਾ ਸੱਚੇ/ਕੌੜੇ ਬੋਲ, ਫਿਰ ਰੋਵੇਂਗਾ, ਗੁੱਡੀਆਂ ਪਟੋਲੇ, ਛੋਟੇ ਦਿਉਰ ਨੂੰ, ਗੀਤ ਪਿਆਰਾਂ ਦੇ ਅਤੇ ਧੀ ਗਰੀਬ ਦੀ ਆਦਿ ਵੀ ਵਧੀਆ ਹਨ। ਇਸ ਪਲੇਠੇ ਗੀਤ ਸੰਗ੍ਰਹਿ ਤੋਂ ਬਾਅਦ ਇਸ ਗੀਤਕਾਰ ਤੋਂ ਹੋਰ ਵੀ ਰਚਨਾਵਾਂ ਦੀ ਆਸ ਕੀਤੀ ਜਾਂਦੀ ਹੈ।

**— ਤੇਜਿੰਦਰ ਚੰਡਿਹੋਕ**

## ਸੱਜਰਾ ਸਾਹਿਤ



ਡਰ ਲੱਗਦਾ ਏ
ਸਿਮਰ ਜੰਗਰਾਲ
ਮੁੱਲ : 250, ਸਫੇ : 104
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਕੋਸਾ ਪਾਣੀ
ਧਰਮ ਸਿੰਘ ਕੰਮੇਆਣਾ
ਮੁੱਲ : 325, ਸਫ਼ੇ : 132
ਨਵਯੁੱਗ ਪਬਲੀਸ਼ਰਜ਼, ਦਿੱਲੀ



ਪ੍ਰੀਤਿ ਪ੍ਰੀਤਿ ਗੁਰੀਆ
ਜਸਮੇਲ ਸਿੰਘ
ਮੁੱਲ : 250, ਸਫ਼ੇ : 118
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਪਾਸ਼ ਦੀ ਕਾਵਿ-ਦ੍ਰਿਸ਼ਟੀ
ਡਾ. ਸੁਖਵਿੰਦਰ ਸਿੰਘ ਰੰਧਾਵਾ
ਮੁੱਲ : 300, ਸਫ਼ੇ : 224
5ਆਬ ਪ੍ਰਕਾਸ਼ਨ ਜਲੰਧਰ




ਮਾਹੌਲ
ਨਵਰਾਹੀ ਘੁਗਿਆਣਵੀ
ਮੁੱਲ : 150, ਸਫ਼ੇ : 104
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ



ਸਿਵਿਆਂ ਦੇ ਰਾਹੀ
ਬਲਜੀਤ ਸਿੰਘ ਪਪਨੇਜਾ
ਮੁੱਲ : 250, ਸਫ਼ੇ : 164
ਤਰਲੋਚਨ ਪਬਲੀਸ਼ਰਜ਼, ਚੰਡੀਗੜ੍ਹ



ਮੌਸਮ ਉਦਾਸ ਲੱਗੇ
ਰਾਜ ਗੁਰਦਾਸਪੁਰੀ
ਮੁੱਲ : 200, ਸਫ਼ੇ : 96
ਡੀ ਪੀ ਪਬਲਿਸ਼ਰਜ਼, ਅੰਮ੍ਰਿਤਸਰ



ਅੰਤਰੀਵੀ ਵੇਦਨਾ
ਗੁਰਦਿਆਲ ਸਿੰਘ ਵਿਰਕ
ਮੁੱਲ : 150, ਸਫ਼ੇ : 104
ਜੇ ਪੀ ਪਬਲਿਸ਼ਰਜ਼, ਪਟਿਆਲਾ



ਜੰਗ ਬਹਾਦਰ ਗੋਇਲ ਸਾਹਿਤ ਜੀਵਨੀ
ਪ੍ਰੋ. ਅਤੇ ਸਿੰਘ
ਮੁੱਲ : 300, ਸਫ਼ੇ : 192
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



ਚਿੰਤਨ ਤੋਂ ਚਾਨਣ ਤੱਕ
ਜਗਜੀਤ ਸਿੰਘ ਗਣੇਸ਼ਪੁਰ
ਮੁੱਲ : 250, ਸਫ਼ੇ : 104
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

# 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਉੱਪਰ ਗੋਸ਼ਟੀ

**ਕੈਲੀਫੋਰਨੀਆ** : ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਪ੍ਰੋ. ਹਰਭਜਨ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' (ਡਾਇਰੀ) ਉੱਪਰ ਪੈਟਰਸਨ (ਕੈਲੀਫੋਰਨੀਆ) ਵਿਖੇ ਇਕ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਵਿਚ ਪੰਜਾਬ ਤੋਂ ਆਏ ਵਿਦਵਾਨ ਆਲੋਚਕਾਂ ਅਤੇ ਸਾਹਿਤ ਸਭਾ ਦੇ ਮੈਂਬਰਾਂ ਨੇ ਹਿੱਸਾ ਲਿਆ। ਉਦਘਾਟਨੀ ਭਾਸ਼ਣ ਵਿਚ ਡਾ. ਧਨਵੰਤ ਕੌਰ ਨੇ ਕਿਹਾ ਕਿ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਵਿਚ ਬਿਰਤਾਂਤਿਆ ਆਤਮ ਆਪਣੇ ਅਤੀਤ ਦੀਆਂ ਸੰਗਰਾਮੀ ਯਾਦਾਂ ਵਿੱਚੋਂ ਤ੍ਰਾਣ ਹਾਸਲ ਕਰਦਾ ਹੋਇਆ ਪਰਵਾਸੀ ਹੋਂਦ ਚੇਤਨਾ ਨਾਲ ਜੁੜੀ, ਸਾਮਰਾਜੀ ਚਾਲਾਂ ਤੇ ਨਵ-ਬਸਤੀਵਾਦੀ ਨੀਤੀਆਂ ਦੀ ਜਕੜ ਵਿਚ ਆਈ ਵਰਤਮਾਨ ਵਿਸ਼ਵ ਵਿਵਸਥਾ ਦੀ ਸਮੀਖਿਆ ਵਿੱਚੋਂ ਆਪਣੇ ਹੋਣ-ਥੀਣ ਦੇ ਅਰਥ ਤਲਾਸ਼ਦਾ ਹੈ ਅਤੇ ਲੋਕਾਈ ਨੂੰ ਆਸ ਦਾ ਪੱਲਾ ਫੜਾਉਣ ਲਈ ਸਾਹਿਤ ਦੀ ਭੂਮਿਕਾ ਨੂੰ ਰੋਹਲੇ ਬਾਣ ਮਿੱਥਦਾ ਹੈ।



ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ ਪੇਸ਼ ਕਰਦਿਆਂ ਕਿਹਾ ਕਿ ਇਹ ਅਜਿਹੀ ਰਚਨਾ ਹੈ, ਜਿਸ ਦੇ ਬਿਰਤਾਂਤ ਦਾ ਪ੍ਰਗਟਾਅ-ਮੂਲਕ ਤੇ ਅਰਥਗਤ ਪਾਸਾਰਾ ਇਕੋ ਵੇਲੇ ਵਰਤਮਾਨ ਤੋਂ ਅਤੀਤ ਅਤੇ ਫਿਰ ਭਵਿੱਖ ਦੀ ਸੰਕੇਤਿਕ ਅਤੇ ਰਚਨਾਤਮਕ ਯਾਤਰਾ ਕਰਦਾ ਹੈ। ਡਾ. ਮਨਜੀਤ ਕੌਰ ਨੇ ਆਪਣੇ ਪਰਚੇ ਵਿਚ ਤਰਕ ਸਹਿਤ ਉਭਾਰਿਆ ਕਿ ਇਹ ਯਾਦਗਾਰੀ ਕਿਰਤ ਸਿਰਫ਼ ਵਿਅਕਤੀਗਤ ਯਾਦਾਂ ਨੂੰ ਹੀ ਨਹੀਂ ਸਾਂਭਦੀ, ਸਗੋਂ ਇਸ ਦਾ ਹਰੇਕ ਪੰਨਾ ਪ੍ਰਤੀਰੋਧ ਅਤੇ ਉਮੀਦ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦਾ ਹੈ। ਪੀ ਭਾਨੂੰ ਨੇ ਆਪਣੇ ਸੰਗਰਾਮੀ ਜੀਵਨ ਤੇ ਇਸ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਇਹ ਰਚਨਾ ਹਮੇਸ਼ਾ ਅਹਿਸਾਸ ਪੈਦਾ ਕਰੇਗੀ ਕਿ ਮੁੱਠੀ ਭਰ ਜ਼ਾਲਮ ਲੋਕਾਂ ਦੀ ਹਕੂਮਤ ਦਾ ਅੰਤ ਅਤੇ ਵਿਨਾਸ਼ ਹੋਣਾ ਬੇਹੱਦ ਜ਼ਰੂਰੀ ਹੈ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਪ੍ਰੋ. ਹਰਭਜਨ ਸਿੰਘ ਦੇ ਰੂਪੋਸ਼ ਦੌਰ ਦੀਆਂ ਕਰਾਂਤੀਕਾਰੀ ਸਰਗਰਮੀਆਂ ਨੂੰ ਬੇਮਿਸਾਲ ਦੱਸਦਿਆਂ ਉਹਨਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੇ ਮੂਲ ਪਾਸਾਰਾਂ ਨੂੰ ਉਭਾਰਿਆ। ਮਨਦੀਪ ਗੋਰਾ ਨੇ ਲੇਖਕ ਦੇ ਕਰਾਂਤੀਕਾਰੀ ਜੀਵਨ ਤੇ ਲਿਖਤਾਂ ਨੂੰ ਆਪਣੇ ਜੀਵਨ ਦੇ ਅਮੁੱਲ ਪ੍ਰੇਰਕ ਵਜੋਂ ਤਸਲੀਮ ਕੀਤਾ। ਹਰਪ੍ਰੀਤ ਕੌਰ ਧੂਤ ਨੇ ਪੁਸਤਕ ਸੰਬੰਧੀ ਮਹੱਤਵਪੂਰਨ ਸੁਆਲ ਉਠਾਏ। ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਸ਼ੋਸ਼ਣ ਤੇ ਵਿਤਕਰਿਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਅਤੇ ਇਸ ਦੇ ਰਸਤੇ ਦੀਆਂ ਰੁਕਾਵਟਾਂ ਸਨਮੁੱਖ ਬੁਨਿਆਦੀ ਪ੍ਰਸ਼ਨ ਖੜ੍ਹੇ ਕਰਦੀ ਹੋਈ, ਸਮੱਸਿਆਵਾਂ ਦੇ ਉੱਤਰ ਆਤਮ ਚਿੰਤਨ ਵਿੱਚੋਂ ਤਲਾ ਲਈ ਪ੍ਰੇਰਤ ਕਰਦੀ ਹੈ। ਤਾਰਾ ਸਾਗਰ ਨੇ ਲੇਖਕ ਨਾਲ ਆਪਣੀਆਂ ਪੀਡੀਆਂ ਸਾਂਝਾਂ ਦੀ ਬਾਤ ਪਾਈ। ਕੁਲਵੰਤ ਸੇਖੋਂ ਨੇ ਰਚਨਾ ਵਿਚਲੀ ਕਰਾਂਤੀਕਾਰੀ ਚੇਤਨਾ ਦੀ ਪ੍ਰਸੰਸਾ ਕੀਤੀ। ਪ੍ਰਧਾਨਗੀ ਭਾਸ਼ਣ ਵਿਚ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਰਚਨਾ ਲੇਖਕ ਦੇ ਭਾਰਤ ਅਤੇ ਅਮਰੀਕਾ ਵਿਚ ਜੀਵੇ-ਹੰਢਾਏ ਵੱਡੇ ਉਤਰਾਵਾਂ-ਚੜ੍ਹਾਵਾਂ ਵਾਲੇ ਸੰਘਰਸ਼ਮਈ ਜੀਵਨ ਤੇ ਕਰਾਂਤੀਕਾਰੀ ਚੇਤਨਾ-ਚਿੰਤਨ ਨੂੰ ਸਵੈ-ਪ੍ਰਸੰਸਾ ਤੋਂ ਮੁਕਤ ਸੁਰ ਵਿਚ ਪ੍ਰਗਟਾਉਂਦੀ ਹੋਈ ਡਾਇਰੀ ਦੀ ਪਰੰਪਰਕ ਵਿਧਾ ਵਿਚ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੈ। ਪ੍ਰੋ. ਹਰਭਜਨ ਸਿੰਘ ਨੇ ਪਰਚਾ ਲੇਖਕਾਂ ਅਤੇ ਚਰਚਕਾਰਾਂ ਸਮੇਤ ਹਾਜ਼ਰ ਸਾਰਿਆਂ ਸਰੋਤਿਆਂ ਦਾ ਸ਼ੁਕਰੀਆ ਕਰਦਿਆਂ, ਇਹ ਖੁਸ਼ੀ ਜ਼ਾਹਿਰ ਕੀਤੀ ਕਿ ਮੇਰੀਆਂ ਪਹਿਲੀਆਂ ਗਲਪ ਤੇ ਵਾਰਤਕ ਲਿਖਤਾਂ ਵਾਂਗ ਇਸ ਪੁਸਤਕ ਨੂੰ ਵੀ ਭਰਵਾਂ ਉਸਾਰੂ ਹੁੰਗਾਰਾ ਮਿਲ ਰਿਹਾ ਹੈ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਕਰਵਾਇਆ ਗਿਆ ਪ੍ਰੋ. ਮੋਹਣ ਸਿੰਘ ਯਾਦਗਾਰੀ ਸੈਮੀਨਾਰ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਲਗਾਤਾਰਤਾ ਵਿੱਚ 47ਵਾਂ ਪ੍ਰੋ. ਮੋਹਣ ਸਿੰਘ ਯਾਦਗਾਰੀ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬ ਆਰਟ ਕਾਉਂਸਿਲ ਦੇ ਚੇਅਰਮੈਨ ਸ. ਸਵਰਨਜੀਤ ਸਿੰਘ ਸਵੀ, ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਉੱਘੇ ਸਮਾਜ ਸੇਵਕ ਸ. ਅਮਰਜੀਤ ਸਿੰਘ ਟਿੱਕਾ ਅਤੇ ਪ੍ਰੋ. ਮੋਹਣ ਸਿੰਘ ਫ਼ਾਊਂਡੇਸ਼ਨ ਦੇ ਸਾਬਕਾ ਚੇਅਰਮੈਨ ਸ. ਪਰਗਟ ਸਿੰਘ ਗਰੇਵਾਲ ਅਤੇ ਉੱਘੇ ਚਿੰਤਕ ਸਤਨਾਮ ਚਾਨਾ ਸ਼ਾਮਲ ਹੋਏ।ਪ੍ਰਿੰਸੀਪਲ ਇੰਦਰਜੀਤ ਕੌਰ ਮੇਅਰ ਨਗਰ ਨਿਗਮ ਲੁਧਿਆਣਾ ਨੇ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ।ਪ੍ਰਿੰਸੀਪਲ ਇੰਦਰਜੀਤ ਕੌਰ ਨੇ ਪ੍ਰੋ. ਮੋਹਣ ਸਿੰਘ ਦੀ ਪ੍ਰਸੰਸਾ ਕਰਦਿਆਂ ਪੰਜਾਬੀ ਸਾਹਿਤ ਅਕਾਡਮੀ ਦੀ ਸੜਕ ਠੀਕ ਕਰਵਾਉਣ ਅਤੇ ਪ੍ਰੋ. ਮੋਹਣ ਸਿੰਘ ਦਾ ਬੁੱਤ ਆਰਤੀ ਚੌਂਕ ਵਿੱਚ ਪਹਿਲੀ ਥਾਂ 'ਤੇ ਲਗਵਾਉਣ ਦਾ ਭਰੋਸਾ ਦਿੱਤਾ।

ਪ੍ਰਧਾਨਗੀ ਕਰਦਿਆਂ ਸ. ਸਵਰਨਜੀਤ ਸਿੰਘ ਸਵੀ ਨੇ ਕਿਹਾ ਕਿ ਇਹ ਪ੍ਰੋ. ਮੋਹਣ ਸਿੰਘ ਮੇਲਾ ਹੋਰ ਗੰਭੀਰਤਾ ਨਾਲ ਵੱਡੀ ਇਕੱਤਰਤਾ ਵਿੱਚ ਹੋਇਆ ਕਰੇ।ਸਤਨਾਮ ਚਾਨਾ ਵੱਲੋਂ ਪੇਸ਼ ਕੀਤਾ ਗਿਆ ਯਾਦਗਾਰੀ ਭਾਸ਼ਣ 'ਪੰਜਾਬ ਅਤੇ ਪੰਜਾਬ ਦੇ ਪਾਣੀ' ਦੀ ਬੜੀ ਸ਼ਲਾਘਾ ਕੀਤੀ ਗਈ।ਸਤਨਾਮ ਚਾਨਾ ਨੇ ਭਾਸ਼ਣ ਵਿੱਚ ਵਿਸ਼ਵ ਪੱਧਰ 'ਤੇ ਦਰਿਆਵਾਂ ਨਾਲ ਕੀਤੇ ਜਾ ਰਹੇ ਖਿਲਵਾੜ ਬਾਰੇ ਵਿਸਥਾਰਤ ਗੱਲਬਾਤ ਕੀਤੀ ਅਤੇ ਤਰੱਕੀ ਦੇ ਨਾਂਅ 'ਤੇ ਕੀਤੀ ਜਾ ਰਹੀ ਡੈਮਾਂ ਦੀ ਉਸਾਰੀ ਬਾਰੇ ਵੀ ਚਾਨਣਾ ਪਾਇਆ।ਉਹਨਾਂ ਦੱਸਿਆ ਕਿ ਕੁਦਰਤੀ ਸੋਮਿਆਂ ਨਾਲ ਕੀਤੀ ਜਾ ਰਹੀ ਛੇੜ-ਛਾੜ ਨਾਲ ਮਨੁੱਖਤਾ ਨੂੰ ਭੈੜੇ ਸਿੱਟੇ ਵੀ ਭੁਗਤਣੇ ਪੈ ਰਹੇ ਹਨ।ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪ੍ਰੋ. ਮੋਹਣ ਸਿੰਘ ਨੂੰ ਸਾਹਿਤਕ ਅੰਦਾਜ਼ ਵਿੱਚ ਯਾਦ ਕਰਨ 'ਤੇ ਜ਼ੋਰ ਦਿੰਦਿਆਂ ਮੈਡਮ ਮੇਅਰ ਅਤੇ ਸਮੁੱਚੇ ਪ੍ਰਧਾਨਗੀ ਮੰਡਲ ਸਮੇਤ ਦੂਰੋਂ-ਦੂਰੋਂ ਪਹੁੰਚੇ ਕਵੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਅਗਲੀ ਵਾਰੀ ਇਸ ਤੋਂ ਵੀ ਵਧੀਆ ਸਮਾਗਮ ਕਰਨ ਦਾ ਅਹਿਦ ਕੀਤਾ।

ਉਪਰੰਤ ਕਵੀ ਦਰਬਾਰ ਕੀਤਾ ਗਿਆ, ਜਿਸ ਵਿੱਚ ਪ੍ਰੋ. ਸੰਧੂ ਵਰਿਆਣਵੀ, ਜਸਪ੍ਰੀਤ ਅਮਲਤਾਸ, ਦੇਵਿੰਦਰ ਸੈਫ਼ੀ, ਜਗਵਿੰਦਰ ਜੋਧਾ, ਭਗਵਾਨ ਢਿੱਲੋਂ, ਕੇ. ਸਾਧੂ ਸਿੰਘ, ਡਾ. ਗੁਰਚਰਨ ਕੌਰ ਕੋਚਰ, ਡਾ. ਹਰੀ ਸਿੰਘ ਜਾਚਕ, ਤਰਲੋਚਨ ਝਾਂਡੇ, ਮਨਿੰਦਰ ਮਨ, ਮਨਦੀਪ ਕੌਰ ਭੰਮਰਾ, ਤ੍ਰੈਲੋਚਨ ਲੋਚੀ, ਮੀਤ ਅਨਮੋਲ, ਕਰਮਜੀਤ ਗਰੇਵਾਲ, ਜਸਵੀਰ ਝੱਜ, ਅਮਰਜੀਤ ਸ਼ੇਰਪੁਰੀ, ਪ੍ਰਭਜੋਤ ਸੋਹੀ, ਰਾਜਦੀਪ ਤੂਰ, ਅਮਰਿੰਦਰ ਸੋਹਲ, ਸੰਤ ਸਿੰਘ ਸੋਹਲ, ਕੁਲਵਿੰਦਰ ਕਿਰਨ, ਸਾਧੂ ਰਾਮ ਲੰਗਿਆਣਾ, ਚਰਨਜੀਤ ਸਮਾਲਸਰ, ਹਰਨਾਮ ਡੱਲਾ, ਧਰਮਿੰਦਰ ਸ਼ਾਹਿਦ, ਤੇਲੂ ਰਾਮ ਕੁਹਾੜਾ, ਅਜੀਤ ਪਿਆਸਾ, ਦਰਸ਼ਨ ਬੋਪਾਰਾਏ, ਸਵਰਨ ਪੱਲ੍ਹਾ, ਜਸਵੰਤ ਕੌਰ ਗਰੇਵਾਲ, ਦਲਵੀਰ ਕਲੇਰ, ਜਗਪਾਲ ਜੱਗਾ, ਪੂਰਨ ਸਿੰਘ ਸਨਮ, ਸਾਗਰ ਸਫ਼ਰੀ, ਸਤਨਾਮ ਸਿੰਘ ਕੋਮਲ, ਪ੍ਰਿੰ. ਮਹਿੰਦਰ ਕੌਰ ਗਰੇਵਾਲ ਵੱਲੋਂ ਆਪਣੇ ਕਲਾਮ ਪੇਸ਼ ਕੀਤੇ ਗਏ। ਸਮੁੱਚੇ ਸਮਾਗਮ ਤੋਂ ਬਾਅਦ ਪ੍ਰੋ. ਮੋਹਣ ਸਿੰਘ ਫਾਉਂਡੇਸ਼ਨ ਵੱਲੋਂ ਸ. ਪ੍ਰਗਟ ਸਿੰਘ ਗਰੇਵਾਲ ਨੇ ਅਕਾਡਮੀ ਦੇ ਇਸ ਯਤਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸਹਿਯੋਗ ਜਾਰੀ ਰੱਖਣ ਦਾ ਭਰੋਸਾ ਦਿਵਾਇਆ।

# ਅਣੂ (ਮਿੰਨੀ ਪੱਤ੍ਰਿਕਾ) ਦਾ 'ਪਰਵਾਸ' ਵਿਸ਼ੇਸ਼ ਅੰਕ ਲੋਕ ਅਰਪਣ

**ਲੁਧਿਆਣਾ** : ਅਣੂ ਦੀ ਪ੍ਰਕਾਸ਼ਨਾ ਦੇ 54ਵੇਂ ਵਰ੍ਹੇ ਦਾ 'ਪਰਵਾਸ' ਨਾਲ ਸੰਬੰਧਤ ਵਿਸ਼ੇਸ਼ ਮਿੰਨੀ ਕਹਾਣੀ ਅੰਕ ਦਸੰਬਰ 2025 ਗੁਰੂ ਨਾਨਕ ਖਾਲਸਾ ਕਾਲਜ (ਵੋਮੈਨ) ਮਾਡਲ ਟਾਊਨ ਲੁਧਿਆਣਾ ਵਿਖੇ ਲੋਕ ਅਰਪਣ ਕੀਤਾ ਗਿਆ।ਪੱਤ੍ਰਿਕਾ ਦੀ ਰਿਲੀਜ਼ ਰਸਮ ਪ੍ਰਿੰਸੀਪਲ ਸ੍ਰੀਮਤੀ ਮਨੀਤਾ ਕਾਹਲੋਂ, ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰੋਫੈਸਰ ਸਾਹਿਬਾਨ, ਸੁਰਿੰਦਰ ਕੈਲੇ ਅਤੇ ਸਾਹਿਤ ਪ੍ਰੇਮੀ ਵਿਦਿਆਰਥਣਾਂ ਨੇ ਨਿਭਾਈ। ਅਣੂ ਦੇ ਇਸ ਵਿਸ਼ੇਸ਼ ਅੰਕ ਨੂੰ ਰਿਲੀਜ਼ ਕਰਨ ਲਈ ਸਾਡੇ ਕਾਲਜ ਨੂੰ ਮਾਣ ਬਖ਼ਸ਼ਣ ਲਈ ਅਸੀਂ ਸੰਪਾਦਕ ਸ੍ਰੀ ਸੁਰਿੰਦਰ ਕੈਲੇ ਦੇ ਧੰਨਵਾਦੀ ਹਾਂ।ਅਣੂ ਦਾ ਹਰ ਅੰਕ ਵਿਦਿਆਰਥੀਆਂ ਲਈ ਖਾਸ ਤੌਰ 'ਤੇ ਉਨ੍ਹਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲਾ ਹੁੰਦਾ ਹੈ।ਇਹ ਸ਼ਬਦ ਪ੍ਰਿੰਸੀਪਲ ਸ੍ਰੀਮਤੀ ਮਨੀਤਾ ਕਾਹਲੋਂ ਨੇ ਕਹੇ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਅਣੂ ਦਾ ਇਹ ਅੰਕ ਸਮਕਾਲ ਦਾ ਉੱਭਰਵਾਂ ਵਿਸ਼ਾ ਹੈ, ਜਿਸ ਦੀਆਂ ਵਿਭਿੰਨ ਪਰਤਾਂ ਹਨ।ਉਹ ਨੌਜਵਾਨ ਜੋ ਪਰਵਾਸ ਕਰਨਾ ਚਾਹੁੰਦੇ ਹਨ, ਇਸ ਦੀਆਂ ਕਹਾਣੀਆਂ ਉਨ੍ਹਾਂ ਦੇ ਸਵਾਲਾਂ, ਜਿਨ੍ਹਾਂ ਨੂੰ ਪੜ੍ਹ ਕੇ ਉਹ ਪਰਵਾਸ ਦੇ ਚੰਗੇ-ਮੰਦੇ ਪੱਖ ਤੋਂ ਜਾਣੂ ਹੋ ਸਕਦੇ ਹਨ। ਸੁਰਿੰਦਰ ਕੈਲੇ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੇ ਰਿਲੀਜ਼ ਸਮਾਗਮ ਦੀ ਇੱਕ ਖਾਸ ਵਿਸ਼ੇਸ਼ਤਾ ਵਿਦਿਆਰਥਣਾਂ ਦਾ ਸ਼ਾਮਲ ਹੋਣਾ ਹੈ, ਜੋ ਉਨ੍ਹਾਂ ਦੀ ਸਾਹਿਤ ਪ੍ਰਤੀ ਰੁਚੀ ਦਾ ਸਬੂਤ ਹੈ। ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਨੌਜਵਾਨ ਵਰਗ ਨੂੰ ਸਾਹਿਤ ਰਾਹੀਂ ਵਧੀਆ ਨਾਗਰਿਕ ਬਣਨ ਵਿੱਚ ਅਗਵਾਈ ਮਿਲੇ।



# ਅਰਪਨ ਲਿਖਾਰੀ ਸਭਾ ਦੀ ਅਕਤੂਬਰ ਮਹੀਨੇ ਦੀ ਮੀਟਿੰਗ





**ਕੈਲਗਰੀ** : ਅਰਪਨ ਲਿਖਾਰੀ ਸਭਾ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ ਜਸਵੰਤ ਸਿੰਘ ਸੇਖੋਂ ਅਤੇ ਬੀਬੀ ਕਿਰਨਜੋਤ ਹੁੰਝਣ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਭਰਵੀਂ ਹਾਜ਼ਰੀ ਵਿਚ ਹੋਈ। ਸਟੇਜ ਦੀ ਜ਼ਿੰਮੇਵਾਰੀ ਦਰਸ਼ਨ ਸਿੰਘ ਬਰਾੜ ਨੇ ਸੰਭਾਲਦਿਆਂ ਅਤੇ ਦੁੱਖ-ਸੁੱਖ ਦੇ ਸੁਨੇਹੇ ਸਾਂਝੇ ਕਰਦਿਆਂ ਵਿੱਛੜੀਆਂ ਸ਼ਖ਼ਸੀਅਤਾਂ (ਰਾਜਬੀਰ ਜਵੰਦਾ, ਬਾਡੀ ਬਿਲਡਰ ਕੁਲਵਿੰਦਰ ਸਿੰਘ, ਪ੍ਰੋ. ਗੁਰਮੀਤ ਸਿੰਘ ਟਿਵਾਣਾ ਅਤੇ ਡਾ. ਪ੍ਰੀਤਮ ਸਿੰਘ ਕੈਂਬੋ) ਦੇ ਸਦੀਵੀ ਵਿਛੋੜੇ ਬਾਰੇ ਜਾਣਕਾਰੀ ਸਾਂਝੀ ਕੀਤੀ। ਸੁਖਮੰਦਰ ਸਿੰਘ ਗਿੱਲ, ਇੰਜ. ਜੀਰ ਸਿੰਘ ਬਰਾੜ, ਬਲਕਾਰ ਸਿੰਘ, ਜਰਨੈਲ ਤੱਗੜ ਨੇ ਰਚਨਾਵਾਂ ਪੇਸ਼ ਕੀਤੀਆਂ। ਨਾਮਵਰ ਕਵੀਸ਼ਰ ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਦੀ ਜੋੜੀ ਨੇ ਕਵੀਸ਼ਰੀ ਰੰਗ ਵਿਚ ਇਕ ਜੋਗਾ ਸਿੰਘ ਜੋਗੀ ਦੀ ਇਕ ਕਵਿਤਾ 'ਤੋੜੀ ਜਾਂਦਾ ਫੁੱਲਫੁਲੇਰਾ, ਦੁਨੀਆ ਇਕ ਫੁਲਵਾੜੀ ਹੈ' ਸੁਣਾ ਕੇ ਨਿਹਾਲ ਕੀਤਾ। ਸਰਦੂਲ ਸਿੰਘ ਲੱਖਾ ਨੇ ਨਿੱਕੀਆਂ-ਨਿੱਕੀਆਂ ਨਜ਼ਮਾਂ ਵਿਚ ਬਹੁਤ ਹੀ ਭਾਵਪੂਰਤ ਅਤੇ ਹਲੂਣਾ ਦੇਣ ਵਾਲੇ ਵਿਚਾਰ ਪੇਸ਼ ਕੀਤੇ। ਕਿਰਨਜੋਤ ਹੁੰਝਣ ਨੇ ਆਪਣੇ ਕੀਮਤੀ ਵਿਚਾਰਾਂ ਨਾਲ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਮਾ. ਹਰਭਜਨ ਸਿੰਘ ਬਿਹਾਲ੍ਹਾ ਨੇ ਬਲਦੇਵ ਸੜਕਨਾਮੇ ਦੀ ਲਿਖੀ 'ਦਾਵਤ' ਪੇਸ਼ ਕਰਕੇ ਵਿਅੰਗ ਅਤੇ ਹਾਸਰਸ ਦਾ ਨਵਾਂ ਰੰਗ ਬੰਨ੍ਹਿਆ। ਗੁਰਚਰਨ ਸਿੰਘ ਹੇਰਾਂ ਨੇ ਕਿਸਾਨੀ ਦਾ ਸੰਕਟ ਅਤੇ ਸਰਕਾਰਾਂ ਦੀ ਬੇਧਿਆਨੀ 'ਤੇ ਲਿਖੀ ਕਵਿਤਾ ਵਿਲੱਖਣ ਢੰਗ ਨਾਲ ਸੁਣਾ ਕੇ ਚਿੰਤਾ ਦਾ ਪ੍ਰਗਟਾਵਾ ਕੀਤਾ। ਬਲਜਿੰਦਰ ਮਾਂਗਟ ਨੇ ਵੀ ਆਪਣੇ ਕੀਮਤੀ ਅਤੇ ਸਾਹਿਤਕ ਵਿਚਾਰਾਂ ਨਾਲ ਸਾਂਝ ਪਾਈ। ਸਤਨਾਮ ਸਿੰਘ ਢਾਅ ਨੇ ਪਾਲ ਸਿੰਘ ਪੰਛੀ ਦੀ ਬਹੁਤ ਹੀ ਮਕਬੂਲ ਰਚਨਾ ਸ਼ਹੀਦ ਭਗਤ ਸਿੰਘ ਦੇ ਜਨਮ ਤੇ ਉਨ੍ਹਾਂ ਦੀ ਕੁਰਬਾਨੀ ਦੀ ਗਾਥਾ ਜਸਵੰਤ ਸੇਖੋਂ ਨਾਲ ਮਿਲ ਕੇ ਕਵੀਸ਼ਰੀ ਰੰਗ ਵਿਚ ਆਪਣੀਆਂ ਬੁਲੰਦ ਆਵਾਜ਼ਾਂ ਵਿਚ ਪੇਸ਼ ਕਰਕੇ ਸਰੋਤਿਆਂ ਨੂੰ ਦੇਸ਼-ਭਗਤੀ ਦੇ ਰੰਗ ਵਿਚ ਰੰਗ ਦਿੱਤਾ। ਇਸ ਤੋਂ ਇਲਾਵਾ ਬਲਦੇਵ ਸਿੰਘ ਦੁੱਲਟ, ਦਰਸ਼ਨ ਸਿੰਘ ਬਰਾੜ, ਅੰਗਰੇਜ ਸਿੰਘ ਸੀਤਲ ਨੇ ਕਵਿਤਾਵਾਂ ਸਾਂਝੀਆਂ ਕੀਤੀਆਂ। ਦਰਸ਼ਨ ਸਿੰਘ ਬਰਾੜ ਨੇ ਸਟੇਜ ਦੀਆਂ ਸੇਵਾਵਾਂ ਬਾਖੂਬੀ ਨਿਭਾਉਂਦਿਆਂ ਨਿੱਕੇ-ਨਿੱਕੇ ਕਾਵਿ-ਟੋਟਿਆਂ ਨਾਲ ਰੌਚਕ ਬਣਾਈ ਰੱਖਿਆ। ਅਖ਼ੀਰ 'ਤੇ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਪੇਸ਼ ਹੋਈਆਂ ਰਚਨਾਵਾਂ ਬਾਰੇ ਉਸਾਰੂ ਵਿਚਾਰ ਪੇਸ਼ ਕੀਤੇ।

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ 'ਯੁਵਾ ਮਹਿ.ਫਲ'

**ਨਵੀਂ ਦਿੱਲੀ:** ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ 'ਯੁਵਾ ਮਹਿਫ਼ਲ' ਤਹਿਤ ਇੱਕ ਵਿਸ਼ੇਸ਼ ਕਵੀ ਅਤੇ ਕਹਾਣੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਦੇ ਨੌਜਵਾਨ ਰਚਨਾਕਾਰਾਂ ਨੇ ਭਰਪੂਰ ਸ਼ਮੂਲੀਅਤ ਕੀਤੀ। ਸ਼ੁਰੂ ਵਿਚ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਯੁਵਾ ਸਾਹਿਤਕਾਰਾਂ ਦੀ ਜਾਣ ਪਹਿਚਾਣ ਕਰਵਾਈ। ਯੁਵਾ ਮਹਿਫ਼ਲ ਦੀ ਸ਼ੁਰੂਆਤ ਯੁਵਾ ਕਵੀ ਤੇ ਖੋਜਾਰਥੀ ਲਵਪ੍ਰੀਤ ਫੇਰੋਕੇ ਦੀਆਂ 'ਸਫਰ' ਅਤੇ 'ਪੂਰਣ' ਕਵਿਤਾਵਾਂ ਨਾਲ ਹੋਈ, ਜਿਸ ਨੇ ਦਰਸ਼ਕਾਂ ਤੋਂ ਖੂਬ ਵਾਹਵਾਹੀ ਹਾਸਲ ਕੀਤੀ। ਯੁਵਾ ਕਵੀ ਕਰਨਜੀਤ ਕੋਮਲ ਨੇ ਆਪਣੀਆਂ 'ਪੈਰਾਂ ਦੀ ਬਾਦਸ਼ਾਹੀ', 'ਤੁਰਨ ਦੀ ਕਲ' ਅਤੇ ਹੋਰ ਕਵਿਤਾਵਾਂ ਰਾਹੀਂ ਦਰਸ਼ਕਾਂ ਦੇ ਦਿਲ ਜਿੱਤ ਲਏ।





ਸੰਦੀਪ ਕੌਰ ਨੇ ਆਪਣੀ ਕਹਾਣੀ 'ਆਟੇ ਦੀ ਚਿੜੀ' ਸੁਣਾ ਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਕਵਿਤਾਵਾਂ ਦੇ ਅਗਲੇ ਦੌਰ ਵਿਚ ਗੁਰਪ੍ਰੀਤ ਕੌਰ ਨੇ ਆਪਣੀਆਂ ਖੁੱਲ੍ਹੀਆਂ ਕਵਿਤਾਵਾਂ ਦੇ ਨਾਲ ਇਕ ਕਵਿਤਾ ਤਰੰਨੁਮ ਵਿਚ ਵੀ ਸੁਣਾਈ ਅਤੇ ਚੰਗਾ ਕਾਵਿਕ ਮਹੌਲ ਸਿਰਜਿਆ। ਸਾਹਿਤ ਅਕਾਦੇਮੀ ਤੋਂ ਯੁਵਾ ਪੁਰਸਕਾਰ ਜੇਤੂ ਕਵੀ ਸੰਧੂ ਗਗਨ ਦੇ ਕਵਿਤਾ ਪਾਠ ਨੇ ਯੁਵਾ ਮਹਿਫ਼ਲ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਇਸ ਦੌਰਾਨ ਪ੍ਰੋ. ਰਵੇਲ ਸਿੰਘ ਨੇ ਪੜ੍ਹੀਆਂ ਗਈਆਂ ਕਵਿਤਾਵਾਂ ਅਤੇ ਕਹਾਣੀ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕਰਦਿਆਂ ਨੌਜਵਾਨ ਕਵਿਆਂ ਨੂੰ ਸਟੇਜ਼ 'ਤੇ ਕਵਿਤਾਵਾਂ ਪੇਸ਼ ਕਰਨ ਦੇ ਤਰੀਕੇ ਬਾਰੇ ਦੱਸਿਆ। ਇਸ ਮੌਕੇ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ ਨੇ ਇੰਨੀਆਂ ਵਧੀਆ ਰਚਨਾਵਾਂ ਦਾ ਪਾਠ ਸੁਣ ਕੇ ਕਿਹਾ, ਪੰਜਾਬੀ ਸਾਹਿਤ ਦੇ ਚੰਗੇ ਭਵਿੱਖ ਦੀ ਆਸ ਬੱਝਦੀ ਹੈ ਅਤੇ ਸਾਰੇ ਯੁਵਾ ਕਵੀ, ਕਹਾਣੀਕਾਰ ਵਧਾਈ ਦੇ ਹੱਕਦਾਰ ਹਨ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਹਰਵਿੰਦਰ ਸਿੰਘ ਨੇ ਕਿਹਾ ਕਿ ਅੱਜ ਦੀ ਮਹਿਫ਼ਲ ਵਿਚ ਉਹ ਅਧਿਆਪਕ ਸਾਹਿਬਾਨ ਵੀ ਸਾਹਮਣੇ ਬੈਠੇ ਹਨ ਜਿੰਨਾਂ ਤੋਂ ਉਹ ਪੜ੍ਹੇ ਹਨ, ਜਿੰਨਾਂ ਨਾਲ ਉਹ ਖੁਦ ਪੜ੍ਹਾ ਰਹੇ ਹਨ ਅਤੇ ਉਹ ਵਿਦਿਆਰਥੀ ਵੀ ਸ਼ਾਮਲ ਹਨ ਜਿਹੜੇ ਉਨ੍ਹਾਂ ਕੋਲੋਂ ਪੜ੍ਹ ਰਹੇ ਹਨ। ਉਨ੍ਹਾਂ ਨੇ ਤਸੱਲੀ ਪ੍ਰਗਟਾਈ ਕਿ ਵੰਨ-ਸੁਵੰਨੀਆਂ ਰਚਨਾਵਾਂ ਨਾਲ ਸਜਿਆ ਇਹ ਪ੍ਰੋਗ੍ਰਾਮ ਸਫਲ ਰਿਹਾ।

ਇਸ ਪ੍ਰੋਗ੍ਰਾਮ ਵਿਚ ਹੋਰਨਾਂ ਤੋਂ ਇਲਾਵਾ ਡਾ. ਵਨੀਤਾ, ਡਾ. ਜਸਵਿੰਦਰ ਕੌਰ ਬਿੰਦਰਾ, ਮੁਹਿੰਦਰ ਸਿੰਘ ਕੂਕਾ, ਅਮੀਆ ਕੁੰਵਰ, ਜਸਵੰਤ ਸਿੰਘ ਸੇਖਵਾਂ, ਡਾ. ਮਨਜੀਤ ਸਿੰਘ, ਡਾ. ਸਤੀਸ਼ ਕੁਮਾਰ, ਡਾ. ਸਿਮਰਨ ਸੇਠੀ, ਡਾ. ਦੀਪਾ, ਡਾ. ਵਿਨੈਨੀਤ ਕੌਰ, ਕਰਿਆ ਪ੍ਰਭਜੋਤ ਕੌਰ, ਚਰਨਜੀਤ ਰਾਹੀ, ਜਗਤਾਰ ਜੀਤ, ਵਿਦਿਆਰਥੀ, ਖੋਜਾਰਥੀ ਅਤੇ ਪੰਜਾਬੀ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਹਾਜ਼ਰ ਸਨ।

# 'ਰੱਤ ਭਿੱਜੀ ਗਾਥਾ ਕਰਬਲਾ' ਲੋਕ ਅਰਪਿਤ

**ਅੰਮ੍ਰਿਤਸਰ** : ਪੰਜਾਬੀ ਲੇਖਕਾਂ ਦੀ ਸੰਸਥਾ 'ਮਝੈਲਾਂ ਦੀ ਸੱਥ' ਵੱਲੋਂ ਇੱਕ ਭਰਵੇਂ ਸਾਹਿਤਕ ਸਮਾਗਮ ਵਿੱਚ ਡਾਕਟਰ ਗਗਨ ਦੀ ਨਵ ਪ੍ਰਕਾਸ਼ਿਤ ਇਤਿਹਾਸਕ ਪੁਸਤਕ 'ਰੱਤ ਭਿੱਜੀ ਗਾਥਾ ਕਰਬਲਾ' ਲੋਕ ਅਰਪਿਤ ਕੀਤੀ ਗਈ। ਸੰਸਥਾ ਜਰਨਲ ਸੱਕਤਰ ਮਨਦੀਪ ਬੋਪਾਰਾਏ ਦੇ ਸਵਾਗਤੀ ਸਬਦਾਂ ਨਾਲ ਸ਼ੁਰੂ ਹੋਏ ਇਸ ਸਮਾਗਮ ਨੂੰ ਸ਼ਾਇਰਾ ਰਾਜਬੀਰ ਗਰੇਵਾਲ ਨੇ ਲੜੀ- ਬਧ ਕੀਤਾ।ਪੁਸਤਕ ਬਾਰੇ ਜਾਣਕਾਰੀ ਦੇਂਦਿਆਂ ਡਾ ਗਗਨ ਨੇ ਕਿਹਾ ਕਿ ਇਸਲਾਮ ਧਰਮ ਦੇ ਕਰਬਲਾ ਅੰਦਰ ਵਾਪਰੇ ਇਤਿਹਾਸਕ ਸਾਕੇ ਬਾਰੇ ਲਿਖਣ ਲਈ ਇਹ ਉਹਨਾ ਦੀ ਕਈ ਵਰ੍ਹਿਆਂ ਦੀ ਕਰੜੀ ਮਿਹਨਤ ਹੈ।ਸਹਿਬਾਜ਼ ਖਾਨ ਨੇ ਪੁਸਤਕ ਉਪਰ ਪਰਚਾ ਪੜਦਿਆਂ ਕਿਹਾ ਇਸ ਪੁਸਤਕ ਦਾ ਸਿੱਧਾ ਸੰਬਧ ਇਸਲਾਮ ਦੀ ਤਵਾਰੀਖ਼ ਨਾਲ ਹੈ ਜਿੱਥੇ ਹਜ਼ਰਤ ਇਮਾਮ ਹੁਸੈਨ ਅਤੇ ਯਜ਼ੀਦ ਵਿਚਕਾਰ ਜੰਗ ਬਾਰੇ ਜਾਣਕਾਰੀ ਦਿੱਤੀ ਗਈ ਹੈ।ਉਹਨਾ ਇਹ ਵੀ ਕਿਹਾ ਕਿ ਡਾ ਗਗਨ ਦੀ ਇਸ ਪਹਿਲ ਕਦਮੀ ਨਾਲ ਗ਼ੈਰ ਮੁਸਲਿਮ ਪਾਠਕ ਅਤੇ ਇਸਲਾਮਿਕ ਇਤਿਹਾਸ ਵਿੱਚ ਗਹਿਰੀ ਦਿਲਚਸਪੀ ਰੱਖਣ ਵਾਲੇ ਦੀ ਜਾਣਕਾਰੀ ਵਿੱਚ ਵੀ ਕਾਫ਼ੀ ਇਜ਼ਾਫ਼ਾ ਹੋਣ ਦੇ ਸੰਕੇਤ ਨਜ਼ਰ ਆਉਂਦੇ ਹਨ। ਕਹਾਣੀਕਾਰ ਦੀਪ ਦੇਵਿੰਦਰ ਸਿੰਘ ਨੇ ਵਧਾਈ ਦੇਂਦਿਆਂ ਕਿਹਾ ਕਿ ਡਾ. ਗਗਨ ਵਰਗੇ ਇੱਕ ਗੁਰਸਿੱਖ ਦਾ ਇਸਲਾਮ ਮਜ਼ਹਬ ਬਾਰੇ ਪੜ੍ਹਨਾ ਅਤੇ ਜਾਣਕਾਰੀ ਇਕੱਤਰ ਕਰਨਾ ਮਜ਼ਹਬ ਦੀਆਂ ਦੀਵਾਰਾਂ ਤੋਂ ਉਪਰ ਉੱਠ ਕੇ ਝਾਤੀ ਮਾਰਨ ਦਾ ਸ਼ਲਾਘਾਯੋਗ ਉੱਦਮ ਹੈ। ਸ਼ਾਇਰ ਨਾਕਾਸ਼ ਚਤੇਵਾਣੀ, ਸਾਹਿਤਕਾਰ ਕੀਰਤਪ੍ਰਤਾਪ ਸਿੰਘ ਪੰਨੂ ਅਤੇ ਗ਼ਜ਼ਲਗੋ ਰਮਨਦੀਪ ਸੰਧੂ ਨੇ ਟਿਪਣੀ ਕਰਦਿਆਂ ਕਿਹਾ ਕਿ ਪੁਸਤਕ ਵਿੱਚ ਪੇਸ਼ ਕੀਤੀਆਂ ਗਈਆਂ ਘਟਨਾਵਾਂ ਸੱਚ ਅਤੇ ਇਤਿਹਾਸ ਦੇ ਆਧਾਰ ਉੱਤੇ ਆਪਣਾ ਠੋਸ ਵਜੂਦ ਰੱਖਦੀਆਂ ਹਨ।ਨਵਜੋਤ ਕੌਰ ਬਾਜਵਾ, ਸਿਮਰਜੀਤ ਕੌਰ ਗਰੇਵਾਲ ਅਤੇ ਸਤਿੰਦਰਜੀਤ ਕੌਰ ਨੇ ਵੀ ਪੁਸਤਕ ਉੱਪਰ ਮੁੱਲਵਾਨ ਟਿੱਪਣੀਆਂ ਕੀਤੀਆਂ।





# ਦਰਸ਼ਨ ਸਿੰਘ ਆਸ਼ਟ ਨਾਲ ਰੂ-ਬ-ਰੂ



**ਘੱਗਾ** : ਸਰਕਾਰੀ ਐਮੀਨੈਂਸ ਸਕੂਲ ਘੱਗਾ ਵਿਖੇ ਡਾ. ਦਰਸ਼ਨ ਸਿੰਘ ਆਸ਼ਟ ਨਾਲ ਰੁਬਰੂ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿਚ ਪ੍ਰਿੰਸੀਪਲ ਸੁਖਜਿੰਦਰ ਕੌਰ ਨੇ ਡਾ. ਆਸ਼ਟ ਨੂੰ ਬੁੱਕੇ ਭੇਂਟ ਕਰਨ ਉਪਰੰਤ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਅੱਜ ਮਾਣ ਵਾਲੀ ਗੱਲ ਹੈ ਕਿ ਸਾਡੇ ਸਕੂਲ ਦੇ ਸਾਬਕਾ ਵਿਦਿਆਰਥੀ ਡਾ. ਆਸ਼ਟ ਵਿਦਿਆਰਥੀਆਂ ਦੇ ਰੁਬਰੂ ਹੋ ਰਹੇ ਹਨ। ਆਪਣੇ ਰੂਬਰੂ ਦੌਰਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਵਿਦਿਅਰਥੀਆਂ ਨੂੰ ਸੰਬੋਧਨ ਕਰਦਿਆ ਲਗਭਗ 40 ਸਾਲ ਪਰਚੀਆਂ ਯਾਦਾਂ ਸਾਂਝੀਆਂ ਕੀਤੀਆਂ। ਡਾ. ਆਸ਼ਟ ਨੇ ਕਿਹਾ ਕਿ ਉਹਨਾਂ ਨੂੰ ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਗੱਲਾਂ ਕਰਦਿਆਂ ਕਰਦਿਆਂ ਬੜਾ ਸਕੂਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਇਉਂ ਮਹਿਸੂਸ ਕਰ ਰਹੇ ਹਨ ਜਿਵੇਂ ਉਨ੍ਹਾਂ ਦਾ 40 ਸਾਲ ਪੁਰਾਣਾ ਮੁੜ ਆ ਗਿਆ ਹੋਵੇ। ਉਹਨਾ ਕਿਹਾ ਕਿ ਵਰਤਮਾਨ ਸਮੇਂ ਵਿਚ ਵਿਦਿਆਰਥੀਆਂ ਨੂੰ ਆਪਣੀ ਮਾਤ-ਭਾਸ਼ਾ, ਸਾਹਿਤ, ਸਭਿਆਚਾਰ ਅਤੇ ਮੁੱਲਵਾਨ ਪਿਛੋਕੜ ਨਾਲ ਜੁੜਨ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਇਨ੍ਹਾਂ ਦੇ ਚਰਿੱਤਰ-ਨਿਰਮਾਣ ਦੀ ਉਸਾਰੀ ਹੋ ਸਕੇ ਅਤੇ ਉਹ ਕੌਮ ਦੇ ਚੰਗੇ ਨਾਗਰਿਕ ਬਣ ਸਕਣ।ਉਨ੍ਹਾਂ ਦਾ ਕਹਿਣਾ ਸੀ ਕਿ ਮਿਆਰੀ ਸਾਹਿਤ ਹੀ ਵਿਦਿਆਰਥੀ ਜੀਵਨ ਦੀ ਬੁਨਿਆਦ ਹੈ ਜੋ ਸ਼ਖ਼ਸੀਅਤ ਰੂਪੀ ਇਮਾਰਤ ਨੂੰ ਹੋਰ ਪੱਕੀ ਕਰਦੀ ਹੈ। ਇਸ ਦੌਰਾਨ ਉਨ੍ਹਾਂ ਵਖ ਵਖ ਸ਼੍ਰੇਣੀਆਂ ਦੇ ਪਾਠ-ਕ੍ਰਮਾਂ ਇਕ ਲੱਗੀਆਂ ਆਪਣੀਆਂ ਕਹਾਣੀਆਂ - ਕਵਿਤਾਵਾਂ ਦੇ ਹਵਾਲੇ ਦਿੰਦੇ ਹੋਏ ਦੋ ਬਾਲ ਗੀਤ 'ਕਿੱਥੇ ਗਈ ਏਂ ਮਾਰ ਉਡਾਰੀ ਨੀ ਚਿੜੀਏ' ਅਤੇ 'ਮਾਂ ਬੋਲੀ ਨੂੰ ਪਿਆਰ ਹਾਂ ਕਰਦਾ' ਤਰੰਨੁਮ ਵਿਚ ਸੁਣਾਏ। ਇਸ ਦੌਰਾਨ ਵਿਦਿਆਰਥਣਾਂ ਜਸਪ੍ਰੀਤ,ਰਮਨਪ੍ਰੀਤ ਕੌਰ ਅਤੇ ਸਿਮਰਜੀਤ ਕੌਰ ਨੇ ਡਾ. ਆਸ਼ਟ ਦੀਆਂ ਕਵਿਤਾਵਾਂ ਅਤੇ ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਵੱਲੋਂ ਡਾ. ਆਸ਼ਟ ਬਾਰੇ ਲਿਖਿਆ ਕਾਵਿ ਚਿੱਤਰ ਵੀ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੇ।

# ਗੁਰਭਜਨ ਗਿੱਲ ਦੇ ਗੀਤ ਸੰਗ੍ਰਹਿ 'ਫੁੱਲਾਂ ਦੀ ਝਾਂਜਰ' ਲੋਕ ਅਰਪਣ



**ਲੁਧਿਆਣਾ** : ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਤੇ ਪੰਜਾਬੀ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਗੀਤ ਸੰਗ੍ਰਹਿ 'ਫੁੱਲਾਂ ਦੀ ਝਾਂਜਰ' ਦੇ ਤੀਸਰੇ ਸੰਸਕਰਣ ਨੂੰ ਗੁਜਰਾਂ ਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਸ ਪ ਸਿੰਘ, ਪੰਜਾਬ ਭਵਨ ਸਹੀ (ਕੈਨੇਡਾ) ਦੇ ਸੰਸਥਾਪਕ ਸੁੱਖੀ ਬਾਠ, ਖ਼ਾਲਸਾ ਕਾਲਜ ਪ੍ਰਬੰਧਕ ਕਮੇਟੀ ਦੇ ਆਨਰੇਰੀ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ, ਪੰਜਾਬੀ ਕਵੀ ਮਨਜਿੰਦਰ ਧਨੋਆ ਤੇ ਤ੍ਰੈਲੋਚਨ ਲੋਚੀ ਨੇ ਲੋਕ ਅਰਪਣ ਕੀਤਾ। ਇਸ ਗੀਤ ਸੰਗ੍ਰਹਿ ਨੂੰ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ।

ਗੁਰਭਜਨ ਗਿੱਲ ਦੇ ਗੀਤ ਸੰਗ੍ਰਹਿ ਬਾਰੇ ਬੋਲਦਿਆਂ ਡਾ. ਸ ਪ ਸਿੰਘ ਨੇ ਕਿਹਾ ਕਿ 'ਫੁੱਲਾਂ ਦੀ ਝਾਂਜਰ' ਉਸ ਦਾ ਪਹਿਲਾ ਗੀਤ ਸੰਗ੍ਰਹਿ ਹੈ, ਜੋ ਪਹਿਲੀ ਵਾਰ 2005 ਵਿੱਚ ਛਪਿਆ। ਉਸ ਦਾ 2022 ਵਿੱਚ ਛਪਿਆ ਦੂਜਾ ਗੀਤ-ਸੰਗ੍ਰਹਿ 'ਪਿੱਪਲ ਪੱਤੀਆਂ' ਵੀ ਬਲਵਾਨ ਸਰੋਦੀ ਸੁਰ ਕਾਰਨ ਸਾਂਭਣਯੋਗ ਹੈ। ਸਾਹਿਤਕ ਗੀਤ ਲਿਖਣ ਵਿੱਚ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ।ਕਵੀ ਤ੍ਰੈਲੋਚਨ ਲੋਚੀ ਨੇ ਬੋਲਦਿਆਂ ਕਿਹਾ ਕਿ ਗੁਰਭਜਨ ਗਿੱਲ ਭਾਅ ਜੀ ਦੇ ਇਸ ਗੀਤ ਸੰਗ੍ਰਹਿ ਵਿੱਚੋਂ ਕੁਝ ਗੀਤ ਸ੍ਰੀਮਤੀ ਨਰਿੰਦਰ ਬੀਬਾ, ਜਗਮੋਹਨ ਕੌਰ, ਕਰਨੈਲ ਗਿੱਲ, ਸੁਰਿੰਦਰ ਛਿੰਦਾ, ਹੰਸ ਰਾਜ ਹੰਸ, ਜਸਬੀਰ ਜੱਸੀ, ਹਰਭਜਨ ਮਾਨ, ਪਾਲੀ ਦੇਤਵਾਲੀਆ, ਗੁਰਦੀਪ ਸਿੰਘ, ਸ਼ੀਰਾ ਜਸਬੀਰ ਸਮੇਤ ਚੋਟੀ ਦੇ ਲੱਗਭੱਗ 40 ਗਾਇਕਾਂ ਵੱਲੋਂ ਹੁਣ ਤੱਕ ਗਾਏ ਜਾ ਚੁੱਕੇ ਹਨ।ਮਨਜਿੰਦਰ ਧਨੋਆ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪ੍ਰੋ. ਗੁਰਭਜਨ ਸਿੰਘ ਗਿੱਲ ਸਿਰਫ਼ ਸ਼ਾਇਰੀ ਹੀ ਨਹੀਂ ਕਰਦੇ, ਸਗੋਂ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਵੀ ਮੋਹਰੀ ਆਗੂ ਰਹੇ ਹਨ। ਕਾਲਜ ਦੇ ਪ੍ਰਬੰਧਕ ਕਮੇਟੀ ਦੇ ਆਨਰੇਰੀ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ ਨੇ ਕਿਹਾ ਕਿ ਸਾਡੀ ਸੰਸਥਾ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪ੍ਰੋ. ਗੁਰਭਜਨ ਸਿੰਘ ਗਿੱਲ ਸਾਡੇ ਕਾਲਜ ਦਾ ਪੁਰਾਣਾ ਵਿਦਿਆਰਥੀ ਤਾਂ ਹੈ ਹੀ, ਸਗੋਂ ਪਿਛਲੇ 54 ਸਾਲਾਂ ਤੋਂ ਲਗਾਤਾਰ ਇਸ ਸੰਸਥਾ ਨਾਲ ਜੁੜਿਆ ਹੋਇਆ ਹੈ। ਡਾ. ਸ ਪ ਸਿੰਘ ਦਾ ਵਿਦਿਆਰਥੀ ਹੋਣ ਕਾਰਨ ਕਾਲਜ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੱਟੜ ਧਾਰਮਿਕ ਤੇ ਰੂੜ੍ਹੀਵਾਦੀ ਦੇਸ਼ਾਂ 'ਚ ਔਰਤਾਂ 'ਤੇ ਤਸ਼ੱਦਦ : ਨਸੀਮ ਅੰਸਾਰੀ ਕੋਚਰ

ਧਰਮ ਸਿੰਘ ਗੁਰਾਇਆ ਨਾਲ ਮੁਲਾਕਾਤ : ਤਰਸੇਮ ਸਿੰਘ ਭੰਗੂ

'ਹਵੇਲੀਆਲਾ' : ਜਸਪਾਲ ਮਾਨਖੇੜਾ (ਫੋਕਸ) ਡਾ. ਜਸਵਿੰਦਰ ਕੌਰ ਬਿੰਦਰਾ

ਗਾਜ਼ਾ ਪੱਟੀ ਬਾਰੇ ਲੰਮੀ ਕਵਿਤਾ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਚਿਰਾ.ਗ : ਪੰਜ ਕਹਾਣੀਆਂ

ਚਿਰਾ.ਗ-129 (ਅਕਤੂਬਰ-ਦਸੰਬਰ, 2025) ਅੰਕ ਛਪ ਕੇ ਪੁੱਜਾ ਹੈ। ਇਸ ਵਾਰ ਸੰਪਾਦਕੀ ਦੀ ਥਾਂ ਪਰਵਾਸੀ ਮਜ਼ਦੂਰਾਂ ਦੇ ਮਸਲੇ ਬਾਰੇ ਮੱਖਣ ਕੁਹਾੜ ਦਾ ਲੇਖ ਹੈ। ਇਸ ਵਾਰ ਪੰਜ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਫੁੱਟਪਾਥ ਦੇ ਬਸ਼ਿੰਦੇ (ਰਾਜਪ੍ਰੀਤ ਕੌਰ ਬੈਨੀਪਾਲ), ਸਟੈੱਪ ਬੈਕ (ਅਲਫਾਜ਼), ਪਸ਼ੂ ਸਿਰਫ਼ ਪਸ਼ੂ ਨਹੀਂ (ਜੋਗੇ ਭੰਗਲ), ਮਿੱਟੀ ਦੀ ਚੁਟਕੀ (ਜਸਵੰਤ ਰਾਏ) ਤੇ ਪਰਵਿਰਤੀ (ਗ. ਸ. ਨਕਸ਼ਦੀਪ ਪੰਜਕੋਹਾ) ਦੀਆਂ ਨਵੀਆਂ ਕਹਾਣੀਆਂ ਛਪੀਆਂ ਹਨ। ਜਸਵੰਤ ਰਾਏ ਨੇ 'ਮਿੱਟੀ ਦੀ ਚੁਕਟੀ' ਦੇ ਮੈਟਾਫਰ ਰਾਹੀਂ ਮੈਂ ਪਾਤਰ ਦੀ ਮਨੋਦਸ਼ਾ ਨੂੰ ਖੂਬਸੂਰਤੀ ਨਾਲ ਉਭਾਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।





ਅਮਰਜੀਤ ਸਿੰਘ ਸੰਧੂ ਦੀਆਂ ਪੰਜ ਗ਼ਜ਼ਲਾਂ, ਅਰਤਿੰਦਰ ਸੰਧੂ ਦੀਆਂ ਪੰਜ ਕਵਿਤਾਵਾਂ, ਮੰਗਤ ਚੰਚਲ ਦੀਆਂ ਚਾਰ ਗ਼ਜ਼ਲਾਂ ਤੇ ਅਜੀਤ ਪਾਲ ਸਿੰਘ ਜਟਾਣਾ ਦੀਆਂ ਦੋ ਗ਼ਜ਼ਲਾਂ ਵੀ ਛਾਪੀਆਂ ਗਈਆਂ ਹਨ। ਡਾ. ਸੁਖਦੇਵ ਸਿੰਘ ਸਿਰਸਾ ਦਾ ਵਿਸ਼ੇਸ਼ ਲੇਖ 'ਅਜਮੇਰ ਔਲਖ-ਗੂੰਗੇ ਇਤਿਹਾਸਾਂ ਦਾ ਬਿਰਤਾਂਤ' ਤੋਂ ਇਲਾਵਾ ਪ੍ਰਮੁੱਖ ਸ਼ਾਇਰ ਮਦਨ ਵੀਰਾ ਦੀ ਕਵਿਤਾ ਦਾ ਵਿਸ਼ਲੇਸ਼ਣ ਕਰਦਾ ਸ਼ਮਸ਼ੇਰ ਮੋਹੀ ਦਾ ਲੇਖ ਵੀ ਮਹੱਤਵਪੂਰਨ ਹੈ। ਗੁਰਿੰਦਰਜੀਤ ਨੇ 'ਹੱਟੀਆਂ-ਮਾਣਮੱਤੀਆਂ' ਬਾਰੇ ਸੋਹਣੀ ਵਾਰਤਕ ਲਿਖੀ ਹੈ ਤੇ ਅੰਤ ਵਿੱਚ ਤ੍ਰਿਪਤਾ ਕੇ ਸਿੰਘ ਦਾ ਛੋਟਾ ਜਿਹਾ ਗਲਪ ਦਾ ਪੀਸ 'ਪਿਉ ਪੁੱਤ ਦੀ ਗੁਫ਼ਤਗੂ' ਹੈ।

ਇਸ ਅੰਕ ਦੇ ਸਫ਼ੇ : 112, ਮੁੱਲ : 80 ਰੁਪਏ, ਸੰਪਾਦਕ : ਡਾ. ਕਰਮਜੀਤ ਸਿੰਘ (98763-23862) ਰਚਨਾਵਾਂ ਭੇਜਣ ਲਈ : kjskurukshetra87@gmail.com

## ਪਰਵਾਸ : ਹਰੀਸ਼ ਮਲਹੋਤਰਾ 'ਤੇ ਵਿਸ਼ੇਸ਼ ਸਮੱਗਰੀ

ਪਰਵਾਸ-45 ਅੰਕ ਦਾ ਅਕਤੂਬਰ-ਦਸੰਬਰ, 2025 ਅੰਕ ਛਪ ਗਿਆ ਹੈ। ਸੰਪਾਦਕੀ ਵਿੱਚ ਸ. ਪ. ਸਿੰਘ ਨੇ ਸੰਕਟ ਦੇ ਦੌਰ ਵਿੱਚ ਗੁਜਰ ਰਹੇ ਪਰਵਾਸੀ ਸਾਹਿਤ ਦੀ ਗੱਲ ਕੀਤੀ ਹੈ। ਕਲਾਕਾਰ ਨੀਤੀ ਸਿੰਘ ਬਾਰੇ ਡਾ. ਲਖਵਿੰਦਰ ਜੌਹਲ ਨੇ ਲਿਖਿਆ ਹੈ। ਹੱਥਲੇ ਅੰਕ ਵਿੱਚ ਡਾ. ਹਰੀਸ਼ ਮਲਹੋਤਰਾ ਬਾਰੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਡਾ. ਤੇਜਿੰਦਰ ਕੌਰ ਨੇ ਹਰੀਸ਼ ਮਲਹੋਤਰਾ ਨਾਲ ਲੰਮੀ ਮੁਲਾਕਾਤ ਕੀਤੀ ਹੈ ਜਿਸ ਵਿੱਚ ਹਰੀਸ਼ ਦੇ ਜੀਵਨ ਤੇ ਸਾਹਿਤ, ਪਰਵਾਸ ਬਾਰੇ ਗੰਭੀਰ ਸੰਵਾਦ ਰਚਾਇਆ ਗਿਆ ਹੈ। ਅਗਾਂਹ ਹਰੀਸ਼ ਨੇ 'ਮੇਰੇ ਜੀਵਨ ਦੀ ਸੋਚ ਦਾ ਸਫ਼ਰ' ਲੇਖ ਵਿੱਚ ਜੀਵਨ ਤੇ ਸਾਹਿਤ ਸਿਰਜਣਾ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ ਹਨ। ਪ੍ਰੋ. ਹਰਿਭਜਨ ਸਿੰਘ ਭਾਟੀਆ ਨੇ ਹਰੀਸ਼ ਮਲਹੋਤਰਾ ਦਾ ਸਾਹਿਤ-ਸਰੂਪ ਤੇ ਸਰੋਕਾਰ' ਤਾਹਿਤ ਵਿਸ਼ਲੇਸ਼ਣ ਕੀਤਾ ਹੈ। ਡਾ. ਮਨੀਸ਼ ਕੁਮਾਰ ਨੇ ਮਲਹੋਤਰਾ ਦੀ ਕਿਤਾਬ 'ਰਿਸ਼ਤਿਆਂ ਦਾ ਕਤਲ' ਦੀ ਸਮੀਖਿਆ ਕੀਤੀ ਹੈ। ਪਰਵਾਸ ਵਿੱਚ ਹਰਸ਼ਰਨ ਕੌਰ, ਗੁਰਨਾਮ ਢਿੱਲੋਂ, ਬਮਲਜੀਤ ਮਾਨ, ਬਿਕਰਮ ਸੋਹੀ, ਕੁਲਵਿੰਦਰ ਸਿੰਘ ਬਾਠ, ਖੁਸ਼ਦੀਪ ਖੁਸ਼, ਗੁਰਮੀਤ ਸਿੰਘ ਚੀਮਾ ਆਦਿ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਨਾਲ ਨਾਲ ਮਨਜੀਤ ਕੌਰ ਸੇਖੋਂ (ਤੇਰਾ ਪਾਸਾ ਮੇਰਾ ਪਾਸਾ), ਪ੍ਰੇਮ ਮਾਨ (ਮੋਹ-ਮੁਹੱਬਤ ਦੇ ਪੁੰਜ) ਦੋ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਡਾ. ਗੁਰਇਕਬਾਲ ਸਿੰਘ (ਪੰਜਾਬੀ-ਅਮਰੀਕੀ ਕਵਿਤਾ), ਡਾ. ਗੁਰਦੀਪ ਸਿੰਘ ਭੁੱਲਰ (ਕੈਨੇਡਾ ਇਕ ਬਾ.ਗ ਬਹੁਰੰਗੀ), ਦਾਦਰ ਪੰਡੋਰਵੀ (ਪੰਛੀ ਤੇ ਦਰਵੇਸ਼), ਪ੍ਰੋ. ਹਰਿਭਜਨ ਸਿੰਘ ਭਾਟੀਆ (ਗਿਰਗਟਾਂ ਦਾ ਮੌਸਮ) ਪਰਵਾਸੀ ਸਾਹਿਤ ਦੀਆਂ ਪੁਸਤਕਾਂ ਬਾਰੇ ਸਮੀਖਿਆ ਕਰਦੇ ਲੇਖ ਹਨ। ਪਾਲ ਢਿੱਲੋਂ ਨੇ ਨਦੀਮ ਪਰਮਾਰ ਬਾਰੇ ਸੋਹਣਾ ਲਿਖਿਆ ਹੈ। ਅੰਤ ਵਿੱਚ ਪਰਵਾਸੀ ਸਾਹਿਤ ਦੀਆਂ ਸਰਗਰਮੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ।





ਇਸ ਅੰਕ ਦੇ ਸਫ਼ੇ : 104, ਮੁੱਖ ਸੰਪਾਦਕ: ਡਾ. ਸ. ਪ. ਸਿੰਘ, ਸੰਪਾਦਕ ਡਾ. ਤੇਜਿੰਦਰ ਕੌਰ , ਪ੍ਰੋ. ਸ਼ਰਨਜੀਤ ਕੌਰ, ਰਚਨਾਵਾਂ ਭੇਜਣ ਲਈ : sp.singh@ggnkcl.com

## ਲੋਹਮਣੀ : ਅਕਤੂਬਰ-ਦਸੰਬਰ, 2025

'ਲੋਹਮਣੀ' ਦਾ ਟਾਇਟਲ ਖਿੱਚ ਭਰਪੂਰ ਹੈ। 'ਪੰਜਾਬ ਵਿਚ ਪਾਣੀ ਦਾ ਮਸਲਾ' ਵਿਸ਼ੇਸ਼ ਲੇਖ ਸ਼ੁਰੂ ਵਿੱਚ ਛਪਿਆ ਹੈ। ਗੁਰਮੇਲ ਸਿੰਘ ਬੌਡੇ, ਵਰਿੰਦਰ ਕੌਰ ਤੇ ਗੁਰਬਚਨ ਸਿੰਘ ਦੇ ਲੇਖ ਵੀ ਛਪੇ ਹਨ। ਅੰਕ ਵਿੱਚ ਪਛਾਣ (ਬਨਾਫ਼ਰ ਚੰਦਰ), ਕਣੀ (ਪ੍ਰਵੀਨ ਪੁਰੀ), ਤਸ਼ੱਦਦ (ਪਰਮਜੀਤ ਰੋਡੇ), ਜਿਗੋਲੋ (ਅਲਫ਼ਾਜ਼), ਸੰਧਾਰਾ (ਡਾ. ਇਕਬਾਲ ਸਿੰਘ ਸਕਰੌਦੀ) ਸਮੇਤ ਕੁਝ ਮਿੰਨੀ ਕਹਾਣੀਆਂ ਛਪੀਆਂ ਹਨ। ਹੱਥਲੇ ਅੰਕ ਵਿੱਚ ਮੋਹਨ ਮਤਿਆਲਵੀ, ਕਿਰਪਾਲ ਸਿੰਘ, ਵਿਜੈ ਵਿਵਦ, ਸੁਖਦੇਵ ਸਿੰਘ ਗਰੇਵਾਲ, ਗੁਰਮੀਤ ਖੋਖਰ, ਚਰਨ, ਜਸਵੰਤ ਗਿੱਲ, ਦੇਵਿੰਦਰ ਸੈਫ਼ੀ, ਮੇਜਰ ਸਿੰਘ ਕਾਲੇਕੇ, ਮੇਜਰ ਸਿੰਘ ਰਾਜਗੜ੍ਹ, ਦੀਪ ਜਗਤਪੁਰੀ, ਰਾਜਦੀਪ ਤੂਰ, ਅਮਨਦੀਪ ਕੌਰ, ਹਰਜਿੰਦਰ ਸਿੰਘ ਕੋਹਾਰਵਾਲਾ, ਮਨਦੀਪ ਕੌਰ ਭਦੌੜ, ਜਸਵੰਤ ਰਾਊਕੇ, ਪ੍ਰਸ਼ੋਤਮ ਪੱਤੋ ਆਦਿ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ।





ਇਸ ਅੰਕ ਦੇ ਸਫ਼ੇ : 68, ਮੁੱਲ : 40 ਰੁਪਏ, ਸੰਪਾਦਕ : ਡਾ. ਸੁਰਜੀਤ ਬਰਾੜ (98553-71313), ਰਚਨਾਵਾਂ ਭੇਜਣ ਲਈ : magazinelohmani@gmail.com

## ਪ੍ਰਾਇਮਰੀ ਸਿੱਖਿਆ : ਅਕਤੂਬਰ, 2025





ਹੱਥਲੇ ਅੰਕ ਵਿੱਚ ਮੀਕੂ (ਗੁਰਦੀਪ ਸਿੰਘ ਘੋਲੀਆ ਕਲਾਂ), ਸਰਵਣ ਪੁੱਤਰ (ਡਾ. ਸਰਬਜੀਤ ਸਿੰਘ ਸਫ਼ਰੀ), ਬੇੜੀ ਦੇ ਸੁਰਾਖ਼ (ਹਰੀ ਕ੍ਰਿਸਨ ਮਾਇਰ), ਜੇਜੋਂ ਦੇ ਪੇੜੇ (ਬਲਜਿੰਦਰ ਮਾਨ), ਨਵਾਂ ਗੁਰ (ਰਘੁਵੀਰ ਸਿੰਘ ਕਲੋਆ), ਸ਼ਰਤ (ਚਰਨਜੀਤ ਸਿੰਘ ਕਤਰਾ), ਕੁਦਰਤ ਦਾ ਇਨਸਾਫ਼ (ਡਾ. ਸੋਨੀਆ ਚਹਿਲ), ਹੁਣ ਮੈਂ ਸਕੂਲ ਜਾਵਾਂਗਾ (ਮਨਦੀਪ ਰਿੰਪੀ) ਦੀਆਂ ਕਹਾਣੀਆਂ ਸਮੇਤ ਕੁਝ ਕਵਿਤਾਵਾਂ ਅਤੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਸੰਪਾਦਕੀ ਵਿੱਚ ਪਰਮਿੰਦਰ ਕੌਰ ਨੇ ਤਿਉਹਾਰਾਂ ਵਿੱਚ ਵਧ ਰਹੇ ਪ੍ਰਦੂਸ਼ਣ ਨੂੰ ਠੱਲ ਪਾਉਣ ਦਾ ਸੁਨੇਹਾ ਦਿੱਤਾ ਹੈ। ਇਸ ਅੰਕ ਦੇ ਸਫ਼ੇ : 36, ਮੁੱਲ : 20 ਰੁਪਏ, ਸੰਪਾਦਕ: ਪਰਮਿੰਦਰ ਕੌਰ,ਰਚਨਾਵਾਂ ਭੇਜਣ ਲਈ : pankhrianpseb@gmail.com

## ਪੰਖੜੀਆਂ : ਅਕਤੂਬਰ, 2025

ਪੰਜਾਬ ਸਕੂਲ ਸਿੱਖਿਆ ਬੋਰਡ ਦਾ ਬੱਚਿਆ ਦਾ ਰਸਾਲਾ 'ਪੰਖੜੀਆਂ' ਦਾ ਨਵਾਂ ਅੰਕ ਛਪ ਗਿਆ ਹੈ। ਸੰਪਾਦਕੀ ਵਿੱਚ ਪਰਮਿੰਦਰ ਕੌਰ ਨੇ ਦਿਵਾਲੀ ਦੇ ਤਿਉਹਾਰ ਨੂੰ ਸਾਫ਼ ਸਫ਼ਾਈ ਤੇ ਭਾਈਚਾਰੇ ਦੀ ਭਾਵਨਾ ਨੂੰ ਵਧਾਉਣ ਵਾਲਾ ਤਿਉਹਾਰ ਕਿਹਾ ਹੈ। ਹੱਥਲੇ ਅੰਕ ਵਿੱਚ ਐਸਾ ਦੀਵਾ ਬਾਲੀਏ (ਰਮੇਸ਼ ਬੱਗਾ ਚੋਹਲਾ), ਪਾਣੀ ਦੀ ਅਹਿਮੀਅਤ (ਡਾ. ਸਾਧੂ ਰਾਮ ਲੰਗੇਆਣਾ), ਅਣਮੁੱਲਾ ਤੋਹਫਾ (ਅਮਨਦੀਪ ਕੌਰ), ਵਰਖਾ ਰੁੱਤ (ਅੰਜੂ ਵ ਰੱਤੀ), ਮਿੱਠੀ ਬੋਲਬਾਣੀ ਚੰਗਾ ਗੁਣ (ਸੰਜੀਵ ਸੈਣੀ), ਮੈਂ ਪੰਜਾਬੀ (ਹਰਪ੍ਰੀਤ ਕੌਰ), ਗੀਤ (ਕੁੰਦਨ ਲਾਲ ਭੱਟੀ), ਕੁਦਰਤ ਨਾਲ ਖਿਲਵਾੜ (ਸੁਰਿੰਦਰਪਾਲ ਸਿੰਘ), ਪੁਸਤਕਾਂ ਨਾਲ ਦੋਸਤੀ (ਮਨਮੋਹਨ ਸਿੰਘ ਦਾਊ), ਬਾਲਮੀਕ ਜਯੰਤੀ (ਕੁਲਵੰਤ ਸਿੰਘ ਢੰਡ), ਪੰਘੂੜੇ (ਬਲਵਿੰਦਰ ਬਾਲਮ), ਸੱਚਾ ਕਲਾਕਾਰ (ਦਵਿੰਦਰ ਕੌਰ ਖੁਸ਼), ਪਛਤਾਵਾ (ਉਮਾ ਕਮਲ), ਸਹੀ ਫੈਸਲਾ (ਕਹਾਣੀ-ਡਾ. ਫ਼ਕੀਰ ਚੰਦ ਸ਼ੁਕਲਾ), ਘਰਾਂ ਨੂੰ ਮੁੜ ਆਇਓ (ਗੁਰਪ੍ਰੀਤ ਕੌਰ ਜਨਾਗਲ), ਸੇਵਾ (ਇਕਬਾਲ ਸਿੰਘ ਸਕਰੌਦੀ), ਦੋਸਤੀ (ਰਛਪਾਲ ਸਿੰਘ ਰੈਸਲ), ਮੋਬਾਇਲ ਦੀ ਖੇਡ (ਮਨਿੰਦਰ ਕੌਰ ਬਸੀ), ਥੇਹ (ਜਸਬੀਰ ਭੁੱਲਰ), ਗਿਆਨ ਮੁਕਾਬਲਾ (ਦਰਸ਼ਨ ਸਿੰਘ ਆਸ਼ਟ) ਦੇ ਲੇਖ ਅਤੇ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਤਤਕਰੇ ਵਿੱਚ ਹਰ ਨਾਂ ਅੱਗੇ ਸ੍ਰੀ-ਸ਼੍ਰੀਮਤੀ ਲਗਾਉਣਾ ਠੀਕ ਨਹੀਂ ਲੱਗਦਾ। ਸਾਹਿਤਕ ਪੱਤਰਕਾਰੀ ਵਿੱਚ ਸਿੱਧਾ ਲੇਖਕ ਦਾ ਨਾਂ ਲਿਖਿਆ ਜਾਂਦਾ ਹੈ। ਜਸਬੀਰ ਭੁੱਲਰ ਦਾ ਹਰ ਵਾਰ ਨਾਂ ਗ਼ਲਤ ਲਿਖਿਆ ਜਾਂਦਾ ਹੈ-'ਜਸਵੀਰ ਸਿੰਘ ਭੁੱਲਰ'। ਪੰਖੜੀਆਂ ਵਿੱਚ ਛਪਦੇ ਬਹੁਤੇ ਲੇਖ ਬਹੁਤ ਹੀ ਪੇਤਲੇ ਹੁੰਦੇ ਹਨ। ਲੇਖਾਂ ਦੀ ਚੋਣ ਕਰਨ ਲੱਗਿਆ ਹੋਰ ਧਿਆਨ ਦੇਣ ਦੀ ਲੋੜ ਹੈ। ਇਸ ਅੰਕ ਦੇ ਸਫ਼ੇ: 40, ਮੁੱਲ: 20 ਰੁਪਏ, ਸੰਪਾਦਕ: ਪਰਮਿੰਦਰ ਕੌਰ, ਰਚਨਾਵਾਂ ਭੇਜਣ ਲਈ : pankhrianpseb@gmail.com ਪਤਾ-ਸੰਪਾਦਕ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062)



# ਹੀਰਾ ਸਿੰਘ ਤੂਤ ਦੀਆਂ ਮਿੰਨੀ ਕਹਾਣੀਆਂ

## ਕੰਧ ਉਹਲੇ ਰਾਵਣ

ਬਿਸ਼ਨੀ ਹਾਲੇ ਭਰ ਜੁਆਨ ਹੀ ਸੀ ਕਿ ਉਹਦਾ ਘਰਵਾਲਾ ਰੱਬ ਨੂੰ ਪਿਆਰਾ ਹੋ ਗਿਆ ਸੀ। ਦੋ ਛੋਟੇ ਬੱਚੇ ਪਿੱਛੇ ਛੱਡ ਗਿਆ ਸੀ। ਗੁਜਾਰੇ ਜੋਗੀ ਪੈਲੀ ਸੀ, ਜਿਹਦੇ ਸਿਰ 'ਤੇ ਉਸ ਨੇ ਜ਼ਿੰਦਗੀ ਕੱਢਣ ਦਾ ਫੈਸਲਾ ਲੈ ਲਿਆ ਸੀ। ਪਿੱਛੇ ਉਹਦੇ ਮਾਪੇ ਤੇ ਭੈਣ-ਭਰਾ ਵਿੱਚੋਂ ਵੀ ਕੋਈ ਬਾਕੀ ਨਹੀਂ ਰਹੇ ਸਨ, ਜਿਨ੍ਹਾਂ ਕੋਲ ਉਹ ਵਾਪਸ ਜਾ ਸਕਦੀ। ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਦੀ।

ਜਦ ਉਹ ਘਰ ਦੇ ਪਸ਼ੂਆਂ ਦਾ ਗੋਹਾ-ਕੂੜਾ ਪਿੰਡ ਦੀ ਫਿਰਨੀ 'ਤੇ ਲੱਗੀ ਰੂੜੀ ਉਪਰ ਸੁੱਟਣ ਜਾਂਦੀ ਤਾਂ ਸੱਥ ਵਿੱਚ ਤਾਸ਼ ਕੁੱਟ ਰਹੇ ਵਿਹਲੜ ਉਹਦੇ ਵੱਲ ਮਾੜੀ ਨਜ਼ਰ ਨਾਲ਼ ਟੇਢਾ-ਟੇਢਾ ਤੱਕਦੇ ਰਹਿੰਦੇ। ਘਰ ਦੀ ਕੰਧ ਨਾਲ ਹੀ ਰਹਿੰਦਾ ਛੜਾ ਜੇਠ ਵੀ ਉਸ 'ਤੇ ਅੱਖ ਰੱਖਦਾ। ਇੱਕ ਰਾਤ ਤਾਂ ਹੱਦ ਹੀ ਹੋ ਗਈ, ਜਦ ਉਹ ਕੰਧ ਟੱਪ ਕੇ ਆਣ ਵੜਿਆ ਸੀ। ਉਸ ਨੇ ਬਿਸ਼ਨੀ ਦੇ ਮੰਜੇ ਦੇ ਸਿਰਹਾਣੇ ਬੈਠ ਕੇ ਉਹਦੀ ਗੱਲ੍ਹ ਨੂੰ ਛੋਹ ਲਿਆ ਸੀ ਤਾਂ ਬਿਸ਼ਨੀ ਤ੍ਰਭਕ ਕੇ ਉੱਠੀ ਸੀ ਤੇ ਛੜਾ ਜੇਠ ਆਖਣ ਲੱਗਾ, ਸਹੁਰੀ ਦੀਏ ! ਇਹ ਕਾਹਨੂੰ ਕੱਲ੍ਹੀ ਈ ਧੰਦ ਪਿੱਟਦੀ ਫਿਰਦੀ ਆਂ ! ਚੱਲ ਆਪਾਂ ਦੋਵੇਂ ਇਕੱਠੇ ਹੋ ਕੇ ਧੰਦ ਪਿੱਟੀਏ!

ਦਫਾ ਹੋਜਾ ਕੰਜਰਾ! ਨਹੀਂ ਤਾਂ ਦਿਨ ਚੜ੍ਹਦੇ ਨੂੰ ਥਾਣਾ ਦਿਖਾਦੂੰਗੀ! ਤੇ ਉਹਦਾ ਜੇਠ ਡਰਦਾ ਹੋਇਆ ਪੱਤਰੇ ਵਾਚ ਗਿਆ ਸੀ, ਪਰ ਆਟੇ ਦੀ ਤੌਣ ਦੀ ਰਾਖੀ ਕੌਣ ਕਰੇ? ਪਿੰਡ ਦੇ ਕਈ ਮੁਸ਼ਟੰਡੇ ਵੀ ਗਲੀ 'ਚੋਂ ਲੰਘਦਿਆਂ ਉਸ ਨੂੰ ਮਸ਼ਕਰੀਆਂ ਕਰਦੇ। ਸੱਥ ਵਿੱਚ ਬੈਠੇ ਅੱਠ-ਦਸ ਜਣੇ ਵੀ ਇੱਕ-ਦੂਜੇ ਰਾਹੀਂ ਵਿਅੰਗ ਕੱਸਦੇ ਰਹਿੰਦੇ?

ਦੁਸਹਿਰੇ ਦਾ ਦਿਨ ਸੀ। ਗਲੀ ਦੇ ਬੱਚਿਆਂ ਨੇ ਸਾੜਨ ਲਈ ਕਾਗਜ਼ਾਂ ਦਾ ਰਾਵਣ ਬਣਾਇਆ ਸੀ। ਕੋਲੋਂ ਲੰਘਦੀ ਬਿਸ਼ਨੀ ਨੇ ਬੱਚਿਆਂ ਨੂੰ ਪੁੱਛਿਆ ਸੀ, ਵੇ ਬੀਬੇ ਪੁੱਤੋ! ਰਾਵਣ ਦੇ ਪੁਤਲੇ ਨੂੰ ਮੈਂ ਅੱਗ ਲਾ ਲਵਾਂ! ਤੁਹਾਡੇ ਤੋਂ ਲੱਗਣੀ ਨਹੀਂ! ਬੱਚਿਆਂ ਨੇ ਆਗਿਆ ਦੇ ਦਿੱਤੀ ਸੀ। ਜਦ ਰਾਵਣ ਦੇ ਪੁਤਲੇ ਨੂੰ ਅੱਗ ਲਾਈ ਤਾਂ ਸਾਰੇ ਬੱਚੇ ਉੱਚੀ-ਉੱਚੀ ਚੀਕਾਂ ਮਾਰਨ ਲੱਗੇ ਤੇ ਰੌਲ਼ਾ ਪਾਉਣ ਲੱਗ ਪਏ ਸਨ। ਬਿਸ਼ਨੀ ਦੀਆਂ ਚੀਕਾਂ ਵੀ ਬੱਚਿਆਂ ਨਾਲ ਇੱਕਮਿੱਕ ਹੋ ਗਈਆਂ ਸਨ। ਇੱਕ ਪਲ ਲਈ ਉਸ ਨੂੰ ਲੱਗਾ ਸੀ, ਜਿਵੇਂ ਉਸ ਨੇ ਆਪਣਾ ਛੜਾ ਜੇਠ ਤੇ ਸੱਥ ਵਿਚਲੇ ਅੱਠ-ਦਸ ਬੰਦੇ ਫੂਕ ਦਿੱਤੇ ਹੋਣ।

## ਬਾਰ ਪਰਾਇਐ ਬੈਸਣਾ

ਗੁਰਦਿੱਤਾ ਸਿਹੁੰ ਸਾਰੀ ਉਮਰ ਆਪਣੀ ਆਕੜ ਤੇ ਹਉਮੈ ਵਿੱਚ ਹੀ ਰਿਹਾ ਸੀ। ਕਦੇ ਕਿਸੇ ਦੀ ਟੈਂਅ ਨਾ ਮੰਨਦਾ। ਨਾ ਘਰਦਿਆਂ ਦੀ ਤੇ ਨਾ ਬਾਹਰਲੇ ਲੋਕਾਂ ਦੀ। ਸਮਾਂ ਬੀਤਦਾ ਗਿਆ। ਧੀ-ਪੁੱਤ ਵਿਆਹੇ ਗਏ ਸਨ ਤੇ ਘਰਵਾਲੀ ਸਦੀਵੀ ਵਿਛੋੜਾ ਦੇ ਗਈ ਸੀ। ਰੋਟੀ-ਟੁੱਕ ਦਾ ਬੜਾ ਔਖਾ ਹੋ ਗਿਆ ਸੀ। ਉਹਦੇ ਇੱਕ ਪੁੱਤ ਨੇ ਉਸ ਨੂੰ ਰੋਟੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਉਸ ਨੇ ਮੁੱਲ ਦੀ ਰੋਟੀ ਦਾ ਇੱਕ ਡੱਬਾ ਲਗਵਾ ਲਿਆ ਸੀ, ਪਰ ਉਹ ਗੱਲ ਕਿੱਥੇ ਬਣਦੀ ਹੈ, ਜੋ ਸਵਾਦ ਘਰ ਦੀ ਰੋਟੀ ਵਿੱਚ ਹੁੰਦਾ ਹੈ। ਇੱਕ ਵਾਰ ਉਸ ਦੀ ਬਿਮਾਰ ਪਈ ਘਰਵਾਲੀ ਨੇ ਕਿਹਾ ਸੀ, ਵੇ ਕਮਲਿਆ! ਕੋਈ ਰੋਟੀ ਪਕਾਉਣੀ ਵੀ ਸਿੱਖ ਲੈ! ਕੀ ਪਤਾ ਕਦੇ ਆਪ ਨੂੰ ਹੀ ਪਕਾਉਣੀ ਪੈ ਜਾਵੇ!

ਗੁਰਦਿੱਤਾ ਆਖਣ ਲੱਗਾ, ਬਥੇਰੀ ਪੈਨਸ਼ਨ ਆ ਮੇਰੀ! ਮੁੱਲ ਦੀ ਖਾ ਲਿਆ ਕਰੂੰਗਾ! ਚਾਰ ਬੰਦੇ ਦਿਹਾੜੀ 'ਤੇ ਰੱਖਲੂੰਗਾ! ਅੱਗੇ-ਪਿੱਛੇ ਤੁਰੇ ਫਿਰਨਗੇ ਮੇਰੇ! ਤੂੰ ਮੇਰੀ ਫਿਕਰ ਨਾ ਕਰ!

ਕਦੇ-ਕਦੇ ਉਸ ਨੂੰ ਆਪਣੀ ਤੀਵੀਂ ਬਹੁਤ ਯਾਦ ਆਉਂਦੀ ਤੇ ਉਹਦੀਆਂ ਅੱਖਾਂ ਵਿੱਚੋਂ ਖਾਰੇ ਪਾਣੀ ਦੀਆਂ ਬੂੰਦਾਂ ਵਹਿ ਤੁਰਦੀਆਂ ਤੇ ਅੱਜਕੱਲ੍ਹ ਉਹ ਗੁਰਦੁਆਰੇ ਵਿੱਚ ਸਵੇਰੇ- ਸ਼ਾਮ ਜਾਂਦਾ, ਲੰਗਰ ਛਕ ਆਉਂਦਾ। ਆਪਣੇ ਸਮੇਂ ਵਿੱਚ ਉਹ ਰੱਬ ਨੂੰ ਵੀ ਟੱਬ ਦੱਸਦਾ ਰਿਹਾ ਸੀ, ਪਰ ਫਿਰ ਵੀ ਪਤਾ ਨਹੀਂ ਕਿਉਂ ਉਹ ਸਵੇਰੇ-ਸਵੇਰੇ ਟੀ ਵੀ ਉਪਰ ਸੰਤ ਮਸਕੀਨ ਦੇ ਲੈਕਚਰ ਸੁਣਦਾ ਰਹਿੰਦਾ।

ਇੱਕ ਦਿਨ ਗੁਰਦੁਆਰੇ ਦੇ ਸਿੰਘ ਸਾਹਿਬਾਨ ਨੇ ਉਸ ਨੂੰ ਕਿਹਾ ਸੀ, ਸਿੰਘਾ! ਗੁੱਸਾ ਤਾਂ ਨਾ ਕਰੀਂ ! ਗੁਰੂ-ਘਰ ਵਿੱਚ ਮੁਫ਼ਤ ਹਰ ਰੋਜ਼ ਛਕਣਾ ਬੁਰੀ ਗੱਲ ਹੈ! ਓਨੀ ਕੁ ਸੇਵਾ ਜ਼ਰੂਰ ਕਰ ਲਿਆ ਕਰ, ਜਿੰਨਾ ਕੁ ਪੇਟ ਭਰਦਾਂ।

ਤੇ ਫਿਰ ਗੁਰਦਿੱਤਾ ਗੁਰੂ ਘਰ ਵਿੱਚ ਲੱਗੀ ਵੱਡੀ ਬੇਰੀ ਥੱਲੇ ਬਹੁਕਰ-ਬੁਹਾਰੀ ਕਰ ਛੱਡਦਾ। ਬੇਰੀ ਦੇ ਕੰਡੇ ਹੂੰਝਦਿਆਂ ਆਪਣੇ ਦੋ-ਚਾਰ ਹੰਝੂ ਵੀ ਰੋਜ਼ ਨਾਲ ਹੀ ਹੂੰਝ ਦਿੰਦਾ ਤੇ ਉਸ ਨੂੰ ਆਪਣੀ ਤੀਵੀਂ ਦੇ ਆਖੇ ਬੋਲ ਯਾਦ ਆਉਂਦੇ ਰਹਿੰਦੇ, ਵੇ ਕਮਲਿਆ! ਕੋਈ ਰੋਟੀ ਪਕਾਉਣੀ ਵੀ ਸਿੱਖ ਲੈ! ਕੀ ਪਤਾ ਕਦੇ ਆਪ ਨੂੰ ਹੀ ਪਕਾਉਣੀ ਪੈ ਜਾਵੇ!

## ਕਮਾਈ

ਇੱਕ ਦਿਨ ਧੁਆਂਖੇ ਜਿਹੇ ਚਿਹਰੇ ਵਾਲੀ ਤੇਜੋ ਨੂੰ ਕੋਲੋਂ ਲੰਘਦਿਆਂ ਵੇਖਿਆ ਤਾਂ ਸ਼ਿੰਦੀ ਦਾ ਚੇਤਾ ਆ ਗਿਆ ਸੀ। ਸ਼ਿੰਦੀ ਭਾੜੇ 'ਤੇ ਟਰੈਕਟਰ ਚਲਾਉਂਦਾ ਹੁੰਦਾ ਸੀ। ਉਹ ਸਾਰੀ ਉਮਰ ਛੜਾ ਹੀ ਰਿਹਾ। ਬੇਬੇ-ਬਾਪੂ ਮਰ ਗਏ ਸਨ। ਉਮਰ ਦੇ ਪਿਛਲੇ ਪੜਾਅ 'ਤੇ ਤੇਜੋ ਨਾਲ ਮੁਹੱਬਤ ਹੋ ਗਈ ਸੀ। ਇਕ ਦਿਨ ਉਹ ਮੇਰੇ ਗੋਰੇ ਪੈਰਾਂ ਨੂੰ ਵੇਖ ਕੇ ਆਖਣ ਲੱਗਾ, ਤੇਰੇ ਪੈਰ ਤਾਂ ਸ਼ਿੰਦੇ ਦੀ ਮਾਂ ਵਰਗੇ ਹਨ!

ਤੂੰ ਸਿਰਫ ਉਹਦੇ ਪੈਰ ਹੀ ਵੇਖੇ ਸੀ? ਮੈਂ ਹੱਸਦਿਆਂ ਕਿਹਾ ਸੀ।

ਇੱਕ ਦਿਨ ਜੇਠ-ਹਾੜ੍ਹ ਦੇ ਮਹੀਨੇ ਸਿਰ ਉਪਰ ਗਿਲਾ ਪਰਨਾ ਲੈ ਕੇ ਤੁਰਿਆ ਆ ਰਿਹਾ ਸੀ। ਮੈਂ ਕਿਹਾ, ਗਰਮੀ ਬੜੀ ਐ ਤੇ ਉਹ ਆਖਣ ਲੱਗਾ, ਯਾਰ ! ਜੇ ਮੇਰੇ ਕੋਲ ਪੈਟਰੋਲ ਪੰਪ ਹੋਵੇ ਨਾ ਤੇ ਫਿਰ ਮੈਂ ਮੋਟਰਸਾਈਕਲ ਦੀ ਟੈਂਕੀ ਫੁੱਲ ਕਰਾ ਕੇ ਸਿਰ ਉਪਰ ਪਰਨਾ ਗਿੱਲਾ ਕਰਕੇ ਲਵਾਂ ਤੇ ਕਦੇ ਮੋਟਰਸਾਈਕਲ ਇਧਰ ਨੂੰ ਭਜਾਵਾਂ! ਕਦੇ ਮੋਟਰਸਾਈਕਲ ਉਧਰ ਨੂੰ ਭਜਾਵਾਂ!

ਜਾ ਉਹ ਮੂਰਖਾ! ਜੇ ਤੇਰੇ ਕੋਲ ਪੰਪ ਹੋਵੇਗਾ ਤੂੰ ਅੰਦਰ ਏ ਸੀ ਚਲਾ ਕੇ ਨਾ ਬੈਠੇਂਗਾ? ਮੈਂ ਹੱਸਦਿਆਂ ਕਿਹਾ ਸੀ।

ਤੇ ਫਿਰ ਉਸ ਨੂੰ ਤੇਜੋ ਤੋਂ ਟੀ ਬੀ ਹੋ ਗਈ ਸੀ। ਇਕ ਦਿਨ ਮੈਂ ਉਸ ਨੂੰ ਪੁੱਛਿਆ, ਚਾਚਾ ਯਾਰ! ਪਿਆਰ 'ਚੋਂ ਤੂੰ ਕੀ ਖੱਟਿਆ ਹੈ?

ਉਹ ਕਹਿੰਦਾ, ਹੋਰ ਤਾਂ ਕੁਝ ਨਹੀਂ ਖੱਟਿਆ, ਪਰ ਟੀ ਬੀ ਜ਼ਰੂਰ ਖੱਟ ਲਈ ਹੈ। ਇੱਕ ਦਿਨ ਸ਼ਿੰਦੀ ਦੁਨੀਆਂ ਤੋਂ ਚਲਾ ਗਿਆ ਤੇ ਤੇਜੋ ਕੋਲ ਹਾਲੇ ਵੀ ਟੀ ਬੀ ਹੀ ਹੈ, ਜੋ ਅੱਜਕੱਲ੍ਹ ਉਹ ਹੋਰਨਾਂ ਨੂੰ ਵੰਡ ਰਹੀ ਹੈ।

## ਅਫ਼ਸੋਸ

ਦਫਤਰ ਵਿੱਚ ਜਦ ਲੰਚ-ਬ੍ਰੇਕ ਹੋਈ ਤਾਂ ਸਾਰਾ ਸਟਾਫ ਖਾਣੇ ਵਾਲੇ ਮੇਜ਼ ਉਪਰ ਆ ਬੈਠਾ ਸੀ। ਰਮੇਸ਼ ਲਾਲ ਦੇ ਨਾਲ ਮੈਡਮ ਚੰਪਾ, ਚਮੇਲੀ ਤੇ ਆਸ਼ਾ ਜੀ ਵੀ ਆ ਬੈਠੀਆਂ ਸਨ। ਜਦ ਰਮੇਸ਼ ਨੇ ਆਪਣਾ ਰੋਟੀ ਵਾਲਾ ਡੱਬਾ ਖੋਲ੍ਹਿਆ ਸੀ ਤਾਂ ਦੋ ਪਰਾਂਠੇ ਅੰਬ ਦੇ ਅਚਾਰ ਨਾਲ ਪੈਕ ਕੀਤੇ ਹੋਏ ਸਨ। ਆਸ਼ਾ ਮੈਡਮ ਨੇ ਕਿਹਾ, ਅਰੇ ਸਰ! ਯੇ ਕਿਆ ਬਾਤ ਹੋਈ ਆਚਾਰ ਕੇ ਸਾਥ ਰੋਟੀ !

ਨਹੀਂ ਐਸੀ ਤਾਂ ਕੋਈ ਗੱਲ ਨਹੀਂ ਹੈ, ਹਰ ਰੋਜ਼ ਸਬਜ਼ੀਆਂ ਖਾ-ਖਾ ਕੇ ਮੂੰਹ ਦਾ ਸਵਾਦ ਹੀ ਬਦਲਿਆ ਪਿਆ ਸੀ। ਮੈਂ ਖ਼ੁਦ ਹੀ ਅਚਾਰ ਨਾਲ ਰੋਟੀ ਲੈ ਆਇਆ ਹਾਂ। ਰਮੇਸ਼ ਨੇ ਕੁਝ ਛੁਪਾਉਂਦੇ ਹੋਏ ਕਿਹਾ ਸੀ।

ਅਸਲ ਵਿੱਚ ਬੀਤੇ ਦਿਨ ਉਹਦੀ ਪਤਨੀ ਆਥਣ ਸਮੇਂ ਕੱਪੜੇ ਧੋ ਰਹੀ ਸੀ। ਕੁਵੇਲਾ ਹੋ ਗਿਆ ਸੀ ਤੇ ਉਹ ਆਸ ਕਰਦੀ ਰਹੀ ਸੀ ਕਿ ਉਹਦੀ ਬਜ਼ੁਰਗ ਸੱਸ ਕੋਈ ਸਬਜ਼ੀ ਹੀ ਕੱਟ ਕੇ ਰੱਖ ਦੇਵੇਗੀ, ਪਰ ਅਜਿਹਾ ਨਾ ਹੋਇਆ ਤੇ ਰਾਤ ਨੂੰ ਦਹੀਂ ਤੇ ਚਟਨੀ ਨਾਲ ਹੀ ਰੋਟੀ ਖਾ ਕੇ ਗੁਜ਼ਾਰਾ ਕਰ ਲਿਆ ਸੀ। ਰਮੇਸ਼ ਨੂੰ ਬਹੁਤ ਵਾਰ ਪਤਨੀ ਦੀਆਂ ਇਹ ਜ਼ਿਦਾਂ ਬਹੁਤ ਬੁਰੀਆਂ ਲੱਗਦੀਆਂ ਕਿ ਬਜ਼ੁਰਗਾਂ ਨਾਲ ਭਲਾ ਕਾਹਦੀ ਜ਼ਿੱਦ ਹੁੰਦੀ ਆ! ਜੋ ਕੰਮ ਕਰ ਲੈਣ ਬਸ ਉਸ ਨੂੰ ਹੀ ਲਾਹਾ ਸਮਝਣਾ ਚਾਹੀਦਾ ਹੈ।

ਸਮਾਂ ਬੀਤਦਾ ਗਿਆ ਤੇ ਇੱਕ ਦਿਨ ਰਮੇਸ਼ ਦੀ ਮਾਤਾ ਇਸ ਦੁਨੀਆ ਨੂੰ ਅਲਵਿਦਾ ਆ ਗਈ ਸੀ। ਸੱਥਰ ਉਪਰ ਲੋਕ ਆ ਰਹੇ ਸਨ ਤੇ ਅਫ਼ਸੋਸ ਜ਼ਾਹਰ ਕਰ ਰਹੇ ਸਨ। ਰਮੇਸ਼ ਦੀ ਪਤਨੀ ਆਖ ਰਹੀ ਸੀ, ਬਜ਼ੁਰਗ ਤਾਂ ਘਰਾਂ ਦੇ ਜਿੰਦਰੇ ਹੁੰਦੇ ਨੇ, ਬਥੇਰਾ ਆਸਰਾ ਹੁੰਦਾ ਹੈ, ਭਾਵੇਂ ਕੁਝ ਕਰਨ ਭਾਵੇਂ ਨਾ ਕਰਨ! ਬਸ ਮੰਜੇ 'ਤੇ ਹੀ ਬੈਠੇ ਰਹਿਣ, ਰੌਣਕ ਤਾਂ ਘਰ ਦੇ ਜੀਆਂ ਨਾਲ ਹੀ ਹੁੰਦੀ ਹੈ!

'ਹੋਰ ਨਾ ਵੀ ਕੁਝ ਕਰਨ ਤਾਂ ਆਲੂ-ਗੰਡੇ ਤਾਂ ਚੀਰ ਹੀ ਦਿੰਦੇ ਨੇ!' ਰਮੇਸ਼ ਨੇ ਕਿਹਾ ਤਾਂ ਉਸ ਦੀ ਪਤਨੀ ਦੇ ਚਿਹਰੇ 'ਤੇ ਪਲਿੱਤਣ ਫਿਰ ਗਈ ਸੀ।

## ਮੌਲੀ ਬੱਧੇ ਕਰੂਏ

ਬਸੰਤੀ ਕਿਸੇ ਗਰੀਬ ਮਜ਼ਦੂਰ ਦੀ ਤੀਵੀਂ ਸੀ। ਜਵਾਨੀ-ਪਹਿਰੇ ਉਸ ਉਪਰ ਬਥੇਰਾ ਹੁਸਨ ਸੀ। ਪਿੰਡ ਦੇ ਕਿਸੇ ਜ਼ਿਮੀਂਦਾਰ ਨੇ ਮਾੜੇ ਤੋਂ ਪੈਸੇ ਲੈਣੇ ਸਨ, ਪਰ ਉਸ ਤੋਂ ਪੈਸੇ ਮੁੜ ਨਹੀਂ ਰਹੇ ਸਨ। ਇੱਕ ਦਿਨ ਧਰਮਾ ਉਸ ਦੇ ਵਿਹੜੇ ਵਿੱਚ ਆ ਕੇ ਆਖਣ ਲੱਗਾ, ਮਾੜਿਆ! ਜਾਂ ਤਾਂ ਮੇਰੇ ਪੈਸੇ ਮੋੜਦੇ ਜਾਂ ਆਵਦੀ ਤੀਵੀਂ ਮੇਰੇ ਨਾਲ ਤੋਰਦੇ ਫੇਰ !

ਮਾੜੇ ਨੇ ਕਿਹਾ ਸੀ, ਜਾਹ ਲੈ ਜਾ ਯਾਰ !

ਮੁੱਕਰੀ ਨਾ ਫਿਰ ! ਧਰਮੇ ਨੇ ਗੱਲ ਪੱਕੀ ਕਰਦਿਆਂ ਕਿਹਾ ਸੀ ਤੇ ਧਰਮਾ ਉਸ ਨੂੰ ਨਾਲ ਲੈ ਆਇਆ ਸੀ। ਉਹ ਵੀ ਚੁੱਪ ਕਰਕੇ ਉਸ ਦੇ ਨਾਲ ਹੀ ਤੁਰ ਪਈ ਸੀ। ਉਸ ਨੂੰ ਪਿੰਡ ਵਿੱਚ ਹੀ ਘਰ ਪਾ ਦਿੱਤਾ ਸੀ। ਉਸ ਦੇ ਨਿਆਣੇ ਵੀ ਉਸ ਨਾਲ ਰਹਿਣ ਲੱਗ ਪਏ ਸਨ। ਮਾੜੇ ਨੇ ਵੀ ਹੋਰ ਵਿਆਹ ਕਰਵਾ ਲਿਆ ਸੀ। ਪਿੰਡ ਦੀ ਇੱਕ ਨੂੰਹ ਪਿੰਡ ਦੇ ਹੀ ਇੱਕ ਮਹਾਤੜ ਬੰਦੇ ਨੇ ਵਸਾ ਲਈ ਸੀ। ਧਰਮੇ ਦਾ ਆਪਣਾ ਵੀ ਟੱਬਰ ਸੀ। ਸਾਰਾ ਪਿੰਡ ਥੂਹ-ਥੂਹ ਕਰਦਾ। ਉਹ ਬੇਫਿਕਰਾ ਹੋ ਕੇ ਬਸੰਤੀ ਦੇ ਘਰ ਦਿਨ ਵਿੱਚ ਕਈ-ਕਈ ਗੇੜੇ ਮਾਰਦਾ। ਉਹਦੀ ਸਾਰੀ ਕਬੀਲਦਾਰੀ ਵੀ ਉਸ ਨੇ ਨਜਿੱਠ ਦਿੱਤੀ ਸੀ। ਉਹ ਆਪ ਵੀ ਦੋਹਤੇ-ਪੋਤਿਆਂ ਵਾਲਾ ਬੰਦਾ ਸੀ।

ਸਮਾਂ ਬੀਤਦਾ ਰਿਹਾ। ਬਸੰਤੀ ਤੇ ਧਰਮਾ ਬਜ਼ੁਰਗ ਹੋ ਚੁੱਕੇ ਸਨ ਤੇ ਇੱਕ ਦਿਨ ਧਰਮਾ ਵੀ ਤੁਰ ਗਿਆ ਸੀ। ਉਸ ਦੇ ਮਰਨ ਤੋਂ ਬਾਅਦ ਬਸੰਤੀ ਬਹੁਤ ਰੋਈ ਰਹੀ। ਉਸ ਦਾ ਵਿਛੋੜਾ ਨਾ ਸਹਾਰਦੀ ਹੋਈ ਉਹ ਵੀ ਇੱਕ ਦਿਨ ਰੱਬ ਨੂੰ ਪਿਆਰੀ ਹੋ ਗਈ। ਬਸੰਤੀ ਦੇ ਘਰ ਦੇ ਸਾਹਮਣੇ ਗਲੀ ਉਪਰ ਚਾਰ ਕਰੂਏ ਮੌਲੀ ਬੱਧੇ ਪਏ ਸਨ। ਦੋ ਉਸ ਦੀ ਨੂੰਹ ਦੇ ਰੱਖਦੇ ਸਨ, ਦੋ ਕਰੂਏ ਇਸ ਤਰ੍ਹਾਂ ਪਏ ਸਨ ਕਿ ਉਹਨਾਂ ਦੇ ਸਿਰ ਜੁੜੇ ਹੋਏ ਦਿਖਾਈ ਦੇ ਰਹੇ ਸਨ। ਇਹ ਦੋ ਕਰੂਏ ਧਰਮੇ ਤੇ ਬਸੰਤੀ ਦੇ ਚਿਹਰੇ ਵਾਂਗ ਹੀ ਜਾਪ ਰਹੇ ਸਨ।

## ਪੌਣੇ ਲੱਖ ਦਾ ਬੰਦਾ

ਜਦ ਪਾਲਾ ਨੌਕਰੀ ਤੋਂ ਘਰ ਵਾਪਿਸ ਆਇਆ ਸੀ ਤਾਂ ਜੀਤੋ ਨੇ ਨਾ ਚਾਹ ਪੁੱਛੀ ਨਾ ਪਾਣੀ, ਸਗੋਂ ਉਸ ਉਪਰ ਵਰ੍ਹਨ ਲੱਗ ਪਈ ਸੀ। ਉਹ ਆਖ ਰਹੀ ਸੀ, ਰੋਜ਼ ਹੀ ਖਾਲੀ ਹੱਥ ਲਮਕਾਉਂਦਾ ਘਰ ਆ ਜਾਨਾ! ਕਦੇ ਕੋਈ ਸਬਜ਼ੀ-ਭਾਜੀ ਲੈ ਆਇਆ ਕਰੋ!

ਕੋਈ ਪਾਣੀ-ਧਾਣੀ ਵੀ ਪੁੱਛ ਲਿਆ ਕਰ! ਜੇ ਸਬਜ਼ੀ-ਭਾਜੀ ਨਹੀਂ ਆਈ ਤਾਂ ਘਰ ਬਥੇਰਾ ਰਾਸ਼ਨ ਪਿਆ! ਕੋਈ ਦਾਲ ਹੀ ਧਰ ਲਓ! ਐਵੇਂ ਰੋਜ਼ ਨਿੱਤ ਦੀ ਘਿਚ-ਘਿਚ ਲਾਈ ਰੱਖਦੀ ਆਂ ! ਪਾਲੇ ਨੇ ਅੱਕੇ ਹੋਏ ਨੇ ਕਿਹਾ ਸੀ। ਪਾਲਾ ਬਹੁਤ ਘੱਟ ਸਬਜ਼ੀ ਮੰਡੀ ਵਿੱਚ ਵੜਦਾ। ਉਸ ਅਨੁਸਾਰ ਉਸ ਨੂੰ ਇਸ ਸੰਬੰਧੀ ਬਹੁਤੀ ਨਿਰਖ-ਪਰਖ ਨਹੀਂ ਹੁੰਦੀ ਹੈ।

ਚਲੋ ਕੋਈ ਗੱਲ ਨਹੀਂ, ਮੈਂ ਵੀ ਅੱਜ ਚਟਨੀ ਕੁੱਟਦੀ ਆਂ, ਦਹੀਂ ਮੰਗਵਾਓ ਤੇ ਖਾਓ, ਲਓ ਨਜ਼ਾਰੇ! ਜੀਤੋ ਬੁੜ-ਬੁੜ ਕਰਦੀ ਆਟਾ ਗੁੰਨਣ ਲੱਗ ਪਈ ਸੀ।

ਪਾਲਾ ਵੀ ਮੂੰਹ ਵਿੱਚ ਬੁੜਬੁੜ ਕਰਦਾ ਰਿਹਾ ਸੀ, ਬੰਦੇ ਦੀ ਵੀ ਕੀ ਜ਼ਿੰਦਗੀ ਹੁੰਦੀ ਹੈ? ਮਨੁੱਖ ਸਾਰੀ ਉਮਰ ਖੋਤੇ ਵਾਂਗ ਭਾਰ ਢੋਂਦਾ ਮਰ ਜਾਂਦਾ ਹੈ, ਪਰ ਕਦਰ ਕੋਈ ਨਹੀਂ ਪੈਂਦੀ। ਬੱਚਿਆਂ ਦੇ ਖਰਚੇ, ਘਰ ਦੇ ਕਰਜ਼ੇ, ਜਨਮ-ਮਰਨ ਦੀਆਂ ਕਬੀਲਦਾਰੀਆਂ, ਪਾਠਾਂ ਦੇ ਭੋਗ ਆਦਿ ਪਤਾ ਨਹੀਂ ਕੀ-ਕੀ ਚੱਲਦਾ ਰਹਿੰਦਾ ਹੈ। ਪਾਲਾ ਸੋਚੀਂ ਪਿਆ ਮੰਜੇ ਉਪਰ ਟੇਢਾ ਹੋ ਗਿਆ ਸੀ ਤੇ ਉਸ ਨੂੰ ਨੀਂਦ ਆ ਗਈ ਸੀ। ਜੀਤੋ ਆਈ ਤੇ ਉਸ ਨੇ ਰੋਟੀ ਖਾਣ ਲਈ ਕਿਹਾ ਸੀ ਤਾਂ ਪਾਲਾ ਆਖਣ ਲੱਗਾ, ਮੈਨੂੰ ਭੁੱਖ ਨਹੀਂ, ਮੈਂ ਨਹੀਂ ਖਾਣੀ ਰੋਟੀ।

ਜੀਤੋ ਵੀ ਹੁਣ ਕੁਝ ਢਿੱਲੀ ਪੈ ਗਈ ਸੀ। ਸ਼ਾਇਦ ਉਸ ਨੂੰ ਕੋਈ ਪਛਤਾਵਾ ਹੋਇਆ ਹੋਵੇਗਾ। ਜੀਤੋ ਸੋਚਣ ਲੱਗੀ ਸੀ, ਮੈਂ ਜਿੰਨਾ ਮਰਜ਼ੀ ਬੋਲੀ ਜਾਵਾਂ, ਪਰ ਇਹ ਬੰਦਾ ਬਹੁਤਾ ਪਲਟ ਕੇ ਨਹੀਂ ਬੋਲਦਾ! ਨਾ ਕਦੇ ਹੱਥ ਚੁੱਕਦਾ ਹੈ! ਜਿੱਥੇ ਆਖਾਂ ਉਥੇ ਹੀ ਲੈ ਤੁਰਦਾ ਹੈ! ਕੀ ਹੋਇਆ ਜੇ ਉਸ ਨੂੰ ਸਬਜ਼ੀ-ਭਾਜੀ ਨਹੀਂ ਖਰੀਦਣੀ ਆਉਂਦੀ! ਮੈਂ ਤਾਂ ਐਵੇਂ ਅੱਕੇ-ਥੱਕੇ 'ਤੇ ਗੁੱਸਾ ਕੱਢ ਛੱਡਦੀ ਆਂ ! ਜਿਨ੍ਹਾਂ ਦੇ ਸਿਰ 'ਤੇ ਸਾਈਂ ਨਹੀਂ ਹੁੰਦੇ, ਉਹਨਾਂ ਦੇ ਘਰ ਕਿਵੇਂ ਚੱਲਦੇ ਐ, ਇਹ ਤਾਂ ਉਹਨਾਂ ਦੀਆਂ ਤੀਵੀਆਂ ਹੀ ਜਾਣਦੀਆਂ ਹੋਣਗੀਆਂ! ਮੈਂ ਤਾਂ ਐਵੇਂ ਲੜ ਪੈਂਦੀ ਹਾਂ। ਉਸ ਨੇ ਮਨ ਹੀ ਮਨ ਵਿੱਚ ਕਿਹਾ ਸੀ, ਜਿਉਂਦਾ ਰਹੇ ਭਾਈ ਮੇਰਾ ਪੌਣੇ ਲੱਖ ਦਾ ਆਦਮੀ! ਰੱਬ ਸਲਾਮਤ ਰੱਖੇ! ਤੇ ਉਸ ਨੇ ਇੱਕ ਵਾਰ ਫੇਰ ਪਾਲੇ ਨੂੰ ਮੋਢੇ ਤੋਂ ਫੜ ਕੇ ਹਿਲਾਉਂਦਿਆਂ ਕਿਹਾ—ਜਦ ਰੋਟੀ ਖਾਣੀ ਹੋਏ ਤਾਂ ਦੱਸ ਦਈ, ਮੈਂ ਪਾ ਕੇ ਦੇ ਦੇਵਾਂਗੀ। ਇਹ ਆਖਦੀ ਹੋਈ ਰਸੋਈ ਵੱਲ ਚਲੀ ਗਈ ਸੀ।

## ਪੁੱਤ ਤਾਂ ਵੱਜਣਗੇ ਮੇਰੇ !

ਭੂਰਾ ਤੇ ਭੋਲਾ ਸੁਵੱਖਤੇ ਹੀ ਝੋਨਾ ਲਾਉਣ ਚਲੇ ਗਏ ਸਨ। ਭੂਰਾ ਆਖਣ ਲੱਗਾ, ਭੋਲਿਆ! ਅੱਜ ਮੌਸਮ ਬੜਾ ਠੰਢਾ ਹੈ! ਰੱਬ ਦੀ ਕਿਰਪਾ ਨਾਲ ਅੱਜ ਆਪਾਂ ਇੱਕ ਕਿੱਲਾ ਬੁੜਕਾ ਕੇ ਜਾਣਾ!

ਸਵੇਰ ਦੇ ਜਦ ਸੱਤ ਕੁ ਵੱਜੇ ਸਨ ਤਾਂ ਪਿੰਡ ਦੇ ਪਾਠੀ ਨੇ ਆਵਾਜ਼ ਦਿੱਤੀ ਸੀ, ਵਾਹਿਗੁਰੂ ਜੀ ਕਾ ਖਾਲਸਾ ! ਵਾਹਿਗੁਰੂ ਜੀ ਕੀ ਫਤਿਹ! ਸਾਰੇ ਨਗਰ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ ਭੂਰੇ ਦੇ ਪੋਤੇ ਦਾ ਵਿਆਹ ਹੈ, ਉਹਨਾਂ ਦਾ ਘਰ ਵਿਹੜੇ ਵਾਲੀ ਫਿਰਨੀ 'ਤੇ ਆ ਰਿਹਾ ਹੈ ਤੇ ਥੋੜਾ, ਬਹੁਤੇ ਤੋਂ ਬਹੁਤਾ ਦੁੱਧ ਭਾਈ ਉਹਨਾਂ ਦੇ ਘਰ ਪਹੁੰਚਾਉਣ ਦੀ ਖੇਚਲ ਕੀਤੀ ਜਾਵੇ ਜੀ! ਵਾਹਿਗੁਰੂ ਜੀ ਕਾ ਖਾਲਸਾ! ਵਾਹਿਗੁਰੂ ਜੀ ਕੀ ਫਤਿਹ।

ਭੂਰਾ ਗਰੀਬ ਬੰਦਾ ਸੀ। ਪਿੰਡ ਦੇ ਕਿਸੇ ਮਹਾਤੜ ਨੇ ਉਹਦੀ ਤੀਵੀਂ ਜਵਾਨੀ ਪਹਿਰੇ ਹੀ ਰਖੇਲ ਰੱਖ ਲਈ ਸੀ ਤੇ ਆਪਣੇ ਜਵਾਕ ਵੀ ਨਾਲ ਲੈ ਗਈ ਸੀ। ਭੂਰੇ ਨੇ ਵੀ ਦੂਜਾ ਵਿਆਹ ਕਰਵਾ ਲਿਆ ਸੀ। ਜਦ ਪਾਠੀ ਨੇ ਆਵਾਜ਼ ਦਿੰਦਿਆਂ, 'ਭੂਰੇ ਦੇ ਪੋਤੇ ਦਾ ਵਿਆਹ' ਕਿਹਾ ਸੀ ਤਾਂ ਭੂਰੇ ਨੂੰ ਇਸ ਸਮੇਂ ਆਪਣੀ ਜਿੱਤ ਦਾ ਕੁਝ ਅਹਿਸਾਸ ਜਿਹਾ ਹੋ ਰਿਹਾ ਸੀ। ਖੇਤ ਦੀ ਪਹੀ ਕੋਲੋਂ ਖੇਤਾਂ ਦਾ ਮਾਲਕ ਟਰੈਕਟਰ ਉਪਰ ਆ ਰਿਹਾ ਸੀ ਤੇ ਉਸ ਦੇ ਡੈੱਕ ਉਪਰ ਗੀਤ ਚੱਲ ਰਿਹਾ ਸੀ, ਮੰਜੀ ਡਾਹੁਣ ਨੂੰ ਰਹੀ ਨਾ ਥਾਂ ਤੇਰੀ! ਵੇ ਪੁੱਤਾਂ ਨੇ ਬਨਾਲੇ ਬੰਗਲੇ!

ਤੇ ਅਗਲੇ ਬੋਲ ਸਨ, ਪੁੱਤ ਤਾਂ ਵੱਜਣਗੇ ਮੇਰੇ ! ਨੀ ਜੁਗ-ਜੁਗ ਰਹਿਣ ਵਸਦੇ! ਭੂਰੇ ਨੇ ਇਹ ਲਾਈਨ ਉੱਚੀ-ਉੱਚੀ ਗਾਣੇ ਦੇ ਨਾਲ ਦੁਹਰਾਈ ਸੀ ਤੇ ਝੋਨੇ ਦੇ ਬੂਟੇ ਜ਼ੋਰ ਨਾਲ ਜ਼ਮੀਨ ਵਿੱਚ ਖੋਭਣੇ ਸ਼ੁਰੂ ਕਰ ਦਿੱਤੇ ਸਨ।

## ਦੂਸਰਾ ਕਿੱਲਾ

ਰੁਪਿੰਦਰ ਤੇ ਰਣਜੀਤ ਸਿੰਘ ਨੇ ਵਿਆਹ ਕਰਾ ਲਿਆ ਸੀ। ਰੁਪਿੰਦਰ ਵਿਆਹ ਕਰਾ ਕੇ ਪਹਿਲਾਂ ਵਿਦੇਸ਼ ਚਲੀ ਗਈ ਸੀ। ਸਾਲ ਕੁ ਬਾਅਦ ਰਣਜੀਤ ਵੀ ਸਰਕਾਰੀ ਨੌਕਰੀ ਛੱਡ ਕੇ ਉਹਦੇ ਮਗਰ ਹੀ ਚਲਾ ਗਿਆ ਸੀ। ਉਹ ਸਰਕਾਰੀ ਨੌਕਰੀ ਕਰਦਾ ਸੀ, ਰੁਪਿੰਦਰ ਵੀ ਆਸਟ੍ਰੇਲੀਆ ਦੇ ਟੂਰਿਸਟ ਵੀਜ਼ੇ ਉੱਤੇ ਗਈ ਸੀ। ਖਰਚਾ ਦੋਵਾਂ ਧਿਰਾਂ ਵੱਲੋਂ ਕਾਫੀ ਹੋ ਚੁੱਕਾ ਸੀ, ਜੋ ਸਾਂਝੇ ਰੂਪ ਵਿੱਚ ਕੀਤਾ ਗਿਆ ਸੀ। ਅਜੇ ਛੇ ਕੁ ਮਹੀਨੇ ਹੀ ਬਾਹਰ ਗੁਜ਼ਰੇ ਸਨ ਇਕੱਠੇ ਰਹਿੰਦਿਆਂ ਨੂੰ ਕਿ ਕਿਸੇ ਗੱਲ ਤੋਂ ਅਣਬਣ ਹੋ ਗਈ ਸੀ ਤੇ ਗੱਲ ਤਲਾਕ ਤੱਕ ਪਹੁੰਚ ਗਈ ਸੀ। ਦੋਨੋਂ ਆਪਣੀ ਆਕੜ ਛੱਡਣ ਨੂੰ ਤਿਆਰ ਨਹੀਂ ਸਨ। ਪਿੰਡ ਪੰਚਾਇਤ ਦਾ ਇਕੱਠ ਹੋਇਆ ਤੇ ਉਧਰ ਉਹਨਾਂ ਦਾ ਕਾਟੋ-ਕਲੇਸ਼ ਸ਼ੁਰੂ ਨਾਲ ਸੀ ਹੋ ਰਿਹਾ। ਆਖਰ ਉਹ ਦੋਨੋਂ ਉਧਰ ਵੀ ਅੱਡ-ਅੱਡ ਰਹਿਣ ਲੱਗ ਪਏ ਸਨ।

ਦੋਵਾਂ ਧਿਰਾਂ ਦੀ ਪੰਚਾਇਤ ਤੇ ਸ਼ਰੀਕਾ-ਕਬੀਲਾ ਇੱਕ ਦਿਨ ਇਕੱਠੇ ਹੋ ਗਏ ਸਨ। ਰੁਪਿੰਦਰ ਦੇ ਮਾਪੇ ਆਖ ਰਹੇ ਸਨ, ਦੇਖੋ ਸਰਪੰਚ ਸਾਹਿਬ! ਸਾਡੀ ਕੁੜੀ ਹੁਣ ਇਹਨਾਂ ਦੇ ਮੁੰਡੇ ਨਾਲ ਰਹਿਣ ਨੂੰ ਤਿਆਰ ਨਹੀਂ। ਜੇ ਇਸ ਉੱਤੇ ਹੱਥ ਵੀ ਚੱਕਿਆ ਹੈ.. ਕੁੱਟਮਾਰ ਵੀ ਕੀਤੀ ਹੈ.. ਅਸੀਂ ਤਾਂ ਇੱਕ ਪਾਸਾ ਹੀ ਕਰਨਾ ਹੈ ਹੁਣ ਭਾਈ!

ਰਣਜੀਤ ਦਾ ਬਾਪ ਆਖਣ ਲੱਗਾ, ਸਾਡੇ ਤਾਂ ਕਈ ਲੱਖਾਂ ਲੱਗ ਗਏ ਨੇ, ਅਖੇ ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ, ਲਿੱਦ ਚੁੱਕਣੀ ਪਈ! ਸਾਡੇ ਨਾਲ਼ ਤਾਂ ਬਹੁਤ ਮਾੜੀ ਕੀਤੀ ਹੈ ਇਹਨਾਂ ਨੇ, ਸਾਡੇ ਮੁੰਡੇ ਦੀ ਸਰਕਾਰੀ ਨੌਕਰੀ ਵੀ ਹੁਣ ਪੱਲੇ ਨਹੀਂ ਰਹੀ! ਹੁਣ ਤੁਸੀਂ ਹੀ ਦੱਸੋ! ਅਸੀਂ ਕਿਹੜੇ ਪਾਸੇ ਰਹੀਏ!

ਸਰਪੰਚ ਨੇ ਦੋਹਾਂ ਧਿਰਾਂ ਦੀ ਗੱਲ ਸੁਣ ਲਈ ਸੀ ਤੇ ਉਸ ਨੇ ਕਿਹਾ—ਭਾਈ ਜਿਵੇਂ ਤੁਹਾਡੇ ਦੋਹਾਂ ਧਿਰਾਂ 'ਚ ਫ਼ਰਕ ਪੈ ਗਿਆ, ਨਿਭਾਅ ਤਾਂ ਹੁਣ ਮੁਸ਼ਕਲ ਹੀ ਲੱਗਦਾ! ਕਸੂਰ ਤੁਹਾਡਾ ਵੀ ਨਹੀਂ! ਜਦ ਦੋ ਜਣੇ ਰਲ ਕੇ ਇਕੱਠੇ ਨਹੀਂ ਬੈਠਣਾ ਚਾਹੁੰਦੇ ਤਾਂ ਤੁਸੀਂ ਕਰ ਵੀ ਕੀ ਸਕਦੇ ਹੋ!

ਕੋਲ ਹੀ ਸ਼ਰੀਕੇ ਵਿੱਚੋਂ ਬੈਠੇ ਬਜ਼ੁਰਗ ਨੂੰ ਸੰਬੋਧਨ ਕਰਦਿਆਂ ਪੰਚਾਇਤ ਆਖਣ ਲੱਗੀ, ਬਜ਼ੁਰਗੋ! ਤੁਸੀਂ ਹੀ ਦੱਸੋ ਹੁਣ ਤੁਹਾਡੀ ਕੀ ਸਲਾਹ ਹੈ?

ਤਾਂ ਬਜ਼ੁਰਗ ਆਖਣ ਲੱਗਾ, ਪਹਿਲਾਂ ਜ਼ਮਾਨੇ ਹੋਰ ਸੀ, ਹੁਣ ਜ਼ਮਾਨੇ ਹੋਰ ਨੇ! 'ਨਵੀਆਂ ਗੁੱਡੀਆਂ, ਨਵੇਂ ਪਟੋਲੇ' ਵਾਲੀ ਗੱਲ ਬਣੀ ਪਈ ਐ, ਜੇ ਕੋਈ ਧੀ ਪਹਿਲਾਂ ਅਜਿਹਾ ਕਰਦੀ ਸੀ ਤਾਂ ਕੁੱਝ ਕੁ ਆ ਜਾਂਦੀ ਸੀ ਤਾਂ ਮਾਪੇ ਆਪਣੀ ਧੀ ਦਾ ਹੀ ਮੂੰਹ ਭੰਨਦੇ ਸੀ ਤੇ ਉਹਨੂੰ ਸਹੁਰੇ ਤੋਰ ਦਿੰਦੇ ਸੀ, ਮਾਪਿਆਂ ਦੀ ਇੱਜ਼ਤ ਤੇ ਡਰ ਮੰਨਿਆ ਜਾਂਦਾ ਸੀ....ਬਾਕੀ ਸਾਡੇ ਤਾਂ ਸਿਆਣੇ ਗੱਲ ਕਰਦੇ ਹੁੰਦੇ ਸੀ ਕਿ ਕਿਸੇ ਜਾਨਵਰ ਦਾ ਜੇ ਮੂੰਹ ਪਹਿਲੇ ਕਿੱਲੇ 'ਤੇ ਲੱਗਦਾ ਨਾ...ਉਹ ਫਿਰ ਦੂਸਰੇ ਕਿੱਲੇ ਉਪਰ ਨਹੀਂ ਲੱਗਦਾ। ਚੰਗੀ ਗੱਲ ਹੈ ਇਹ ਮੁੜ ਰਜ਼ਾਮੰਦੀ ਨਾਲ ਇਕੱਠੇ ਰਹਿਣ ਲੱਗ ਜਾਣ! ਧੀਆਂ ਤਾਂ ਇੱਕ ਵਾਰ ਹੀ ਤੋਰਨੀਆਂ ਔਖੀਆਂ ਹੁੰਦੀਆਂ ਨੇ, ਰੋਜ਼-ਰੋਜ਼ ਖੂਹ ਥੋੜ੍ਹਾ ਪੁੱਟ ਹੁੰਦੇ ਨੇ ਭਾਈ! ਬਾਕੀ ਇਹਨਾਂ ਦੀ ਮਰਜ਼ੀ ਹੈ।

ਬਜ਼ੁਰਗ ਦੀ ਗੱਲ ਸੁਣ ਕੇ ਪੰਚਾਇਤ ਨੇ ਦੋਹਾਂ ਧਿਰਾਂ ਨੂੰ ਮੁੜ ਸੋਚਣ ਜਾਣ ਲਈ ਇੱਕ ਹਫ਼ਤੇ ਦਾ ਸਮਾਂ ਦੇ ਦਿੱਤਾ ਸੀ।

ਮੋਬਾਇਲ : 98724-55994

# ਪ੍ਰਵਾਸੀ ਮਜ਼ਦੂਰ ਜ਼ਿੰਦਗੀ ਦੀਆਂ ਠੋਸ ਹਕੀਕਤਾਂ

ਕੁਲਵਿੰਦਰ

ਆਦਮਪੁਰ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ ਕਡਿਆਨਾ ਪਿੰਡ। ਪਿੰਡ ਵਿਚ ਡੇਢ ਸੌ ਦੇ ਕਰੀਬ ਪ੍ਰਵਾਸੀ ਮਜ਼ਦੂਰ ਸਥਾਈ ਤੌਰ 'ਤੇ ਵੱਸਦੇ ਹਨ। ਪਿੰਡ ਦੀ ਏਨੀ ਕੁ ਵੱਸੋਂ ਚੰਗੇ ਰੁਜ਼ਗਾਰ ਦੀ ਤਲਾਸ਼ ਵਿਚ ਪੱਛਮੀ ਜਾਂ ਖਾੜੀ ਮੁਲਕਾਂ ਵਿਚ ਵੱਸਦੀ ਹੈ। ਪ੍ਰਵਾਸੀ ਮਜ਼ਦੂਰਾਂ ਦੀ ਬਹੁਤੀ ਅਬਾਦੀ ਜਾਂ ਤਾਂ ਪਿੰਡੋਂ ਬਾਹਰ ਸਥਿਤ ਕਾਲੋਨੀ ਵਿਚ ਵੱਸਦੀ ਹੈ ਤੇ ਜਾਂ ਫਿਰ ਖੇਤਾਂ ਵਿਚ ਸਥਿਤ ਬੰਬੀਆਂ 'ਤੇ।

ਛੋਟੇ-ਛੋਟੇ 'ਕੁਆਟਰਾਂ' ਵਿਚ ਦਸ-ਦਸ ਦੀ ਗਿਣਤੀ ਵਿਚ ਰਹਿ ਰਹੇ ਪ੍ਰਵਾਸੀ ਮਜ਼ਦੂਰਾਂ ਵਿਚੋਂ ਕੁਝ ਕੁ ਨੂੰ ਹੀ ਬਿਜਲੀ ਵਰਗੀ ਨਿਆਮਤ ਨਸੀਬ ਹੈ। ਰਹਿਣ ਦੀਆਂ ਅੱਤ ਦੀਆਂ ਘਟੀਆ ਹਾਲਤਾਂ, ਘਟੀਆ ਖਾਣਾ, ਘਟੀਆ ਪਾਣੀ, ਮੱਖੀਆਂ-ਮੱਛਰ, ਭੁੰਜੇ ਸੌਣ ਕਾਰਨ ਜਾਨਵਰਾਂ ਦਾ ਡਰ, ਮੁਢਲੀਆਂ ਸਹੂਲਤਾਂ ਤੋਂ ਵੀ ਸੱਖਣੇ-ਇਹ ਹਕੀਕਤ ਹੈ ਇਨ੍ਹਾਂ 'ਕੁਆਟਰਾਂ' ਦੀ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਜੀਅ ਰਹੇ ਪ੍ਰਵਾਸੀ ਮਜ਼ਦੂਰ ਅਮੀਰ-ਗਰੀਬ ਦੀਆਂ ਗਾਲਾਂ ਸਹਿ ਕੇ ਵੀ ਏਨੇ ਨਾਲ ਹੀ ਸੰਤੁਸ਼ਟ ਹਨ ਕਿ 'ਪਰਦੇਸ' ਵਿਚ ਜ਼ਿਆਦਾ ਮਜ਼ਦੂਰੀ ਮਿਲ ਰਹੀ ਹੈ। ਪਿੰਡ ਦੇ ਕਈ ਮਜ਼ਦੂਰ ਚੰਗੀ ਮਜ਼ਦੂਰੀ ਲਈ ਨੇੜਲੇ ਕਸਬੇ ਆਦਮਪੁਰ ਵਿਚ ਜਾਂਦੇ ਹਨ।

ਦੜ ਵੱਟ ਕੇ ਜ਼ਮਾਨਾ ਕੱਟਦੇ ਪ੍ਰਵਾਸੀ ਮਜ਼ਦੂਰ ਛੇਤੀ ਕੀਤੇ ਕਿਸੇ ਨਾਲ ਆਪਣਾ ਦੁੱਖ ਵੀ ਸਾਂਝਾ ਨਹੀਂ ਕਰਦੇ ਕਿ ਕਿਧਰੇ ਕਿਸੇ 'ਪੰਗੇ' ਵਿਚ ਹੀ ਨਾ ਫਸ ਜਾਣ, ਪਰ ਜਿਉਂ ਹੀ ਉਨ੍ਹਾਂ ਨੂੰ ਤੁਹਾਡੀ ਸੁਹਿਰਦਤਾ 'ਤੇ ਵਿਸ਼ਵਾਸ ਹੋ ਜਾਂਦਾ ਹੈ ਤਾਂ ਉਹ ਤੁਹਾਡੇ ਨਾਲ ਖੁੱਲ੍ਹ ਜਾਂਦੇ ਹਨ।

ਨਿਰਮਲ (45) ਤੀਹ ਕੁ ਸਾਲ ਪਹਿਲਾਂ ਰੋਜ਼ਗਾਰ ਦੀ ਭਾਲ ਵਿਚ ਪੰਜਾਬ ਆਇਆ ਤੇ ਇੱਥੇ ਰਿਕਸ਼ਾ ਚਲਾਉਂਦਾ ਹੈ। ਚੰਗੇ ਮੌਸਮ ਵਿਚ ਪੰਜਾਹ ਦਾ ਨੋਟ ਕਮਾਉਣ ਵਾਲਾ ਨਿਰਮਲ ਦੱਸਦਾ ਹੈ ਕਿ ਏਸ ਮੌਸਮ ਵਿਚ ਤਾਂ ਇਸ ਤੋਂ ਅੱਧੇ ਵੀ ਨਹੀਂ ਮਿਲਦੇ। ਪੰਜ ਬੱਚਿਆਂ ਦੇ ਬਾਪ ਨਿਰਮਲ ਦਾ ਸਿਰਫ ਇਕ ਬੱਚਾ ਹੀ ਸਕੂਲ ਜਾਂਦਾ ਹੈ। ਉਸ ਨੇ ਦੱਸਿਆ ਕਿ ਸਥਾਨਕ ਰਿਕਸ਼ਾ ਚਾਲਕ ਸਾਡੇ ਨਾਲ ਖਾਰ ਖਾਂਦੇ ਨੇ, ਕਿਉਂਕਿ ਅਸੀਂ ਘੱਟ ਪੈਸੇ 'ਤੇ ਸਵਾਰੀ ਲੈ ਜਾਂਦੇ ਹਾਂ।

ਨਰਾਇਣ ਸਾਧਾ (40) ਦੇ ਦੋ ਬੱਚੇ ਸਕੂਲ ਜਾਂਦੇ ਹਨ, ਪਰ ਉਸ ਦੇ ਬੱਚਿਆਂ ਨੂੰ ਵਜ਼ੀਫਾ ਨਹੀਂ ਮਿਲਦਾ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਬੱਚਿਆਂ ਦੇ ਵਜ਼ੀਫੇ ਦੇ ਫਾਰਮ ਮਾਲਕ ਅਤੇ ਸਰਪੰਚ ਤੋਂ ਤਸਦੀਕ ਕਰਵਾ ਲਏ, ਪਰ ਪਟਵਾਰੀ ਤੇ ਤਹਿਸੀਲਦਾਰ ਨੇ ਇਹ ਕਹਿ ਕੇ ਦਸਤਖਤ ਨਹੀਂ ਕੀਤੇ ਕਿ ਤੁਹਾਡਾ ਕਿਹੜਾ ਕੋਈ ਪੱਕਾ ਥਾਂ-ਟਿਕਾਣਾ ਹੈ।

ਏਸੇ ਤਰ੍ਹਾਂ ਮਿਸਕਾਨ (40) ਨੇ ਦੱਸਿਆ ਕਿ ਉਹ ਕੁਲਚੇ ਵੇਚ ਕੇ ਮਹੀਨੇ ਦਾ ਬਾਰਾਂ-ਤੇਰਾਂ ਸੌ ਕਮਾਉਂਦਾ ਹੈ, ਪਰ ਇਸ ਦਾ ਇਕ ਚੌਥਾਈ ਹਿੱਸਾ ਤਾਂ ਕਮਰੇ ਦੇ ਕਿਰਾਏ ਵਜੋਂ ਹੀ ਨਿਕਲ ਜਾਂਦਾ ਹੈ, ਜਿੱਥੇ ਬਿਜਲੀ ਵੀ ਨਹੀਂ। ਆਪਣੀਆਂ ਮੁਸ਼ਕਲਾਂ ਬਾਰੇ ਉਹ ਦੱਸਦਾ ਹੈ ਕਿ ਸ਼ਹਿਰੀ ਦੁਕਾਨਦਾਰ ਉਨ੍ਹਾਂ ਨੂੰ ਆਪਣੀਆਂ ਦੁਕਾਨਾਂ ਅੱਗੇ ਖੜ੍ਹਨ ਨਹੀਂ ਦਿੰਦੇ।

ਰੇਖਾ (35) ਤੇ ਉਸ ਦਾ ਪਤੀ ਨਨਕੂ (42) ਅੱਠ ਸਾਲ ਪਹਿਲਾਂ ਕਿਸ਼ਨਗੰਜ (ਬਿਹਾਰ) ਤੋਂ ਇੱਥੇ ਆਏ ਸਨ। ਪਹਿਲਾਂ ਉਸ ਦੇ ਨਾਲ ਉਸ ਦਾ ਪਤੀ ਵੀ ਕੰਮ ਕਰਦਾ ਸੀ, ਪਰ ਹੁਣ ਉਸ ਦੀ ਨਜ਼ਰ ਕਮਜ਼ੋਰ ਹੋਣ ਦੇ ਕਾਰਨ ਉਹ ਨਾਮਾਤਰ ਕੰਮ ਕਰਦਾ ਹੈ। ਉਹ ਆਪਣਾ ਗੁਜ਼ਾਰਾ ਘਰਾਂ ਵਿਚ ਕੰਮ ਕਰਕੇ ਤੇ ਹੋਰ ਛੋਟੇ-ਮੋਟੇ ਕੰਮ ਕਰਕੇ ਬੜੀ ਮੁਸ਼ਕਲ ਨਾਲ ਕਰ ਰਹੀ ਹੈ। ਆਮਦਨ ਘਟਣ ਕਰਕੇ ਉਹ ਕੁੱਲੀ ਵਿਚ ਰਹਿ ਰਹੇ ਹਨ, ਜਿੱਥੇ ਬਿਜਲੀ, ਪਾਣੀ ਦੀ ਕੋਈ ਸਹੂਲਤ ਨਹੀਂ। ਸਾਨੂੰ ਆਪਣੀ ਨਹੀਂ, ਸਗੋਂ ਆਪਣੇ ਬੱਚੇ ਦੇ ਭਵਿੱਖ ਦੀ ਜ਼ਿਆਦਾ ਚਿੰਤਾ ਹੈ।' ਨਨਕੂ ਬਿਹਾਰੀ ਲਹਿਜੇ ਵਾਲੀ ਪੰਜਾਬੀ ਵਿਚ ਦੱਸਦਾ ਹੈ।

ਏਸੇ ਤਰ੍ਹਾਂ ਕ੍ਰਿਸ਼ਨ (36), ਸ਼ੰਭੂ (30), ਸੀਤਾ ਰਾਮ (30) ਤੇ ਹੋਰਨਾਂ ਖੇਤ ਮਜ਼ਦੂਰਾਂ ਨੇ ਦੱਸਿਆ ਕਿ ਉਹ ਖੇਤ ਮਜ਼ਦੂਰੀ ਕਰਕੇ ਹਜ਼ਾਰ-ਪੰਦਰਾਂ ਸੌ ਰੁਪਏ ਕਮਾ ਰਹੇ ਹਨ ਤੇ ਖਾਣਾ-ਕੱਪੜਾ ਵੀ ਮਾਲਕ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪੈਸਾ ਸਮੇਂ ਸਿਰ ਮਿਲ ਜਾਂਦਾ ਹੈ ਤੇ ਕਦੇ ਵੀ ਕਿਸੇ ਪਿੰਡ ਦੇ ਕਿਸਾਨ ਕੋਲ ਉਨ੍ਹਾਂ ਦਾ ਪੈਸਾ ਨਹੀਂ ਮਰਿਆ।

ਲਖੀਮਪੁਰ (ਯੂ.ਪੀ.) ਤੋਂ ਆਇਆ ਠੇਕੇਦਾਰ ਰਾਮ ਸਰੂਪ (60) ਦੱਸਦਾ ਹੈ ਕਿ ਉਹ ਮਜ਼ਦੂਰੀ ਦਾ ਕੰਮ ਠੇਕੇ 'ਤੇ ਲੈ ਕੇ ਕਰਦੇ ਹਨ। ਉਹ ਆਪਣੇ ਮਜ਼ਦੂਰ ਸਾਥੀਆਂ ਜਗਤ ਰਾਮ, ਬੈਜੂਆ, ਨਰਾਇਣ ਤੇ ਲੋਟਨ ਨੂੰ ਸੱਠ-ਸੱਤਰ ਰੁਪਏ ਦਿਹਾੜੀ ਦਿੰਦਾ ਹੈ, ਜੋ ਕਿ ਮੌਜੂਦਾ ਰੇਟ ਹੈ। ਠੇਕੇਦਾਰੀ ਵਿਚ ਫਾਇਦੇ ਸੰਬੰਧੀ ਪੁੱਛਣ 'ਤੇ ਉਹ ਦੱਸਦਾ ਹੈ ਕਿ ਦਿਹਾੜੀ ਵੀ ਪੈਂਦੀ ਹੈ, ਹਾਂ ਕੰਮ ਘੱਟ ਕਰਨਾ ਪੈਂਦਾ ਹੈ, ਪਰ ਜ਼ਿੰਮੇਵਾਰੀ ਵੀ ਵਧ ਜਾਂਦੀ ਹੈ।

ਆਖਰੀ ਸਫ਼ਾ ਦੀ ਬਾਕੀ

## ਅੰਤਰਰਾਜੀ ਮਜ਼ਦੂਰਾਂ ਵਿਰੁੱਧ ਕੀਤੇ ਜਾ ਰਹੇ ...

ਝਗੜਿਆਂ ਵਿਚ ਅੰਤਰਰਾਜੀ ਮਜ਼ਦੂਰਾਂ ਦਾ ਹਿੱਸਾ ਕੇਵਲ 1 ਫੀਸਦੀ ਤੋਂ 1.5 ਫੀਸਦੀ ਤੱਕ ਹੀ ਹੈ। ਭਾਵ ਉਨ੍ਹਾਂ ਦੀ ਆਬਾਦੀ ਤੋਂ ਕਿਤੇ ਘੱਟ। ਇਸੇ ਤਰ੍ਹਾਂ ਪੰਜਾਬ ਪੁਲਸ ਦੇ ਡੀ.ਜੀ.ਪੀ. ਸ੍ਰੀ ਏ.ਏ. ਸਦੀਕੀ ਨੇ ਵੀ ਜੁਰਮਾਂ ਵਿਚ ਵਾਧੇ ਲਈ ਅੰਤਰਰਾਜੀ ਮਜ਼ਦੂਰਾਂ ਨੂੰ ਜ਼ਿੰਮੇਵਾਰ ਮੰਨਣ ਤੋਂ ਇਨਕਾਰ ਕੀਤਾ ਹੈ। ਇਹ ਸਾਰੇ ਤੱਥ ਮੂੰਹੋਂ ਬੋਲਦੇ ਹਨ, ਪ੍ਰੰਤੂ ਇਸ ਦੇ ਬਾਵਜੂਦ ਫਿਰਕੂ ਤੱਤ ਅਤੇ ਸਵਾਰਥੀ ਤੱਤ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕਰੀ ਜਾ ਰਹੇ ਹਨ, ਜਿਸ ਦੇ ਕਈ ਵਾਰ ਸਧਾਰਨ ਲੋਕ ਵੀ ਸ਼ਿਕਾਰ ਹੋ ਜਾਂਦੇ ਹਨ।

ਗੱਲ ਇਹ ਕਹੀ ਜਾਂਦੀ ਹੈ ਕਿ ਦੂਜੇ ਰਾਜਾਂ ਤੋਂ ਆਉਂਦੇ ਮਜ਼ਦੂਰ ਟੀ ਬੀ ਤੇ ਏਡਜ਼ ਵਰਗੀਆਂ ਬਿਮਾਰੀਆਂ ਨਾਲ ਲੈ ਕੇ ਆਉਂਦੇ ਹਨ। ਇਹ ਇਕ ਅਜਿਹਾ ਦੋਸ਼ ਹੈ, ਜਿਹੜਾ ਸਾਰੇ ਆਮ ਗਰੀਬਾਂ ਵਿਰੁੱਧ ਹੀ ਲਾਇਆ ਜਾ ਸਕਦਾ ਹੈ, ਕਿਉਂਕਿ ਟੀ ਬੀ ਮੁੱਖ ਰੂਪ ਵਿਚ ਗਰੀਬੀ ਦੀ ਬਿਮਾਰੀ ਹੈ। ਜੇਕਰ ਕਿਸੇ ਵੀ ਸਮਾਜ ਵਿਚ ਗਰੀਬ ਰਹੇਗਾ ਤਾਂ ਉਸ ਵਿਚ ਅਜਿਹੀਆਂ ਬਿਮਾਰੀਆਂ ਲਾਜ਼ਮੀ ਹੋਣਗੀਆਂ। ਜਦੋਂ ਪੰਜਾਬ ਵਿਚ 80 ਫੀਸਦੀ ਬੱਚਿਆਂ ਅਤੇ 41.51 ਔਰਤਾਂ ਵਿਚ ਖ਼ੂਨ ਦੀ ਘਾਟ ਹੈ ਤਾਂ ਇਨ੍ਹਾਂ ਨਾਲ ਗੰਭੀਰ ਬਿਮਾਰੀਆਂ ਹੀ ਜਨਮ ਲੈਣਗੀਆਂ। ਏਡਜ਼ ਦੀ ਬਿਮਾਰੀ ਦੇ ਪੰਜਾਬ ਵਿਚ ਅੱਜ ਤੱਕ ਉਹ ਮਰੀਜ਼ ਮਿਲੇ ਹਨ, ਜਿਹੜੇ ਲੰਮੇ ਅਰਸੇ ਤੱਕ ਆਪਣੇ ਘਰਾਂ ਤੋਂ ਗੈਰ-ਹਾਜ਼ਰ ਰਹਿੰਦੇ ਹਨ, ਜਿਵੇਂ ਫੌਜੀ ਅਤੇ ਟਰਾਂਸਪੋਰਟ ਵਰਕਰ। ਬਿਮਾਰੀਆਂ ਦਾ ਕਾਰਨ ਗਰੀਬੀ ਦੇ ਨਾਲ-ਨਾਲ ਵਿਦਿਅਕ ਪੱਧਰ ਉੱਤੇ ਵੀ ਨਿਰਭਰ ਕਰਦਾ ਹੈ। ਪੰਜਾਬ ਵਿਚ ਅੱਜ ਵੀ 30 ਫੀਸਦੀ ਤੋਂ ਵੱਧ ਅਬਾਦੀ ਅਨਪੜ੍ਹ ਹੈ। ਇਸ ਤਰ੍ਹਾਂ ਜੇਕਰ ਸ਼ਹਿਰਾਂ ਵਿਚ ਵੀ ਗੰਦੇ ਨਾਲੇ ਖੁੱਲ੍ਹੇ ਰੂਪ ਵਿਚ ਵਹਿੰਦੇ ਹਨ, ਤਾਂ ਪਿੰਡਾਂ ਦੀਆਂ ਖੁੱਲ੍ਹੀਆਂ ਗੰਦੀਆਂ ਨਾਲੀਆਂ ਦਾ ਹੱਲ ਕੌਣ ਕਰੇਗਾ? ਇਹ ਬਿਮਾਰੀਆਂ ਗਰੀਬੀ ਦੇ ਨਾਲ-ਨਾਲ ਸਮਾਜ ਅਤੇ ਸਰਕਾਰ ਦੀਆਂ ਤਰਜੀਹਾਂ ਉੱਤੇ ਵੀ ਨਿਰਭਰ ਕਰਦੀਆਂ ਹਨ। ਇਸ ਲਈ ਗੰਦਗੀ ਦੇ ਢੇਰਾਂ, ਪਾਣੀ ਦੇ ਖੱਡਿਆਂ, ਮੱਛਰਾਂ ਤੇ ਮੱਖੀਆਂ ਲਈ ਅੰਤਰਰਾਜੀ ਮਜ਼ਦੂਰ ਨਹੀਂ, ਸਗੋਂ ਪੂਰੇ ਸਮਾਜ ਦਾ ਹੀ ਰਵੱਈਆ ਬਦਲਣ ਦੀ ਜ਼ਰੂਰਤ ਹੈ। ਇਸ ਲਈ ਬਿਨਾਂ ਤੱਥਾਂ ਤੋਂ ਹੀ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਪ੍ਰਚਾਰ ਕਰਦੇ ਜਾਣਾ, ਕਿਸੇ ਤਰ੍ਹਾਂ ਵੀ ਮੁਨਾਸਿਬ ਨਹੀਂ, ਬਲਕਿ ਘੋਰ ਅੱਤਿਆਚਾਰ ਹੈ।

ਅੰਤਰਰਾਜੀ ਮਜ਼ਦੂਰਾਂ ਵਿਰੁੱਧ ਇਹ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਉਹ ਹਰ ਤਰ੍ਹਾਂ ਦੀਆਂ ਨਸ਼ੀਲੀਆਂ ਵਸਤਾਂ ਦਾ ਮਾਰੂ ਵਾਧਾ ਕਰ ਰਹੇ ਹਨ। ਭਲਾ ਜਿਸ ਦੀ 80 ਫੀਸਦੀ ਆਮਦਨੀ ਖੁਰਾਕ ਉੱਤੇ ਹੀ ਖਰਚ ਹੁੰਦੀ ਹੋਵੇ, ਉਹ ਨਸ਼ੀਲੀਆਂ ਦਵਾਈਆਂ ਦਾ ਕਿੰਨਾ ਕੁ ਇਸਤੇਮਾਲ ਕਰੇਗਾ? ਜੇਕਰ ਅੰਤਰਰਾਜੀ ਮਜ਼ਦੂਰ ਨਸ਼ੀਲੀਆਂ ਦਵਾਈਆਂ ਦਾ ਧੰਦਾ ਕਰਨ ਵਾਲੇ ਸਮੱਗਲਰ ਹੋਣ ਤਾਂ ਉਨ੍ਹਾਂ ਨੂੰ ਗੰਦੀਆਂ ਬਸਤੀਆਂ ਵਿਚ ਰਹਿਣ, 3-3 ਸਵਾਰੀਆਂ ਬਿਠਾ ਕੇ ਰਿਕਸ਼ੇ ਖਿੱਚਣ ਦੀ ਕੀ ਜ਼ਰੂਰਤ ਹੈ? ਹਾਂ ਕਿਤੇ-ਕਿਤੇ ਗਰੀਬ ਮਜ਼ਦੂਰ ਬੀੜੀ ਪੀਣ ਅਤੇ ਜ਼ਰਦਾ ਚੱਬਣ ਦਾ ਕੰਮ ਜ਼ਰੂਰ ਕਰਦੇ ਹਨ, ਪ੍ਰੰਤੂ ਇਹ ਕੰਮ ਤਾਂ ਮਾਲਵੇ ਦੇ ਜ਼ਿਮੀਂਦਾਰ, ਅਮੀਰਾਂ ਦੇ ਕਾਕੇ, ਪੁਲਸ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪੜ੍ਹਨ ਵਾਲੇ ਅਮੀਰਾਂ ਦੇ ਬੱਚੇ ਕਿਤੇ ਵੱਧ ਕਰਦੇ ਹਨ।

ਕੀ ਉਨ੍ਹਾਂ ਨੂੰ ਕੋਈ ਦੇਸ਼ ਨਿਕਾਲਾ ਦੇ ਦੇਵੇਗਾ? ਭੁੱਕੀ ਦੀਆਂ ਬੋਰੀਆਂ ਤਾਂ ਚੋਣਾਂ ਵਿਚ ਵੱਡੀਆਂ-ਵੱਡੀਆਂ ਪਾਰਟੀਆਂ ਦੇ ਲੀਡਰ ਵੰਡਦੇ ਹਨ। ਕੀ ਅਫੀਮ ਅਤੇ ਭੁੱਕੀ ਦੇ ਟਰੱਕ ਗਰੀਬ ਅੰਤਰਰਾਜੀ ਮਜ਼ਦੂਰ ਵੇਚਦੇ ਹਨ? ਜ਼ਿਲ੍ਹਾ ਅੰਮ੍ਰਿਤਸਰ ਵਿਚ ਨਸ਼ਿਆਂ ਦੇ ਕਾਰਨ ਮਰ ਰਹੇ ਜ਼ਿਆਦਾ ਅਣਭੋਲੇ ਨੌਜਵਾਨ ਉਨ੍ਹਾਂ ਬਾਰਡਰ ਦੇ ਪਿੰਡਾਂ ਦੇ ਹਨ, ਜਿਥੇ ਇਕ ਵੀ ਅੰਤਰਰਾਜੀ ਮਜ਼ਦੂਰ ਨਹੀਂ ਰਹਿੰਦਾ। ਸ਼ਰਾਬ ਦੇ ਠੇਕਿਆਂ ਦੀਆਂ ਭੀੜਾਂ, ਅਮੀਰਾਂ ਦੇ ਵਿਆਹਾਂ ਅਤੇ ਪਾਰਟੀਆਂ ਵਿਚ ਵਰਤਾਈਆਂ ਜਾਂਦੀਆਂ ਸ਼ਰਾਬ ਦੀਆਂ ਛਬੀਲਾਂ ਕੀ ਅੰਤਰਰਾਜੀ ਮਜ਼ਦੂਰ ਲਾਉਂਦੇ ਹਨ? ਨਸ਼ੇ ਸੱਚਮੁੱਚ ਹੀ ਸਮਾਜ ਦਾ ਕੋਹੜ ਹੈ, ਜਿਹੜਾ ਪੰਜਾਬ ਵਿਚ ਵਧ ਰਿਹਾ ਹੈ। ਇਸ ਨੂੰ ਰੋਕਣ ਲਈ ਫਿਰਕੂ ਜਾਂ ਗਰੀਬ ਵਿਰੋਧੀ ਮੁਹਿੰਮ ਦੀ ਨਹੀਂ, ਸਗੋਂ ਇਕ ਸਰਵ-ਵਿਆਪੀ ਸਾਰਥਕ ਮੁਹਿੰਮ ਦੀ ਜ਼ਰੂਰਤ ਹੈ, ਬੇਰੁਜ਼ਗਾਰੀ ਅਤੇ ਸੰਸਾਰੀਕਰਨ, ਉਦਾਰੀਕਰਨ ਦੀਆਂ ਲੋਕ ਮਾਰੂ ਨੀਤੀਆਂ ਤੋਂ ਹਟਾਉਣ ਦੀ ਆਪਣੀ ਸਾਮਰਾਜ ਭਗਤੀ ਕਰਦੇ ਹੀ ਰਹਿਣਗੇ।

ਅੰਤਰਰਾਜੀ ਮਜ਼ਦੂਰਾਂ ਉੱਤੇ ਇਹ ਵੀ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਪੰਜਾਬੀਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਉੱਤੇ ਅਸਰ ਪਾਇਆ ਹੈ। ਜੇਕਰ ਪੰਜਾਬ ਵਿਚ ਵਿਦੇਸ਼ੀ ਮਾਲ ਧੜਾਧੜ ਆਉਣ ਅਤੇ ਸਾਮਰਾਜੀ ਭਾਰੂ ਪ੍ਰਚਾਰਕ ਮਾਧਿਅਮਾਂ ਦੇ ਪ੍ਰਭਾਵ ਹੇਠ ਟਾਫੀਆਂ, ਕੋਲਡ ਡਰਿੰਕਸ, ਪੀਜ਼ਾ, ਬਰਗਰ, ਨੂਡਲ, ਬਿਊਟੀ ਕਨਟੈਸਟ ਆਦਿ ਦਾ ਅਸਰ ਵਧ ਰਿਹਾ ਹੈ ਤਾਂ ਇਨ੍ਹਾਂ ਭੱਦਰ ਪੁਰਸ਼ਾਂ ਨੂੰ ਨਜ਼ਰ ਨਹੀਂ ਆਉਂਦਾ, ਜਿਸ ਵਿਚ ਦੁਨੀਆ ਭਰ ਵਿਚ ਆਵਾਜ਼ ਉੱਠ ਰਹੀ ਹੈ। ਇੰਟਰਨੈੱਟ ਰਾਹੀਂ ਗੰਦੀ, ਹਿੰਸਕ, ਕਾਮ ਭੜਕਾਊ ਤੇ ਨੰਗੇਜ਼ ਪ੍ਰਚਾਰ ਸਮੱਗਰੀ ਦੇ ਮਾਰੂ ਸਾਮਰਾਜੀ ਪ੍ਰਭਾਵ ਅੰਨ੍ਹੇ ਨੂੰ ਵੀ ਪ੍ਰਤੱਖ ਦਿਖਦਾ ਹੈ ਪ੍ਰੰਤੂ ਇਨ੍ਹਾਂ ਦੀ ਅੱਖ ਉਸ ਪਾਸੇ ਨਹੀਂ ਜਾਂਦੀ। ਇਨ੍ਹਾਂ ਨੂੰ ਸਮਾਜ ਵਿਗਿਆਨ ਦੇ ਇਸ ਨਿਯਮ ਦੀ ਵੀ ਜਾਣਕਾਰੀ ਨਹੀਂ ਕਿ ਭਾਰੂ ਜਮਾਤਾਂ ਦਾ ਸੱਭਿਆਚਾਰ ਅਤੇ ਆਦਤਾਂ ਗਰੀਬ ਉੱਤੇ ਅਸਰ-ਅੰਦਾਜ਼ ਹੁੰਦੀਆਂ ਹਨ, ਨਾ ਕਿ ਗਰੀਬ ਤੇ ਦੱਬੇ-ਕੁਚਲੇ ਲੋਕਾਂ ਦਾ ਸੱਭਿਆਚਾਰ ਅਤੇ ਆਦਤਾਂ ਅਮੀਰਾਂ ਉੱਤੇ ਪ੍ਰਭਾਵ ਪਾਉਂਦੀਆਂ ਹਨ। ਪੰਜਾਬੀ ਸ਼ਹਿਰੀ ਵਸੋਂ ਵਿਚ ਪੱਛਮੀ ਕਲਚਰ ਦੀ ਰੀਸ ਕਰਨ ਦਾ ਰੁਝਾਨ ਵਧ ਰਿਹਾ ਹੈ, ਨਾ ਕਿ ਅੰਤਰਰਾਜੀ ਮਜ਼ਦੂਰਾਂ ਦੀ ਦਾਲ-ਚੌਲ ਖਾਣ ਦੀ ਆਦਤ। ਤਾਂ ਵੀ ਅੰਤਰਰਾਜੀ ਮਜ਼ਦੂਰਾਂ ਦਾ ਹਊਆ ਖੜ੍ਹਾ ਕਰਨ ਪਿੱਛੇ ਖਾਸ ਮਨੋਰਥ ਹੈ, ਜਿਸ ਦੇ ਕੁਝ ਸੰਕੇਤ ਇਸ ਤਰ੍ਹਾਂ ਹਨ :

ਇਸ ਪੁੱਠੇ ਕੰਮ ਨਾਲ ਸਾਮਰਾਜੀਆਂ ਦੀ ਸਰਪ੍ਰਸਤੀ ਵੀ ਮਿਲ ਜਾਵੇਗੀ ਅਤੇ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਪ੍ਰਚਾਰ ਨਾਲ ਬੇਰੁਜ਼ਗਾਰੀ ਦੀ ਮਾਰ ਹੇਠ ਆਏ ਨੌਜਵਾਨਾਂ ਦੀਆਂ ਪਲਟਨਾਂ ਨੂੰ ਵੀ ਲਾਮਬੰਦ ਕਰਨ 'ਤੇ ਨਜ਼ਰ ਹੈ। ਇਹ ਵੀ ਮਨੋਰਥ ਹੈ ਕਿ ਇਸ ਤਰ੍ਹਾਂ ਕਰਨ ਨਾਲ ਦਲਿਤਾਂ ਦਾ ਇਕ ਹਿੱਸਾ ਵੀ ਰੁਜ਼ਗਾਰ ਦੇ ਸਵਾਲ ਉੱਤੇ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਲਾਮਬੰਦ ਕਰਕੇ ਮਿਹਨਤੀ ਜਨਤਾ ਦੀ ਏਕਤਾ ਕਮਜ਼ੋਰ ਕੀਤੀ ਜਾ ਸਕਦੀ ਹੈ। ਜੇਕਰ ਇਸ ਪ੍ਰਚਾਰ ਅਤੇ ਨਫਰਤੀ ਮੁਹਿੰਮ ਨੂੰ ਫਲ ਲੱਗ ਗਿਆ ਤਾਂ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਹੋਈ ਹਿੰਸਾ ਨਾਲ ਬਾਹਰਲੇ ਸੂਬਿਆਂ ਵਿਚ ਪੰਜਾਬੀਆਂ ਅਤੇ ਸਿੱਖਾਂ ਵਿਰੁੱਧ ਵੀ ਪ੍ਰਤੀ ਹਿੰਸਾ ਪੈਦਾ ਹੋਵੇਗੀ। ਉਂਝ ਇਹ ਮਕਸਦ ਤਾਂ ਹੀ ਪੂਰਾ ਹੋਣਾ ਹੈ; ਹਾਂ ਇਸ ਵਿਚ ਪੰਜਾਬ ਦੇ ਅਰਥਚਾਰੇ ਦੀ ਗੱਡੀ ਮੁੜ '84 ਵਾਲੇ ਚੱਕਰ ਵਿਚ ਫਸ ਜਾਵੇਗੀ। ਪੰਜਾਬ ਵਿਚ ਪਰਤੀ ਸ਼ਾਂਤੀ ਨੂੰ ਮੁੜ ਲਾਂਬੂ ਲੱਗੇਗਾ ਅਤੇ ਬਾਹਰ ਵਸਦੇ ਪੰਜਾਬੀਆਂ ਦੀ ਜਾਨ ਫਿਰ ਮੁੱਠੀ ਵਿਚ ਆ ਜਾਵੇਗੀ।

ਇਸ ਲਈ ਇਸ ਜਨੂੰਨੀ ਚਿੰਗਾਰੀ ਨੂੰ ਭੜਕਣ ਤੋਂ ਪਹਿਲਾਂ ਹੀ ਠੰਢੀ ਕਰਨਾ ਜ਼ਰੂਰੀ ਹੈ। ਇਸ ਲਈ ਸਾਰੇ ਅਮਨ-ਪਸੰਦ ਤੇ ਸੰਵੇਦਨਸ਼ੀਲ ਪੰਜਾਬੀਆਂ ਨੂੰ ਇਸ ਖਤਰੇ ਦੀ ਘੰਟੀ ਦੀ ਆਵਾਜ਼ ਪਛਾਣ ਕੇ ਆਪਣੀ ਡਿਊਟੀ ਨਿਭਾਉਣੀ ਚਾਹੀਦੀ ਹੈ। ਇਹ ਸਵਾਲ ਕੇਵਲ ਅੰਤਰਰਾਜੀ ਮਜ਼ਦੂਰਾਂ ਦਾ ਹੀ ਨਹੀਂ, ਸਗੋਂ ਸਾਰੀ ਪੰਜਾਬੀ ਵਸੋਂ ਅਤੇ ਪੰਜਾਬ ਹਿਤੈਸ਼ੀਆਂ ਦਾ ਹੈ।

ਸਫ਼ਾ 3 ਦੀ ਬਾਕੀ

## ਅਜ਼ੀਮ ਸ਼ਖ਼ਸੀਅਤਾਂ ਦੀ ਸਾਹਿਤ ਨੂੰ ਦੇਣ ...

ਗੀਤਾਂ ਦੇ ਬੋਲ ਹਮੇਸ਼ਾ ਕਿਰਤੀਆਂ ਦੀ ਆਵਾਜ਼ ਬਣ ਕੇ ਗੂੰਜਦੇ ਰਹੇ ਤੇ ਰਹਿਣਗੇ। 'ਮੇਰੀ ਮੌਤ 'ਤੇ ਨਾ ਰੋਇਓ ਮੇਰੀ ਸੋਚ ਨੂੰ ਬਚਾਇਓ' ਕਹਿਣ ਵਾਲਾ ਸੰਤ ਰਾਮ ਉਦਾਸੀ 6 ਨਵੰਬਰ 1986 ਨੂੰ ਵਾਪਸ ਪੰਜਾਬ ਆਉਂਦਿਆਂ ਰੇਲ ਗੱਡੀ ਵਿੱਚ ਹੀ ਆਪਣੇ ਚਾਹੁਣ ਵਾਲਿਆਂ ਨੂੰ ਸਦਾ ਲਈ ਅਲਵਿਦਾ ਕਹਿ ਕੇ ਦੁਨੀਆ ਤੋਂ ਵਿਦਾ ਹੋ ਗਿਆ। ਲੇਖਕ ਇਸ ਦੁੱਖ ਦਾ ਵੀ ਇਜ਼ਹਾਰ ਕਰਦਾ ਹੈ ਕਿ ਪੰਜਾਬੀ ਬੋਲੀ ਦੇ ਇਸ ਪੂਤ ਦਾ ਸਸਕਾਰ ਪੰਜਾਬ ਦੀ ਮਿੱਟੀ 'ਤੇ ਨਾ ਹੋ ਸਕਿਆ। ਬਿਰਤਾਂਤ ਸਿਰਜਣ ਵਾਲੇ ਪ੍ਰਗਟ ਸਿੰਘ ਸਿੱਧੂ ਨੂੰ ਵੀ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਨਾਲ ਸਨਮਾਨਿਤ ਕੀਤਾ ਗਿਆ। ਡਾ. ਐੱਸ ਤਰਸੇਮ ਇੱਕ ਅਜਿਹੀ ਸ਼ਖਸੀਅਤ ਸੀ, ਜਿਨ੍ਹਾਂ ਨੂੰ ਕੁਦਰਤ ਨੇ ਪੈਰ-ਪੈਰ 'ਤੇ ਪਰਖਿਆ ਤੇ ਉਹ ਇਸ ਅਗਨੀ ਪ੍ਰੀਖਿਆ ਵਿੱਚੋਂ ਸ਼ੁੱਧ ਸੋਨਾ ਬਣ ਕੇ ਨਿਕਲਦੇ ਰਹੇ। ਇਹਨਾਂ ਨੇ ਅਸੰਭਵ ਕਾਰਜ ਨੂੰ ਸੰਭਵ ਬਣਾ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਤੇ ਮੂਹਰਲੀ ਕਤਾਰ ਵਿੱਚ ਆਪਣਾ ਨਾਂਅ ਦਰਜ ਕਰਾਇਆ। ਪ੍ਰੋ. ਰਵਿੰਦਰ ਭੱਠਲ ਮਹਿਕ ਦੇ ਬੋਲਾਂ ਦਾ ਸ਼ਾਇਰ ਬਾਰੇ ਵੀ ਪੁਸਤਕ ਵਿੱਚ ਜਾਣਕਾਰੀ ਮਿਲਦੀ ਹੈ। ਸੀ ਮਾਰਕੰਡਾ ਨੂੰ ਰੁੱਤਾਂ-ਕੁਰੁੱਤਾਂ ਦਾ ਸ਼ਾਇਰ ਕਿਹਾ ਹੈ, ਜਿਸ ਨੇ ਆਪਣੀ ਪੱਤਰਕਾਰੀ ਜ਼ਰੀਏ ਸਮਾਜ ਵਿਚ ਵਾਪਰੀਆਂ ਛੋਟੀਆਂ-ਵੱਡੀਆਂ ਘਟਨਾਵਾਂ ਤੇ ਰਾਜਨੀਤੀ ਬਾਰੇ ਬਹੁਤ ਕੁਝ ਜਾਨਣ ਦਾ ਮੌਕਾ ਮਿਲਿਆ। ਪੰਜਾਬ ਦਾ ਇਹ ਲੇਖਕ ਸੀ ਮਾਰਕੰਡਾ ਅੱਜ ਦੋਵਾਂ ਖੇਤਰਾਂ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲ ਰਿਹਾ। ਡਾ. ਜੋਗਿੰਦਰ ਸਿੰਘ ਨਿਰਾਲਾ ਬਾਰੇ ਵੀ ਇਸ ਪੁਸਤਕ ਵਿੱਚ ਭੋਲਾ ਸਿੰਘ ਸੰਘੇੜਾ ਨੇ ਆਪਣੇ ਵਿਚਾਰ ਦਿੱਤੇ ਹਨ। ਲੋਕ ਪੀੜਾਂ ਦੇ ਗਲਪਕਾਰ ਨਛੱਤਰ ਦਾ ਸ਼ਬਦ ਚਿੱਤਰ ਵੀ ਪੇਸ਼ ਕੀਤਾ ਹੈ, ਜੋ ਸਾਹਿਤ ਸਿਰਜਣਾ ਨੂੰ ਆਪਣੇ ਜੀਵਨ ਦੀ ਮੁੱਖ ਜ਼ਿੰਮੇਵਾਰੀ ਸਮਝ ਕੇ ਸਾਹਿਤ ਨਾਲ ਜੁੜਿਆ ਰਿਹਾ। ਭਾਰਤੀ ਸਾਹਿਤ ਅਕੈਡਮੀ ਦੇ ਪੁਰਸਕਾਰ ਨਾਲ ਸਨਮਾਨਿਤ ਨਛੱਤਰ ਨੂੰ ਪੰਜਾਬੀ ਅਕੈਡਮੀ ਦਿੱਲੀ ਵੱਲੋਂ ਵੀ 'ਘੁੰਮਣ ਘੇਰੀਆਂ' ਤੇ 'ਹਾਰ ਜਿੱਤ' ਨੂੰ ਪੁਰਸਕਾਰ ਮਿਲਿਆ। ਪੰਜਾਬੀ ਅਕੈਡਮੀ ਦਿੱਲੀ ਨੇ ਪੰਜਾਬੀ ਸਾਹਿਤ ਸੇਵਾ ਅਤੇ ਪੰਜਾਬੀ ਸਾਹਿਤ ਸਤਿਕਾਰ ਸਨਮਾਨ ਪ੍ਰਦਾਨ ਕਰਕੇ ਨਛੱਤਰ ਦਾ ਮਾਣ ਵਧਾਇਆ। ਕਿਸਾਨ ਤੇ ਆੜ੍ਹਤੀਆਂ ਦੇ ਸੰਬੰਧਾਂ ਨੂੰ ਚਿੱਤਰਨ ਵਾਲੇ ਗਲਪਕਾਰ ਰਾਜਕੁਮਾਰ ਗਰਗ ਬਾਰੇ ਵੀ ਜਾਣਕਾਰੀ ਦਿੱਤੀ ਹੈ। ਅਦਾਲਤ ਦੀ ਦੁਨੀਆ ਦੇ ਗਲਪਕਾਰ ਮਿੱਤਰ ਸੈਨ ਮੀਤ ਦੇ ਜੀਵਨ ਤੇ ਸਾਹਿਤ ਨੂੰ ਦੇਣ ਨੂੰ ਪੁਸਤਕ ਵਿੱਚ ਸ਼ਾਮਲ ਕੀਤਾ ਹੈ। ਹਰ ਇੱਕ ਲੇਖ ਸ਼ਖਸੀਅਤ ਬਾਰੇ ਭਰਪੂਰ ਜਾਣਕਾਰੀ ਦੇ ਨਾਲ-ਨਾਲ ਉਸ ਦੇ ਸਾਹਿਤ ਵਿੱਚ ਯੋਗਦਾਨ ਬਾਰੇ ਬਾਖ਼ੂਬੀ ਗੱਲ ਕਰਦੇ ਹਨ। ਲੇਖਕ ਨੂੰ ਇਸ ਗੱਲ ਦਾ ਦੁੱਖ ਹੈ ਕਿ ਇਹਨਾਂ ਵਿੱਚੋਂ ਕਈ ਲੇਖਕਾਂ ਬਾਰੇ ਤਾਂ ਸਾਹਿਤ ਵਿੱਚ ਕਿਤੇ ਵੀ ਜ਼ਿਕਰ ਨਹੀਂ ਆਉਂਦਾ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਸਾਹਿਤ ਦੇ ਲੇਖੇ ਲਾ ਦਿੱਤੀ। ਪੁਸਤਕ ਸ਼ਬਦਕਾਰ ਇਹਨਾਂ ਸਾਰੇ ਲੇਖਕਾਂ ਦੀ ਸਾਹਿਤ ਨੂੰ ਦੇਣ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ। ਭੋਲਾ ਸਿੰਘ ਸੰਘੇੜਾ ਦਾ ਲਿਖਣ ਢੰਗ ਵੀ ਰੌਚਕ ਹੈ, ਜੋ ਇਹਨਾਂ ਸ਼ਖਸੀਅਤਾਂ ਪ੍ਰਤੀ ਪਾਠਕਾਂ ਦੇ ਮਨ ਵਿੱਚ ਸ਼ਰਧਾ-ਭਾਵਨਾ ਪੈਦਾ ਕਰਦਾ ਹੈ ਤੇ ਉਹਨਾਂ ਦੇ ਕੰਮ ਦੀ ਸ਼ਲਾਘਾ ਵੀ ਕਰਦਾ ਹੈ। ਵਧੀਆ ਤੇ ਪੜ੍ਹਨ ਵਾਲੀ ਪੁਸਤਕ ਹੈ। ਮੈਂ ਆਪਣੇ ਵੱਲੋਂ ਭੋਲਾ ਸਿੰਘ ਸੰਘੇੜਾ ਦੀ ਇਸ ਪੁਸਤਕ ਨੂੰ ਸਾਹਿਤਕ ਖੇਤਰ ਵਿੱਚ ਜੀ ਆਇਆਂ ਕਹਿੰਦਿਆਂ ਹੋਇਆਂ ਮਾਣ ਮਹਿਸੂਸ ਕਰਦੀ ਹਾਂ।

ਮੋਬਾ. 98555-95818

ਸਫ਼ਾ 3 ਦੀ ਬਾਕੀ

## ਮਾਨਸਿਕ ਤੌਰ 'ਤੇ ਖੰਡਿਤ ਪਾਤਰਾਂ ਦੀ ਮਨੋਵਿਗਿਆਨਕ...

ਕਾਮਰੇਡ ਦਾ ਕਿਰਦਾਰ ਘੜਿਆ ਹੈ। ਇਸ ਸੰਗ੍ਰਹਿ ਦੀ ਉੱਤਮ ਕਹਾਣੀ 'ਸੱਚ ਘਰ ਦਾ ਰਾਹ' ਹੈ, ਜਿਸ ਵਿੱਚ ਵਿਸ਼ਵੀਕਰਨ ਤੇ ਵਸਤੂਵਾਦੀ ਯੁੱਗ ਦੀ ਮਾਰ ਪਿੰਡ ਦੇ ਦਲਿਤ ਲੋਕ ਝੱਲਦੇ ਹਨ ਤੇ ਇਸ ਸਾਰੀ ਪ੍ਰਕਿਰਿਆ ਵਿੱਚ ਸਾਰੀ ਰਾਜਨੀਤੀ ਇਸ ਢੰਗ ਨਾਲ ਖੇਡੀ ਜਾਂਦੀ ਹੈ ਕਿ ਉਹ ਦਲਿਤ ਲੋਕ ਉਸ ਦੇ ਸਾਹਮਣੇ ਕੁਝ ਵੀ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ। ਕਹਾਣੀ ਦਾ ਕੈਨਵਸ ਇਸ ਅਰਥ-ਵਿਵਸਥਾ ਅਤੇ ਰਾਜਨੀਤੀ ਦੇ ਕਈ ਰੰਗਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਕਹਾਣੀਕਾਰ ਨੇ ਬੜੇ ਕਲਾਤਮਿਕ ਢੰਗ ਨਾਲ ਕਦਮ-ਦਰ-ਕਦਮ ਹਰ ਗਤੀਵਿਧੀ ਬਿਆਨ ਕਰਦੇ ਹੋਏ ਇਹ ਕਥਾਨਕ ਸਿਰਜਿਆ ਹੈ।

ਇਹਨਾਂ ਕਹਾਣੀਆਂ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਬਿੰਦਰ ਬਸਰਾ ਕੋਲ ਪੰਜਾਬੀ ਜਨਜੀਵਨ, ਸੱਭਿਆਚਾਰ ਅਤੇ ਪੱਤਰਕਾਰੀ ਦਾ ਵਿਸ਼ਾਲ ਅਨੁਭਵ ਹੈ। ਆਪਣੇ ਪਹਿਲੇ ਕਹਾਣੀ ਸੰਗ੍ਰਹਿ ਨਾਲ ਸਥਾਪਤ ਕੀਤੇ ਮੁਕਾਮ ਤੋਂ ਅੱਗੇ ਵਧ ਉਹ ਇਸ ਕਹਾਣੀ-ਸੰਗ੍ਰਹਿ ਵਿੱਚ ਆਪਣੇ ਮਾਨਸਿਕ ਤਣਾਵਾਂ, ਗੁੰਝਲਾਂ ਤੇ ਮਾਨਸਿਕ ਸੰਤਾਪਾਂ ਨੂੰ ਚਿਤਰਤ ਕਰਨ ਵਿੱਚ ਕਾਮਯਾਬ ਹੋਇਆ ਹੈ। ਉਸ ਦੀ ਕਹਾਣੀ ਬਿਰਤਾਂਤ ਤੋਂ ਵਿਰਵੀ ਨਹੀਂ ਅਤੇ ਨਾ ਹੀ ਕਹਾਣੀ ਦੇ ਮੂਲ ਤੱਤਾਂ ਤੋਂ, ਸਗੋਂ ਸਮਾਜ ਵਿੱਚ ਹੁੰਦੇ ਗ਼ਲਤ ਵਿਹਾਰਾਂ ਅਤੇ ਗ਼ਲਤ ਆਚਰਣਾਂ ਨੂੰ ਉਹ ਕਹਾਣੀ ਦਾ ਵਿਸ਼ਾ ਬਣਾਉਂਦਾ ਹੈ। ਉਸ ਦੁਆਰਾ ਵਰਤੀ ਭਾਸ਼ਾ ਸ਼ੁੱਧ ਅਤੇ ਸਰਲ ਹੈ ਤੇ ਇਹਨਾਂ ਕਹਾਣੀਆਂ ਵਿੱਚ ਉਪਬੋਲੀ ਦੁਆਬੀ ਦੇ ਕਈ ਸ਼ਬਦ ਕਥਾਨਕ ਨੂੰ ਹੋਰ ਖ਼ੂਬਸੂਰਤ ਬਣਾਉਂਦੇ ਹਨ। ਪਾਠਕਾਂ ਵੱਲੋਂ ਇਹਨਾਂ ਮਨ ਦੀਆਂ ਬਾਤਾਂ ਮਨਕਥੀਆਂ ਦੇ ਭਰਪੂਰ ਸੁਆਗਤ ਦੀ ਆਸ ਬੱਝਦੀ ਹੈ।

*ਮੋਬਾ. 98728-87551*

ਸਫ਼ਾ 1 ਦੀ ਬਾਕੀ

## ਬੇਨ ਬ੍ਰੈਡਲੀ : ਮੇਰਠ ਸਾਜ਼ਿਸ਼ ਕੇਸ ਦਾ ਕੈਦੀ...

ਅਪਨਾਉਣ ਵਿੱਚ ਮਦਦ ਮਿਲੀ।

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਥਿਤੀ ਸਾਮਰਾਜ ਵਿਰੋਧੀ ਮੋਰਚੇ ਦੀ ਸਥਾਪਨਾ ਅਤੇ ਵਿਸਥਾਰ ਦੀ ਮੰਗ ਕਰਦੀ ਸੀ। ਯੂਰਪ ਅਤੇ ਏਸ਼ੀਆ ਵਿੱਚ ਫਾਸ਼ੀਵਾਦ ਅਤੇ ਨਾਜ਼ੀਵਾਦ ਵਧ ਰਿਹਾ ਸੀ। ਵਿਸ਼ਵ ਕਮਿਊਨਿਸਟ ਲਹਿਰ, ਫਾਸ਼ੀਵਾਦ ਅਤੇ ਸਾਮਰਾਜਵਾਦ ਵਿਰੁੱਧ ਸੰਘਰਸ਼ ਅਤੇ ਇੱਕ ਵਿਸ਼ਾਲ ਸੰਯੁਕਤ ਮੋਰਚੇ ਦੀ ਉਸਾਰੀ ਲਈ ਆਪਣੇ ਆਪ ਨੂੰ ਮੁੜ ਤਿਆਰ ਹੋ ਰਹੀ ਸੀ। ਕੋਮਿਨਟਰਨ ਦੇ ਜਨਰਲ ਸਕੱਤਰ ਜਾਰਜੀ ਦਿਮਿਤਰੋਵ ਵੱਲੋਂ ਸਾਮਰਾਜ ਵਿਰੋਧੀ, ਫਾਸ਼ੀਵਾਦ ਵਿਰੋਧੀ ਸੰਯੁਕਤ ਮੋਰਚੇ ਬਾਰੇ ਰਿਪੋਰਟ ਨੇ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਇਸ ਦੌਰਾਨ ਚੀਨ, ਜਰਮਨੀ ਅਤੇ ਗ੍ਰੇਟ ਬ੍ਰਿਟੇਨ ਵੱਲੋਂ ਸੀ.ਪੀ.ਆਈ. ਨੂੰ ਲਿਖੇ ਪੱਤਰ ਬਹੁਤ ਮਦਦਗਾਰ ਸਾਬਤ ਹੋਏ।

ਬੇਨ ਬ੍ਰੈਡਲੀ ਖੁਦ ਰਾਸ਼ਟਰੀ ਅੰਦੋਲਨ, ਖਾਸ ਕਰਕੇ ਗਾਂਧੀ ਜੀ ਅਤੇ ਕਾਂਗਰਸ ਪ੍ਰਤੀ ਇੱਕ ਤੰਗ ਨਜ਼ਰੀਆ ਅਪਣਾ ਰਹੇ ਸਨ, ਪਰ ਹੌਲੀ-ਹੌਲੀ ਉਹਨਾਂ ਦੇ ਵਿਚਾਰ ਵਿਕਸਤ ਹੋਏ ਅਤੇ ਉਨ੍ਹਾਂ ਨੇ ਸਿਹਤਮੰਦ ਅਤੇ ਸੰਤੁਲਿਤ ਦਿਸ਼ਾਵਾਂ ਵਿੱਚ ਆਪਣੇ ਵਿਚਾਰਾਂ ਨੂੰ ਤਬਦੀਲ ਕੀਤਾ। ਦੱਤ-ਬ੍ਰੈਡਲੀ ਥੀਸਿਸ ਇਸ ਤਬਦੀਲੀ ਦਾ ਪ੍ਰਤੀਬਿੰਬ ਸੀ।

ਇਸੇ ਪਿਛੋਕੜ ਵਿੱਚ ਸੀ.ਪੀ.ਆਈ ਨੂੰ 1936 ਵਿੱਚ ਆਰ.ਪੀ ਦੱਤ ਅਤੇ ਬੇਨ ਬ੍ਰੈਡਲੀ ਦਾ ਪੱਤਰ ਮਿਲਿਆ ਸੀ, ਜਿਸ ਤਹਿਤ ਇੱਕ 'ਸਾਮਰਾਜ ਵਿਰੋਧੀ ਸੰਯੁਕਤ ਮੋਰਚੇ' ਦਾ ਗਠਨ ਕੀਤਾ ਗਿਆ। ਇਹ ਪੱਤਰ 29 ਫਰਵਰੀ, 1936 ਨੂੰ ਕਾਮਿੰਟਰਨ ਦੇ ਜਨਰਲ 'ਇਨਪ੍ਰੀਕੋਰ' (ਇੰਟਰਨੈਸ਼ਨਲ ਪ੍ਰੈਸ ਕੌਰਸਪੌਂਡੈਂਸ) ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਵਿੱਚ ਕਾਂਗਰਸ, ਸੀ.ਐੱਸ.ਪੀ (ਕਾਂਗਰਸ ਸੋਸ਼ਲਿਸਟ ਪਾਰਟੀ) ਅਤੇ ਹੋਰ ਸਾਮਰਾਜ ਵਿਰੋਧੀ ਸੰਗਠਨਾਂ ਨੂੰ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਇੱਕ ਮੋਰਚੇ ਵਿੱਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਗਿਆ ਸੀ।

ਦੱਤ-ਬ੍ਰੈਡਲੀ ਥੀਸਿਸ ਅਨੁਸਾਰ 'ਰਾਸ਼ਟਰੀ ਕਾਂਗਰਸ ਸਾਮਰਾਜ ਵਿਰੋਧੀ ਮੋਰਚੇ ਨੂੰ ਸਾਕਾਰ ਕਰਨ ਦੇ ਕੰਮ ਵਿੱਚ ਇੱਕ ਵੱਡੀ ਅਤੇ ਮੋਹਰੀ ਭੂਮਿਕਾ ਨਿਭਾਅ ਸਕਦੀ ਹੈ। ਇਹ ਵੀ ਸੰਭਵ ਹੈ ਕਿ ਰਾਸ਼ਟਰੀ ਕਾਂਗਰਸ ਆਪਣੇ ਸੰਗਠਨ ਅਤੇ ਪ੍ਰੋਗਰਾਮ ਨੂੰ ਹੋਰ ਬਦਲ ਕੇ ਆਪਣੇ ਆਪ ਵਿੱਚ ਮੋਰਚੇ ਦੀ ਪ੍ਰਾਪਤੀ ਦਾ ਰੂਪ ਬਣ ਸਕਦੀ ਹੈ।'

ਇਸ ਥੀਸਿਸ ਵਿੱਚ ਬਾਲਗ ਵੋਟ ਅਧਿਕਾਰ 'ਤੇ ਅਧਾਰਤ ਸੰਵਿਧਾਨ ਸਭਾ ਦੇ ਗਠਨ ਦੇ ਨਾਅਰੇ ਨੂੰ ਵੀ ਦੁਹਰਾਇਆ ਗਿਆ ਸੀ। ਇਹ ਮੰਗ ਸੀ.ਪੀ.ਆਈ ਨੇ ਬਹੁਤ ਪਹਿਲਾਂ ਯਾਨੀ 1928 ਵਿੱਚ ਹੀ ਉਠਾਈ ਸੀ।

ਇਹ ਥੀਸਿਸ ਸੀ.ਪੀ.ਆਈ ਦੀ ਸਾਮਰਾਜ ਵਿਰੋਧੀ ਲਾਈਨ ਲਈ ਇੱਕ ਮਜ਼ਬੂਤ ? ?ਆਧਾਰ ਬਣ ਗਿਆ।

7ਵੀਂ ਕੋਮਿੰਟਰਨ ਕਾਂਗਰਸ ਤੋਂ ਬਾਅਦ ਬ੍ਰੈਡਲੀ ਨੂੰ ਈ.ਸੀ.ਸੀ.ਆਈ (ਕਮਿਊਨਿਸਟ ਇੰਟਰਨੈਸ਼ਨਲ ਦੀ ਕਾਰਜਕਾਰੀ ਕਮੇਟੀ) ਵਿੱਚ ਭਾਰਤ ਦਾ ਇੰਚਾਰਜ ਬਣਾਇਆ ਗਿਆ।

**ਸਾਮਰਾਜ ਵਿਰੁੱਧ ਲੀਗ ਦਾ ਗਠਨ**

ਰੇਜੀਨਾਲਡ ਬ੍ਰਿਜਮੈਨ ਦੇ ਨਾਲ, ਬ੍ਰੈਡਲੀ ਨੇ ਸਾਮਰਾਜ ਵਿਰੁੱਧ ਲੀਗ (ਲੀਗ ਅਗੇਂਸਟ ਇੰਪੀਰੀਅਲਿਜ਼ਮ) ਦੇ ਬਰਤਾਨਵੀ ਭਾਗ ਨੂੰ ਸੰਗਠਿਤ ਕੀਤਾ ਅਤੇ ਬਾਅਦ ਵਿੱਚ ਇਸ ਦੇ ਸਕੱਤਰ ਬਣ ਗਏ। 1937 ਵਿੱਚ ਲੀਗ ਭੰਗ ਹੋ ਗਈ ਅਤੇ ਬ੍ਰੈਡਲੀ ਇੱਕ ਇੰਜੀਨੀਅਰ ਵਜੋਂ ਆਪਣੇ ਕੰਮ 'ਤੇ ਵਾਪਸ ਆ ਗਏ। ਸਾਮਰਾਜ ਵਿਰੁੱਧ ਲੀਗ ਦੀ ਸਥਾਪਨਾ 1927 ਵਿੱਚ ਹੋਈ ਸੀ ਅਤੇ ਉਸ ਨੇ ਇੱਕ ਵਧੀਆ ਭੂਮਿਕਾ ਨਿਭਾਈ। ਜਵਾਹਰ ਲਾਲ ਨਹਿਰੂ ਇਸ ਦੇ ਸਕੱਤਰਾਂ ਵਿੱਚੋਂ ਇੱਕ ਵਜੋਂ ਪ੍ਰਮੁੱਖ ਨੇਤਾ ਸਨ।

**ਕਮਿਊਨਿਸਟ ਪਾਰਟੀ ਆਫ ਗ੍ਰੇਟ ਬ੍ਰਿਟੇਨ ਦੇ ਨੇਤਾ ਵਜੋਂ**

ਇਸ ਦੌਰਾਨ, ਬ੍ਰੈਡਲੀ ਕਮਿਊਨਿਸਟ ਪਾਰਟੀ ਆਫ ਗ੍ਰੇਟ ਬ੍ਰਿਟੇਨ ਵਿੱਚ ਰਜਨੀ ਪਾਮ ਦੱਤ, ਹੈਰੀ ਪੋਲਿਟ, ਸਪ੍ਰਿੰਗਹਾਲ, ਬਿਲ ਰਸਟ ਅਤੇ ਹੋਰਾਂ ਨਾਲ ਕੰਮ ਕਰਦੇ ਹੋਏ ਇਸ ਦੇ ਇੱਕ ਮਹੱਤਵਪੂਰਨ ਨੇਤਾ ਬਣ ਗਏ।1940 ਵਿੱਚ, ਲੰਡਨ ਵਿੱਚ ਇੱਕ 'ਸਾਮਰਾਜ ਦਿਵਸ' ਸਮਾਗਮ ਵਿੱਚ ਭਾਰਤ ਦੀ ਆਜ਼ਾਦੀ ਦਾ ਸਮਰਥਨ ਕਰਨ ਲਈ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਜੇਲ੍ਹ ਭੇਜ ਦਿੱਤਾ ਗਿਆ। ਉਨ੍ਹਾਂ ਨੇ ਸੀ.ਪੀ.ਜੀ.ਬੀ ਦੇ ਬਸਤੀਵਾਦੀ ਸੂਚਨਾ ਬਿਊਰੋ ਦੇ ਹਿੱਸੇ ਵਜੋਂ 'ਇਨਸਾਈਡ ਦ ਐਂਪਾਇਰ' ਸਿਰਲੇਖ ਵਾਲਾ ਇੱਕ ਨਿਯਮਤ ਨਿਊਜ਼ਲੈਟਰ ਤਿਆਰ ਕੀਤਾ। ਇਹ ਬਿਊਰੋ ਲੀਗ ਅਗੇਂਸਟ ਇੰਪੀਰੀਅਲਿਜ਼ਮ ਤੋਂ ਹੀ ਪੈਦਾ ਹੋਇਆ ਸੀ। ਉਨ੍ਹਾਂ ਨੂੰ ਸੀ.ਪੀ.ਜੀ.ਬੀ ਦੀ ਬਸਤੀਵਾਦੀ ਸੰਬੰਧੀ ਕਮੇਟੀ ਦਾ ਇੰਚਾਰਜ ਬਣਾਇਆ ਗਿਆ। ਉਨ੍ਹਾਂ ਨੇ ਸੀ.ਪੀ.ਜੀ.ਬੀ ਦੇ ਅਖ਼ਬਾਰ 'ਡੇਲੀ ਵਰਕਰ' ਵਿੱਚ ਸਰਕੂਲੇਸ਼ਨ ਮੈਨੇਜਰ ਵਜੋਂ ਕੰਮ ਕੀਤਾ ਅਤੇ ਇਸ ਦੇ ਸਰਕੂਲੇਸ਼ਨ ਨੂੰ ਵਧਾਉਣ ਲਈ ਲਗਾਤਾਰ ਕੰਮ ਕੀਤਾ।

ਬ੍ਰੈਡਲੀ 1930-40 ਦੇ ਦਹਾਕੇ ਵਿੱਚ ਇੰਡੀਆ ਲੀਗ ਦੀਆਂ ਮੀਟਿੰਗਾਂ ਵਿੱਚ ਨਿਯਮਿਤ ਤੌਰ 'ਤੇ ਸਰਗਰਮ ਸਨ ਅਤੇ ਇਸ ਦੇ ਬੁਲਾਰੇ ਸਨ। ਇਹਨਾਂ ਮੀਟਿੰਗਾਂ ਦੌਰਾਨ ਉਹ ਮੁਲਕ ਰਾਜ ਆਨੰਦ, ਇਕਬਾਲ ਸਿੰਘ, ਕ੍ਰਿਸ਼ਨਰਾਓ ਸ਼ੈਲਵਾਂਕਰ, ਸ਼ਸ਼ਧਰ ਸਿਨਹਾ, ਕ੍ਰਿਸ਼ਨਾ ਮੈਨਨ ਆਦਿ ਵਰਗੇ ਪ੍ਰਮੁੱਖ ਭਾਰਤੀਆਂ ਦੇ ਸੰਪਰਕ ਵਿੱਚ ਆਏ।

ਇੰਡੀਆ ਲੀਗ ਨੇ ਬ੍ਰੈਡਲੀ ਅਤੇ ਉਨ੍ਹਾਂ ਦੇ ਸਾਥੀ ਕਮਿਊਨਿਸਟਾਂ ਨੂੰ ਅੰਤਰਰਾਸ਼ਟਰੀ ਏਕਤਾ ਦੇ ਪ੍ਰਗਟਾਵੇ ਲਈ ਇੱਕ ਉਪਯੋਗੀ ਅਤੇ ਸੁਯੋਗ ਪਲੇਟਫਾਰਮ ਪ੍ਰਦਾਨ ਕੀਤਾ। ਲੀਗ ਨਾਲ ਸੀ.ਪੀ.ਜੀ.ਬੀ ਦੇ ਸੰਬੰਧ ਨੇ ਬ੍ਰਿਟਿਸ਼ ਮਜ਼ਦੂਰ ਵਰਗ ਨੂੰ ਭਾਰਤ ਦੀ ਦੁਰਦਸ਼ਾ ਤੋਂ ਜਾਣੂ ਕਰਵਾਉਣ ਵਿੱਚ ਸਹਾਇਤਾ ਕੀਤੀ। ਬ੍ਰੈਡਲੀ ਨੇ ਮਾਈਕਲ ਕੈਰਿਟ ਅਤੇ ਹੈਰੀ ਪੋਲਿਟ ਦੇ ਨਾਲ ਮਿਲ ਕੇ ਬ੍ਰਿਟੇਨ ਵਿੱਚ ਮੋਹਰੀ ਭਾਰਤੀ ਕਮਿਊਨਿਸਟਾਂ ਨੂੰ ਮਾਰਕਸਵਾਦ ਦਾ ਅਧਿਐਨ ਕਰਨ ਵਿੱਚ ਸਹਾਇਤਾ ਕੀਤੀ। ਬ੍ਰੈਡਲੀ ਨੇ ਜੁਲਾਈ 1939 ਵਿੱਚ ਭਾਰਤੀ ਫੇਰੀ ਅਤੇ ਰੇੜ੍ਹੀ ਵਾਲਿਆਂ ਅਤੇ ਸਮੁੰਦਰੀ ਜਹਾਜ਼ਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਇੱਕ ਕਾਨਫਰੰਸ ਦੀ ਯੋਜਨਾ ਬਣਾਈ ਅਤੇ ਬਰਤਾਨੀਆ ਵਿੱਚ ਮਜ਼ਦੂਰ ਸ਼੍ਰੇਣੀ ਦੇ ਭਾਰਤੀਆਂ ਦੇ ਅਧਿਕਾਰਾਂ ਲਈ ਲੜਾਈ ਲੜੀ।

ਉਨ੍ਹਾਂ ਨੇ 1942 ਵਿੱਚ 'ਇੰਡੀਆ: ਵਟ ਵੀ ਮਸਟ ਡੂ' ਕਿਤਾਬ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ।

ਬੇਨ ਬ੍ਰੈਡਲੀ ਦੀ ਮੌਤ 1 ਜਨਵਰੀ, 1957 ਨੂੰ ਹੋਈ। ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਚੀਨ ਅਤੇ ਭਾਰਤ ਦੀਆਂ ਸਰਕਾਰਾਂ ਦੇ ਪ੍ਰਤੀਨਿਧ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਉਹਨਾਂ ਦੀਆਂ ਲਿਖਤਾਂ ਸਾਡੇ ਮਜ਼ਦੂਰ ਵਰਗ ਅਤੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਸਮੇਤ ਸੀ.ਪੀ.ਆਈ ਅਤੇ ਸੀ.ਪੀ.ਜੀ.ਬੀ ਦੇ ਇਤਿਹਾਸ ਦਾ ਇੱਕ ਅਨਮੋਲ ਸਰੋਤ ਹਨ।

*ਸੰਪਰਕ : 99884-91002*

# ਪ੍ਰਵਾਸੀ ਮਜ਼ਦੂਰ-ਬਹੁਪੱਖੀ ਵਿਸ਼ਲੇਸ਼ਣ



## ਅੰਤਰਰਾਜੀ ਮਜ਼ਦੂਰਾਂ ਵਿਰੁੱਧ ਕੀਤੇ ਜਾ ਰਹੇ ਜ਼ਹਿਰੀਲੇ ਪ੍ਰਚਾਰ ਦੀ ਚੀਰ-ਫਾੜ

ਚੰਦਰ ਸ਼ੇਖਰ

ਪੰਜਾਬ ਵਿਚ 1960ਵੇਂ ਦੇ ਅੰਤ ਤੇ 1970ਵਿਆਂ ਦੇ ਸ਼ੁਰੂ ਵਿਚ ਖੇਤੀ ਖੇਤਰ ਵਿਚ ਹੋਈ ਤਰੱਕੀ ਕਾਰਨ ਵਾਢੀ ਅਤੇ ਬਿਜਾਈ ਦੇ ਸੀਜ਼ਨ ਵਿਚ ਵਾਧੂ ਮਜ਼ਦੂਰਾਂ ਦੀ ਮੰਗ ਤੇਜ਼ੀ ਨਾਲ ਪੈਦਾ ਹੋਈ। ਇਸ ਦੀ ਸਪਲਾਈ ਮੁੱਖ ਰੂਪ ਵਿਚ ਯੂ.ਪੀ. ਅਤੇ ਬਿਹਾਰ ਤੋਂ ਸੰਭਵ ਹੋਈ, ਕਿਉਂ ਜੋ ਉਥੇ ਬਿਜਾਈ ਅਤੇ ਵਾਢੀ ਪੰਜਾਬ ਨਾਲੋਂ ਪਹਿਲਾਂ ਹੋ ਜਾਂਦੀ ਸੀ। ਦੂਜਾ ਕਾਰਨ ਯੂ.ਪੀ. ਅਤੇ ਬਿਹਾਰ ਉਹ ਸੂਬੇ ਹਨ, ਜਿੱਥੇ ਭੂਮੀ ਦੀ ਮਾਲਕੀ ਵਸੋਂ ਦੇ 10 ਫੀਸਦੀ ਭਾਗ ਰਾਜਪੂਤ ਅਤੇ ਭੂਮੀਹਾਰਾਂ ਕੋਲ 80 ਪ੍ਰਤੀਸ਼ਤ ਜ਼ਮੀਨ ਦੀ ਮਾਲਕੀ ਹੈ, ਜਦਕਿ 90 ਫੀਸਦੀ ਅਬਾਦੀ ਕੋਲ ਕੇਵਲ 20 ਫੀਸਦੀ ਜ਼ਮੀਨ ਦੀ ਮਾਲਕੀ ਹੈ। ਇਸ ਲਈ ਉਥੋਂ ਦੀ ਪੰਜਾਬ ਦੀ ਖੇਤੀ ਨਾਲ ਸੀਜ਼ਨਲ ਲੇਬਰ ਸੰਭਵ ਹੋਈ। ਇਸ ਸਮੇਂ ਤੋਂ ਪੰਜਾਬ ਵਿਚ ਛੋਟੀਆਂ ਸਨਅਤਾਂ ਦਾ ਵੀ ਵਿਕਾਸ ਹੋਇਆ ਅਤੇ ਇੱਥੇ ਵੀ ਨਿਗੂਣੀਆਂ ਉਜਰਤਾਂ ਉੱਤੇ ਅਤੇ ਭੈੜੀਆਂ ਕੰਮ ਹਾਲਤਾਂ ਅਧੀਨ ਕੰਮ ਕਰਨ ਦੀ ਜ਼ਿੰਮੇਵਾਰੀ ਮੁੱਖ ਰੂਪ ਵਿਚ ਯੂ.ਪੀ. ਅਤੇ ਬਿਹਾਰੀ ਕਿਰਤੀਆਂ ਦੇ ਜ਼ਿੰਮੇ ਆਈ। ਮਾਲਵਾ ਦੀ ਨਰਮਾ ਪੱਟੀ ਵਿਚ ਧਾਗਾ ਮਿੱਲਾਂ ਪੰਜਾਬ ਸਰਕਾਰ ਵੱਲੋਂ ਸਹਿਕਾਰਤਾ ਖੇਤਰ ਵਿਚ ਸਥਾਪਤ ਕੀਤੀਆਂ ਗਈਆਂ ਸਨ, ਪ੍ਰੰਤੂ ਬਹੁਤ ਹੀ ਨਿਗੂਣੀਆਂ ਉਜਰਤਾਂ 'ਤੇ ਇੱਥੇ ਕਠਿਨ ਕੰਮ ਹਾਲਤਾਂ ਅਧੀਨ ਪੰਜਾਬੀ ਵਰਕਰ ਵੀ ਕੰਮ ਕਰਨ ਲਈ ਤਿਆਰ ਨਹੀਂ ਸੀ। ਉਸ ਸਮੇਂ ਬਹੁਤੇ ਪੰਜਾਬੀ ਮਜ਼ਦੂਰਾਂ ਵੱਲੋਂ ਪਸ਼ੂ ਪਾਲਣ ਦਾ ਧੰਦਾ ਕੀਤਾ ਜਾਂਦਾ ਸੀ। ਜਿਹੜਾ ਬਦਲਦੀਆਂ ਸ਼ਿਫਟਾਂ ਦੇ ਕੰਮ ਢੰਗ ਨਾਲ ਮੇਲ ਨਹੀਂ ਸੀ ਖਾਂਦਾ। ਕੇਵਲ ਸ਼ਹਿਰ ਵਿਚ ਰਹਿਣ ਵਾਲੇ ਮਜ਼ਦੂਰ ਫੈਕਟਰੀਆਂ ਨਾਲ ਸੰਬੰਧਤ ਕੰਮਾਂ ਵਿਚ ਲੱਗਦੇ ਸਨ, ਜਿਵੇਂ ਹੌਜ਼ਰੀ ਵਿਚ ਤਰਖਾਣਾ ਕੰਮ ਆਦਿ। ਇਸੇ ਤਰ੍ਹਾਂ ਸ਼ਹਿਰ ਦੇ ਲਾਗਲੇ ਪਿੰਡਾਂ ਦੇ ਕੁਝ ਮਜ਼ਦੂਰ ਜਾਂ ਦਲਿਤ ਪਰਵਾਰਾਂ ਦੀਆਂ ਔਰਤਾਂ ਵੀ ਫੈਕਟਰੀਆਂ ਵਿਚ ਕੰਮ ਕਰਦੀਆਂ ਸਨ। ਲਾਗਲੇ ਪਿੰਡਾਂ ਦੇ ਮਰਦਾਂ ਵੱਲੋਂ ਸ਼ਹਿਰ ਵਿਚ ਸਵੇਰੇ ਦੁੱਧ ਵੇਚ ਕੇ ਕੇਵਲ ਉਨ੍ਹਾਂ ਫੈਕਟਰੀਆਂ ਵਿਚ ਹੀ ਕੰਮ ਨੂੰ ਪਹਿਲ ਦਿੱਤੀ ਜਾਂਦੀ ਸੀ, ਜਿੱਥੇ ਦਿਨ ਦੀਆਂ ਸ਼ਿਫਟਾਂ ਹੁੰਦੀਆਂ ਸਨ। ਜਿਵੇਂ ਸਾਰੀਆਂ ਧਾਗਾ ਮਿੱਲਾਂ ਵਿਚ ਜਨਰਲ ਸ਼ਿਫਟ ਦਾ ਮੁੱਖ ਰੂਪ ਵਿਚ ਕੰਮ ਉਨ੍ਹਾਂ ਪੰਜਾਬੀ ਮਜ਼ਦੂਰਾਂ ਵੱਲੋਂ ਕੀਤਾ ਜਾਂਦਾ ਸੀ, ਜਿਹੜੇ ਨੇੜਲੇ ਪਿੰਡਾਂ ਵਿੱਚੋਂ ਆਉਂਦੇ ਸਨ। ਉਹ ਡੰਗਰ ਵੀ ਪਾਲ ਸਕਦੇ ਸਨ, ਦੁੱਧ ਵੀ ਵੇਚ ਸਕਦੇ ਸਨ ਅਤੇ ਦਿਨ ਦੀ ਸ਼ਿਫਟ ਵਿਚ ਫੈਕਟਰੀ ਵਿਚ ਕੰਮ ਵੀ ਕਰਦੇ ਸਨ। ਇਸੇ ਤਰ੍ਹਾਂ ਉਸਾਰੀ ਦਾ ਕੰਮ ਜਿਹੜਾ ਪਹਿਲਾਂ ਮੁੱਖ ਰੂਪ ਵਿਚ ਵੱਡੀਆਂ ਫੈਕਟਰੀਆਂ ਜਾਂ ਸਰਕਾਰੀ ਉਸਾਰੀ ਨਾਲ ਸੰਬੰਧਤ ਹੁੰਦਾ ਸੀ, ਵਿਚ ਵੀ ਕਾਰੀਗਰ, ਮਜ਼ਦੂਰ-ਰਾਜ ਮਿਸਤਰੀ, ਕਾਰਪੇਂਟਰ, ਪਲੰਬਰ, ਸਰੀਆ ਮੋੜਨਾ, ਲੈਂਟਰ ਪਾਉਣਾ ਆਦਿ ਪੰਜਾਬੀ ਮਜ਼ਦੂਰਾਂ ਵੱਲੋਂ ਹੀ ਕੀਤਾ ਜਾਂਦਾ ਸੀ। ਉਨ੍ਹਾਂ ਨਾਲ ਅਨਸਕਿੱਲਡ ਵਰਕਰ ਦੇ ਤੌਰ 'ਤੇ ਜ਼ਿਆਦਾਤਰ ਅੰਤਰਰਾਜੀ ਮਜ਼ਦੂਰ ਹੀ ਹੁੰਦਾ ਸੀ। ਇਹ ਅੰਤਰਰਾਜੀ ਮਜ਼ਦੂਰ ਹੌਲੀ-ਹੌਲੀ ਅਮਲੀ ਤਜਰਬੇ ਨਾਲ ਕਾਰੀਗਰ ਵੀ ਬਣ ਗਏ।

ਨੱਬੇਵਿਆਂ ਦੇ ਸ਼ੁਰੂ ਤੋਂ ਹੀ ਇਕ ਨਵੀਂ ਸਮੱਸਿਆ ਨੇ ਬਾਕੀ ਸੂਬਿਆਂ ਵਾਂਗ ਪੰਜਾਬ ਨੂੰ ਵੀ ਆ ਘੇਰਿਆ। ਉਹ ਸੀ ਖੇਤੀ ਖੇਤਰ ਵਿਚ ਖੜੋਤ ਦਾ ਰੁਝਾਨ। ਇਸ ਦਾ ਮੁੱਖ ਕਾਰਨ ਸੀ ਖੇਤੀ ਖਰਚਿਆਂ ਵਿਚ ਤੇਜ਼ ਵਾਧਾ, ਖੇਤੀ ਪੈਦਾਵਾਰ ਦੀਆਂ ਕੀਮਤਾਂ ਵਿਚ ਅਨੁਪਾਦਕ ਗਿਰਾਵਟ ਅਤੇ ਸਰਕਾਰੀ ਨਿਵੇਸ਼ ਅਤੇ ਮਦਦ ਵਿਚ ਤੇਜ਼ ਕਟੌਤੀਆਂ ਆਦਿ।

ਇਨ੍ਹਾਂ ਨੀਤੀਆਂ ਕਾਰਨ ਖੇਤੀ ਲਾਹੇਵੰਦ ਧੰਦੇ ਦੀ ਬਿਜਾਏ ਮਜਬੂਰੀ ਬਣਦੀ ਚਲੀ ਗਈ ਅਤੇ ਖੇਤੀ ਵਿਚ ਰੁਜ਼ਗਾਰ ਦਾ ਵਾਧਾ ਤਾਂ ਕੀ ਹੋਣਾ ਸੀ, ਪਿੱਛੋਂ ਚਲੀ ਆ ਰਹੀ ਲੁਕਵੀਂ ਬੇਰੁਜ਼ਗਾਰੀ ਵੀ ਪ੍ਰਗਟ ਰੂਪ ਵਿਚ ਸਾਹਮਣੇ ਆਉਣੀ ਸ਼ੁਰੂ ਹੋ ਗਈ। 1981 ਵਿਚ ਖੇਤੀ ਵਿਚ ਲੱਗੇ ਕਿਸਾਨ ਤੇ ਖੇਤ ਮਜ਼ਦੂਰ ਪ੍ਰਾਂਤ ਦੇ ਕੁੱਲ ਕਾਮਿਆਂ ਦਾ 58.02 ਪ੍ਰਤੀਸ਼ਤ ਸਨ, ਜਿਹੜੇ 1991 ਵਿਚ 55.26 ਫੀਸਦੀ ਅਤੇ 2001 ਵਿਚ ਕੇਵਲ 39.4 ਫੀਸਦੀ ਹੀ ਰਹਿ ਗਏ। ਇਸ ਘਟੇ ਰੁਜ਼ਗਾਰ ਦਾ ਮੁੱਖ ਕਾਰਨ ਸਰਕਾਰ ਦੀਆਂ ਆਰਥਿਕ ਨੀਤੀਆਂ ਵਿਚ ਢਾਂਚਾਗਤ ਤਬਦੀਲੀ ਹੀ ਹੈ। ਦੂਸਰੇ ਪਾਸੇ ਜਥੇਬੰਦਕ ਸਨਅਤੀ ਖੇਤਰ ਦੀ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ 2003 ਤੱਕ ਕੀਤੀ ਗਈ ਤੇਜ਼ੀ ਨਾਲ ਬਰਬਾਦੀ ਕਾਰਨ ਜਥੇਬੰਦ ਖੇਤਰ ਪੂਰੇ ਦੇਸ਼ ਦੀ ਤਰ੍ਹਾਂ ਪੰਜਾਬ ਵਿਚ ਵੀ ਹੋਰ ਸੁੰਗੜ ਗਿਆ ਹੈ ਅਤੇ ਸਨਅਤੀਕਰਨ ਦੀ ਪ੍ਰਕਿਰਿਆ ਉਲਟੀ ਦਿਸ਼ਾ ਵਿਚ ਚੱਲ ਪਈ ਹੈ। ਅਸਲ ਵਿਚ 1993-94 ਤੋਂ ਬਾਅਦ ਪੂਰੇ ਦੇਸ਼ ਦੀ ਤਰ੍ਹਾਂ ਪੰਜਾਬ ਵਿਚ ਵੀ ਪੂੰਜੀ ਨਿਵੇਸ਼ ਘਟਿਆ ਹੈ। ਜੇਕਰ ਪੰਜਾਬ ਵਿਚ 8 ਫੀਸਦੀ ਪੈਦਾਵਾਰ ਵਧਾਉਣੀ ਹੈ ਤਾਂ 42.6 ਫੀਸਦੀ ਨਿਵੇਸ਼ ਲੋੜੀਂਦਾ ਹੈ, ਜਦਕਿ 1993 ਤੋਂ 2002 ਤੱਕ ਕੇਵਲ 24.4 ਫੀਸਦੀ ਨਿਵੇਸ਼ ਹੀ ਕੀਤਾ ਗਿਆ ਹੈ। 40 ਫੀਸਦੀ ਤੋਂ ਉੱਤੇ ਨਿਵੇਸ਼ ਤੋਂ ਬਿਨਾਂ ਪੰਜਾਬ ਦਾ ਨਾ ਵਿਕਾਸ ਸੰਭਵ ਹੈ ਅਤੇ ਨਾ ਹੀ ਬੇਰੁਜ਼ਗਾਰੀ ਦਾ ਹੱਲ। ਪੰਜਾਬ ਦੇ ਕੁੱਲ 60 ਲੱਖ 98 ਹਜ਼ਾਰ ਵਰਕਰਾਂ ਵਿੱਚੋਂ ਪੜ੍ਹੇ-ਲਿਖੇ ਮਜ਼ਦੂਰਾਂ ਦੀ ਗਿਣਤੀ 63.25 ਫੀਸਦੀ ਹੈ, ਜਦਕਿ 36.75 ਫੀਸਦੀ ਬਿਲਕੁਲ ਅਨਪੜ੍ਹ ਹਨ। ਇਸੇ ਲਈ ਟੈਕਨੀਕਲ ਵਿੱਦਿਆ ਵਾਲੇ ਕੰਮ ਦੀ ਇੰਤਜ਼ਾਰ ਵਿਚ ਰੁਜ਼ਗਾਰ ਦਫਤਰਾਂ ਵਿਚ 31 ਮਾਰਚ 2001 ਤੱਕ 2,66,836 ਨਾਂਅ ਦਰਜ ਹਨ। ਇਹ ਸਾਰੇ ਹੀ ਉਹ ਹਨ, ਜਿਹੜੇ ਯੂ.ਪੀ. ਜਾਂ ਬਿਹਾਰ ਤੋਂ ਆਏ ਗੈਰ ਹੁਨਰਮੰਦ ਮਜ਼ਦੂਰਾਂ ਵਾਲਾ ਕੰਮ ਨਹੀਂ ਕਰ ਸਕਦੇ। ਉਦਾਹਰਣ ਵਜੋਂ ਇਨ੍ਹਾਂ ਵਿਚ 27957 ਗਰੈਜੂਏਟ ਹਨ, 33817 ਟਰੇਂਡ ਟੀਚਰ ਸਨ ਅਤੇ 34515 ਆਈ.ਟੀ.ਆਈ. ਆਦਿ ਸਨ।

ਹੁਣ ਅਸੀਂ ਆਉਂਦੇ ਹਾਂ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਸ਼ੁਰੂ ਕੀਤੇ ਗਏ ਜ਼ਹਿਰੀਲੇ ਪ੍ਰਚਾਰ ਦੀ ਚੀਰ-ਫਾੜ ਵੱਲ।

ਪਹਿਲੀ ਗੱਲ ਤਾਂ ਇਹ ਕਹੀ ਜਾ ਰਹੀ ਹੈ ਕਿ ਅੰਤਰਰਾਜੀ ਮਜ਼ਦੂਰਾਂ ਕਾਰਨ ਜੁਰਮਾਂ ਵਿਚ ਖਤਰਨਾਕ ਹੱਦ ਤੱਕ ਵਾਧਾ ਹੋ ਗਿਆ ਹੈ, ਉਂਜ ਇਹ ਕੋਈ ਨਵੀਂ ਤੋਹਮਤ ਨਹੀਂ ਹੈ। ਇਹ ਇਕ ਜਗੀਰੂ ਵਿਚਾਰ ਹੈ ਕਿ ਜ਼ੁਲਮ ਕੇਵਲ ਗਰੀਬ ਲੋਕ ਹੀ ਕਰਦੇ ਹਨ, ਜਦਕਿ ਇਤਿਹਾਸ ਗਵਾਹ ਹੈ ਕਿ ਜਿੰਨੇ ਜੁਰਮ ਰਜਵਾੜਿਆਂ ਨੇ ਲੋਕਾਂ ਉੱਪਰ ਕੀਤੇ ਸਨ, ਲੋਕਾਂ ਵੱਲੋਂ ਉਨ੍ਹਾਂ ਦੇ ਪ੍ਰਤੀਕਾਰ ਜਾਂ ਆਪਣੀ ਮਜਬੂਰੀ ਕਾਰਨ ਕੀਤੇ ਜੁਰਮ ਉਸ ਦੇ ਮੁਕਾਬਲੇ ਵਿਚ ਕੋਈ ਅਰਥ ਹੀ ਨਹੀਂ ਰੱਖਦੇ। ਇਸੇ ਤਰ੍ਹਾਂ ਬਦੇਸ਼ੀ ਹਾਕਮ ਵੀ ਭਾਰਤ ਵਾਸੀਆਂ ਨੂੰ ਜ਼ਾਹਿਰ, ਗੰਵਾਰ ਅਤੇ ਅਸੱਭਿਆ ਵਜੋਂ ਪ੍ਰਚਾਰਦੇ ਸਨ। ਅੱਜ ਵੀ ਚਿੱਟੇ ਕਾਲਰਾਂ ਵਾਲਿਆਂ ਵੱਲੋਂ ਵੀ ਵਧੇਰੇ ਜੁਰਮ ਕੀਤੇ ਜਾਂਦੇ ਹਨ। ਸਰਮਾਏਦਾਰ, ਜਗੀਰਦਾਰ ਪਾਰਟੀਆਂ ਦੇ ਆਗੂਆਂ ਵੱਲੋਂ ਅਤੇ ਉਨ੍ਹਾਂ ਦੇ ਲਠੈਤਾਂ ਅਤੇ ਗੁਰਗਿਆਂ ਵੱਲੋਂ ਕੀਤੇ ਜਾਂਦੇ ਜੁਰਮਾਂ ਦੀ ਗਿਣਤੀ ਵੀ ਸਮੁੱਚੇ ਗਰੀਬ ਲੋਕਾਂ ਵੱਲੋਂ ਕੀਤੀਆਂ ਜਾਂਦੀਆਂ ਕੋਤਾਹੀਆਂ ਦੇ ਟਾਕਰੇ ਵਿਚ ਬਹੁਤ ਵੱਡੀ ਹੈ। ਇਸੇ ਤਰ੍ਹਾਂ ਫਿਰਕੂ ਫਸਾਦੀਆਂ ਅਤੇ ਦੇਸ਼ ਧਰੋਹੀ ਅੱਤਵਾਦੀਆਂ ਵੱਲੋਂ ਕੀਤੇ ਜਾਂਦੇ ਹਰ ਤਰ੍ਹਾਂ ਦੇ ਕੁਕਰਮ ਗਰੀਬ ਲੋਕਾਂ ਦੇ ਜੁਰਮ ਦੀ ਉਡਾਈ ਜਾ ਰਹੀ ਧੂੜ ਵਿਚ ਲੁਕਾਏ ਨਹੀਂ ਜਾ ਸਕਦੇ। ਪੰਜਾਬ ਵਿਚ ਖਾਲਿਸਤਾਨੀ ਹਿੰਸਾ ਦੌਰਾਨ ਪੰਥ ਦੇ ਅਖੌਤੀ ਸੇਵਾਦਾਰਾਂ ਵੱਲੋਂ 26 ਹਜ਼ਾਰ ਬੇਗੁਨਾਹਾਂ ਦੇ ਕਤਲ ਉੱਤੇ ਕੀ ਕਦੇ ਪਰਦਾ ਪਾਇਆ ਜਾ ਸਕਦਾ ਹੈ? ਇਸ ਲਈ ਪ੍ਰਵਾਸੀ ਮਜ਼ਦੂਰਾਂ ਕਾਰਨ ਜੁਰਮਾਂ ਵਿਚ ਵਾਧਾ ਹੋ ਰਿਹਾ ਹੈ, ਕਹਿਣਾ ਸਰਾਸਰ ਗਲਤ ਤੇ ਗੁੰਮਰਾਹਕੁੰਨ ਹੈ।

ਡੀ.ਆਈ.ਜੀ. ਪੁਲਸ ਹਰਿਆਣਾ, ਚੰਡੀਗੜ੍ਹ ਸ੍ਰੀ ਕੇ.ਪੀ. ਸਿੰਘ ਅਤੇ ਜਲੰਧਰ ਦੇ ਐੱਸ.ਪੀ. ਗੌਰਵ ਯਾਦਵ ਨੇ ਜੂਨ-ਜੁਲਾਈ 2002 ਵਿਚ ਜਲੰਧਰ ਵਿਚ ਅੰਤਰਰਾਜੀ ਮਜ਼ਦੂਰਾਂ ਵੱਲੋਂ ਕੀਤੇ ਗਏ ਅਤੇ ਉਨ੍ਹਾਂ 'ਤੇ ਹੋਏ ਜੁਰਮਾਂ ਦੀ ਰਿਪੋਰਟ ਪ੍ਰਕਾਸ਼ਤ ਕੀਤੀ ਸੀ, ਜਿਸ ਮੁਤਾਬਕ ਦਸ ਸਾਲਾਂ ਵਿਚ ਪੂਰੇ ਜਲੰਧਰ ਜ਼ਿਲ੍ਹੇ ਵਿਚ ਸੰਗੀਨ ਜੁਰਮਾਂ ਦੇ 887 ਕੇਸਾਂ ਵਿੱਚੋਂ ਅੰਤਰਰਾਜੀ ਮਜ਼ਦੂਰਾਂ ਦੀ ਸ਼ਮੂਲੀਅਤ ਕੇਵਲ 36 ਕੇਸਾਂ ਵਿਚ ਹੀ ਹੈ। ਇਨ੍ਹਾਂ ਵਿਚ ਵੀ ਉਹ ਮਾਲਕ ਨਾਲ ਨੌਕਰ ਦੇ ਰੂਪ ਵਿਚ ਮੁਜਰਮ ਵਜੋਂ ਦਰਜ ਹਨ। ਦੋਸ਼ੀ ਅਮੀਰ ਹੋਣ ਕਾਰਨ ਪੁਲਸ ਵੱਲੋਂ ਗਰੀਬ ਅੰਤਰਰਾਜੀ ਮਜ਼ਦੂਰ ਵਿਰੁੱਧ ਕੇਸ ਦਰਜ ਕਰ ਦੇਣਾ ਕੋਈ ਅਲੋਕਾਰੀ ਗੱਲ ਨਹੀਂ ਹੈ। ਇਸੇ ਤਰ੍ਹਾਂ ਇਨ੍ਹਾਂ 887 ਕੇਸਾਂ ਵਿਚ ਵੀ 33 ਤਾਂ ਆਪ ਅੰਤਰਰਾਜੀ ਮਜ਼ਦੂਰ ਜੁਰਮ ਦਾ ਸ਼ਿਕਾਰ ਹੋਏ ਹਨ। ਉਪਰੋਕਤ ਉੱਚ ਪੁਲਸ ਅਧਿਕਾਰੀਆਂ ਦੀ ਰਿਪੋਰਟ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਸੰਗੀਨ ਤਰ੍ਹਾਂ ਦੇ ਜੁਰਮਾਂ ਵਿਚ ਅੰਤਰਰਾਜੀ ਮਜ਼ਦੂਰਾਂ ਦੀ ਸ਼ਮੂਲੀਅਤ ਨਾਂਹ ਦੇ ਬਰਾਬਰ ਸੀ, ਜਦਕਿ ਬਾਹਰਲੇ ਸੂਬਿਆਂ ਤੋਂ ਲੁੱਟਾਂ-ਖੋਹਾਂ ਕਰਨ ਵਾਲੇ ਪੇਸ਼ਾਵਰ ਗੈਂਗ ਵੀ ਇਨ੍ਹਾਂ ਮਜ਼ਦੂਰਾਂ ਵਾਲੇ ਖਾਤੇ ਹੀ ਚਾੜ੍ਹ ਦਿੱਤੇ ਸਨ। ਉਨ੍ਹਾਂ ਲਿਖਿਆ ਹੈ ਕਿ ਇਹ ਪ੍ਰਭਾਵ ਦੇਣਾ ਕਿ ਪੰਜਾਬ ਵਿਚ ਜੁਰਮਾਂ ਦੇ ਵਾਧੇ ਲਈ ਅੰਤਰਰਾਜੀ ਮਜ਼ਦੂਰ ਜ਼ਿੰਮੇਵਾਰ ਹਨ, ਸੱਚ ਨਹੀਂ ਹੈ, ਸਗੋਂ ਅੰਤਰਰਾਜੀ ਮਜ਼ਦੂਰਾਂ ਵਿਰੁੱਧ ਹੁੰਦੇ ਜੁਰਮਾਂ ਵਿਚ ਵਾਧਾ ਹੋ ਰਿਹਾ ਹੈ। ਇਸੇ ਤਰ੍ਹਾਂ ਗਰੀਬੀ ਕਾਰਨ ਅੰਤਰਰਾਜੀ ਮਜ਼ਦੂਰ ਆਪਣੇ ਬੱਚਿਆਂ ਜਾਂ ਔਰਤਾਂ 'ਤੇ ਹਿੰਸਕ ਘਟਨਾਵਾਂ ਕਾਰਨ ਵੀ ਦੋਸ਼ੀ ਹੁੰਦੇ ਹਨ, ਪ੍ਰੰਤੂ ਉਨ੍ਹਾਂ ਨੂੰ ਜੁਰਮਾਂ ਦੇ ਵਾਧੇ ਦੇ ਦੋਸ਼ੀ ਮੰਨਣਾ ਗਲਤ ਹੈ।

ਸ੍ਰੀ ਕੇ.ਪੀ. ਸਿੰਘ ਨੇ ਇਕ ਅਲਹਿਦਾ ਨੋਟ ਵਿਚ ਜੁਰਮ ਦੀ ਡੂੰਘਾਈ ਨਾਲ ਵਿਆਖਿਆ ਵਿਚ ਲਿਖਿਆ ਸੀ ਕਿ ਪੰਜਾਬ ਵਿਚ ਸਮੁੱਚੇ ਅੰਤਰਰਾਜੀ ਲੋਕਾਂ ਦੀ ਗਿਣਤੀ 2 ਤੋਂ 2.5 ਪ੍ਰਤੀਸ਼ਤ ਹੈ, ਜਦਕਿ ਸੰਗੀਨ ਜੁਰਮਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ 0.55 ਪ੍ਰਤੀਸ਼ਤ ਹੈ। ਉਨ੍ਹਾਂ ਕਿਹਾ ਕਿ ਖੇਤੀ ਅਤੇ ਇੱਟ ਭੱਠਿਆਂ ਉੱਤੇ ਕੰਮ ਕਰਦੇ ਮਜ਼ਦੂਰ ਮੁਜਰਮਾਂ ਦੇ ਸਭ ਤੋਂ ਵੱਧ ਨਰਮ ਨਿਸ਼ਾਨੇ ਹੁੰਦੇ ਹਨ। ਇਸੇ ਤਰ੍ਹਾਂ ਪਰਵਾਰਾਂ ਸਹਿਤ ਅਤੇ ਸਮੂਹਿਕ ਸਮਾਜ ਵਿਚ ਰਹਿਣ ਵਾਲੇ ਸਥਾਈ ਅੰਤਰਰਾਜੀ ਮਜ਼ਦੂਰ ਮਾਨਸਿਕ ਤੌਰ 'ਤੇ ਜੁਰਮ ਕਰਨ ਦੀ ਪ੍ਰਵਿਰਤੀ ਵਾਲੇ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿਚ ਜਾਇਦਾਦ ਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਪ੍ਰਵਾਸੀ ਮਜ਼ਦੂਰਾਂ ਪ੍ਰਤੀ ਪਹੁੰਚ ਦਾ ਸਵਾਲ

ਦਰਸ਼ਨ ਖਟਕੜ

ਪੰਜਾਬ ਵਿਚ ਦੂਸਰੇ ਸੂਬਿਆਂ ਤੋਂ ਕਾਮਿਆਂ ਦੀ ਆਮਦ ਅਤੇ ਉਨ੍ਹਾਂ ਦੀ ਟਿਕਾਊ ਤੇ ਪੱਕੀ ਰਿਹਾਇਸ਼ ਇਕ ਪ੍ਰਤੱਖ ਸੱਚ ਹੈ। ਇਹ ਪ੍ਰਵਾਸੀ ਕਿਰਤੀ ਹੁਣ ਸਨਅਤੀ ਅਤੇ ਖੇਤੀ ਖੇਤਰ ਵਿਚ ਹੀ ਕੰਮ ਨਹੀਂ ਕਰਦੇ, ਸਗੋਂ ਅਨੇਕਾਂ ਹੋਰ ਸਹਾਇਕ ਕਿੱਤਿਆਂ ਵਿਚ ਵੀ ਰੋਟੀ-ਰੋਜ਼ੀ ਕਮਾ ਰਹੇ ਹਨ। ਇਹ ਰਿਕਸ਼ਾ ਚਾਲਕ, ਆਟੋ ਚਾਲਕ ਹਨ, ਖੋਖੇ ਲਾਉਂਦੇ ਹਨ, ਰੇੜ੍ਹੀ ਲਾਉਂਦੇ ਹਨ, ਚਾਹ ਦੀਆਂ ਦੁਕਾਨਾਂ ਕਰਦੇ ਹਨ, ਉਸਾਰੀ ਦੇ ਕੰਮ ਵਿਚ ਰਾਜ ਮਿਸਤਰੀ ਤੇ ਮਜ਼ਦੂਰ ਹਨ। ਠੇਕੇਦਾਰੀ ਕਰਦੇ ਹਨ। ਉਹ ਲੱਕੜ ਦਾ ਤਰਖਾਣਾ ਕੰਮ ਵੀ ਕਰਦੇ ਹਨ ਅਤੇ ਮਾਰਬਲ ਆਦਿ ਦਾ ਵਪਾਰ ਵੀ। ਸੰਖੇਪ ਵਿਚ ਕਿਹਾ ਜਾਵੇ ਤਾਂ ਇਹ ਕਿਰਤੀ ਲੱਗਭੱਗ ਹਰੇਕ ਕਾਰੋਬਾਰ ਵਿਚ ਆਪਣੀ ਜਗ੍ਹਾ ਬਣਾ ਰਹੇ ਹਨ। ਇਹ ਸੱਚਾਈ ਸਾਬਤ ਕਰਦੀ ਹੈ ਕਿ ਹੁਣ ਉਨ੍ਹਾਂ ਦੀ ਆਮਦ ਮੌਸਮੀ ਨਹੀਂ, ਸਗੋਂ ਉਹ ਪੱਕੇ ਰਿਹਾਇਸ਼ੀ ਬਣ ਗਏ ਹਨ। ਅਜਿਹੇ ਅੰਕੜੇ ਵੀ ਹਨ, ਜੋ ਆਮਦ ਦੀ ਦਰ ਦੇ ਘਟਣ ਦਾ ਸੰਕੇਤ ਕਰਦੇ ਹਨ। ਖੇਤੀ ਖੇਤਰ ਵਿਚ ਇਸ ਆਮਦ ਦੇ ਘਟਣ ਦੀ ਸੰਭਾਵਨਾ ਹੈ, ਕਿਉਂਕਿ ਕਣਕ ਦੀ ਵਢਾਈ ਦਾ ਵਧੇਰੇ ਤੋਂ ਵਧੇਰੇ ਮਸ਼ੀਨੀਕਰਨ ਹੋ ਰਿਹਾ ਹੈ ਅਤੇ ਫਸਲੀ ਚੱਕਰ ਬਦਲਣ ਦੇ ਅਸਰ ਕਾਰਨ ਝੋਨੇ ਦੀ ਲੁਆਈ ਦਾ ਖੇਤਰ ਕੁਝ ਸੁੰਗੜ ਸਕਦਾ ਹੈ, ਪਰ ਇਹ ਸੰਭਾਵਨਾ ਹਾਲ ਦੀ ਘੜੀ ਸੰਭਾਵਨਾ ਹੀ ਹੈ। ਇਸ ਸੰਭਾਵਨਾ ਦੇ ਬਾਵਜੂਦ ਪ੍ਰਵਾਸੀ ਕਿਰਤੀਆਂ ਦੀ ਆਮਦ ਜਾਰੀ ਹੀ ਰਹੇਗੀ।

ਨਾ ਤਾਂ ਇਹ ਪ੍ਰਵਾਸੀ ਕਿਰਤੀ ਕਿਸੇ ਫੁਰਨੇ ਕਾਰਨ ਪੰਜਾਬ ਵਿਚ ਆਏ ਹਨ, ਨਾ ਹੀ ਇਨ੍ਹਾਂ ਨੂੰ ਖੇਤੀ ਵਿਚ ਕੰਮ ਦੇ ਕੇ ਪੰਜਾਬ ਦੇ ਖੇਤੀ-ਪੇਸ਼ੇ ਨੇ ਇਨ੍ਹਾਂ ਉੱਪਰ ਕੋਈ ਮਿਹਰਬਾਨੀ ਕੀਤੀ ਹੈ। ਪੰਜਾਬ ਵਿਚ ਜਿਸ ਹੱਦ ਤੱਕ ਖੇਤੀ ਦਾ ਵਿਆਪਕ ਮਸ਼ੀਨੀਕਰਨ ਹੋਇਆ, ਨਵੇਂ ਬੀਜ, ਖਾਦਾਂ ਅਤੇ ਕੀਟ-ਨਾਸ਼ਕਾਂ ਆਦਿ ਦੀ ਵਰਤੋਂ ਵਧੀ, ਭਾਵ ਕਿ ਜਿਸ ਹੱਦ ਤੱਕ 'ਹਰੇ ਇਨਕਲਾਬ' ਦਾ ਪ੍ਰਸਾਰ ਹੋਇਆ, ਉਸ ਲਈ ਕਾਮਿਆਂ ਦੀ ਮੰਗ ਵਧ ਤੁਰੀ। ਸਥਾਨਕ ਕਿਰਤੀ ਇਸ ਮੰਗ ਤੋਂ ਘੱਟ ਸਾਬਤ ਹੋਏ ਅਤੇ ਸਿੱਟੇ ਵਜੋਂ ਦਲਾਂ ਦੇ ਦਲ ਪ੍ਰਵਾਸੀ ਕਿਰਤੀ ਪੰਜਾਬ ਵਿਚ ਦਾਖਲ ਹੋਣ ਲੱਗ ਪਏ।

ਪੱਛੜੇ ਹੋਏ ਖਿੱਤਿਆਂ/ਦੇਸ਼ਾਂ ਤੋਂ ਵਿਕਸਤ ਖਿੱਤਿਆਂ/ਦੇਸ਼ਾਂ ਵੱਲ ਪ੍ਰਵਾਸ ਦੀ ਆਪਣੀ ਹੀ ਤੋਰ ਤੇ ਤਰਕ ਹੁੰਦੀ ਹੈ, ਇਸ ਤੋਰ-ਤਰਕ ਦੇ ਅਧੀਨ ਹੀ ਇਕ ਪ੍ਰਵਾਸੀ ਕਿਰਤੀ ਮੌਸਮੀ-ਕਿਰਤੀਆਂ ਦੀ ਥਾਂ ਰਿਹਾਇਸ਼ੀ ਕਿਰਤੀਆਂ ਵਿਚ ਪਰਿਵਰਤਿਤ ਹੋਣ ਲੱਗ ਪਏ ਅਤੇ ਨਾਲ ਹੀ ਇਹ ਖੇਤੀ ਤੇ ਸਨਅਤ ਤੋਂ ਬਿਨਾਂ ਹੋਰ ਧੰਦਿਆਂ ਅਤੇ ਕਾਰੋਬਾਰਾਂ ਵਿਚ ਦਾਖਲ ਹੋ ਗਏ ਹਨ।

ਇਸ ਸਮੁੱਚੀ ਆਮਦ, ਖਾਸ ਕਰਕੇ ਇਨ੍ਹਾਂ ਕਿਰਤੀਆਂ ਵੱਲੋਂ ਪੱਕੀ ਰਿਹਾਇਸ਼ ਗ੍ਰਹਿਣ ਕਰਨ ਨਾਲ ਪੰਜਾਬ ਦੇ ਸਿਆਸੀ, ਸੱਭਿਆਚਾਰਕ ਹਲਕਿਆਂ ਵਿਚ ਕੁਝ ਬੁੜਬੁੜ ਹੋਣ ਲੱਗੀ ਹੈ, ਇਸ ਬੁੜਬੁੜ ਦੇ ਕੁਝ ਪ੍ਰਗਟਾਵੇ ਸਪੱਸ਼ਟ ਰੂਪ ਵਿਚ ਇਕ ਰਾਏ ਬਣ ਕੇ ਸਾਹਮਣੇ ਆ ਰਹੇ ਹਨ।

ਖਾਲੜਾ ਐਕਸ਼ਨ ਕਮੇਟੀ ਅਤੇ ਕੁਝ ਹੋਰ ਅਕਾਲੀ ਤੇ ਕਾਂਗਰਸੀ ਆਗੂਆਂ ਦੀ ਰਾਏ ਇਹ ਹੈ ਕਿ 'ਭਈਆਂ ਨੇ ਪੰਜਾਬ ਸਾਂਭ ਲੈਣਾ, ਸਾਰੇ ਕੰਮ ਖੋਹੀ ਜਾਂਦੇ ਹਨ, ਭਈਏ ਚੋਰੀਆਂ ਕਰਦੇ, ਡਾਕੇ ਮਾਰਦੇ ਤੇ ਕਤਲ ਕਰਦੇ ਹਨ, ਜਿਸ ਕਰਕੇ ਪੰਜਾਬ ਵਿਚ ਅਪਰਾਧ ਵਧਦਾ ਜਾ ਰਿਹਾ ਹੈ। ਅਜਿਹੇ ਵਿਅਕਤੀ ਮੰਗ ਕਰਦੇ ਹਨ ਕਿ ਇਨ੍ਹਾਂ ਪ੍ਰਵਾਸੀਆਂ ਦੀ ਰਜਿਸਟਰੇਸ਼ਨ ਕੀਤੀ ਜਾਵੇ, ਇਨ੍ਹਾਂ ਨੂੰ ਵੋਟ ਦਾ ਹੱਕ ਨਾ ਦਿੱਤਾ ਜਾਵੇ ਅਤੇ ਨਾ ਹੀ ਇਨ੍ਹਾਂ ਨੂੰ ਜਾਇਦਾਦ ਖਰੀਦਣ-ਬਣਾਉਣ ਦਾ ਅਧਿਕਾਰ ਦਿੱਤਾ ਜਾਵੇ।'

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਵਾਸੀਆਂ ਦੀ ਆਮਦ ਨਾਲ ਉਨ੍ਹਾਂ ਦਾ ਰਹਿਣ-ਸਹਿਣ, ਪਹਿਰਾਵਾ, ਖਾਣ-ਪੀਣ ਤੇ ਰਸਮਾਂ-ਰੀਤਾਂ ਦਾ ਪਰਵੇਸ਼ ਵੀ ਸੰਬੰਧਤ ਖਿੱਤੇ ਵਿਚ ਹੁੰਦਾ ਹੈ। ਇਸ ਸੱਭਿਆਚਾਰ ਨਾਲ ਉਨ੍ਹਾਂ ਦੀ ਆਪਣੀ ਪਹਿਚਾਣ ਵੀ ਜੁੜੀ ਹੁੰਦੀ ਹੈ। ਕੁਝ ਦਿਨ-ਤਿਉਹਾਰ ਅਜਿਹੇ ਵੀ ਉਭਰਦੇ ਹਨ, ਜਿਨ੍ਹਾਂ ਦਾ ਪਹਿਲਾਂ ਉਭਾਰ ਨਿਗੂਣਾ ਹੁੰਦਾ ਹੈ। ਪੰਜਾਬ ਵਿਚ ਹੋਲੀ ਦਾ ਉਭਾਰ ਇਸ ਪ੍ਰਵਾਸ ਨਾਲ ਜੁੜਿਆ ਹੈ। ਇਹ ਪਛਾਣ-ਮੂਲਕ ਸਰਗਰਮੀਆਂ ਸੰਬੰਧਤ ਪ੍ਰਵਾਸੀਆਂ ਦੇ ਭਾਈਚਾਰੇ ਤੱਕ ਹੀ ਸੀਮਤ ਰਹਿੰਦੀਆਂ ਹਨ ਅਤੇ ਇਹ ਮੱਲੋ-ਮੱਲੀ ਦੂਸਰੀ ਸੱਭਿਆਚਾਰਕ ਵੰਨਗੀ ਨੂੰ ਨਿਗਲ ਜਾਣ ਦੇ ਸਮਰੱਥ ਨਹੀਂ ਹੁੰਦੀਆਂ। ਸਥਾਨਕ ਸੱਭਿਆਚਾਰਕ ਵੰਨਗੀ ਮਨ-ਮਰਜ਼ੀ ਨਾਲ ਇਸ ਨੂੰ ਅਪਣਾਉਂਦੀ ਹੈ, ਉਹ ਵੀ ਬਹੁਤ ਸੀਮਤ ਹੱਦ ਤੱਕ। ਪ੍ਰਵਾਸੀਆਂ ਦੀ ਸੱਭਿਆਚਾਰਕ ਸਰਗਰਮੀ ਤੋਂ ਤ੍ਰਬਕਣਾ ਉੱਕਾ ਹੀ ਬੇਲੋੜਾ ਹੈ। ਇਸ ਵਰਤਾਰੇ ਦੀ ਤੋਰ ਤੇ ਤਰਕ ਵੀ ਅਣਵਿਕਸਤ ਖਿੱਤਿਆਂ/ਦੇਸ਼ਾਂ ਤੋਂ ਵਿਕਸਤ ਖਿੱਤਿਆਂ/ਦੇਸ਼ਾਂ ਵੱਲ ਪ੍ਰਵਾਸ ਵਾਲਾ ਹੀ ਹੈ। ਪ੍ਰਵਾਸ ਪੰਜਾਬ ਦੀ ਜ਼ਮੀਨ ਵਿਚ ਡੂੰਘੀ ਤਰ੍ਹਾਂ ਧੱਸ ਚੁੱਕਾ ਹੈ। ਇਸ ਪ੍ਰਵਾਸ ਦਾ ਟਿਕਾਊਪਣ ਅਤੇ ਪਕਿਆਈ ਇਸ ਗੱਲ 'ਤੇ ਵੀ ਨਿਰਭਰ ਕਰੇਗੀ ਕਿ ਪ੍ਰਵਾਸੀ ਕਿਰਤੀਆਂ ਦੀ ਆਪਣੀ ਚੇਤਨਾ, ਜਥੇਬੰਦੀ ਅਤੇ ਸੰਘਰਸ਼ ਕੀ ਰੂਪ ਤੇ ਕੀ ਦਿਸ਼ਾ ਲੈਂਦੇ ਹਨ।

## ਸਹੂਲਤਾਂ ਤੋਂ ਸਮੱਸਿਆ ਬਣੇ ਪ੍ਰਵਾਸੀ ਮਜ਼ਦੂਰ

ਡਾ. ਰਣਜੀਤ ਸਿੰਘ

ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਦੇ ਸਭ ਤੋਂ ਵੱਡੇ ਅਤੇ ਸਨਅਤੀ ਸ਼ਹਿਰ ਲੁਧਿਆਣਾ ਵਿਚ ਚੋਰੀ ਅਤੇ ਕਤਲਾਂ ਦੀਆਂ ਕਈ ਵਾਰਦਾਤਾਂ ਹੋਈਆਂ। ਕੁੜੀਆਂ ਦੇ ਘਰੋਂ ਭੱਜ ਜਾਣ ਬਾਰੇ ਵੀ ਰਿਪੋਰਟਾਂ ਲਿਖਵਾਈਆਂ ਗਈਆਂ। ਪੁਲਸ ਸੂਤਰਾਂ ਅਨੁਸਾਰ ਇਨ੍ਹਾਂ ਵਿੱਚੋਂ ਬਹੁਤੀਆਂ ਵਾਰਦਾਤਾਂ ਦੇ ਪਿੱਛੇ ਪ੍ਰਵਾਸੀ ਮਜ਼ਦੂਰਾਂ ਦਾ ਹੱਥ ਹੀ ਸਿੱਧ ਹੋਇਆ ਹੈ।

ਪੰਜਾਬ ਵਿਚ ਹਰੇ ਇਨਕਲਾਬ ਦੇ ਆਉਣ ਨਾਲ ਖੇਤੀ ਮਜ਼ਦੂਰਾਂ ਦੀ ਵਧੇਰੇ ਲੋੜ ਪਈ, ਵਿਸ਼ੇਸ਼ ਕਰਕੇ ਝੋਨੇ ਦੀ ਫਸਲ ਦੀ ਲੁਆਈ ਤਾਂ ਮਜ਼ਦੂਰਾਂ ਦੀ ਸਹਾਇਤਾ ਬਗੈਰ ਹੋਣੀ ਮੁਸ਼ਕਲ ਹੀ ਹੋ ਗਈ। ਝੋਨਾ ਪੰਜਾਬ ਦੀ ਰਵਾਇਤੀ ਫਸਲ ਨਹੀਂ ਹੈ, ਪਰ ਵੱਧ ਝਾੜ ਦੇਣ ਵਾਲੀਆਂ ਮਧਰੇ ਕੱਦ ਦੀਆਂ ਨਵੀਆਂ ਕਿਸਮਾਂ ਆਉਣ ਨਾਲ ਅਤੇ ਬਿਜਲੀ ਨਾਲ ਚੱਲਣ ਵਾਲੇ ਟਿਊਬਵੈੱਲਾਂ ਦੀ ਗਿਣਤੀ ਵਿਚ ਵਾਧੇ ਨਾਲ ਝੋਨਾ ਸਾਉਣ ਦੀ ਮੁੱਖ ਫਸਲ ਬਣ ਗਿਆ ਹੈ। ਪੰਜਾਬੀ ਕਿਸਾਨ ਨੂੰ ਇਸ ਫਸਲ ਦੀ ਕਾਸ਼ਤ ਦੀ ਆਦਤ ਨਹੀਂ। ਵਿਸ਼ੇਸ਼ ਕਰਕੇ ਝੋਨੇ ਦੀ ਲੁਆਈ ਔਖਾ ਕੰਮ ਹੈ। ਜੂਨ ਦੀ ਗਰਮੀ ਵਿਚ ਪਾਣੀ ਖੜ੍ਹੇ ਖੇਤਾਂ ਵਿਚ ਝੋਨੇ ਦੀ ਪਨੀਰੀ ਲਗਾਈ ਜਾਂਦੀ ਹੈ। ਉਸ ਦੇ ਲਈ ਕੁਝ ਕਿਸਾਨਾਂ ਨੇ ਪੂਰਬੀ ਉੱਤਰ ਪ੍ਰਦੇਸ਼ ਵਿੱਚੋਂ ਕਾਮਿਆਂ ਦਾ ਪ੍ਰਬੰਧ ਕੀਤਾ। ਇਸੇ ਕਰਕੇ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਨੂੰ ਪੂਰਬੀਏ ਵੀ ਆਖਿਆ ਜਾਂਦਾ ਹੈ। ਪੰਜਾਬ ਵਿਚ ਮਜ਼ਦੂਰੀ ਵਧੇਰੇ ਸੀ। ਇਸ ਕਰਕੇ ਧੱਕਾਸ਼ਾਹੀ, ਗਰੀਬੀ ਅਤੇ ਉਤਲੀਆਂ ਜਾਤਾਂ ਦੇ ਸਤਾਏ ਹੋਏ ਮਜ਼ਦੂਰਾਂ ਦੀ ਪੰਜਾਬ ਵੱਲ ਹਿਜਰਤ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ। ਹੁਣ ਇਨ੍ਹਾਂ ਮਜ਼ਦੂਰਾਂ ਦੀ ਬਹੁ-ਗਿਣਤੀ ਬਿਹਾਰ ਵਿੱਚੋਂ ਆਉਂਦੀ ਹੈ। ਕੁਝ ਮਜ਼ਦੂਰ ਰਾਜਸਥਾਨ ਵਿੱਚੋਂ ਵੀ ਹਨ, ਪਰ ਉਹ ਵਧੇਰੇ ਕਰਕੇ ਸੜਕਾਂ ਜਾਂ ਮਕਾਨਾਂ ਦੇ ਠੇਕੇਦਾਰਾਂ ਨਾਲ ਕੰਮ ਕਰਦੇ ਹਨ। ਪਹਿਲਾਂ-ਪਹਿਲ ਇਹ ਮਜ਼ਦੂਰ ਕੇਵਲ ਫਸਲੀ ਮੌਸਮ ਵਿਚ ਹੀ ਆਉਂਦੇ ਸਨ ਅਤੇ ਕੁਝ ਪੈਸੇ ਕਮਾ ਕੇ ਵਾਪਸ ਵਤਨ ਪਰਤ ਜਾਂਦੇ ਸਨ, ਪਰ ਹੌਲੀ-ਹੌਲੀ ਸਾਡੇ ਕਿਸਾਨਾਂ ਦੀ ਨਿਰਭਰਤਾ ਇਨ੍ਹਾਂ ਮਜ਼ਦੂਰਾਂ ਉਤੇ ਵਧਣੀ ਸ਼ੁਰੂ ਹੋ ਗਈ ਅਤੇ ਉਨ੍ਹਾਂ ਨੇ ਇਕ ਜਾਂ ਦੋ ਕਾਮੇ ਪੱਕੇ ਤੌਰ 'ਤੇ ਆਪਣੇ ਫਾਰਮਾਂ ਉੱਤੇ ਰੱਖ ਲਏ। ਇਹ ਕਾਮੇ ਗਰੀਬ ਘਰਾਂ, ਪੱਛੜੀਆਂ ਜਾਂ ਅਨੁਸੂਚਿਤ ਜਾਤੀਆਂ ਵਿੱਚੋਂ ਚੜ੍ਹਦੀ ਜਵਾਨੀ ਵਿਚ ਵਧੇਰੇ ਪੈਸੇ ਕਮਾਉਣ ਦੇ ਲਾਲਚ ਵਿਚ ਪੰਜਾਬ ਰਹਿਣ ਲੱਗ ਪਏ। ਪੰਜਾਬ ਵਿਚ ਪੈਸੇ ਵੀ ਵਧੇਰੇ ਮਿਲਦੇ ਹਨ, ਠਾਕੁਰਾਂ ਦੀ ਧੱਕੇਸ਼ਾਹੀ ਵੀ ਨਹੀਂ ਹੁੰਦੀ ਅਤੇ ਰੱਜ ਕੇ ਖਾਣ ਨੂੰ ਰੋਟੀ ਵੀ ਮਿਲਦੀ ਹੈ। ਪੰਜਾਬ ਵਿਚ ਸੱਤਰਵਿਆਂ ਪਿੱਛੋਂ ਖੇਤੀ ਮਜ਼ਦੂਰਾਂ ਦੀ ਗਿਣਤੀ ਹਰ ਸਾਲ ਕੋਈ 33 ਪ੍ਰਤੀਸ਼ਤ ਵਧ ਰਹੀ ਹੈ। ਪਿਛਲੇ ਸਾਲ ਤੱਕ ਕੇਵਲ ਖੇਤੀ ਮਜ਼ਦੂਰਾਂ ਦੀ ਹੀ ਗਿਣਤੀ ਕੋਈ 25 ਲੱਖ ਸੀ। ਖੇਤੀ ਪਿੱਛੋਂ ਇਹ ਰੁਝਾਨ ਸਨਅਤ ਅਤੇ ਸ਼ਹਿਰਾਂ ਵੱਲ ਹੋ ਗਿਆ। ਹੁਣ ਸ਼ਹਿਰਾਂ ਵਿਚ ਲੱਗਭੱਗ ਸਾਰੇ ਕਾਮੇ ਹੀ ਪ੍ਰਵਾਸੀ ਮਜ਼ਦੂਰ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ਚੱਲ ਰਹੇ ਇਸ ਸਿਲਸਿਲੇ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ।

ਇਨ੍ਹਾਂ ਦੀ ਗਿਣਤੀ ਸ਼ਹਿਰਾਂ ਵਿਚ ਪਿੰਡਾਂ ਨਾਲੋਂ ਵੀ ਵੱਧ ਹੈ, ਜਿੱਥੇ ਇਹ ਹਰ ਤਰ੍ਹਾਂ ਦਾ ਧੰਦਾ ਕਰ ਰਹੇ ਹਨ। ਹਰ ਸਾਲ ਇਨ੍ਹਾਂ ਦੀ ਕਮਾਈ ਲੱਗਭੱਗ 1200 ਕਰੋੜ ਰੁਪਏ ਬਣਦੀ ਹੈ, ਜਿਸ ਵਿੱਚੋਂ ਅੱਧ ਤੋਂ ਵੱਧ ਪੈਸੇ ਇਹ ਵਾਪਸ ਵਤਨ ਭੇਜਦੇ ਹਨ। ਡਾਕਘਰਾਂ ਅੱਗੇ ਮਨੀਆਰਡਰ ਕਰਨ ਵਾਲਿਆਂ ਦੀਆਂ ਲੰਬੀਆਂ ਲਾਈਨਾਂ ਨਿੱਤ ਵੇਖੀਆਂ ਜਾ ਸਕਦੀਆਂ ਹਨ। ਆਪਣੇ ਪੈਰ ਪੱਕੇ ਹੋਣ ਪਿੱਛੋਂ ਇਨ੍ਹਾਂ ਆਪਣੇ ਟੱਬਰ ਨਾਲ ਲਿਆਉਣੇ ਸ਼ੁਰੂ ਕਰ ਦਿੱਤੇ ਹਨ। ਸ਼ਹਿਰਾਂ ਵਿਚ ਇਨ੍ਹਾਂ ਦੀਆਂ ਔਰਤਾਂ ਘਰਾਂ ਵਿਚ ਕੰਮ ਕਰਕੇ ਪੁਰਸ਼ਾਂ ਵਾਂਗ ਹੀ ਕਮਾਈ ਕਰਨ ਲੱਗ ਪਈਆਂ ਹਨ। ਜਿਹੜੇ ਬੱਚੇ ਪੰਜਾਬ ਵਿਚ ਜਨਮੇ ਅਤੇ ਇਥੇ ਹੀ ਵੱਡੇ ਹੋਏ, ਉਨ੍ਹਾਂ ਨੂੰ ਆਪਣੇ ਵਤਨ ਦੀ ਬਹੁਤੀ ਖਿੱਚ ਨਹੀਂ ਹੈ। ਜੇ ਉਹ ਵਤਨ ਜਾਂਦੇ ਹਨ ਤਾਂ ਉੱਥੋਂ ਦੀ ਗਰੀਬੀ ਤੋਂ ਡਰ ਮੁੜ ਪੰਜਾਬ ਵਾਪਸ ਆ ਜਾਂਦੇ ਹਨ। ਹੁਣ ਤਾਂ ਇਨ੍ਹਾਂ ਲੋਕਾਂ ਨੇ ਛੋਟੇ-ਮੋਟੇ ਧੰਦੇ ਵੀ ਸ਼ੁਰੂ ਕਰ ਲਏ ਹਨ ਅਤੇ ਇੱਥੇ ਹੀ ਵਸੇਬਾ ਕਰਨ ਦਾ ਮਨ ਬਣਾ ਲਿਆ। ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਨੇ ਜਿੱਥੇ ਪੰਜਾਬ ਵਿਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕੀਤਾ, ਉਥੇ ਬਹੁਤ ਸਾਰੀਆਂ



ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ। ਵਧੀ ਗਿਣਤੀ ਨੇ ਇਨ੍ਹਾਂ ਵਿਚ ਰਾਜਸੀ ਚੇਤਨਾ ਵੀ ਉਜਾਗਰ ਕਰਨੀ ਸ਼ੁਰੂ ਕਰ ਦਿੱਤੀ ਹੈ। ਹੁਣ ਇਹ ਆਪਣੇ ਹੱਕ ਲਈ ਬਹਿਸ ਕਰਦੇ ਹਨ, ਕੰਮ ਤੋਂ ਨਾਂਹ ਵੀ ਕਰਦੇ ਹਨ ਅਤੇ ਦਲੇਰੀ ਦਾ ਵਿਖਾਵਾ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਮਜ਼ਦੂਰਾਂ ਦੀ ਲੋੜ ਹੈ ਪਰ ਬਿਨਾਂ ਕਿਸੇ ਰੋਕ-ਟੋਕ ਤੋਂ ਭਾਰੀ ਗਿਣਤੀ ਵਿਚ ਇਨ੍ਹਾਂ ਦੇ ਆਉਣ ਨਾਲ ਸਮੱਸਿਆਵਾਂ ਵਧੇਰੇ ਸਾਹਮਣੇ ਆ ਰਹੀਆਂ ਹਨ। ਪੰਜਾਬ ਦੀ ਖੁਸ਼ਹਾਲੀ ਵੇਖ ਕੇ ਇਨ੍ਹਾਂ ਸੂਬਿਆਂ ਵਿੱਚੋਂ ਮਾੜੇ ਕਿਰਦਾਰ ਵਾਲੇ ਅਨਸਰ ਵੀ ਪੰਜਾਬ ਆਉਣ ਲੱਗ ਪਏ ਹਨ, ਜਿਨ੍ਹਾਂ ਦੀਆਂ ਗਲਤ ਹਰਕਤਾਂ ਦਾ ਪੰਜਾਬ ਦੇ ਸ਼ਾਂਤ ਮਾਹੌਲ ਉਤੇ ਭੈੜਾ ਅਸਰ ਪੈਂਦਾ ਹੈ।

ਪ੍ਰਵਾਸੀ ਮਜ਼ਦੂਰ ਆਪਦੇ ਨਾਲ ਨਸ਼ਿਆਂ ਦੀ ਵਰਤੋਂ ਲੈ ਕੇ ਆਏ ਹਨ। ਤੰਬਾਕੂ ਪੀਣਾ ਅਤੇ ਖਾਣਾ ਇਨ੍ਹਾਂ ਵਿੱਚੋਂ ਬਹੁਤਿਆਂ ਦੀ ਆਦਤ ਹੈ। ਤੰਬਾਕੂ, ਜ਼ਰਦਾ ਅਤੇ ਪਾਨ ਮਸਾਲਾ ਹਰ ਵੇਲੇ ਫੱਕਦੇ ਰਹਿਣਾ ਇਨ੍ਹਾਂ ਦਾ ਆਮ ਜਿਹਾ ਕੰਮ ਹੈ। ਸਾਡੇ ਲੋਕ ਵੀ, ਖਾਸ ਕਰਕੇ ਕਿਸਾਨ ਜਦੋਂ ਖੇਤ ਮਜ਼ਦੂਰਾਂ ਤੋਂ ਵੱਧ ਕੰਮ ਲੈਣਾ ਹੋਵੇ ਤਾਂ ਉਨ੍ਹਾਂ ਨੂੰ ਨਸ਼ੇ ਖਾਣ ਲਈ ਉਤਸ਼ਾਹਤ ਕਰਦੇ ਹਨ। ਕਣਕ ਦੀ ਕਟਾਈ, ਗਹਾਈ ਅਤੇ ਝੋਨੇ ਦੀ ਲੁਆਈ ਦੌਰਾਨ ਨਸ਼ਿਆਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਇਨ੍ਹਾਂ ਨੂੰ ਅਫੀਮ ਵੀ ਖੁਆਈ ਜਾਂਦੀ ਹੈ। ਖੇਤ ਮਜ਼ਦੂਰ ਜਦੋਂ ਆਪ ਨਸ਼ਾ ਕਰਦੇ ਹਨ ਜਾਂ ਇਨ੍ਹਾਂ ਨੂੰ ਨਸ਼ਾ ਕਰਵਾਇਆ ਜਾਂਦਾ ਹੈ ਤਾਂ ਸਥਾਨਕ ਕਾਮੇ ਆਪ ਵੀ ਇਸ ਲਪੇਟ ਵਿਚ ਆ ਜਾਂਦੇ ਹਨ। ਨੌਜਵਾਨਾਂ ਉਤੇ ਇਸ ਦਾ ਪ੍ਰਭਾਵ ਵਧੇਰੇ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਪੇਂਡੂ ਨੌਜਵਾਨਾਂ ਵਿਚ ਨਸ਼ਿਆਂ ਦੀ ਵਰਤੋਂ ਵਧ ਰਹੀ ਹੈ। ਸ਼ਰਾਬ ਤੋਂ ਇਲਾਵਾ ਉਨ੍ਹਾਂ ਨੇ ਤੰਬਾਕੂ, ਜ਼ਰਦਾ, ਪਾਨ, ਮਸਾਲਾ, ਅਫੀਮ ਆਦਿ ਦੀ ਵਰਤੋਂ ਵੀ ਸ਼ੁਰੂ ਕਰ ਦਿੱਤੀ ਹੈ। ਇਕ ਸਰਵੇਖਣ ਅਨੁਸਾਰ ਪੰਜਾਬ ਦੇ ਪਿੰਡਾਂ ਵਿਚ ਅੱਧੀ ਮਰਦਾਵੀਂ ਵਸੋਂ ਨਸ਼ਿਆਂ ਦੀ ਲਪੇਟ ਵਿਚ ਆ ਗਈ ਹੈ। ਸ਼ਹਿਰਾਂ ਵਿਚ ਬੱਚੇ ਵੀ ਇਸ ਤੋਂ ਪ੍ਰਭਾਵਤ ਹੋਏ ਹਨ। ਸਕੂਲਾਂ ਦੇ ਨੇੜੇ ਇਨ੍ਹਾਂ ਪ੍ਰਵਾਸੀਆਂ ਨੇ ਪਾਨ, ਸਿਗਰਟ, ਪਾਨ ਮਸਾਲੇ ਆਦਿ ਦੇ ਖੋਖੇ ਜਾਂ ਰੇਹੜੀਆਂ ਖੜ੍ਹੀਆਂ ਕਰ ਲਈਆਂ ਹਨ। ਪਾਨ ਮਸਾਲੇ ਦੀ ਮਸ਼ਹੂਰੀ ਟੀ.ਵੀ. ਉੱਤੇ ਬੱਚੇ ਵੀ ਵੇਖਦੇ ਹਨ। ਉਨ੍ਹਾਂ ਵਿਚ ਇਸ ਦਾ ਸੁਆਦ ਵੇਖਣ ਦੀ ਲਾਲਸਾ ਜਾਗਦੀ ਹੈ। ਇਹ ਰੇਹੜੀਆਂ ਉਨ੍ਹਾਂ ਨੂੰ ਲਾਲਸਾ ਪੂਰੀ ਕਰਨ ਵਿਚ ਸਹਾਈ ਹੁੰਦੀਆਂ ਹਨ। ਘਰਾਂ ਵਿਚ ਕੰਮ ਕਰਦੇ ਨੌਕਰ ਜਾਂ ਰਿਕਸ਼ੇ ਵਾਲੇ ਜਿਹੜੇ ਬੱਚਿਆਂ ਨੂੰ ਸਕੂਲ ਲੈ ਕੇ ਜਾਂਦੇ ਹਨ, ਉਹ ਵੀ ਬੱਚਿਆਂ ਨੂੰ ਅਜਿਹੀ ਚੇਟਕ ਲਗਾਉਣ ਵਿਚ ਸਹਾਈ ਹੁੰਦੇ ਹਨ। ਸ਼ਹਿਰੀ ਬੱਚਿਆਂ ਵਿਚ ਨਸ਼ਿਆਂ ਦੀ ਵਧ ਰਹੀ ਆਦਤ ਵਿਚ ਪ੍ਰਵਾਸੀਆਂ ਦਾ ਚੋਖਾ ਯੋਗਦਾਨ ਹੈ।

ਬਹੁਤੇ ਮਜ਼ਦੂਰ ਗਰੀਬੀ ਦੇ ਮਾਰੇ ਪੰਜਾਬ ਆਉਂਦੇ ਹਨ। ਇੱਥੇ ਵੀ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕਈਆਂ ਨੂੰ ਤਪਦਿਕ ਤੇ ਹੋਰ ਛੂਤ ਦੀਆਂ ਬਿਮਾਰੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਔਰਤਾਂ ਜਦੋਂ ਘਰਾਂ ਵਿਚ ਬਰਤਨ ਸਾਫ ਕਰਦੀਆਂ ਹਨ ਜਾਂ ਰਸੋਈ ਵਿਚ ਕੰਮ ਕਰਦੀਆਂ ਹਨ ਤਾਂ ਉਹ ਇਨ੍ਹਾਂ ਬਿਮਾਰੀਆਂ ਦੇ ਕੀਟਾਣੂੰ ਬਰਤਨ ਅਤੇ ਭੋਜਨ ਵਿਚ ਛੱਡ ਦਿੰਦੀਆਂ ਹਨ। ਇਸ ਤਰ੍ਹਾਂ ਜਿਹੜੇ ਬੱਚੇ ਢਾਬਿਆਂ ਤੇ ਚਾਹ ਦੀਆਂ ਦੁਕਾਨਾਂ ਜਾਂ ਘਰਾਂ ਵਿਚ ਕੰਮ ਕਰਦੇ ਹਨ, ਉਹ ਬਿਮਾਰੀਆਂ ਦੇ ਜਰਾਸੀਮ ਦੂਜਿਆਂ ਤੱਕ ਪਹੁੰਚਾ ਦਿੰਦੇ ਹਨ। ਇੰਝ, ਪੰਜਾਬ ਵਿਚ ਇਹ ਬਿਮਾਰੀਆਂ ਫੈਲ ਰਹੀਆਂ ਹਨ।

ਬਿਹਾਰ ਜੁਰਮ ਅਤੇ ਦਾਦਾਗਿਰੀ ਲਈ ਪ੍ਰਸਿੱਧ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜ਼ਦੂਰਾਂ ਦੀ ਬਹੁਗਿਣਤੀ ਰੋਜ਼ੀ-ਰੋਟੀ ਦੀ ਭਾਲ ਵਿਚ ਪੰਜਾਬ ਆਉਂਦੀ ਹੈ ਅਤੇ ਮਿਹਨਤ ਕਰਕੇ ਆਪਣੀ ਰੋਟੀ ਕਮਾਉਂਦੀ ਹੈ। ਪਰ ਪੰਜਾਬ ਦੀ ਖੁਸ਼ਹਾਲੀ ਨੇ ਜਰਾਇਮ-ਪੇਸ਼ਾ ਲੋਕਾਂ ਨੂੰ ਵੀ ਆਪਣੇ ਵੱਲ ਖਿੱਚਿਆ ਹੈ। ਚੋਰੀਆਂ ਦੀਆਂ ਵਾਰਦਾਤਾਂ, ਬੱਚਿਆਂ ਨੂੰ ਚੁੱਕਣਾ ਅਤੇ ਕਾਲੇ ਕੱਛਿਆਂ ਵਾਲੇ ਟੋਲੇ ਦੀਆਂ ਕਾਰਵਾਈਆਂ ਇਨ੍ਹਾਂ ਲੋਕਾਂ ਵੱਲੋਂ ਹੀ ਹੋ ਰਹੀਆਂ ਹਨ। ਪੰਜਾਬ ਵਿਚ ਪਹਿਲਾਂ ਆਪਸੀ ਲੜਾਈ-ਝਗੜੇ ਹੀ ਹੁੰਦੇ ਸਨ, ਪਰ ਅਜਿਹੀਆਂ ਵਾਰਦਾਤਾਂ ਬਹੁਤ ਘੱਟ ਸਨ, ਪਰ ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਵਿਚ ਵਾਧਾ ਹੋਇਆ ਹੈ। ਪੁਲਸ ਵੱਲੋਂ ਕੀਤੀ ਜਾਂਚ ਰਾਹੀਂ ਇਹ ਸਿੱਧ ਵੀ ਹੋ ਗਿਆ ਹੈ ਕਿ ਇਨ੍ਹਾਂ ਨੂੰ ਕਰਨ ਵਾਲਿਆਂ ਵਿਚ ਪ੍ਰਵਾਸੀਆਂ ਦਾ ਹੱਥ ਹੈ।

ਕਿਸਾਨਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਖੇਤੀ ਵਿਚ ਆਪਣੀ ਸਹਾਇਤਾ ਲਈ ਬੁਲਾਇਆ ਸੀ, ਕਿਉਂਕਿ ਸਿੰਜਾਈ ਸਹੂਲਤਾਂ ਵਿਚ ਵਾਧੇ ਅਤੇ ਵੱਧ ਝਾੜ ਵਾਲੀਆਂ ਕਿਸਮਾਂ ਦੇ ਆਉਣ ਨਾਲ ਖੇਤੀ ਕਾਮਿਆਂ ਦੀ ਲੋੜ ਵਿਚ ਚੋਖਾ ਵਾਧਾ ਹੋਇਆ ਹੈ, ਪਰ ਹੌਲੀ-ਹੌਲੀ ਪੰਜਾਬ ਦੇ ਕਿਸਾਨ ਦੀ ਨਿਰਭਰਤਾ ਇਨ੍ਹਾਂ ਮਜ਼ਦੂਰਾਂ ਉੱਤੇ ਵਧਣੀ ਸ਼ੁਰੂ ਹੋ ਗਈ। ਹੁਣ ਪੰਜਾਬ ਵਿਚ ਸ਼ਾਇਦ ਹੀ ਕੋਈ ਅਜਿਹਾ ਕਿਸਾਨ ਹੋਵੇਗਾ ਜਿਸ ਕੋਲ ਇਕ ਜਾਂ ਦੋ ਪੱਕੇ ਕਾਮੇ ਨਹੀਂ ਹੋਣਗੇ। ਬਹੁਤੀ ਵੇਰ ਕਿਸਾਨ ਇਨ੍ਹਾਂ ਮਜ਼ਦੂਰਾਂ ਉਤੇ ਹੀ ਖੇਤੀ ਦੇ ਕੰਮ ਨੂੰ ਛੱਡ ਦਿੰਦੇ ਹਨ। ਇੱਥੋਂ ਤੱਕ ਕਿ ਟਰੈਕਟਰ ਵੀ ਇਹ ਹੀ ਚਲਾਉਣ ਲੱਗ ਪਏ ਹਨ। ਇਨ੍ਹਾਂ ਮਜ਼ਦੂਰਾਂ ਨੂੰ ਖੇਤੀ ਕੰਮਾਂ ਦੀ ਪੂਰੀ ਸੂਝ ਨਹੀਂ ਹੁੰਦੀ ਅਤੇ ਨਾ ਹੀ ਮਾਲਕ ਜਿੰਨਾ ਦਰਦ ਹੁੰਦਾ ਹੈ, ਇਸ ਕਰਕੇ ਉਹ ਕਈ ਵੇਰ ਲਾਪ੍ਰਵਾਹੀ ਕਰ ਦਿੰਦੇ ਹਨ। ਖੇਤ ਦੀ ਤਿਆਰੀ ਪੂਰੀ ਨਾ ਹੋਣੀ, ਬੀਜ ਤੇ ਖਾਦ ਪਾਉਣ ਸਮੇਂ ਲਾਪ੍ਰਵਾਹੀ, ਕੀਟਨਾਸ਼ਕ ਜਾਂ ਨਦੀਨਨਾਸ਼ਕ ਜ਼ਹਿਰਾਂ ਦੀ ਵਰਤੋਂ ਸਹੀ ਨਾ ਹੋਣੀ ਆਦਿ ਨਾਲ ਖੇਤੀ ਉਪਜ ਉਤੇ ਭੈੜਾ ਅਸਰ ਪਿਆ ਹੈ। ਪਿਛਲੇ ਦਸਾਂ ਸਾਲਾਂ ਤੋਂ ਖੇਤੀ ਉਪਜ ਵਿਚ ਖੜੋਤ ਆ ਗਈ ਹੈ। ਹੋਰ ਕਈ ਕਾਰਨਾਂ ਦੇ ਨਾਲ-ਨਾਲ ਇਕ ਖੜੋਤ ਦਾ ਇਹ ਵੀ ਇਕ ਮੁੱਖ ਕਾਰਨ ਹੈ।

ਸ਼ੁਰੂ ਵਿਚ ਜਦੋਂ ਪ੍ਰਵਾਸੀ ਮਜ਼ਦੂਰ ਆਏ ਤਾਂ ਉਹ ਹੁਨਰ-ਰਹਿਤ ਸਨ। ਮਜ਼ਦੂਰਾਂ ਦੀ ਮੰਗ ਵਧੇਰੇ ਸੀ, ਇਸ ਕਰਕੇ ਸਥਾਨਕ ਮਜ਼ਦੂਰਾਂ ਉਤੇ ਕੋਈ ਬਹੁਤਾ ਅਸਰ ਨਹੀਂ ਪਿਆ, ਪਰ ਹੌਲੀ-ਹੌਲੀ ਕੁਝ ਪ੍ਰਵਾਸੀ ਮਜ਼ਦੂਰਾਂ ਨੇ ਹੁਨਰ ਸਿੱਖ ਲਏ ਅਤੇ ਚੰਗੇ ਪੈਸੇ ਬਣਾਉਣ ਦੇ ਲਾਲਚ ਵਿਚ ਬਹੁਤ ਸਾਰੇ ਹੁਨਰਮੰਦ ਮਜ਼ਦੂਰ ਅਤੇ ਕਾਰੀਗਰ ਵੀ ਪੰਜਾਬ ਆ ਗਏ। ਬਹੁਤੇ ਲੁਹਾਰ, ਤਰਖਾਣ, ਰਾਜ ਮਿਸਤਰੀ, ਮੋਚੀ, ਦਰਜ਼ੀ ਹੁਣ ਪ੍ਰਵਾਸੀ ਹੀ ਹਨ। ਕਾਰਖਾਨਿਆਂ ਵਿਚ ਵੀ ਉਹ ਹੁਣ ਹੁਨਰਮੰਦ ਕਾਮੇ ਬਣ ਗਏ ਹਨ। ਕਈ ਤਾਂ ਸੁਪਰਵਾਈਜ਼ਰ ਵੀ ਬਣ ਗਏ ਹਨ, ਜਿਸ ਨਾਲ ਸਥਾਨਕ ਹੁਨਰਮੰਦ ਕਾਮਿਆਂ ਦੀ ਬੇਰੁਜ਼ਗਾਰੀ ਵਿਚ ਵਾਧਾ ਹੋਇਆ ਹੈ। ਇਹ ਸਸਤੇ ਭਾਅ ਕੰਮ ਕਰਨ ਨੂੰ ਰਾਜ਼ੀ ਹੋ ਜਾਂਦੇ ਹਨ ਅਤੇ ਸਥਾਨਕ ਲੋਕਾਂ ਨਾਲ ਮੁਕਾਬਲਾ ਕਰਦੇ ਹਨ। ਗਿਣਤੀ ਵਿਚ ਵਾਧਾ ਹੋਣ ਨਾਲ ਹੁਣ ਇਨ੍ਹਾਂ ਨੂੰ ਕੋਈ ਬਹੁਤਾ ਡਰ ਵੀ ਨਹੀਂ ਰਿਹਾ। ਪੰਜਾਬ ਹੁਣ ਤੱਕ ਮਜ਼ਦੂਰ ਬੇਚੈਨੀ ਤੋਂ ਮੁਕਤ ਸੀ, ਪਰ ਹੁਣ ਇਥੇ ਵੀ ਬੇਚੈਨੀ ਫੈਲਣ ਦੇ ਆਸਾਰ ਨਜ਼ਰ ਆ ਰਹੇ ਹਨ, ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ।

ਇਹ ਲੋਕ ਕਮਾਈ ਕਰਨ ਆਉਂਦੇ ਹਨ। ਸਾਰਾ ਟੱਬਰ ਹੀ ਮਿਹਨਤ ਕਰਦਾ ਹੈ। ਇਨ੍ਹਾਂ ਦਾ ਮੁੱਖ ਮੰਤਵ ਵੱਧ ਤੋਂ ਵੱਧ ਪੈਸਾ ਵਾਪਸ ਭੇਜਣਾ ਹੈ। ਇਸ ਕਰਕੇ ਇਹ ਸਸਤੀ ਤੋਂ ਸਸਤੀ ਥਾਂ ਬਸੇਰਾ ਕਰਦੇ ਹਨ ਅਤੇ ਖੁਰਾਕ ਵੀ ਘੱਟ ਤੋਂ ਘੱਟ ਖਾਂਦੇ ਹਨ। ਇਹ ਸਸਤੀਆਂ ਝੁੱਗੀਆਂ ਜਾਂ ਰੈਣ-ਬਸੇਰੇ ਸ਼ਹਿਰੀ ਗੰਦਗੀ ਵਿਚ ਵਾਧਾ ਕਰਦੇ ਹਨ। ਖੁਰਾਕ ਦੀ ਕਮੀ ਅਤੇ ਗੰਦੀ ਥਾਂ ਰਹਿਣ ਨਾਲ ਇਨ੍ਹਾਂ ਨੂੰ ਬਿਮਾਰੀਆਂ ਵੀ ਵਧੇਰੇ ਲੱਗਦੀਆਂ ਹਨ। ਇਨ੍ਹਾਂ ਦੀਆਂ ਬਿਮਾਰ ਔਰਤਾਂ ਸਾਡੇ ਘਰਾਂ ਦੇ ਸਾਰੇ ਕੰਮ ਕਰਦੀਆਂ ਹਨ। ਇੰਝ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਖੁਸ਼ਹਾਲੀ ਵਧਣ ਦੇ ਬਾਵਜੂਦ ਸ਼ਹਿਰਾਂ ਵਿਚ ਬਿਮਾਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ, ਜਿਸ ਵਿਚ ਇਨ੍ਹਾਂ ਪ੍ਰਵਾਸੀ ਲੋਕਾਂ ਦਾ ਵੀ ਹੱਥ ਹੈ। ਹੋਟਲਾਂ, ਢਾਬਿਆਂ ਵਿਚ ਕੰਮ ਕਰਨ ਵਾਲਿਆਂ ਵਿਚ ਵੀ ਇਨ੍ਹਾਂ ਦੀ ਗਿਣਤੀ ਹੀ ਵਧੇਰੇ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਵਾਸੀ ਮਜ਼ਦੂਰਾਂ ਨੇ ਸਾਡੀ ਆਰਥਿਕਤਾ ਵਿਚ ਚੋਖੀ ਸਹਾਇਤਾ ਕੀਤੀ ਹੈ ਪਰ ਇਨ੍ਹਾਂ ਉਤੇ ਪੂਰੀ ਤਰ੍ਹਾਂ ਨਿਰਭਰਤਾ ਭਵਿੱਖ ਵਿਚ ਸੁਖਾਵੀਂ ਸਿੱਧ ਨਹੀਂ ਹੋਵੇਗੀ। ਸਾਡੇ ਲੋਕਾਂ ਵਿਚ ਹੱਥੀਂ ਕੰਮ ਕਰਨ ਦੀ ਆਦਤ ਘਟਦੀ ਜਾ ਰਹੀ ਹੈ। ਜੇਕਰ ਇਸੇ ਤਰ੍ਹਾਂ ਰੁਝਾਨ ਬਣਿਆ ਰਿਹਾ ਤਾਂ ਪੰਜਾਬ ਕਿਰਤ ਦੇ ਸਤਿਕਾਰ ਵਰਗੇ ਗੁਣ ਤੋਂ ਵਾਂਝਿਆਂ ਰਹਿ ਜਾਵੇਗਾ। ਇਸ ਦੇ ਅਸਾਰ ਪ੍ਰਤੱਖ ਵੇਖਣ ਨੂੰ ਮਿਲ ਰਹੇ ਹਨ। ਕੁਝ ਸਾਲ ਪਹਿਲਾਂ ਪੰਜਾਬ ਜਿਹੜਾ ਆਰਥਿਕ ਪੱਖੋਂ ਦੇਸ਼ ਵਿਚ ਪਹਿਲੇ ਨੰਬਰ ਉਤੇ ਸੀ, ਹੁਣ ਤੀਜੇ ਨੰਬਰ ਉਤੇ ਆ ਗਿਆ ਹੈ। ਪੰਜਾਬ ਦੀ ਵਿਕਾਸ ਦਰ ਸਭ ਤੋਂ ਵੱਧ ਸੀ ਹੁਣ ਕੌਮੀ ਵਿਕਾਸ ਦਰ 5.20 ਪ੍ਰਤੀਸ਼ਤ ਹੈ, ਜਦੋਂ ਕਿ ਪੰਜਾਬ ਦੀ ਦਰ 4.67 ਪ੍ਰਤੀਸ਼ਤ ਵਿਕਾਸ ਦਰ ਹੋ ਗਈ ਹੈ। ਇਸੇ ਤਰ੍ਹਾਂ ਖੇਤੀ ਵਿਕਾਸ ਦੀ ਦਰ ਵੀ ਕੌਮੀ ਦਰ 2.9 ਪ੍ਰਤੀਸ਼ਤ ਦੇ ਮੁਕਾਬਲੇ 2.89 ਪ੍ਰਤੀਸ਼ਤ ਹੋ ਗਈ ਹੈ। ਭਵਿੱਖ ਦੀ ਖੇਤੀ ਸਿਆਣਪ ਦੀ ਖੇਤੀ ਹੋਵੇਗੀ, ਜਿੱਥੇ ਕਿਸਾਨ ਨੂੰ ਆਪ ਹਰ ਬੂਟੇ ਨਾਲ ਗੱਲਾਂ ਕਰਨੀਆਂ ਪੈਣਗੀਆਂ। ਵਿਸ਼ਵ ਵਪਾਰ ਖੁੱਲ੍ਹਣ ਨਾਲ ਮੁਕਾਬਲੇ ਦਾ ਯੁੱਗ ਸ਼ੁਰੂ ਹੋ ਗਿਆ ਹੈ। ਹੁਣ ਤਾਂ ਵਧੀਆ ਅਤੇ ਸਸਤੀ ਉਪਜ ਹੀ ਮੰਡੀ ਵਿਚ ਵੇਚੀ ਜਾ ਸਕੇਗੀ। ਕੋਈ ਸਮਾਂ ਸੀ ਜਦੋਂ ਪਿੰਡ ਵਿਚ ਕਿਸਾਨ ਕੁੱਕੜ ਦੀ ਬਾਂਗ ਸੁਣ ਸਵੇਰੇ ਚਾਰ ਵਜੇ ਹੀ ਬਲਦਾਂ ਦੀ ਜੋੜੀ ਲੈ ਕੇ ਹੱਲ ਵਾਹੁਣ ਤੁਰ ਪੈਂਦਾ ਸੀ। ਸੂਰਜ ਨਿਕਲਣ ਤੱਕ ਉਹ ਦੋ-ਚਾਰ ਕਨਾਲ ਦੀ ਵਹਾਈ ਕਰ ਲੈਂਦਾ ਸੀ। ਖੇਤ ਵਿਚ ਹੀ ਉਸ ਦਾ ਨਾਸ਼ਤਾ ਜਾਂਦਾ ਸੀ, ਜਿਸ ਵਿਚ ਰੋਟੀਆਂ, ਮੱਖਣ, ਅਚਾਰ ਅਤੇ ਲੱਸੀ ਹੁੰਦੇ ਸਨ। ਹੁਣ ਸਾਡੇ ਕਿਸਾਨ ਖਾਸ ਕਰਕੇ ਨੌਜਵਾਨ ਸੂਰਜ ਦੇ ਚੜ੍ਹਨ ਪਿੱਛੋਂ ਬਿਸਤਰੇ ਵਿੱਚੋਂ ਉੱਠਦੇ ਹਨ। ਨਹਾ-ਧੋ ਕੇ ਤਿਆਰ ਹੋ ਕੇ ਖੇਤ ਨੂੰ ਜਾਂਦੇ ਹਨ। ਟਿਊਬਵੈੱਲ ਉੱਤੇ ਹੀ ਮਜ਼ਦੂਰ ਨੂੰ ਕਰਨ ਵਾਲੇ ਕੰਮਾਂ ਬਾਰੇ ਦੱਸ ਕੇ ਆਪ ਸਕੂਟਰ ਦੀ ਕਿੱਕ ਮਾਰ ਸ਼ਹਿਰ ਵੱਲ ਰਵਾਨਾ ਹੋ ਜਾਂਦੇ ਹਨ। ਕਈ ਕਿਸਾਨ ਤਾਂ ਫਸਲ ਨੂੰ ਵੇਖਣ ਦਾ ਵੀ ਕਸ਼ਟ ਨਹੀਂ ਕਰਦੇ। ਸੂਰਜ ਡੁੱਬਿਆਂ ਪਿੰਡ ਵੱਲ ਚਾਲੇ ਪਾਉਂਦੇ ਹਨ। ਰਾਹ ਵਿਚ ਨਹਿਰ ਦੇ ਪੁਲ ਦੇ ਲਾਗੇ ਠੇਕੇ ਉਤੇ ਉਨ੍ਹਾਂ ਦਾ ਸਕੂਟਰ ਰੁਕ ਜਾਂਦਾ ਹੈ।

ਘਰ ਦੇ ਖੇਤ ਦੀ ਸਾਰੀ ਜ਼ਿੰਮੇਵਾਰੀ ਪ੍ਰਵਾਸੀ ਮਜ਼ਦੂਰ ਦੇ ਸਿਰ ਹੈ। ਜੇਕਰ ਇਹੋ ਸਿਲਸਿਲਾ ਚਲਦਾ ਰਿਹਾ ਤਾਂ ਫਿਰ ਸਾਡੀ ਖੇਤੀ ਅਤੇ ਸਾਡੇ ਘਰਾਂ ਦਾ ਰੱਬ ਹੀ ਰਾਖਾ। ਜਿੱਥੇ ਇਨ੍ਹਾਂ ਦੇ ਆਉਣ ਨਾਲ ਵੇਸਵਾਗਮਨੀ ਵਿਚ ਵਾਧਾ ਹੋਇਆ ਹੈ, ਉਥੇ ਪ੍ਰਵਾਸੀ ਮੁੰਡੇ ਵੀ ਇਥੋਂ ਦੀਆਂ ਨੂੰਹਾਂ-ਧੀਆਂ ਉਤੇ ਡੋਰੇ ਪਾਉਣ ਲੱਗ ਪਏ ਹਨ। ਇਨ੍ਹਾਂ ਮੁੰਡਿਆਂ ਵੱਲੋਂ ਕੁੜੀਆਂ ਨੂੰ ਕੱਢ ਕੇ ਲੈ ਜਾਣ ਦੀਆਂ ਵਾਰਦਾਤਾਂ ਵਿਚ ਵਾਧਾ ਹੋ ਗਿਆ ਹੈ। ਪਿੰਡਾਂ ਵਿਚ ਤਾਂ ਹੋਰ ਵੀ ਮਾੜਾ ਹਾਲ ਹੈ। ਮੁੰਡੇ ਵਿਦੇਸ਼ਾਂ ਨੂੰ ਜਾਣ ਦੇ ਚੱਕਰ ਵਿਚ ਹਨ ਜਾਂ ਨਸ਼ਿਆਂ ਦੀ ਮਾਰ ਹੇਠ ਆ ਗਏ ਹਨ। ਸੁਆਣੀਆਂ ਦੀ ਨਿਰਭਰਤਾ ਵੀ ਇਨ੍ਹਾਂ ਉੱਤੇ ਵਧੇਰੇ ਹੋ ਗਈ ਹੈ। ਘਰ ਵਿਚ ਹਰ ਵੇਲੇ ਰਹਿਣ ਨਾਲ ਕੁਰਾਹੇ ਪਿਆ ਹੀ ਜਾ ਸਕਦਾ ਹੈ। ਇਹ ਸਮੱਸਿਆ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਸਾਡੇ ਆਗੂ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ ਹਨ। ਜੇਕਰ ਕੁਝ ਸਮਾਂ ਇੰਜ ਹੀ ਹੋਰ ਬੈਠੇ ਰਹੇ, ਫਿਰ ਬਿੱਲੀ ਤੋਂ ਬਚਣਾ ਔਖਾ ਹੋ ਜਾਵੇਗਾ। ਇਸ ਸੰਬੰਧੀ ਕੋਈ ਠੋਸ ਅਤੇ ਉਸਾਰੂ ਨੀਤੀ ਬਣਾਈ ਜਾਵੇ ਅਤੇ ਉਸ ਉਤੇ ਸੰਜੀਦਗੀ ਨਾਲ ਅਮਲ ਕੀਤਿਆਂ ਹੀ ਇਹ ਸਮੱਸਿਆ ਦਾ ਢੁਕਵਾਂ ਹੱਲ ਲੱਭਿਆ ਜਾ ਸਕਦਾ ਹੈ। ਜੇਕਰ ਅਜਿਹਾ ਕੁਝ ਨਾ ਕੀਤਾ ਗਿਆ, ਫਿਰ ਤਾਂ ਰਾਜਨੀਤਕ ਨਿਰਭਰਤਾ ਵੀ ਇਨ੍ਹਾਂ ਉੱਤੇ ਹੀ ਹੋ ਜਾਵੇਗੀ ਅਤੇ ਪੰਜਾਬੀ ਸੂਬੇ ਦਾ ਸਰੂਪ ਵਿਗੜ ਜਾਵੇਗਾ।